# PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

3rd - 10th July 2025 • Issue No. 3087

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com



IMMIGRATION ADVICE BUREAU

SPECIALISTS ESTD 1989

FOR FREE INITIAL ADVICE

Contact: S.S.RAI


ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680

India:+91-181 5086389


## ਗੁਰਦੁਆਰਾ ਏਡ ਵੱਲੋਂ ਯੂ ਕੇ ਦੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਾਂ ਵਿੱਚ ਹੋਰ ਵਧੇਰੇ ਨਿਪੁੰਨਤਾ ਲਿਆਉਣ ਲਈ ਨਵੀਂ ਲਿਖੀ ਕਿਤਾਬ ਸੰਗਤਾਂ ਦੇ ਸਪੁਰਦ ਕੀਤੀ ਗਈ- ਕਿਤਾਬ ਜਾਰੀ ਕਰਨ ਸਮੇਂ ਵੱਡੀ ਗਿਣਤੀ 'ਚ ਗੁਰੂ ਘਰਾਂ ਦੇ ਨੁੰਮਾਇੰਦੇ ਹੋਏ ਸ਼ਾਮਿਲ














## ਲੈਸਟਰ ਕਬੱਡੀ ਟੂਰਨਾਮੈਂਟ ਤੇ ਗ੍ਰੇਵਜ਼ੈਂਡ/ਬਾਰਕਿੰਗ ਟੀਮ ਨੇ ਜਿੱਤਿਆ ਕੱਪ, ਸਲੋਹ/ਇਕਨਹਮ ਦੀ ਟੀਮ ਉੱਪ ਜੇਤੂ ਰਹੀ

## ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਖਜ਼ਾਨਚੀ ਕੁਲਵੰਤ ਸਿੰਘ ਸੰਘਾ ਦਾ ਸਤਨਾਮ ਸਿੰਘ ਸੱਤਾ ਮੁਠੱਡਾ ਵੱਲੋਂ ਗੋਲਡ ਮੈਡਲ ਨਾਲ ਸਨਮਾਨ


ਮਨਪ੍ਰੀਤ ਸਿੰਘ ਬੱਧਨੀ ਕਲਾਂ ਦੀ ਰਿਪੋਰਟ ਅੰਦਰ ਅਤੇ ਹੋਰ ਤਸਵੀਰਾਂ ਆਖਰੀ ਪੰਨਿਆਂ 'ਤੇ:












# ਗੁਰਦੁਆਰਾ ਏਡ ਵੱਲੋਂ ਯੂ ਕੇ ਦੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਾਂ ਵਿੱਚ ਪੁਖਤਗੀ ਲਿਆਉਣ ਲਈ 'ਦ ਗੁਰਦੁਆਰਾ ਹੈਂਡਬੁੱਕ' ਜਾਰੀ

## ਯੂ ਕੇ ਭਰ ਤੋਂ ਕਾਨਫਰੰਸ ਵਿੱਚ ਪਹੁੰਚੇ ਗੁਰਦੁਆਰਾ ਕਮੇਟੀਆਂ ਦੇ ਮੈਂਬਰਾਂ ਤੇ ਨੁੰਮਾਇੰਦਿਆਂ ਦਾ ਧੰਨਵਾਦ



ਬਾਬਾ ਬੰਦਾ ਸਿੰਘ ਬਹਾਦਰ ਹਾਲ, ਸ੍ਰੀ ਗੁਰੂ ਸਿੰਘ ਸਭਾ ਡਰਬੀ ਵਿਖੇ ਗੁਰਦੁਆਰਾ ਏਡ ਦੇ ਸੇਵਾਦਾਰਾਂ ਵੱਲੋਂ ਆਯੋਜਿਤ ਕਾਨਫਰੰਸ ਵਿੱਚ ਸ਼ਾਮਿਲ ਹੋਣ ਵਾਲੇ ਸਾਰੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਅਤੇ ਸਿੱਖ ਸੰਸਥਾਵਾਂ ਦੇ ਨੁਮਾਇੰਦਿਆਂ ਦਾ ਹਾਰਦਿਕ ਧੰਨਵਾਦ ਕਰਦੇ ਹਾਂ, ਜਿਹਨਾਂ ਨੇ ਇਹ ਵਿਸ਼ੇਸ਼ ਕਿਤਾਬ 'ਦਾ ਗੁਰਦੁਆਰਾ ਹੈਂਡਬੁੱਕ' ਜਾਰੀ ਕਰਨ ਵਿੱਚ ਵਡਮੁੱਲਾ ਸਹਿਯੋਗ ਦਿੱਤਾ। ਉਪਰਲੀਆਂ ਤਸਵੀਰਾਂ ਵਿੱਚ ਬੁਲਾਰੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਅਤੇ ਕਾਨਫਰੰਸ ਵਿੱਚ ਸ਼ਾਮਿਲ ਸੰਗਤਾਂ। ਪੂਰੀ ਰਿਪੋਰਟ ਪੰਨਾ 11 'ਤੇ

Gurdwara Aid
Better Together

For more information or to order a copy of the book:
Please contact: Email:Info@GurdwaraAid.org

Mandip Singh 07974 811298 | Jagtar Singh Gill 07956 838413 | Harvinder Singh 07775 770716

# ਨਸ਼ਾ ਤਸਕਰੀ ਤੋਂ ਜਾਇਦਾਦ ਦੇ ਮਾਮਲੇ ਨੂੰ ਲੈਕੇ ਵਿਜੀਲੈਂਸ ਨੇ ਮਜੀਠੀਆ ਉਪਰ ਕਸਿਆ ਸ਼ਿਕੰਜਾ

## ✪ ਮਜੀਠੀਆ ਨੇ ਆਪਣੀ ਗ੍ਰਿਫ਼ਤਾਰੀ ਤੇ ਰਿਮਾਂਡ ਨੂੰ ਹਾਈ ਕੋਰਟ ਵਿਚ ਕੀਤਾ ਚੈਲਿੰਜ ✪ ਹੁਣ ਐੱਨਸੀਬੀ ਵੀ ਕਰੇਗੀ ਕਾਰਵਾਈ, ਬਾਦਲ ਦਲ ਵਲੋਂ ਆਪ ਸਰਕਾਰ ਵਿਰੁੱਧ ਸੰਘਰਸ਼ ਦਾ ਐਲਾਨ ✪ ਚੰਨੀ, ਪ੍ਰਗਟ ਸਿੰਘ, ਖਹਿਰਾ, ਵੜਿੰਗ ਆਪ ਸਰਕਾਰ ਦੇ ਨਿਸ਼ਾਨੇ ਉਪਰ

**ਕਵਰ ਸਟੋਰੀ**

ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ, ਜਿਨ੍ਹਾਂ ਦਾ ਨਾਂ ਪੰਜਾਬ ਦੀ ਸਿਆਸਤ ਵਿਚ ਇਕ ਮਜ਼ਬੂਤ ਥੰਮ ਵਜੋਂ ਜਾਣਿਆ ਜਾਂਦਾ ਸੀ, ਹੁਣ ਜਾਂਚ ਏਜੰਸੀਆਂ ਦੇ ਰਾਡਾਰ 'ਤੇ ਹਨ। ਵਿਜੀਲੈਂਸ ਦੀ ਗ੍ਰਿਫਤ ਵਿਚ ਫਸੇ ਮਜੀਠੀਆ ਨੂੰ ਹੁਣ ਨਾਰਕੋਟਿਕਸ ਕੰਟਰੋਲ ਬਿਊਰੋ (ਐੱਨਸੀਬੀ) ਦੇ ਤਿੱਖੇ ਸਵਾਲਾਂ ਦਾ ਸਾਹਮਣਾ ਕਰਨਾ ਪਵੇਗਾ। ਨਸ਼ਿਆਂ ਦੀ ਤਸਕਰੀ ਦੇ ਪੁਰਾਣੇ ਮਾਮਲਿਆਂ ਤੋਂ ਲੈ ਕੇ ਆਮਦਨ ਤੋਂ ਵੱਧ ਜਾਇਦਾਦ ਦੇ ਦੋਸ਼ਾਂ ਤੱਕ, ਮਜੀਠੀਆ ਦੀਆਂ ਮੁਸ਼ਕਲਾਂ ਦਾ ਗੇੜ ਦਿਨੋ-ਦਿਨ ਤੰਗ ਹੁੰਦਾ ਜਾ ਰਿਹਾ ਹੈ। ਮਜੀਠੀਆ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਹੈ, ਜਿਸ ਵਿੱਚ ਉਨ੍ਹਾਂ ਵਿਰੁੱਧ ਦਰਜ ਐਫਆਈਆਰ ਅਤੇ ਗ੍ਰਿਫਤਾਰੀ ਨੂੰ ਗੈਰ-ਕਾਨੂੰਨੀ ਅਤੇ ਰਾਜਨੀਤਿਕ ਬਦਲਾਖੋਰੀ ਦੀ ਉਪਜ ਦੱਸਿਆ ਗਿਆ ਹੈ। ਮਜੀਠੀਆ ਵੱਲੋਂ ਦਾਇਰ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਉਨ੍ਹਾਂ ਦੀ ਗ੍ਰਿਫ਼ਤਾਰੀ ਅਤੇ ਰਿਮਾਂਡ ਪੂਰੀ ਤਰ੍ਹਾਂ ਗੈਰ-ਸੰਵਿਧਾਨਕ, ਕਾਨੂੰਨ ਦੀ ਪ੍ਰਕਿਰਿਆ ਦੇ ਵਿਰੁੱਧ ਅਤੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਹੈ ਅਤੇ ਮੌਜੂਦਾ ਸੱਤਾਧਾਰੀ ਪਾਰਟੀ ਵੱਲੋਂ ਉਨ੍ਹਾਂ ਨੂੰ ਬਦਨਾਮ ਕਰਨ ਅਤੇ ਪ੍ਰੇਸ਼ਾਨ ਕਰਨ ਦੀ ਸਾਜ਼ਿਸ਼ ਹੈ ਕਿਉਂਕਿ ਉਹ ਸਰਕਾਰ ਦੇ ਰਾਜਨੀਤਿਕ ਵਿਰੋਧੀ ਰਹੇ ਹਨ।

ਬੀਤੇ ਦਿਨੀਂ ਪੰਜਾਬ ਵਿਜੀਲੈਂਸ ਨੇ ਮਜੀਠੀਆ ਨੂੰ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿਚ ਗ੍ਰਿਫਤਾਰ ਕਰਕੇ ਸਿਆਸੀ ਗਲਿਆਰਿਆਂ ਵਿਚ ਹਲਚਲ ਮਚਾ ਦਿੱਤੀ



ਸੀ। ਵਿਜੀਲੈਂਸ ਤੋਂ ਬਾਅਦ ਐੱਨਸੀਬੀ ਹੁਣ ਮਜੀਠੀਆ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਗ੍ਰਿਫਤਾਰ ਕਰਨ ਦੀ ਤਿਆਰੀ ਵਿਚ ਹੈ। ਇਹ ਮਾਮਲਾ ਪੁਰਾਣੇ ਨਸ਼ਾ ਤਸਕਰੀ ਦੇ ਦੋਸ਼ਾਂ ਨਾਲ ਜੁੜਿਆ ਹੈ, ਜਿਸ ਵਿਚ ਮਜੀਠੀਆ ਦਾ ਨਾਂ ਸਾਲ 2013-14 ਤੋਂ ਚਰਚਾ ਵਿਚ ਰਿਹਾ। ਜਾਂਚ ਅਧਿਕਾਰੀਆਂ ਨੇ ਮਜੀਠੀਆ ਦੇ ਘਰੋਂ 29 ਮੋਬਾਈਲ, 4 ਲੈਪਟਾਪ, 2 ਆਈਪੈਡ ਤੇ 8 ਡਾਇਰੀਆਂ ਜ਼ਬਤ ਕੀਤੀਆਂ ਸਨ, ਜਿਨ੍ਹਾਂ ਵਿਚ ਮਹੱਤਵਪੂਰਨ ਸਬੂਤ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਐੱਨਸੀਬੀ ਦੇ ਇਕ ਅਧਿਕਾਰੀ ਨੇ ਨਾਂਅ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਨਸ਼ਿਆਂ ਦੀ ਤਸਕਰੀ ਨਾਲ ਜੁੜੇ 540 ਕਰੋੜ ਦੇ ਮਨੀ ਲਾਂਡਰਿੰਗ ਮਾਮਲੇ ਵਿਚ ਪੁੱਛਗਿੱਛ ਕੀਤੀ ਜਾਵੇਗੀ।" ਇਸ ਮਾਮਲੇ ਵਿਚ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੀ ਪਹਿਲਾਂ ਹੀ ਜਾਂਚ ਕਰ ਚੁੱਕੀ ਹੈ, ਜਿਸ ਨੇ 2021 ਵਿਚ ਮਜੀਠੀਆ ਦੇ ਖਿਲਾਫ਼ ਨਸ਼ਾ ਤਸਕਰੀ ਦੇ ਮਾਮਲੇ ਵਿਚ ਸਬੂਤ ਜੁਟਾਏ ਸਨ।

### ਪੁਲੀਸ ਨੂੰ ਧਮਕਾਉਣ ਦੇ ਨਵੇਂ ਦੋਸ਼ ਲਗੇ

ਵਿਜੀਲੈਂਸ ਨੇ ਮਜੀਠੀਆ 'ਤੇ ਪੁਲੀਸ ਅਧਿਕਾਰੀਆਂ ਨੂੰ ਧਮਕਾਉਣ, ਧੱਕਾ-ਮੁੱਕੀ ਕਰਨ, ਸਬੂਤ ਨਸ਼ਟ ਕਰਨ ਦੀ ਸਾਜ਼ਿਸ਼ ਘੜਨ ਅਤੇ ਸਮਰਥਕਾਂ ਨੂੰ ਪੁਲੀਸ 'ਤੇ ਹਮਲੇ ਲਈ ਉਕਸਾਉਣ ਦੇ ਦੋਸ਼ ਵੀ ਲਾਏ ਹਨ। ਜਾਂਚ ਟੀਮ ਨੂੰ ਸੂਹ ਮਿਲੀ ਸੀ ਕਿ ਮਜੀਠੀਆ ਦੇ ਘਰ ਵਿਚ ਮਹੱਤਵਪੂਰਨ ਦਸਤਾਵੇਜ਼ ਮੌਜੂਦ ਸਨ, ਪਰ ਜਦੋਂ ਟੀਮ ਜਾਂਚ ਲਈ ਪਹੁੰਚੀ, ਮਜੀਠੀਆ ਦੇ ਸਮਰਥਕਾਂ ਨੇ ਅੜਿੱਕਾ ਪਾਇਆ। ਇਸ ਕਾਰਨ ਵਿਜੀਲੈਂਸ ਨੇ ਇਕ ਹੋਰ ਐਫਆਈਆਰ ਦਰਜ ਕਰਨ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ।

### ਮਜੀਠੀਆ ਖਿਲਾਫ ਗਵਾਹ ਸਰਗਰਮ

ਇਸ ਮਾਮਲੇ ਵਿਚ ਕਈ ਅਹਿਮ ਗਵਾਹਾਂ ਨੇ ਮਜੀਠੀਆ ਖਿਲਾਫ ਵਿਜੀਲੈਂਸ ਕੋਲ ਬਿਆਨ ਦਰਜ ਕਰਵਾਏ ਹਨ। ਸਾਬਕਾ ਈਡੀ ਅਧਿਕਾਰੀ ਨਿਰੰਜਨ ਸਿੰਘ ਨੇ ਦੱਸਿਆ ਕਿ ਸਾਲ 2013-17 ਤੱਕ ਐਨ.ਡੀ.ਪੀ.ਐੱਸ. ਦੇ ਮਾਮਲਿਆਂ ਸੰਬੰਧੀ ਕੀਤੀ ਗਈ ਜਾਂਚ ਬਾਰੇ ਉਨ੍ਹਾਂ ਨੂੰ ਵਿਜੀਲੈਂਸ ਨੇ ਸੱਦਿਆ ਸੀ। ਉਹਨਾਂ ਕਿਹਾ ਕਿ ਜਗਦੀਸ਼ ਭੋਲਾ ਦੇ ਕੇਸ ਵਿਚ 17 ਮੁਲਜ਼ਮਾਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਸੀ, ਜਦਕਿ ਬਾਕੀ ਮਾਮਲੇ ਲੰਬਿਤ ਹਨ। ਉਹਨਾਂ ਕਿਹਾ ਕਿ ਮੁਲਜ਼ਮ ਜਗਦੀਸ਼ ਭੋਲਾ ਤੇ ਬਿੱਟੂ ਔਲਖ ਨੇ ਪੁੱਛਗਿੱਛ ਦੌਰਾਨ ਬਿਕਰਮ ਸਿੰਘ ਮਜੀਠੀਆ ਦਾ ਨਾਂਅ ਲਿਆ ਸੀ। ਉਹਨਾਂ ਦਸਿਆ ਕਿ ਦਸੰਬਰ 2021 ਦੀ ਐੱਫ.ਆਈ.ਆਰ., ਜੋ ਕਿ ਐਨ.ਡੀ.ਪੀ.ਐਸ. ਐਕਟ ਤਹਿਤ ਦਰਜ ਕੀਤੀ ਗਈ ਸੀ, ਉਹਨਾਂ ਦੀਆਂ ਖੋਜਾਂ 'ਤੇ ਆਧਾਰਿਤ ਸੀ, ਜਿਸ ਵਿਚ ਮਜੀਠੀਆ ਦੀ ਪੰਜਾਬ ਵਿਚ ਡਰੱਗ ਕਾਰਟੈਲਾਂ ਦੀ ਕਥਿਤ ਸਰਪ੍ਰਸਤੀ ਬਾਰੇ ਜਾਣਕਾਰੀ ਦਿੱਤੀ ਗਈ ਸੀ। ਹਾਲਾਂਕਿ ਇਹ ਐਨ. ਡੀ. ਪੀ. ਐਸ. ਕੇਸ ਤੋਂ ਵੱਖਰਾ ਮਾਮਲਾ ਹੈ, ਪਰ ਵਿਜੀਲੈਂਸ ਬਿਊਰੋ ਦੀ ਤਾਜ਼ਾ ਜਾਂਚ ਉਸ ਦੀ 540 ਕਰੋੜ ਰੁ. ਤੋਂ ਵੱਧ ਦੀ ਕਥਿਤ ਆਮਦਨ ਤੋਂ ਵੱਧ ਜਾਇਦਾਦ 'ਤੇ ਕੇਂਦਰਿਤ ਹੈ। ਇਸ ਰਾਸ਼ੀ, ਜਿਸ ਦਾ ਏਜੰਸੀ ਦਾਅਵਾ ਕਰਦੀ ਹੈ ਕਿ ਇਸ ਦਾ ਵੱਡੇ ਪੱਧਰ 'ਤੇ ਲੈਣ-ਦੇਣ ਹੋਇਆ ਹੈ, ਦਾ ਡਰੱਗ ਦੇ ਪੈਸੇ ਤੋਂ ਪ੍ਰਾਪਤ ਹੋਣ ਦਾ ਸ਼ੱਕ ਹੈ।

ਬਾਕੀ ਹਿਸਾ ਸਫ਼ਾ 49 ਤੇ ਪੜ੍ਹੋ

## ਮਜੀਠੀਆ ਦਾ ਵਿਜੀਲੈਂਸ ਰਿਮਾਂਡ 4 ਦਿਨ ਹੋਰ ਵਧਿਆ

### ਸਰਕਾਰੀ ਵਕੀਲ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਜਾਂਚ ਵਿਚ ਸਹਿਯੋਗ ਨਹੀਂ ਕੀਤਾ

ਆਮਦਨ ਤੋਂ ਵੱਧ ਜਾਇਦਾਦ ਮਾਮਲੇ 'ਚ ਗ੍ਰਿਫ਼ਤਾਰ ਸੀਨੀਅਰ ਅਕਾਲੀ ਨੇਤਾ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਬੁੱਧਵਾਰ ਨੂੰ ਮੋਹਾਲੀ ਕੋਰਟ 'ਚ ਪੇਸ਼ ਕੀਤਾ ਗਿਆ। ਅਦਾਲਤ ਨੇ ਮਜੀਠੀਆ ਦਾ ਵਿਜੀਲੈਂਸ ਰਿਮਾਂਡ ਚਾਰ ਦਿਨ ਹੋਰ ਵਧਾ ਦਿੱਤਾ ਹੈ। ਵਿਜੀਲੈਂਸ ਨੇ ਮਜੀਠੀਆ ਖ਼ਿਲਾਫ਼ ਆਮਦਨ ਤੋਂ ਵੱਧ ਜਾਇਦਾਦ ਹੋਣ ਸੰਬੰਧੀ ਸਬੂਤ ਹੋਣ ਦਾ ਦਾਅਵਾ ਕੀਤਾ ਹੈ। ਸਰਕਾਰੀ ਵਕੀਲ ਨੇ ਕਿਹਾ ਕਿ ਮਜੀਠੀਆ ਦੀਆਂ ਦਿੱਲੀ, ਸ਼ਿਮਲਾ ਅਤੇ ਗੋਰਖਪੁਰ 'ਚ ਜਾਇਦਾਦਾਂ ਹਨ, ਜਿਨ੍ਹਾਂ ਦੀ ਜਾਂਚ ਕਰਨ ਦੀ ਲੋੜ ਹੈ। ਇਨ੍ਹਾਂ ਵਿੱਚੋਂ ਕੁਝ ਜਾਇਦਾਦਾਂ ਉਨ੍ਹਾਂ ਦੇ ਪਿਤਾ ਦੇ ਨਾਂ 'ਤੇ ਸਨ, ਜੋ ਮਜੀਠੀਆ ਦੇ ਮੰਤਰੀ ਬਣਨ ਤੋਂ ਬਾਅਦ ਵੇਚ ਦਿੱਤੀਆਂ ਗਈਆਂ ਸਨ। ਮੋਹਾਲੀ ਅਦਾਲਤ 'ਚ ਵਿਜੀਲੈਂਸ ਵੱਲੋਂ ਸਰਕਾਰੀ ਵਕੀਲ ਨੇ ਦਲੀਲ ਦਿੱਤੀ ਕਿ ਮਜੀਠੀਆ ਜਾਂਚ ਵਿਚ ਸਹਿਯੋਗ ਨਹੀਂ ਕਰ ਰਹੇ ਹਨ। ਉਨ੍ਹਾਂ ਹੋਰ ਸੂਬਿਆਂ 'ਚ ਵੀ ਲਿਜਾਣਾ ਪਵੇਗਾ। ਇਸ ਲਈ ਉਨ੍ਹਾਂ ਦਾ ਰਿਮਾਂਡ ਵਧਾਇਆ ਜਾਣਾ ਚਾਹੀਦਾ ਹੈ। ਅਦਾਲਤ ਨੇ ਬਿਊਰੋ ਦੀ ਮੰਗ ਨੂੰ ਸਵੀਕਾਰ ਕਰਦੇ ਹੋਏ ਚਾਰ ਦਿਨ ਹੋਰ ਰਿਮਾਂਡ ਵਧਾ ਦਿੱਤਾ। ਇਸ ਤੋਂ ਪਹਿਲਾਂ, ਅਦਾਲਤੀ ਸੁਣਵਾਈ ਦੌਰਾਨ ਮਾਹੌਲ ਤਣਾਅਪੂਰਨ ਹੋ ਗਿਆ ਸੀ। ਜੇਕਰ ਵਿਜੀਲੈਂਸ ਨੂੰ ਕੋਈ ਖਾਸ ਸਬੂਤ ਨਹੀਂ ਮਿਲ ਰਿਹਾ ਤਾਂ ਮਜੀਠੀਏ ਦਾ ਰਿਮਾਂਡ ਵਧਾਉਣ ਦੀ ਬਜਾਏ ਉਸ ਨੂੰ ਕੋਰਟ ਵਿੱਚ ਪੇਸ਼ ਕਰ ਦੇਣਾ ਚਾਹੀਦਾ ਹੈ ।

### ਸੁਖਬੀਰ ਸਿੰਘ ਬਾਦਲ ਹੋਏ ਰਿਹਾਅ

ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਸੁਖਬੀਰ ਬਾਦਲ ਆਪਣੇ ਸਮਰਥਕਾਂ ਨਾਲ ਮਜੀਠੀਆ ਦੀ ਗ੍ਰਿਫ਼ਤਾਰੀ ਦਾ ਵਿਰੋਧ ਕਰਨ ਲਈ ਮੋਹਾਲੀ ਪਹੁੰਚ ਗਏ। ਹਾਲਾਂਕਿ ਉਨ੍ਹਾਂ ਅਦਾਲਤ ਵੱਲ ਆਉਂਦਿਆਂ ਦੇਖ ਕੇ ਪੁਲਿਸ ਨੇ ਉਨ੍ਹਾਂ ਨੂੰ ਹਿਰਾਸਤ 'ਚ ਲੈ ਲਿਆ ਤੇ ਦੋ ਘੰਟੇ ਬਾਅਦ ਛੱਡ ਵੀ ਦਿੱਤਾ।

## 'ਆਪ' ਸਰਕਾਰ ਦੇ ਸੰਭਾਵਿਤ ਅਗਲੇ ਨਿਸ਼ਾਨੇ ਕੌਣ

ਮੁੱਖ ਮੰਤਰੀ ਭਗਵੰਤ ਮਾਨ ਦੇ ਬਿਆਨ ਨੇ ਸਿਆਸੀ ਮਾਹੌਲ ਨੂੰ ਹੋਰ ਗਰਮਾ ਦਿੱਤਾ ਹੈ। ਸੂਤਰਾਂ ਮੁਤਾਬਕ, ਵਿਜੀਲੈਂਸ ਦਾ ਅਗਲਾ ਨਿਸ਼ਾਨਾ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਪ੍ਰਦੇਸ਼ ਕਾਂਗਰਸ ਮੁਖੀ ਅਮਰਿੰਦਰ ਰਾਜਾ ਵੜਿੰਗ, ਵਿਧਾਇਕ ਪ੍ਰਗਟ ਸਿੰਘ ਸਮੇਤ ਕਈ ਕਾਂਗਰਸੀ ਆਗੂ ਹੋ ਸਕਦੇ ਹਨ। ਪ੍ਰਗਟ ਸਿੰਘ 'ਤੇ ਸਰਕਾਰੀ ਫੰਡਾਂ ਦੀ ਦੁਰਵਰਤੋਂ ਦੇ ਦੋਸ਼ ਹਨ, ਜਦਕਿ ਚੰਨੀ ਤੇ ਵੜਿੰਗ 'ਤੇ ਵੀ ਜਾਂਚ ਦੀ ਤਲਵਾਰ ਲਟਕ ਰਹੀ ਹੈ।

## ਚੀਫ ਖਾਲਸਾ ਦੀਵਾਨ ਦੀ ਮਜੀਠੀਆ ਦੇ ਪਿਤਾ ਉਪਰ ਕਾਰਵਾਈ

ਮਜੀਠੀਆ ਦੇ ਪਿਤਾ ਸੱਤਿਆਜੀਤ ਸਿੰਘ ਮਜੀਠੀਆ ਨੂੰ ਚੀਫ ਖਾਲਸਾ ਦੀਵਾਨ ਦੀ ਮੈਂਬਰਸ਼ਿਪ ਤੋਂ ਹਟਾਉਣਾ ਵੀ ਸੁਰਖੀਆਂ ਵਿਚ ਰਿਹਾ ਹੈ। ਹਾਲਾਂਕਿ, ਸੀਕੇਡੀ ਦਾ ਕਹਿਣਾ ਹੈ ਕਿ ਇਹ ਕਾਰਵਾਈ 65 ਮੈਂਬਰਾਂ 'ਤੇ ਲਗਾਤਾਰ ਗੈਰਹਾਜ਼ਰੀ ਕਾਰਨ ਕੀਤੀ ਗਈ। ਇਸ ਸੰਸਥਾ ਦੀ ਅਗਵਾਈ 'ਆਪ' ਵਿਧਾਇਕ ਇੰਦਰਬੀਰ ਸਿੰਘ ਨਿੱਝਰ ਕਰਦੇ ਹਨ, ਜਿਸ ਨੇ ਸਿਆਸੀ ਚਰਚਾਵਾਂ ਨੂੰ ਹੋਰ ਹਵਾ ਦਿੱਤੀ।

## ਆਪਣੇ ਹੀ ਦਫ਼ਤਰ ਜਾਣ ਤੋਂ ਰੋਕਣ ਕਾਰਣ, ਮਜੀਠੀਆ ਦੀ ਪਤਨੀ ਨੇ ਪੁਲਿਸ ਦੀ ਧਕੇਸ਼ਾਹੀ ਵਿਰੁੱਧ ਲਗਾਇਆ ਧਰਨਾ

ਮਜੀਠਾ-ਬਿਕਰਮ ਸਿੰਘ ਮਜੀਠੀਆ ਜੋ ਕੇ ਵਿਜੀਲੈਂਸ ਦੀ ਹਿਰਾਸਤ ਵਿਚ ਹਨ, ਉਨ੍ਹਾਂ ਨੂੰ ਵਿਜੀਲੈਂਸ ਵਲੋਂ ਮਜੀਠਾ ਵਿਖੇ ਰਿਹਾਇਸ਼ੀ ਦਫਤਰ ਵਿਚ ਜਾਂਚ ਲਈ ਲਿਆਂਦਾ ਜਾ ਰਿਹਾ ਹੈ। ਇਹਤਿਆਤ ਵਜੋਂ ਸਾਰੇ ਮਜੀਠਾ ਸ਼ਹਿਰ ਨੂੰ ਆਉਣ-ਜਾਣ ਵਾਲੇ ਰਸਤੇ ਆਮ ਲੋਕਾਂ ਅਤੇ ਟ੍ਰੈਫਿਕ ਲਈ ਪੂਰੀ ਤਰ੍ਹਾਂ ਬੰਦ ਕਰ ਦਿੱਤੇ ਗਏ ਹਨ। ਇਸ ਦੌਰਾਨ ਬਿਕਰਮ ਸਿੰਘ ਮਜੀਠੀਆ ਦੀ ਧਰਮ ਪਤਨੀ ਗਨੀਵ ਕੌਰ ਮਜੀਠੀਆ ਐਮਐਲਏ ਮਜੀਠਾ ਆਪਣੇ ਸਮਰਥਕਾਂ ਨਾਲ ਉੱਥੇ ਪੁੱਜੇ ਹੋਏ ਹਨ। ਗਨੀਵ ਕੌਰ ਮਜੀਠੀਆ ਦੀ ਆਪਣੇ ਦਫਤਰ ਅੰਦਰ ਜਾਣ ਨੂੰ ਲੈਕੇ ਪੁਲਿਸ ਨਾਲ ਤਿੱਖੀ ਬਹਿਸਬਾਜ਼ੀ ਹੋਈ। ਉਨ੍ਹਾਂ ਪੱਤਰਕਾਰਾਂ ਨੂੰ ਕਿਹਾ ਕਿ ਉਹ ਇੱਕ ਚੁਣੇ ਹੋਏ ਜਨਤਾਂ ਦੇ ਨੁਮਾਇੰਦੇ ਹਨ ਪਰ ਸਰਕਾਰ ਦੀ ਸ਼ਹਿ 'ਤੇ ਪੁਲਿਸ ਉਨ੍ਹਾਂ ਨਾਲ ਧੱਕੇਸ਼ਾਹੀ 'ਤੇ ਉਤਰ ਆਈ ਹੈ। ਉਨ੍ਹਾਂ ਨੂੰ ਉਨ੍ਹਾਂ ਦੇ ਆਪਣੇ ਹੀ ਦਫਤਰ ਅੰਦਰ ਜਾਣ ਨਹੀਂ ਦਿੱਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਦਫਤਰ ਅੰਦਰ ਇਕ ਸੇਵਾਦਾਰ ਦੀ ਪਤਨੀ ਤੇ ਉਸਦੇ ਬੱਚੇ ਇਕੱਲੇ ਹਨ। ਪੁਲਿਸ ਨੇ ਬਾਹਰ ਤਾਲਾ ਲਗਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਜਿਸ ਦਫਤਰ ਦੀ ਅੱਜ ਜਾਂਚ ਨੂੰ ਲੈਕੇ ਸਾਰਾ ਡਰਾਮਾ ਰਚਿਆ ਜਾ ਰਿਹਾ ਹੈ ਇਸਦੀ ਤਾਂ ਪਹਿਲੇ ਦਿਨ ਹੀ ਬਰੀਕੀ ਨਾਲ ਤਲਾਸ਼ੀ ਕਰ ਲਈ ਗਈ ਸੀ। ਇਸ ਦੌਰਾਨ ਗਨੀਵ ਕੌਰ ਮਜੀਠੀਆ ਰੋਸ ਵਜੋਂ ਆਪਣੇ ਸਮਰਥਕਾਂ ਨਾਲ ਉੱਥੇ ਹੀ ਧਰਨੇ 'ਤੇ ਬੈਠ ਗਏ।

# ਪੁਲਿਸ ਨੇ ਪੰਜ ਨਸ਼ਾ ਸਮਗਲਰਾਂ ਦੀ 9 ਕਰੋੜ ਤੋਂ ਵੱਧ ਦੀ ਜਾਇਦਾਦ ਕੀਤੀ ਜ਼ਬਤ

## ✪ ਜਾਇਦਾਦਾਂ ਦੇ ਬਾਹਰ ਬਕਾਇਦਾ ਨੋਟਿਸ ਅਤੇ ਬੋਰਡ ਵੀ ਲਗਾ ਦਿੱਤੇ ਗਏ



ਤਰਨਤਾਰਨ-ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਨਸ਼ਿਆਂ ਆਰੰਭੀ ਕਾਰਵਾਈ ਦੇ ਚੱਲਦਿਆਂ ਜ਼ਿਲ੍ਹਾ ਪੁਲਿਸ ਨੇ ਤਰਨਤਾਰਨ ਜ਼ਿਲ੍ਹੇ ਨਾਲ ਸਬੰਧਤ ਪੰਜ ਨਸ਼ਾ ਤਸਕਰਾਂ ਦੀ 9 ਕਰੋੜ ਤੋਂ ਵੱਧ ਕੀਮਤ ਵਾਲੀ ਜਾਇਦਾਦ ਨੂੰ ਫਰੀਜ਼ ਕੀਤਾ ਹੈ। ਇਹ ਕਾਰਵਾਈ ਦਿੱਲੀ ਦੀ ਕੰਪੀਟੈਂਟ ਅਥਾਰਟੀ ਨੂੰ ਭੇਜੇ ਗਏ ਕੇਸਾਂ ਦੀ ਮਨਜ਼ੂਰੀ ਆਉਣ ਉਪਰੰਤ ਕੀਤੀ ਗਈ ਹੈ। ਜਦੋਂਕਿ ਫਰੀਜ਼ ਕੀਤੀਆਂ ਜਾਇਦਾਦਾਂ ਦੇ ਬਾਹਰ ਬਕਾਇਦਾ ਨੋਟਿਸ ਅਤੇ ਬੋਰਡ ਵੀ ਲਗਾ ਦਿੱਤੇ ਗਏ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸਐੱਸਪੀ ਦੀਪਕ ਪਾਰੀਕ ਨੇ ਦੱਸਿਆ ਕਿ ਤਸਕਰ ਨਿਸ਼ਾਨ ਸਿੰਘ ਡਾਲੇਕੇ ਦੇ ਖਿਲਾਫ ਥਾਣਾ ਕਰਤਾਰਪੁਰ ਜ਼ਿਲ੍ਹਾ ਜਲੰਧਰ ਵਿਖੇ 500 ਗ੍ਰਾਮ ਹੈਰੋਇਨ ਦੀ ਬਰਾਮਦੀ ਸਬੰਧੀ ਕੇਸ ਦਰਜ ਹੈ। ਉਸਦੀ ਖੇਤੀਬਾੜੀ ਵਾਲੀ 12.79 ਏਕੜ ਜ਼ਮੀਨ ਜਿਸਦੀ ਕੀਮਤ 7 ਕਰੋੜ 4 ਲੱਖ 20 ਹਜ਼ਾਰ ਰੁਪਏ ਬਣਦੀ ਹੈ, ਨੂੰ ਫਰੀਜ਼ ਕੀਤਾ ਗਿਆ ਹੈ।

ਇਸੇ ਤਰ੍ਹਾਂ ਤੇਜ਼ਪਾਲ ਸਿੰਘ ਫੌਜੀ ਕਲੇਰ ਵਿਰੁੱਧ ਥਾਣਾ ਸਦਰ ਤਰਨਤਾਰਨ ਵਿਖੇ 400 ਗ੍ਰਾਮ ਹੈਰੋਇਨ ਦੀ ਬਰਾਮਦਗੀ ਸਬੰਧੀ ਕੇਸ ਦਰਜ ਹੈ ਦੇ ਰਿਹਾਇਸ਼ੀ ਘਰ, ਜਿਸਦੀ ਕੀਮਤ 40 ਲੱਖ 70 ਹਜ਼ਾਰ ਰੁਪਏ ਬਣਦੀ ਹੈ, ਨੂੰ ਫਰੀਜ਼ ਕੀਤਾ ਗਿਆ ਹੈ। ਇਸੇ ਤਰ੍ਹਾਂ ਨਸ਼ਾ ਤਸਕਰ ਹਰਦੀਪ ਸਿੰਘ ਦੀਪ ਠੱਠੀ ਸੋਹਲ ਜਿਸ ਦੇ ਖਿਲਾਫ ਥਾਣਾ ਸਰਾਏ ਅਮਾਨਤ ਖਾਂ ਵਿਖੇ 6 ਕਿੱਲੋ 112 ਗ੍ਰਾਮ ਹੈਰੋਇਨ ਦੀ ਬਰਾਮਦਗੀ ਸਬੰਧੀ ਕੇਸ ਦਰਜ ਸੀ, ਦਾ ਰਿਹਾਇਸ਼ੀ ਘਰ ਜਿਸਦੀ ਕੀਮਤ 42 ਲੱਖ 10 ਹਜ਼ਾਰ ਰੁਪਏ ਅਤੇ ਇਕ ਸਵਿਫਟ ਕਾਰ ਜਿਸਦੀ ਕੀਮਤ 5 ਲੱਖ 88 ਹਜ਼ਾਰ 548 ਰੁਪਏ ਬਣਦੀ ਹੈ, ਨੂੰ ਫਰੀਜ਼ ਕੀਤਾ ਗਿਆ ਹੈ।

ਐੱਸਐੱਸਪੀ ਨੇ ਦੱਸਿਆ ਕਿ ਇਸੇ ਤਰ੍ਹਾਂ ਤਸਕਰ ਅਕਾਸ਼ਦੀਪ ਸਿੰਘ ਕਾਸ਼ੀ ਰੋੜਾਂਵਾਲੀ ਖੁਰਦ ਜਿਲ੍ਹਾ ਅੰਮ੍ਰਿਤਸਰ ਜਿਸ ਦੇ ਖਿਲਾਫ ਥਾਣਾ ਸਿਟੀ ਤਰਨਤਾਰਨ ਵਿਖੇ 1 ਕਿੱਲੋ ਹੈਰੋਇਨ ਦੀ ਬਰਾਮਦਗੀ ਸਬੰਧੀ ਕੇਸ ਦਰਜ ਸੀ ਦਾ ਰਿਹਾਇਸ਼ੀ ਘਰ ਜਿਸਦੀ ਕੀਮਤ 45 ਲੱਖ 70 ਹਜ਼ਾਰ ਰੁਪਏ ਬਣਦੀ ਹੈ, ਨੂੰ ਫਰੀਜ਼ ਕੀਤਾ ਗਿਆ ਹੈ। ਇਸ ਤੋਂ ਇਲਾਵਾ ਹਰਜਿੰਦਰ ਸਿੰਘ ਅਜੈ ਵਾਸੀ ਵੈਰੋਂਵਾਲ ਬਾਵਿਆਂ, ਜਿਸ ਦੇ ਖਿਲਾਫ 756 ਗ੍ਰਾਮ ਹੈਰੋਇਨ ਦੀ ਬਰਾਮਦਗੀ ਸਬੰਧੀ ਥਾਣਾ ਵੈਰੋਂਵਾਲ 'ਚ ਕੇਸ ਦਰਜ ਸੀ, ਦਾ 61.70 ਲੱਖ ਦੀ ਕੀਮਤ ਵਾਲਾ ਰਿਹਾਇਸ਼ੀ ਘਰ, 3 ਲੱਖ ਰੁਪਏ ਕੀਮਤ ਦੀ ਮਹਿੰਦਰਾ ਜੀਪ ਅਤੇ 87 ਹਜ਼ਾਰ 200 ਰੁਪਏ ਦੀ ਡਰੱਗ ਮਨੀ, ਜੋ ਕੁੱਲ 65 ਲੱਖ 57 ਹਜ਼ਾਰ 200 ਰੁਪਏ ਬਣਦੀ ਹੈ, ਨੂੰ ਫਰੀਜ਼ ਕੀਤਾ ਗਿਆ ਹੈ।

## ਪਾਰਟੀ ਪ੍ਰਧਾਨ ਨਾ ਬਣਾਉਣ ਕਾਰਣ ਤੇਲੰਗਾਨਾ ਵਿਚ ਭਾਜਪਾ ਦੇ ਨੇਤਾ ਟੀ ਰਾਜਾ ਸਿੰਘ ਨੇ ਦਿੱਤਾ ਅਸਤੀਫਾ



ਨਵੀਂ ਦਿੱਲੀ-ਤੇਲੰਗਾਨਾ ਦੇ ਭਾਜਪਾ ਵਿਧਾਇਕ ਟੀ ਰਾਜਾ ਸਿੰਘ ਨੇ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਹੈ। ਟੀ ਰਾਜਾ ਸਿੰਘ ਤੇਲੰਗਾਨਾ ਦੇ ਇੱਕ ਫਾਇਰਬ੍ਰਾਂਡ ਨੇਤਾ ਵਜੋਂ ਜਾਣੇ ਜਾਂਦੇ ਹਨ। ਦੱਸਿਆ ਜਾ ਰਿਹਾ ਹੈ ਕਿ ਭਾਜਪਾ ਹਾਈਕਮਾਨ ਨੇ ਐਨ ਰਾਮਚੰਦਰ ਰਾਓ ਨੂੰ ਪਾਰਟੀ ਦਾ ਸੂਬਾ ਪ੍ਰਧਾਨ ਬਣਾਉਣ 'ਤੇ ਸਹਿਮਤੀ ਦੇ ਦਿੱਤੀ ਹੈ। ਪਾਰਟੀ ਹਾਈਕਮਾਨ ਦੇ ਇਸ ਫੈਸਲੇ ਤੋਂ ਨਾਰਾਜ਼ ਟੀ ਰਾਜਾ ਸਿੰਘ ਨੇ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਨੇ ਆਪਣਾ ਅਸਤੀਫਾ ਸੂਬਾ ਪ੍ਰਧਾਨ ਬੰਦੀ ਸੰਜੇ ਕੁਮਾਰ ਨੂੰ ਭੇਜ ਦਿੱਤਾ ਹੈ।

## ਮਾਮੂਲੀ ਬਹਿਸ ਕਾਰਣ ਨਸ਼ੇੜੀ ਨੌਜਵਾਨਾਂ ਨੇ ਆਪਣੇ ਹੀ ਦੋਸਤ ਦਾ ਕੀਤਾ ਕਤਲ



ਬਠਿੰਡਾ-ਬੀਤੇ ਦਿਨੀਂ ਮੁਕਤਸਰ ਜ਼ਿਲ੍ਹੇ ਦੇ ਪਿੰਡ ਲਾਲਬਾਈ ਦਾ ਰਹਿਣ ਵਾਲਾ 21 ਸਾਲਾਂ ਨੌਜਵਾਨ ਇਮਰੋਜ਼ ਸਿੰਘ ਦਾ ਮਾਡਲ ਟਾਊਨ ਫੇਜ਼ ਤਿੰਨ ਦੀ ਮਾਰਕੀਟ ਕੋਲ ਸਥਿਤ ਦਾਦੀ-ਪੋਤੀ ਪਾਰਕ ਨੇੜੇ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ। ਪਤਾ ਲੱਗਾ ਹੈ ਕਿ ਇਮਰੋਜ਼ ਸਿੰਘ ਤੇ ਉਸ ਦੇ ਤਿੰਨ ਹੋਰ ਸਾਥੀਆਂ ਨੇ ਪਿੰਡ ਲਾਲਬਾਈ ਤੋਂ ਮਨਾਲੀ ਲਈ ਘੁੰਮਣ ਜਾਣਾ ਸੀ ਪਰ ਗੱਡੀ ਖਰਾਬ ਹੋ ਜਾਣ ਕਾਰਨ ਉਨ੍ਹਾਂ ਆਪਣੀ ਇਹ ਯਾਤਰਾ ਰੱਦ ਕਰ ਦਿੱਤੀ। ਇਸ ਦੌਰਾਨ ਉਨ੍ਹਾਂ ਬਠਿੰਡਾ ਵਿਖੇ ਆਉਣ ਦਾ ਮਨ ਬਣਾ ਲਿਆ, ਜਿਸ ਤੋਂ ਬਾਅਦ ਇਮਰੋਜ਼ ਸਿੰਘ ਤੇ ਉਸ ਦੇ ਤਿੰਨ ਸਾਥੀ ਆਪਣੇ ਹੋਰਨਾਂ ਦੋਸਤਾਂ ਕੋਲ ਬਠਿੰਡਾ ਦੇ ਅਜੀਤ ਰੋਡ ਸਥਿਤ ਇਕ ਪੀਜੀ ਵਿਚ ਪਹੁੰਚ ਗਏ। ਇਸ ਤੋਂ ਬਾਅਦ ਉਕਤ ਨੌਜਵਾਨਾਂ ਨੇ ਇਕੱਠਿਆਂ ਸ਼ਰਾਬ ਪੀਤੀ ਅਤੇ ਉਹ ਮਾਡਲ ਟਾਊਨ ਫੇਸ ਤਿੰਨ ਦੀ ਮਾਰਕੀਟ ਵਿਚ ਪੁੱਜ ਗਏ। ਦੱਸਿਆ ਜਾ ਰਿਹਾ ਹੈ ਕਿ ਉਕਤ ਨੌਜਵਾਨਾਂ ਦਾ ਦੋਸਤ ਸ਼ਵੀ ਜੰਗੀਰਾਣਾ ਆਪਣੇ ਨਾਲ ਤਿੰਨ ਚਾਰ ਹੋਰ ਨੌਜਵਾਨਾਂ ਨੂੰ ਲੈ ਆਇਆ ਸੀ, ਜਿਸ ਨੂੰ ਇਮਰੋਜ਼ ਸਿੰਘ ਤੇ ਉਸਦੇ ਸਾਥੀਆਂ ਨੇ ਚੰਗਾ ਨਹੀਂ ਸਮਝਿਆ। ਸ਼ਰਾਬ ਪੀਂਦਿਆਂ ਹੀ ਇਸ ਦੌਰਾਨ ਉਨ੍ਹਾਂ ਦੀ ਆਪਸ ਵਿਚ ਬਹਿਸ ਹੋ ਗਈ, ਜਿਸ ਤੋਂ ਬਾਅਦ ਸ਼ਵੀ ਜੰਗੀਰਾਣਾ, ਬੱਬੂ, ਖੁਸ਼ ਅਤੇ ਹੋਰਨਾਂ ਨੌਜਵਾਨਾਂ ਨੇ ਇਮਰੋਜ਼ ਸਿੰਘ ਉੱਪਰ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਇਸ ਹਮਲੇ 'ਚ ਉਕਤ ਨੌਜਵਾਨ ਗੰਭੀਰ ਜ਼ਖ਼ਮੀ ਹੋ ਗਿਆ, ਜਿਸ ਨੂੰ ਇਲਾਜ ਲਈ ਏਮਜ਼ ਲਿਜਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ।

## ਸ਼ੈਫਾਲੀ ਜਰੀਵਾਲਾ ਦੀ ਭੁੱਖੇ ਪੇਟ ਦਵਾਈਆਂ ਖਾਣ ਨਾਲ ਹੋਈ ਮੌਤ

### ✪ ਬਲੱਡ ਪ੍ਰੈਸ਼ਰ ਘਟਣਾ ਜਾਨਲੇਵਾ ਬਣਿਆ ✪ ਜਵਾਨ ਰਹਿਣ ਲਈ ਖਾਂਦੀ ਸੀ ਦਵਾਈਆਂ

ਮੁੰਬਈ-ਅਦਾਕਾਰਾ ਸ਼ੈਫਾਲੀ ਜਰੀਵਾਲਾ ਦਾ ਤਿੰਨ ਦਿਨ ਪਹਿਲਾਂ ਦੇਹਾਂਤ ਹੋ ਗਿਆ ਸੀ। ਉਹ ਜਵਾਨ ਰਹਿਣ ਵਾਲੀਆਂ ਦਵਾਈਆਂ ਸਣੇ ਹੋਰ



ਦਵਾਈਆਂ ਨਿਯਮਤ ਸਮੇਂ 'ਤੇ ਖਾ ਰਹੀ ਸੀ। ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਉਸ ਨੇ ਖਾਲੀ ਪੇਟ ਕਈ ਦਵਾਈਆਂ ਖਾਧੀਆਂ ਜਿਸ ਕਾਰਨ ਉਸ ਦਾ ਬਲੱਡ ਪ੍ਰੈਸ਼ਰ ਘੱਟ ਗਿਆ। 42 ਸਾਲਾ ਅਦਾਕਾਰਾ ਨੇ ਗੀਤ ਕਾਂਟ ਲਗਾ ਨਾਲ ਨਾਮਣਾ ਖੱਟਿਆ ਸੀ। ਉਸ ਦਾ ਅਦਾਕਾਰ ਪਤੀ ਪਰਾਗ ਤਿਆਗੀ ਉਸ ਦੀ ਸਿਹਤ ਵਿਗੜਨ ਤੋਂ ਬਾਅਦ ਉਸ ਨੂੰ ਅੰਧੇਰੀ ਦੇ ਨਿੱਜੀ ਹਸਪਤਾਲ ਵਿੱਚ ਲੈ ਕੇ ਗਿਆ ਸੀ ਜਿਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਲਿਆਂਦਾ ਐਲਾਨ ਦਿੱਤਾ। ਇੱਕ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਉਹ ਬੀਤੇ ਸ਼ੁੱਕਰਵਾਰ ਨੂੰ ਆਪਣੇ ਘਰ ਵਿੱਚ ਪੂਜਾ ਕਰਕੇ ਵਰਤ ਰੱਖ ਰਹੀ ਸੀ ਅਤੇ ਖਾਲੀ ਪੇਟ ਕਈ ਦਵਾਈਆਂ ਖਾਣ ਨਾਲ ਉਸ ਦਾ ਬਲੱਡ ਪ੍ਰੈਸ਼ਰ ਘੱਟ ਗਿਆ ਜਿਸ ਕਾਰਨ ਉਹ ਜ਼ਮੀਨ 'ਤੇ ਡਿੱਗ ਗਈ। ਉਸ ਨੇ ਦੁਪਹਿਰ ਵੇਲੇ ਇੱਕ ਟੀਕਾ ਲਗਾਇਆ ਸੀ ਤੇ ਸੰਭਾਵਤ ਤੌਰ ਇਹ ਜਵਾਨ ਰਹਿਣ ਲਈ ਸੀ। ਉਨ੍ਹਾਂ ਕਿਹਾ, 'ਉਸ ਦਾ ਬਲੱਡ ਪ੍ਰੈਸ਼ਰ ਬਹੁਤ ਘੱਟ ਗਿਆ ਅਤੇ ਉਹ ਕੰਬਣ ਲੱਗੀ ਜਿਸ ਤੋਂ ਬਾਅਦ ਪਰਿਵਾਰਕ ਮੈਂਬਰਾਂ ਨੇ ਉਸ ਨੂੰ ਹਸਪਤਾਲ ਪਹੁੰਚਾਇਆ। ਪੁਲੀਸ ਨੇ ਹੁਣ ਤੱਕ 10 ਵਿਅਕਤੀਆਂ ਦੇ ਬਿਆਨ ਦਰਜ ਕੀਤੇ ਹਨ, ਜਿਨ੍ਹਾਂ ਵਿੱਚ ਉਸਦੇ ਪਤੀ, ਮਾਤਾ-ਪਿਤਾ ਅਤੇ ਘਰ ਦੇ ਸਹਾਇਕ ਵੀ ਸ਼ਾਮਲ ਹਨ, ਜੋ ਸਾਰੇ ਉਸ ਸਮੇਂ ਘਰ ਵਿੱਚ ਮੌਜੂਦ ਸਨ, ਹਾਲਾਂਕਿ ਅਜੇ ਤੱਕ ਕੁਝ ਵੀ ਸ਼ੱਕੀ ਨਹੀਂ ਮਿਲਿਆ ਹੈ।

## ਤੇਗਬੀਰ ਸਿੰਘ ਨੇ ਮਾਊਂਟ ਐਲਬਰਸ 'ਤੇ ਚੜ੍ਹ ਕੇ ਬਣਾਇਆ ਵਿਸ਼ਵ ਰਿਕਾਰਡ

ਰੂਪਨਗਰ ਦੇ ਛੇ ਸਾਲ ਨੌਂ ਮਹੀਨਿਆਂ ਦੇ ਪਰਬਤਾਰੋਹੀ ਤੇਗਬੀਰ ਸਿੰਘ ਨੇ ਰੂਸ ਵਿੱਚ ਸਥਿਤ ਯੂਰਪ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਐਲਬਰਸ (18,510 ਫੁੱਟ) ਨੂੰ 28 ਜੂਨ 2025 ਨੂੰ ਫਤਹਿ ਕਰਕੇ ਵਿਸ਼ਵ ਰਿਕਾਰਡ ਕਾਇਮ ਕੀਤਾ। ਇਸ ਪ੍ਰਾਪਤੀ ਨਾਲ ਉਸ ਨੇ ਦੇਸ਼ ਦਾ ਨਾਂ ਰੌਸ਼ਨ ਕਰ ਦਿੱਤਾ। ਤੇਗਬੀਰ ਦੇ ਪਿਤਾ ਸੁਖਿੰਦਰਦੀਪ ਸਿੰਘ ਨੇ ਦੱਸਿਆ ਕਿ ਇਹ ਟਰੈਕ ਆਕਸੀਜਨ ਦੀ ਘਾਟ ਅਤੇ ਘੱਟ ਤਾਪਮਾਨ ਵਰਗੀਆਂ ਚੁਣੌਤੀਆਂ ਨਾਲ ਭਰਿਆ ਸੀ, ਪਰ ਤੇਗਬੀਰ ਨੇ ਮਨੋਬਲ ਨਾਲ ਇਸ ਨੂੰ ਜਿੱਤਿਆ। ਕਬਾਰਡੀਨੋ ਬਲਕਾਰੀਅਨ ਰੀਪਬਲਿਕ ਦੀ ਮਾਊਂਟੇਨੀਅਰਿੰਗ ਫੈਡਰੇਸ਼ਨ ਨੇ ਉਸ ਨੂੰ ਸਰਟੀਫਿਕੇਟ ਅਤੇ ਮੈਡਲ ਨਾਲ ਸਨਮਾਨਿਤ ਕੀਤਾ ਤੇਗਬੀਰ, ਜੋ ਸ਼ਿਵਾਲਿਕ ਸਕੂਲ ਵਿੱਚ ਦੂਜੀ ਜਮਾਤ ਦਾ ਵਿਦਿਆਰਥੀ ਹੈ, ਨੇ ਪਹਿਲਾਂ ਅਗਸਤ 2024 ਵਿੱਚ ਅਫਰੀਕਾ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਕਿਲੀਮੰਜਰੋ ਨੂੰ ਫਤਹਿ ਕਰਕੇ ਏਸ਼ੀਆਈ ਰਿਕਾਰਡ ਬਣਾਇਆ ਸੀ। ਉਸ ਨੇ ਮਾਊਂਟ ਐਵਰੈਸਟ ਦੇ ਬੇਸ ਕੈਂਪ ਨੂੰ ਵੀ ਜਿੱਤਿਆ ਹੈ। ਤੇਗਬੀਰ ਦੇ ਪਿਤਾ ਪਰਮਾਰ ਹਸਪਤਾਲ ਵਿੱਚ ਪ੍ਰਸ਼ਾਸਨਿਕ ਅਧਿਕਾਰੀ ਅਤੇ ਮਾਂ ਡਾ. ਮਨਪ੍ਰੀਤ ਕੌਰ ਗਾਇਨੀਕੋਲੋਜਿਸਟ ਹਨ। ਉਸ ਦੀ ਸਫਲਤਾ ਵਿੱਚ ਕੋਚ ਵਿਕਰਮਜੀਤ ਸਿੰਘ ਘੁੰਮਣ ਦਾ ਵੱਡਾ ਯੋਗਦਾਨ ਹੈ।

# ਗਿਆਨੀ ਰਘਬੀਰ ਸਿੰਘ ਵਲੋਂ ਸ਼੍ਰੋਮਣੀ ਕਮੇਟੀ ਵਿਰੁੱਧ ਹਾਈਕੋਰਟ ਵਿੱਚ ਪਟੀਸ਼ਨ ਵਾਪਿਸ ਲਈ

ਪੰਥਕ ਹਲਚਲ

## ✪ ਸ਼੍ਰੋਮਣੀ ਕਮੇਟੀ ਖ਼ਿਲਾਫ਼ ਕੇਸ ਵਾਪਸ ਲੈਣ ਤੋਂ ਬਾਅਦ ਗਿਆਨੀ ਰਘਬੀਰ ਸਿੰਘ ਉਪਰ ਕਾਰਵਾਈ ਦੀ ਸੰਭਾਵਨਾ

ਸ਼੍ਰੋਮਣੀ ਕਮੇਟੀ ਨਾਲ ਨਾਰਾਜ਼ਗੀ ਦੇ ਕਾਰਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ, ਸਕੱਤਰ ਅਤੇ ਮੈਨੇਜਰ ਵੱਲੋਂ ਉਹਨਾਂ ਵਿਰੁੱਧ ਸੰਭਾਵੀ ਅਣ-ਉਚਿਤ ਜਾਂ ਪੱਖਪਾਤੀ ਕਾਰਵਾਈ ਦੇ ਖਦਸ਼ੇ ਨੂੰ ਲੈ ਕੇ ਨਾਰਾਜ਼ਗੀ ਜ਼ਾਹਿਰ ਕੀਤੀ ਸੀ। ਉਹਨਾਂ ਨੂੰ ਇਹ ਡਰ ਸੀ ਕਿ ਸ਼੍ਰੋਮਣੀ ਕਮੇਟੀ ਉਹਨਾਂ ਨੂੰ ਮੁੱਖ ਗ੍ਰੰਥੀ ਦੀ ਸੇਵਾ ਤੋਂ ਹਟਾ ਸਕਦੀ ਹੈ। ਇਸੇ ਕਾਰਨ ਉਹਨਾਂ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਸਿਵਲ ਰਿੱਟ ਪਟੀਸ਼ਨ ਦਾਇਰ ਕੀਤੀ ਸੀ। ਇਹ ਸਿੱਖ ਇਤਿਹਾਸ ਵਿੱਚ ਪਹਿਲੀ ਵਾਰ ਵਾਪਰਿਆ ਸੀ ਜਦੋਂ ਕਿਸੇ ਸਾਬਕਾ ਜਥੇਦਾਰ ਨੇ ਅਦਾਲਤ ਵਲ ਰੁਖ ਕੀਤਾ ਸੀ। ਗਿਆਨੀ ਰਘਬੀਰ ਸਿੰਘ ਦਾ ਮੰਨਣਾ ਸੀ ਕਿ ਸ਼੍ਰੋਮਣੀ ਕਮੇਟੀ ਦੀਆਂ ਕੁਝ ਕਾਰਵਾਈਆਂ ਪੰਥਕ ਮਰਿਆਦਾ ਅਤੇ ਪਰੰਪਰਾਵਾਂ ਦੇ ਖਿਲਾਫ਼ ਸਨ, ਜਿਸ ਕਾਰਨ ਉਹਨਾਂ ਨੂੰ ਅਜਿਹਾ ਕਦਮ ਚੁੱਕਣਾ ਪਿਆ। ਹਾਈਕੋਰਟ ਵਿੱਚ ਪਟੀਸ਼ਨ ਦਾਇਰ ਕਰਨ ਦਾ ਕਾਰਨ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਕਮੇਟੀ ਦੀਆਂ ਕਾਰਵਾਈਆਂ ਦੇ ਵਿਰੁੱਧ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ, ਕਿਉਂਕਿ ਉਹਨਾਂ ਨੂੰ ਲੱਗਦਾ ਸੀ ਕਿ ਉਨ੍ਹਾਂ ਦੀ ਸੇਵਾ ਨੂੰ ਖਤਰਾ ਸੀ। ਉਹਨਾਂ ਦਾ ਇਹ ਕਦਮ ਸਿੱਖ ਸੰਸਥਾਵਾਂ ਦੀ ਸਾਖ ਅਤੇ ਮਰਿਆਦਾ ਨੂੰ ਬਚਾਉਣ ਦੀ ਕੋਸ਼ਿਸ਼ ਵਜੋਂ ਵੀ ਦੇਖਿਆ ਗਿਆ। ਪਰ ਇਸ ਪਟੀਸ਼ਨ ਨਾਲ ਪੰਥਕ ਸਫ਼ਾਂ ਵਿੱਚ ਤਿੱਖਾ ਵਿਰੋਧ ਪੈਦਾ ਹੋਇਆ। ਸਿੱਖ ਸੰਗਤਾਂ ਅਤੇ ਜਥੇਬੰਦੀਆਂ ਨੇ ਇਸ ਨੂੰ ਪੰਥਕ ਮਰਿਆਦਾ ਦੇ ਖਿਲਾਫ਼ ਮੰਨਿਆ, ਕਿਉਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਦੁਨਿਆਵੀ ਅਦਾਲਤ ਵਿੱਚ ਚੁਣੌਤੀ ਦੇਣਾ ਅਣਉਚਿਤ ਸਮਝਿਆ ਜਾਂਦਾ ਹੈ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਵੀ ਕਿਹਾ ਕਿ ਅਜਿਹੇ ਕਦਮ ਨਾਲ ਸਿੱਖ ਸੰਸਥਾਵਾਂ ਦਾ ਸਤਿਕਾਰ ਘਟਦਾ ਹੈ ਅਤੇ ਇਹ ਸਿੱਖ ਇਤਿਹਾਸ ਵਿੱਚ ਪਹਿਲੀ ਵਾਰ ਵਾਪਰਿਆ ਹੈ।



### ਪਟੀਸ਼ਨ ਵਾਪਸ ਲੈਣ ਦਾ ਫ਼ੈਸਲਾ

ਪੰਥਕ ਜਥੇਬੰਦੀਆਂ ਅਤੇ ਸਿੱਖ ਸੰਗਤ ਦੇ ਤਿੱਖੇ ਪ੍ਰਤੀਕਰਮ ਤੋਂ ਬਾਅਦ, ਗਿਆਨੀ ਰਘਬੀਰ ਸਿੰਘ ਨੇ 30 ਜੂਨ 2025 ਨੂੰ ਆਪਣੀ ਪਟੀਸ਼ਨ ਵਾਪਸ ਲੈਣ ਦਾ ਫ਼ੈਸਲਾ ਕੀਤਾ। ਉਹਨਾਂ ਨੇ ਵੀਡੀਓ ਬਿਆਨ ਜਾਰੀ ਕਰਕੇ ਕਿਹਾ ਕਿ ਸੰਗਤ ਦੀਆਂ ਭਾਵਨਾਵਾਂ ਦੀ ਕਦਰ ਅਤੇ ਸਤਿਕਾਰ ਕਰਦਿਆਂ ਉਹਨਾਂ ਨੇ ਇਹ ਫ਼ੈਸਲਾ ਲਿਆ। ਉਹਨਾਂ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਨੇ ਆਪਣੀ ਸੇਵਾ ਦੌਰਾਨ ਪੰਥਕ ਪਰੰਪਰਾਵਾਂ ਅਤੇ ਰਹਿਤ ਮਰਿਆਦਾ ਦੀ ਪਾਲਣਾ ਕੀਤੀ ਅਤੇ ਸਿੱਖ ਸੰਸਥਾਵਾਂ ਨੂੰ ਕਦੇ ਵੀ ਠੇਸ ਨਹੀਂ ਪਹੁੰਚਾਈ। ਉਹਨਾਂ ਨੇ ਸੰਗਤ ਦੇ ਪਿਆਰ ਅਤੇ ਚਿੰਤਾਵਾਂ ਦਾ ਸਤਿਕਾਰ ਕਰਦਿਆਂ ਅਦਾਲਤੀ ਕਾਰਵਾਈ ਨੂੰ ਰੋਕਣ ਦਾ ਐਲਾਨ ਕੀਤਾ। ਉਹਨਾਂ ਨੇ ਇਹ ਵੀ ਕਿਹਾ ਕਿ ਸਿੱਖ ਪੰਥ ਦੀਆਂ ਮਹਾਨ ਪਦਵੀਆਂ ਦੀ ਮਰਿਆਦਾ ਕਾਇਮ ਰੱਖਣਾ ਸਮੁੱਚੇ ਖ਼ਾਲਸਾ ਪੰਥ ਦੀ ਜ਼ਿੰਮੇਵਾਰੀ ਹੈ।

### ਸ਼੍ਰੋਮਣੀ ਕਮੇਟੀ ਵਲੋਂ ਸੇਵਾ ਬਦਲਣ ਦੀ ਸੰਭਾਵਨਾ

ਸ਼੍ਰੋਮਣੀ ਕਮੇਟੀ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਹੈ। ਸੂਤਰਾਂ ਮੁਤਾਬਕ, ਗਿਆਨੀ ਰਘਬੀਰ ਸਿੰਘ ਦੀਆਂ ਸੇਵਾਵਾਂ ਨੂੰ ਮੁੱਖ ਗ੍ਰੰਥੀ ਦੇ ਅਹੁਦੇ ਤੋਂ ਹਟਾ ਕੇ ਧਰਮ ਪ੍ਰਚਾਰ ਕਮੇਟੀ ਦੇ ਪੰਜਾਬ ਪ੍ਰਚਾਰ ਵਿਭਾਗ ਵਿਚ ਇੰਚਾਰਜ ਜਾਂ ਮੀਤ ਸਕੱਤਰ ਦੇ ਰੂਪ ਵਿਚ ਤਬਦੀਲ ਕਰਨ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਇਹ ਫੈਸਲਾ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਅਗਲੀ ਇਕੱਤਰਤਾ ਵਿਚ ਲਿਆ ਜਾ ਸਕਦਾ ਹੈ। ਗਿਆਨੀ ਰਘਬੀਰ ਸਿੰਘ ਦੀ ਮੌਜੂਦਾ ਤਨਖ਼ਾਹ ਲਗਭਗ 1.14 ਲੱਖ ਰੁਪਏ ਮਹੀਨਾ ਹੈ, ਜਿਸ 'ਚੋਂ ਪੀਐੱਫ ਅਤੇ ਹੋਰ ਫੰਡ ਕਟੌਤੀਆਂ ਤੋਂ ਬਾਅਦ 94 ਹਜ਼ਾਰ ਰੁਪਏ ਨੈੱਟ ਮਿਲਦੇ ਹਨ। ਉਨ੍ਹਾਂ ਨੂੰ ਵਿਸ਼ੇਸ਼ ਗ੍ਰੇਡ ਮਿਲਿਆ ਹੋਇਆ ਹੈ, ਜੋ ਸਾਧਾਰਨ ਗ੍ਰੰਥੀਆਂ ਦੇ 30,900 ਰੁਪਏ ਦੇ ਗ੍ਰੇਡ ਨਾਲੋਂ ਵੱਧ ਹੈ। ਸ਼੍ਰੋਮਣੀ ਕਮੇਟੀ ਦੇ ਸਰਵਿਸ ਰੂਲਜ਼ ਮੁਤਾਬਕ, ਕਮੇਟੀ ਆਪਣੇ ਮੁਲਾਜ਼ਮਾਂ ਦੀਆਂ ਸੇਵਾਵਾਂ ਯੋਗਤਾ ਅਨੁਸਾਰ ਕਿਸੇ ਵੀ ਅਹੁਦੇ 'ਤੇ ਤਬਦੀਲ ਕਰ ਸਕਦੀ ਹੈ। ਇਸ ਅਨੁਸਾਰ, ਗਿਆਨੀ ਰਘਬੀਰ ਸਿੰਘ ਦੀਆਂ ਸੇਵਾਵਾਂ ਨੂੰ ਧਾਰਮਿਕ ਸੇਵਾਵਾਂ ਤੋਂ ਦਫਤਰੀ ਸੇਵਾਵਾਂ ਵਿਚ ਤਬਦੀਲ ਕਰਨ ਦਾ ਰਾਹ ਸਾਫ ਹੈ। ਇਸ ਅਨੁਸਾਰ, ਗਿਆਨੀ ਰਘਬੀਰ ਸਿੰਘ ਦੀਆਂ ਸੇਵਾਵਾਂ ਨੂੰ ਮੁੱਖ ਗ੍ਰੰਥੀ ਦੇ ਅਹੁਦੇ ਤੋਂ ਹਟਾ ਕੇ ਧਰਮ ਪ੍ਰਚਾਰ ਕਮੇਟੀ ਦੇ ਪੰਜਾਬ ਪ੍ਰਚਾਰ ਵਿਭਾਗ 'ਚ ਇੰਚਾਰਜ ਜਾਂ ਮੀਤ ਸਕੱਤਰ ਵਜੋਂ ਤਬਦੀਲ ਕੀਤਾ ਜਾ ਸਕਦਾ ਹੈ। ਇਹ ਵਿਭਾਗ ਪੰਜਾਬ, ਹੋਰ ਸੂਬਿਆਂ ਅਤੇ ਵਿਦੇਸ਼ਾਂ 'ਚ ਸਿੱਖ ਧਰਮ ਦਾ ਪ੍ਰਚਾਰ ਕਰਦਾ ਹੈ ਅਤੇ ਸੈਂਕੜੇ ਢਾਡੀਆਂ, ਕਵੀਸ਼ਰਾਂ ਅਤੇ ਪ੍ਰਚਾਰਕਾਂ ਦਾ ਪ੍ਰਬੰਧ ਕਰਦਾ ਹੈ। ਇਸ ਤੋਂ ਇਲਾਵਾ, ਸ਼੍ਰੋਮਣੀ ਕਮੇਟੀ ਗਿਆਨੀ ਰਘਬੀਰ ਸਿੰਘ ਨੂੰ ਪ੍ਰਸ਼ਾਸਕੀ ਡਿਊਟੀ 'ਤੇ ਵੀ ਤਬਦੀਲ ਕਰ ਸਕਦੀ ਹੈ, ਜਿਸ ਨਾਲ ਉਨ੍ਹਾਂ ਦੀ ਧਾਰਮਿਕ ਸੇਵਾ ਦੀ ਭੂਮਿਕਾ ਖਤਮ ਹੋ ਸਕਦੀ ਹੈ।

# ਪਟਨਾ ਸਾਹਿਬ ਦੇ ਪੰਜ ਪਿਆਰਿਆਂ ਕਾਰਨ ਤਖ਼ਤਾਂ ਦੇ ਜਥੇਦਾਰਾਂ ਵਿਚਾਲੇ ਵਿਵਾਦ ਹੋਇਆ ਡੂੰਘਾ

## ✪ ਸਿੱਖ ਪੰਥ ਦੀ ਸੁਤੰਤਰਤਾ 'ਤੇ ਸਵਾਲ ਖੜੇ ਹੋਏ, ਸਰਕਾਰ ਤੇ ਸਿਆਸੀ ਦਖਲਅੰਦਾਜ਼ੀ ਕਾਰਨ ਮਸਲਾ ਉਲਝਿਆ

ਵਿਸ਼ੇਸ਼ ਖ਼ਬਰ

ਸਿੱਖ ਪੰਥ ਦੇ ਇਤਿਹਾਸ ਵਿੱਚ ਅਕਾਲ ਤਖ਼ਤ ਸਦਾ ਹੀ ਸਰਵਉੱਚ ਸਥਾਨ 'ਤੇ ਰਿਹਾ ਹੈ, ਜਿਥੇ ਪੰਥਕ ਫੈਸਲੇ ਸੰਗਤ ਦੀ ਸਹਿਮਤੀ ਨਾਲ, ਸਿੱਖ ਮਰਿਆਦਾ ਦੀ ਰੋਸ਼ਨੀ ਵਿਚ ਲਏ ਜਾਂਦੇ ਹਨ। ਪਰ ਹੁਣ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸਿੰਘ ਸਾਹਿਬਾਨ ਵੱਲੋਂ ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਕਾਲ ਤਖਤ ਸਾਹਿਬ ਤੇ ਤਖਤ ਦਮਦਮਾ ਸਾਹਿਬ ਦੇ ਜਥੇਦਾਰਾਂ ਨੂੰ ਕੀਤੀ ਤਾੜਨਾ ਨੇ ਸਿੱਖ ਪੰਥ ਵਿਚ ਨਵਾਂ ਸੰਕਟ ਸਿਰਜ ਦਿਤਾ ਹੈ।

ਬੀਤੇ ਦਿਨੀਂ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਨੇ ਮੀਟਿੰਗ ਕਰਕੇ ਸ੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਆਦੇਸ਼ ਜਾਰੀ ਕੀਤੇ ਕਿ ਉਹ ਤਖਤ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ ਜਾਰੀ ਕੀਤੇ ਗਏ ਹੁਕਮਨਾਮੇ ਦੀ ਪਾਲਣਾ ਕਰਨ ਅਤੇ ਕਰਵਾਉਣ। ਪੰਜ ਪਿਆਰਿਆਂ ਦੀ ਮੀਟਿੰਗ ਵਿੱਚ ਜਥੇਦਾਰ ਭਾਈ ਬਲਦੇਵ ਸਿੰਘ, ਵਧੀਕ ਹੈੱਡ ਗ੍ਰੰਥੀ ਭਾਈ ਦਲੀਪ ਸਿੰਘ, ਭਾਈ ਗੁਰਦਿਆਲ ਸਿੰਘ, ਸੀਨੀਅਰ ਮੀਤ ਗ੍ਰੰਥੀ ਭਾਈ ਪਰਸ਼ੂਰਾਮ ਸਿੰਘ ਅਤੇ ਮੀਤ ਗ੍ਰੰਥੀ ਭਾਈ ਅਮਰਜੀਤ ਸਿੰਘ ਸ਼ਾਮਲ ਹੋਏ। ਇਸ ਵਿੱਚ ਉਨ੍ਹਾਂ ਕਿਹਾ ਕਿ 21 ਮਈ ਨੂੰ ਪੰਜ ਪਿਆਰਿਆਂ ਵੱਲੋਂ ਹੁਕਮਨਾਮਾ ਜਾਰੀ ਕੀਤਾ ਗਿਆ ਸੀ ਅਤੇ ਇਸ ਦੀ ਜਾਣਕਾਰੀ ਸ਼੍ਰੋਮਣੀ ਕਮੇਟੀ ਨੂੰ ਭੇਜੀ ਗਈ ਸੀ।

ਇਸ ਤਹਿਤ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸੰਤ ਟੇਕ ਸਿੰਘ ਨੂੰ ਤਨਖਾਹੀਆ ਐਲਾਨਿਆ ਗਿਆ ਸੀ ਅਤੇ ਸੁਖਬੀਰ ਸਿੰਘ ਬਾਦਲ ਨੂੰ ਦਖਲਅੰਦਾਜ਼ੀ ਦੇਣ ਅਤੇ ਸਾਜ਼ਿਸ਼ਕਰਤਾ ਦੇ ਰੂਪ ਵਿੱਚ ਸ਼ਾਮਲ ਹੋਣ ਦੇ ਦੋਸ਼ ਹੇਠ 10 ਦਿਨਾਂ ਵਿੱਚ ਪੇਸ਼ ਹੋ ਕੇ ਸਪੱਸ਼ਟੀਕਰਨ ਦੇਣ ਦਾ ਆਦੇਸ਼ ਦਿੱਤਾ ਸੀ। ਮਗਰੋਂ ਮੁੜ ਦਸ ਦਿਨ ਦਾ ਸਮਾਂ ਦੇਣ 'ਤੇ ਉਹ ਪੇਸ਼ ਨਾ ਹੋਏ ਅਤੇ ਹੁਣ ਉਨ੍ਹਾਂ ਨੂੰ ਤੀਜੀ ਵਾਰ 20 ਦਿਨ ਦਾ ਸਮਾਂ ਦਿੱਤਾ ਗਿਆ ਹੈ।

ਪੰਜ ਪਿਆਰਿਆਂ ਨੇ ਕਿਹਾ ਕਿ ਜਾਣਕਾਰੀ ਮਿਲ ਰਹੀ ਹੈ ਕਿ ਸ੍ਰੀ ਗੜਗੱਜ ਵੱਲੋਂ ਪੰਜ ਪਿਆਰਿਆਂ ਅਤੇ ਤਖਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਖ਼ਿਲਾਫ਼ ਕਥਿਤ ਸਾਜ਼ਿਸ਼ ਤਿਆਰ ਕੀਤੀ ਜਾ ਰਹੀ ਹੈ।

ਇਹ ਤਾੜਨਾ ਕੋਈ ਛੋਟਾ-ਮੋਟਾ ਮਸਲਾ ਨਹੀਂ, ਸਗੋਂ ਸਿੱਖ ਪੰਥ ਦੀ ਸਰਵਉੱਚ ਸੰਸਥਾ ਅਕਾਲ ਤਖ਼ਤ ਅਤੇ ਵੱਖ-ਵੱਖ ਤਖ਼ਤਾਂ ਦੀ ਸੁਤੰਤਰਤਾ ਨਾਲ ਜੁੜਿਆ ਸਵਾਲ ਹੈ।

ਸ਼੍ਰੋਮਣੀ ਕਮੇਟੀ ਦੇ ਮੌਜੂਦਾ ਪ੍ਰਧਾਨ ਹਰਜਿੰਦਰ ਸਿੰਘ ਧਾਮੀ 'ਤੇ ਇਲਜ਼ਾਮ ਹੈ ਕਿ ਉਨ੍ਹਾਂ ਨੇ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਅੱਗੇ ਮਿੰਨਤਾ ਕਰਕੇ ਉਹਨਾਂ ਕੋਲ ਵਫਦ ਭੇਜਕੇ ਅਕਾਲ ਤਖਤ ਸਾਹਿਬ ਦੇ ਪ੍ਰਬੰਧਾਂ ਵਿਚ ਸਰਕਾਰੀ ਦਖਲਅੰਦਾਜ਼ੀ ਦਾ ਰਾਹ ਖੋਲ੍ਹਿਆ ਹੈ।

ਇਸ ਵਿਵਾਦ ਦੀ ਜੜ੍ਹ ਵਿੱਚ ਇਹ ਸਵਾਲ ਵੀ ਛੁਪਿਆ ਹੈ ਕਿ ਅਕਾਲ ਤਖ਼ਤ ਸਾਹਿਬ, ਜੋ ਸਿੱਖ ਪੰਥ ਦੀ ਸਭ ਤੋਂ ਉੱਚੀ ਸੰਸਥਾ ਹੈ, ਉਸ ਦੀ ਸਰਵਉੱਚਤਾ ਨੂੰ ਤਖਤ ਪਟਨਾ ਸਾਹਿਬ ਦੇ ਪ੍ਰਬੰਧਕੀ ਢਾਂਚੇ ਵਲੋਂ ਕਿਉਂ ਚੁਣੌਤੀ ਦਿੱਤੀ ਜਾ ਰਹੀ ਹੈ? ਅਕਾਲ ਤਖਤ ਸਾਹਿਬ ਤੋਂ ਸਿਵਾਇ ਬਾਕੀ ਚਾਰ ਤਖ਼ਤਾਂ ਦੇ ਜਥੇਦਾਰਾਂ ਦੀ ਜਿੰਮੇਵਾਰੀ ਸਿਰਫ਼ ਉਨ੍ਹਾਂ ਥਾਵਾਂ ਦੀ ਧਾਰਮਿਕ ਮਰਿਆਦਾ ਤੇ ਲੋਕਲ ਸਿੱਖ ਮਸਲੇ ਸੰਭਾਲਣ ਤੱਕ ਸੀਮਤ ਹੈ। ਜਦਕਿ ਅਕਾਲ ਤਖਤ ਸਾਹਿਬ ਸਰਵਉਚ ਹੈ, ਉਹ ਕੋਈ ਵੀ ਪੰਥਕ ਫੈਸਲੇ ਲੈਣ ਦੇ ਸਮਰਥ ਹੈ। ਪਰ ਅਕਾਲ ਤਖਤ ਤੋਂ ਲਏ ਜਾਣ ਵਾਲੇ ਪੰਥਕ ਫੈਸਲਿਆਂ ਲਈ ਸੰਗਤ ਦੀ ਸਹਿਮਤੀ, ਪ੍ਰਵਾਨਗੀ ਲਾਜ਼ਮੀ ਹੈ, ਅਤੇ ਸੰਗਤ ਨੂੰ ਅਕਾਲ ਤਖ਼ਤ ਜਾਂ ਜਥੇਦਾਰਾਂ ਦੇ ਫੈਸਲਿਆਂ ਨੂੰ ਉਲਟਾਉਣ ਦਾ ਵੀ ਪੂਰਾ ਅਧਿਕਾਰ ਹੈ। ਪਰ ਹੁਣ ਸਿਆਸੀ ਤੇ ਸਰਕਾਰੀ ਦਖਲ ਅੰਦਾਜ਼ੀ ਕਾਰਣ ਤਖਤਾਂ ਦੇ ਮਸਲੇ ਉਲਝਦੇ ਜਾ ਰਹੇ ਹਨ। ਇਸ ਕਾਰਣ ਅਕਾਲ ਤਖਤ ਸਾਹਿਬ ਦੀ ਖੁਦਮੁਖਤਿਆਰੀ ਨੂੰ ਢਾਹ ਲਗ ਰਹੀ ਹੈ।

ਇਸ ਵਿਵਾਦ ਦਾ ਇੱਕ ਹੋਰ ਮੁੱਖ ਪਹਿਲੂ ਸਾਬਕਾ ਜਥੇਦਾਰ ਰਣਜੀਤ ਸਿੰਘ ਗੌਹਰ ਨੂੰ ਮੁਆਫ਼ੀ ਦੇਣ ਦਾ ਮਸਲਾ ਹੈ। ਰਣਜੀਤ ਸਿੰਘ ਨੂੰ ਮੁਆਫ਼ੀ ਦੇਣ ਦਾ ਫੈਸਲਾ ਅਕਾਲ ਤਖ਼ਤ ਦੀ ਸਰਵਉੱਚਤਾ 'ਤੇ ਸਵਾਲ ਖੜ੍ਹੇ ਕਰਦਾ ਹੈ, ਕਿਉਂਕਿ ਅਕਾਲ ਤਖਤ ਸਾਹਿਬ ਤੋਂ ਅਜਿਹੇ ਫੈਸਲੇ ਸੰਗਤ ਦੀ ਸਹਿਮਤੀ ਤੋਂ ਬਿਨਾਂ ਨਹੀਂ ਲਏ ਜਾ ਸਕਦੇ। ਇਹ ਮਸਲਾ ਪਟਨਾ ਸਾਹਿਬ ਦੀ ਸੰਗਤ ਦਾ ਸੀ ਉਹ ਉਹਨਾਂ ਦੇ ਸਹਿਯੋਗ ਨਾਲ ਜਥੇਦਾਰ ਅਕਾਲ ਤਖਤ ਸਾਹਿਬ ਨੂੰ ਨਿਬੇੜਨਾ ਚਾਹੀਦਾ ਸੀ।

ਪੰਥਕ ਮਾਹਿਰਾਂ ਅਨੁਸਾਰ ਸੁਖਬੀਰ ਸਿੰਘ ਬਾਦਲ ਅਤੇ ਧਾਮੀ ਨੂੰ ਇਹ ਸਮਝਣ ਦੀ ਲੋੜ ਹੈ ਕਿ ਸਿੱਖ ਪੰਥ ਦੀ ਸੁਤੰਤਰਤਾ ਅਤੇ ਅਕਾਲ ਤਖ਼ਤ ਦੀ ਸਰਵਉੱਚਤਾ ਨਾਲ ਕੋਈ ਸਮਝੌਤਾ ਨਹੀਂ ਹੋ ਸਕਦਾ। ਇਸ ਲਈ ਪਟਨਾ ਸਾਹਿਬ ਨਾਲ ਗੈਰ ਸਿਧਾਂਤਕ ਸਮਝੋਤਾ ਕਰਨ ਦੀ ਥਾਂ ਸੂਝ ਬੂਝ ਨਾਲ ਮਸਲਾ ਨਿਪਟਾਉਣਾ ਚਾਹੀਦਾ ਹੈ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀਆਂ ਚੋਣਾਂ ਲਈ ਵੋਟਾਂ ਬਣਾਉਣ ਦਾ ਕੰਮ ਸ਼ੁਰੂ

## ਚੋਣ ਪ੍ਰਕਿਰਿਆ ਨੂੰ ਲੈ ਕੇ ਅਦਾਲਤ ਵਿੱਚ ਚੁਣੌਤੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀਆਂ ਚੋਣਾਂ 5 ਅਕਤੂਬਰ ਨੂੰ ਹੋਣ ਜਾ ਰਹੀਆਂ ਹਨ ਜਿਸ ਨੂੰ ਲੈ ਕੇ ਬੀਤੇ ਕੱਲ੍ਹ 30 ਜੂਨ ਦਿਨ ਸੋਮਵਾਰ ਤੋਂ ਲੈ ਕੇ 3 ਅਗਸਤ ਤੱਕ ਗੁਰਦੁਆਰਾ ਪਾਰਕ ਐਵੇਨਿਊ ਵਿਖੇ ਵੋਟਾਂ ਬਣਾਉਣ ਦਾ ਕੰਮ ਸ਼ੁਰੂ ਹੋ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਚੋਣ ਕਮੇਟੀ ਦੇ ਚੇਅਰਮੈਨ ਮਨਜੀਤ ਸਿੰਘ ਬੁੱਟਰ ਨੇ ਦੱਸਿਆ ਕਿ ਪਹਿਲੇ ਦਿਨ 25 ਦੇ ਕਰੀਬ ਮੈਂਬਰ ਬਣੇ ਹਨ।

ਉਨ੍ਹਾਂ ਕਿਹਾ ਕਿ ਮੈਂਬਰ ਬਣਨ ਦੀ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਚੋਣਾਂ ਲਈ ਉਮੀਦਵਾਰ 20 ਅਗਸਤ 2025 ਨੂੰ ਸ਼ਾਮ 5 ਵਜੇ ਤੱਕ ਅਰਜ਼ੀ ਦੇ ਸਕਦੇ ਹਨ। ਇੱਥੇ ਦੱਸਣਯੋਗ ਹੈ ਕਿ ਇਸ ਵਾਰ ਚੋਣ ਕਮੇਟੀ ਵਿੱਚ ਸਿਰਫ ਸਭਾ ਦੇ ਤਿੰਨ ਟਰੱਸਟੀ ਹੀ ਸ਼ਾਮਲ ਹਨ ਜਿਨ੍ਹਾਂ ਦੀ ਦੇਖ ਰੇਖ ਹੇਠ ਚੋਣਾਂ ਕਰਵਾਈਆਂ ਜਾ ਰਹੀਆਂ ਹਨ। ਮੌਜੂਦਾ ਕਮੇਟੀ ਵੱਲੋਂ ਬਦਲੇ ਗਏ ਸੰਵਿਧਾਨ ਅਨੁਸਾਰ ਚੋਣਾਂ ਦੇ ਅਧਿਕਾਰ ਟਰੱਸਟੀਆਂ ਨੂੰ ਸੌਂਪੇ ਗਏ ਹਨ। ਜਦ ਕਿ ਇਸ ਤੋਂ ਪਹਿਲਾਂ ਪਿਛਲੀਆਂ ਚੋਣਾਂ ਵਿੱਚ ਹਿੱਸਾ ਲੈਣ ਵਾਲੇ ਗਰੁੱਪਾਂ ਦੇ ਤਿੰਨ ਤਿੰਨ ਨੁਮਾਇੰਦੇ ਕਮੇਟੀ ਦਾ ਹਿੱਸਾ ਹੁੰਦੇ ਸਨ ਜਿਨ੍ਹਾਂ ਦੀ ਅਗਵਾਈ ਸਭਾ ਦਾ ਟਰੱਸਟੀ ਕਰਿਆ ਕਰਦਾ ਸੀ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਸਭਾ ਦੇ ਟਰੱਸਟੀਆਂ ਦੀ ਚੋਣ ਨੂੰ ਲੈ ਕੇ ਵੀ ਵਾਦ ਵਿਵਾਦ ਚੱਲ ਰਿਹਾ ਹੈ। ਇੱਕ ਧਿਰ ਨੇ ਇਸ ਪ੍ਰਕਿਰਿਆ ਨੂੰ ਲੈ ਕੇ ਅਦਾਲਤ ਦਾ ਰੁਖ ਕੀਤਾ ਹੈ। ਉਕਤ ਧਿਰ ਮੁਤਾਬਕ ਟਰੱਸਟੀਆਂ ਦੀ ਚੋਣ ਸੰਵਿਧਾਨ ਅਨੁਸਾਰ ਨਹੀਂ ਕੀਤੀ ਗਈ, ਜਦ ਕਿ ਪ੍ਰਬੰਧਕ ਕਮੇਟੀ ਨੇ ਇਸ ਨੂੰ ਸਹੀ ਤਰੀਕੇ ਨਾਲ ਕੀਤੇ ਜਾਣ ਦਾ ਦਾਅਵਾ ਕੀਤਾ ਹੈ। ਸ਼ੇਰ ਗਰੁੱਪ




ਸਾਊਥਾਲ ਵੱਲੋਂ ਚੋਣਾਂ ਦੇ ਸਬੰਧ ਵਿੱਚ ਇੱਕ ਇਕੱਠ ਵੀ ਬੀਤੇ ਐਤਵਾਰ ਕੀਤਾ ਗਿਆ ਸੀ ਜਿਸ ਵਿੱਚ ਬੁਲਾਰਿਆਂ ਨੇ ਕਿਹਾ ਕਿ ਜਿਹੜੀ ਕਮੇਟੀ ਨੇ ਗੈਰ ਸੰਵਿਧਾਨਕ ਤਰੀਕੇ ਨਾਲ ਟਰੱਸਟੀਆਂ ਦੀ ਚੋਣ ਕੀਤੀ ਹੋਵੇ ਅਤੇ ਉਹ ਹੀ ਟਰੱਸਟੀ ਚੋਣਾਂ ਕਰਵਾ ਰਹੇ ਹੋਣ, ਇਸ ਵਿੱਚ ਪਾਰਦਰਸ਼ਤਾ ਅਤੇ ਨਿਰਪੱਖਤਾ ਕਿਵੇਂ ਹੋ ਸਕਦੀ ਹੈ।

ਬੁਲਾਰਿਆਂ ਨੇ ਦੋਸ਼ ਲਾਇਆ ਕਿ ਮੌਜੂਦਾ ਪ੍ਰਬੰਧਕ ਕਮੇਟੀ ਵੱਲੋਂ ਸੰਵਿਧਾਨ ਦੀ ਉਲੰਘਣਾ ਕਰਕੇ ਲੋਕਤੰਤਰੀ ਸਿਧਾਂਤਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ। ਦੂਜੇ ਪਾਸੇ ਚੋਣ ਕਮੇਟੀ ਦੇ ਚੇਅਰਮੈਨ ਮਨਜੀਤ ਸਿੰਘ ਬੁੱਟਰ ਨੇ ਦੱਸਿਆ ਕਿ ਚੋਣ ਕਮੇਟੀ ਵਿੱਚ ਉਹਨਾਂ ਤੋਂ ਇਲਾਵਾ ਟਰੱਸਟੀ ਗੁਰਪ੍ਰਤਾਪ ਸਿੰਘ ਢਿੱਲੋਂ ਅਤੇ ਅਮਰਦੀਪ ਸਿੰਘ ਦੁਸਾਂਝ ਹਨ। ਜਦ ਕਿ ਉਨ੍ਹਾਂ ਮੌਜੂਦਾ ਕਮੇਟੀ ਅਤੇ ਸ਼ੇਰ ਗਰੁੱਪ ਨੂੰ ਵੀ ਈਮੇਲ ਭੇਜ ਕੇ ਆਪਣੇ ਨੁਮਾਇੰਦੇ ਭੇਜਣ ਦੀ ਅਪੀਲ ਕੀਤੀ ਸੀ, ਉਨ੍ਹਾਂ ਇਹ ਵੀ ਕਿਹਾ ਕਿ ਅਸੀਂ ਆਮ ਸੰਗਤ ਵਿੱਚੋਂ ਅਜ਼ਾਦ ਚੋਣ ਅਬਜ਼ਰਬਰ ਦੀਆਂ ਸੇਵਾਵਾਂ ਲਈ ਵੀ ਅਪੀਲ ਕੀਤੀ ਹੈ। ਪਰ ਅਜੇ ਤੱਕ ਕਿਸੇ ਵੀ ਗਰੁੱਪ ਨੇ ਚੋਣ ਕਮੇਟੀ ਦਾ ਹਿੱਸਾ ਬਣਨ ਲਈ ਆਪਣੇ ਨੁਮਾਇੰਦੇ ਨਹੀਂ ਦਿੱਤੇ ਅਤੇ ਨਾ ਹੀ ਸੰਗਤ ਵਿੱਚੋਂ ਕੋਈ ਨਿਰਪੱਖ ਵਿਅਕਤੀ ਅੱਗੇ ਆਇਆ ਹੈ।

ਸ਼ੇਰ ਗਰੁੱਪ ਦੇ ਆਗੂ ਸ: ਗੁਰਮੇਲ ਸਿੰਘ ਮੱਲ੍ਹੀ ਨੇ ਚੋਣ ਕਮੇਟੀ ਨੂੰ ਮੁੱਢੋਂ ਰੱਦ ਕਰਦਿਆਂ ਜਵਾਬੀ ਪੱਤਰ ਵਿੱਚ ਪਿਛਲੀਆਂ ਘਟਨਾਵਾਂ ਦਾ ਵੇਰਵਾ ਦਿੰਦਿਆਂ ਕਿਹਾ ਹੈ ਕਿ ਇਹ ਚੋਣ ਪ੍ਰਕਿਰਿਆ ਗੈਰ ਸੰਵਿਧਾਨਕ ਹੈ, ਅਦਾਲਤੀ ਹੁਕਮਾਂ ਦੀ ਵੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਅਦਾਲਤ ਵੱਲੋਂ ਜਲਦੀ ਕੋਈ ਕਾਰਵਾਈ ਕੀਤੇ ਜਾਣ ਦੀ ਸੰਭਾਵਨਾ ਹੈ।

ਸਭਾ ਦੇ ਜਨਰਲ ਸਕੱਤਰ ਹਰਮੀਤ ਸਿੰਘ ਨੇ ਕਿਹਾ ਕਿ ਚੋਣ ਪ੍ਰਕਿਰਿਆ ਵਿੱਚ ਹੁਣ ਪ੍ਰਬੰਧਕ ਕਮੇਟੀ ਦਾ ਕੋਈ ਦਖ਼ਲ ਨਹੀਂ ਹੈ। ਜੋ ਵੀ ਕੰਮ ਹੈ ਉਹ ਚੋਣ ਕਮੇਟੀ ਨੇ ਵੇਖਣਾ ਹੈ। ਹੁਣ ਵੇਖਣਾ ਇਹ ਹੋਵੇਗਾ ਕਿ ਅਗਲੇ ਦਿਨਾਂ ਵਿੱਚ ਅਦਾਲਤ ਚੋਣਾਂ ਸਬੰਧੀ ਕੋਈ ਫੈਸਲਾ ਲੈਂਦੀ ਹੈ ਜਾਂ ਨਹੀਂ। ਕੀ ਸੱਚਮੁੱਚ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਾਂ ਨੂੰ ਲੈ ਕੇ ਪੈਦਾ ਹੋਣ ਵਾਲੇ ਵਿਵਾਦਾਂ ਨੂੰ ਹੱਲ ਕੀਤਾ ਜਾ ਸਕਦਾ ਹੈ?

# ਐਮ ਪੀ ਮਲਵਿੰਦਰ ਸਿੰਘ ਕੰਗ ਨਾਲ ਬੈਡਫੋਰਡ ਦੇ ਪੰਜਾਬੀ ਭਾਈਚਾਰੇ ਨਾਲ ਅਹਿਮ ਮੀਟਿੰਗ



ਐਮ ਪੀ ਮਲਵਿੰਦਰ ਸਿੰਘ ਕੰਗ ਦਾ ਸਨਮਾਨ ਕਰਦੇ ਹੋਏ ਪ੍ਰਬੰਧਕ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬ ਵਿੱਚ ਪ੍ਰਵਾਸੀ ਪੰਜਾਬੀਆਂ ਨੂੰ ਆ ਰਹੀਆਂ ਮੁਸ਼ਕਿਲਾਂ ਅਤੇ ਪੰਜਾਬ ਵਿੱਚ ਵੱਖ ਵੱਖ ਖੇਤਰਾਂ ਵਿੱਚ ਉਸਾਰੂ ਯੋਗਦਾਨ ਪਾਉਣ ਦੀ ਇੱਛਾ ਰੱਖਣ ਸਮੇਤ ਵੱਖ ਵੱਖ ਮੁੱਦਿਆਂ ਨੂੰ ਲੈ ਕੇ ਬੈਡਫੋਰਡ ਵਿਖੇ ਐਮ ਪੀ ਮਲਵਿੰਦਰ ਸਿੰਘ ਕੰਗ ਨਾਲ ਸੇਵਾ ਟਰੱਸਟ ਯੂ ਕੇ (ਇੰਡੀਆ) ਦੇ ਕੋਆਰਡੀਨੇਟਰ ਸੁਮਿੰਦਰ ਸਿੰਘ ਗਰਚਾ ਦੇ ਉਪਰਾਲੇ ਸਦਕਾ ਇੱਕ ਅਹਿਮ ਮੀਟਿੰਗ ਆਯੋਜਿਤ ਕੀਤੀ ਗਈ। ਜਿਸ ਵਿੱਚ ਸਥਾਨਿਕ ਧਾਰਮਿਕ, ਸਮਾਜਿਕ ਸੰਸਥਾ ਦੇ ਨੁਮਾਇੰਦਿਆਂ, ਸ਼ਹੀਦੀ ਸਪੋਰਟਸ ਕੌਂਸਲ ਬੈਡਫੋਰਡ ਦੇ ਅਹੁਦੇਦਾਰ, ਕੌਂਸਲਰ ਅਤੇ ਹੋਰ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ। ਸੇਵਾ ਸਟਰੱਸਟ ਦੇ ਸੰਸਥਾਪਕ ਚਰਨਕੰਵਲ ਸਿੰਘ ਸੇਖੋਂ ਐਮ ਬੀ ਈ ਨੇ ਟਰੱਸਟ ਵੱਲੋਂ ਕੀਤੇ ਜਾਂਦੇ ਸਮਾਜ ਸੇਵੀ ਕਾਰਜਾਂ ਬਾਰੇ ਚਾਨਣਾ ਪਾਇਆ। ਐਮ ਪੀ ਕੰਗ ਨੇ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ, ਅਸੀਂ ਹਰ ਪੰਜਾਬ ਨੂੰ ਖੁਸ਼ ਅਤੇ ਖੁਸ਼ਹਾਲ ਬਣਾਉਣ ਲਈ ਸਿਰਤੋੜ ਯਤਨ ਕਰ ਰਹੇ ਹਾਂ। ਉਹਨਾਂ ਪ੍ਰਵਾਸੀਆਂ ਨੂੰ ਆਪਣੀਆਂ ਝੜ੍ਹਾਂ ਨਾਲ ਜੁੜੇ ਰਹਿਣ ਦੀ ਅਪੀਲ ਕੀਤੀ। ਇਸ ਮੌਕੇ ਕੁਲਦੀਪ ਸਿੰਘ ਰੂਪਰਾ ਓ ਬੀ ਈ, ਸਾਬਕਾ ਮੇਅਰ ਸੀਨਾ ਸਿੰਘ ਲਹਿਲ, ਸ਼ਹੀਦੀ ਸਪੋਰਟਸ ਕੌਂਸਲ ਦੇ ਚੇਅਰਮੈਨ ਬਲਬੀਰ ਸਿੰਘ ਰੰਧਾਵਾ, ਸੋਹਣ ਸਿੰਘ ਗਰਚਾ, ਹਰਮੇਸ਼ ਸਿੰਘ, ਬਲਬੀਰ ਸਿੰਘ ਢੀਂਡਸਾ, ਸੁਰਜੀਤ ਸਿੰਘ ਗਿੱਲ, ਸਰਵਣ ਸਿੰਘ ਮੰਡੇਰ, ਬਹਾਦਰ ਸਿੰਘ ਮਾਹਿਲ, ਗੁਰਦਿਆਲ ਸਿੰਘ ਮੰਡੇਰ, ਜੀਤ ਸਿੰਘ ਦੁਸਾਂਝ, ਸੰਦੀਪ ਸਿੰਘ ਕੰਗ, ਦਲਜੀਤ ਸਿੰਘ ਧੰਜੂ ਆਦਿ ਹਾਜ਼ਰ ਸਨ।

# ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਣ ਵਾਲੇ ਫੈਸਲੇ ਕਿਸੇ ਵੀ ਬਾਹਰੀ ਪ੍ਰਭਾਵ ਤੋਂ ਮੁਕਤ ਅਤੇ ਅਜ਼ਾਦ ਹੋਣੇ ਚਾਹੀਦੇ ਹਨ - ਰਾਜਿੰਦਰ ਸਿੰਘ ਪੁਰੇਵਾਲ

***ਡਰਬੀ (ਪੰਜਾਬ ਟਾਈਮਜ਼) – ਸ੍ਰੀ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਐਕਟਿੰਗ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਆਪਣੀ ਹੈਡ ਗ੍ਰੰਥੀ ਦੀ ਸੇਵਾ ਬਦਲਣ ਦੇ ਸ਼ੱਕ ਦੇ ਆਧਾਰ ਤੇ ਪੰਜਾਬ ਹਾਈਕੋਰਟ ਵਿੱਚ ਕੇਸ ਦਰਜ ਕਰਵਾਇਆ ਸੀ ਕਿ ਉਹਨਾਂ, ਸ਼੍ਰੋਮਣੀ ਗੁਰਦੁਆਰਾ ਕਮੇਟੀ ਅੰਮ੍ਰਿਤਸਰ ਅਹੁਦੇ ਤੋਂ ਫਾਰਗ ਨਾ ਕਰੇ। ਦੇਸ਼ ਵਿਦੇਸ਼ ਵਿੱਚ ਵੱਡੀ ਗਿਣਤੀ ਵਿੱਚ ਭਾਈ ਸਾਹਿਬ ਦੇ ਅਦਾਲਤ ਵਿੱਚ ਜਾਣ ਦੇ ਫ਼ੈਸਲੇ ਨੂੰ ਗਲਤ ਕਿਹਾ ਹੈ।***

ਗੁਰਦੁਆਰਾ ਸਿੰਘ ਸਭਾ ਡਰਬੀ ਦੇ ਪ੍ਰਧਾਨ ਸ: ਰਘਬੀਰ ਸਿੰਘ ਅਤੇ ਜਨਰਲ ਸਕੱਤਰ ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਕਿਹਾ ਕਿ ਸਿੱਖ ਇਤਿਹਾਸ ਵਿੱਚ ਪਹਿਲਾਂ ਇਸ ਤਰ੍ਹਾਂ ਕਦੇ ਨਹੀਂ ਹੋਇਆ। ਤਖ਼ਤਾਂ ਦੇ ਜਥੇਦਾਰ ਤਾਂ ਸਮੂਹ ਸਿੱਖਾਂ ਦੇ ਫ਼ੈਸਲੇ ਆਪ ਕਰਦੇ ਰਹੇ ਹਨ ਤੇ ਉਹ ਜਥੇਦਾਰ ਆਪ ਹੀ ਭਾਰਤ ਦੀਆਂ ਅਦਾਲਤਾਂ ਵਿੱਚ ਆਪਣੇ ਕੇਸ ਕਰਦੇ ਹਨ। ਬੇਸ਼ੱਕ ਭਾਈ ਰਘਬੀਰ ਸਿੰਘ ਨੇ ਆਪਣਾ ਕੇਸ ਵਾਪਸ ਲੈ ਲਿਆ ਹੈ, ਪਰ ਸਿੱਖ ਸੰਗਤ ਅਜੇ ਵੀ ਜਥੇਦਾਰ ਸਾਹਿਬ ਨਾਲ ਸਹਿਮਤ ਨਹੀਂ ਹੈ। ਤਖ਼ਤਾਂ ਦੇ ਜਿਹੜੇ ਜਥੇਦਾਰਾਂ ਨੇ ਪੰਥ ਦੀ ਚੜ੍ਹਦੀ ਕਲਾ ਲਈ ਫ਼ੈਸਲੇ ਲੈਣੇ ਤੇ ਸੇਧ ਦੇਣੀ ਸੀ, ਉਹ ਆਪ ਹੀ ਭਾਰਤ ਦੀਆਂ ਅਦਾਲਤਾਂ ਵਿੱਚ ਇਨਸਾਫ਼ ਲਈ ਅਪੀਲਾਂ ਕਰਨ, ਇਹ ਸਿੱਖ ਜਥੇਦਾਰਾਂ ਦਾ ਕਿਰਦਾਰ ਨਹੀਂ ਸੀ।

ਉਹਨਾਂ ਹੋਰ ਕਿਹਾ ਕਿ ਸ਼੍ਰੋਮਣੀ ਕਮੇਟੀ ਤੇ ਹੋਰ ਪੰਥਕ ਸੰਸਥਾਵਾਂ ਨੂੰ ਅਸੀਂ ਬੇਨਤੀ ਕਰਦੇ ਹਾਂ ਕਿ ਤਖ਼ਤਾਂ ਦੇ ਜਥੇਦਾਰ ਤੇ ਹੈਡ ਗ੍ਰੰਥੀ ਤਨਖਾਹ ਦਾਰ ਨਹੀਂ ਹੋਣੇ ਚਾਹੀਦੇ, ਸਗੋਂ ਚੰਗੇ ਪ੍ਰਚਾਰਕ, ਗਿਆਨੀ



ਰਾਜਿੰਦਰ ਸਿੰਘ ਪੁਰੇਵਾਲ, ਰਘਬੀਰ ਸਿੰਘ

ਹਾਈਕੋਰਟ, ਸੁਪਰੀਮ ਕੋਰਟ ਦੇ ਗੁਰਸਿੱਖ, ਰਹਿਤ ਰਹਿਣੀ ਵਾਲੇ ਜੱਜ ਜਾਂ ਵੱਡੇ ਅਹੁਦਿਆਂ ਦੇ ਅਫ਼ਸਰ ਹੋਣੇ ਚਾਹੀਦੇ ਹਨ, ਤਨਖਾਹਦਾਰ ਨਹੀਂ ਹੋਣੇ ਚਾਹੀਦੇ। ਨਿਸ਼ਕਾਮ ਸੇਵਾਦਾਰ ਹੋਣਗੇ, ਉਹਨਾਂ ਦੇ ਪ੍ਰਚਾਰ ਸਬੰਧੀ ਵੱਖ ਵੱਖ ਥਾਵਾਂ ਤੇ ਜਾਣ ਦੇ ਖਰਚੇ ਦੇ ਜਾਂ ਦੇਸ਼ਾਂ ਵਿਦੇਸ਼ਾਂ ਦੇ ਖਰਚੇ ਹਰੇਕ ਮਹੀਨੇ ਮਿਲਣੇ ਚਾਹੀਦੇ ਹਨ।

ਗਿਆਨੀ ਰਘਬੀਰ ਸਿੰਘ ਬੀਤੇ ਸਮੇਂ ਵਿੱਚ ਯੂ ਕੇ ਯਾਤਰਾ ਦੌਰਾਨ ਸ੍ਰੀ ਗੁਰੂ ਸਿੰਘ ਸਭਾ ਵਿਖੇ ਸਿੱਖ ਅਜਾਇਬਘਰ ਦੇਖਣ ਵੀ ਆਏ ਸਨ, ਜਿੱਥੇ ਅਸੀਂ ਉਹਨਾਂ ਦਾ ਮਾਣ ਸਨਮਾਨ ਵੀ ਕੀਤਾ ਸੀ। ਪਰ ਉਹਨਾਂ ਦੇ ਭਾਰਤੀ ਅਦਾਲਤ ਵਿੱਚ ਜਾਣ ਦੇ ਫ਼ੈਸਲੇ ਕਾਰਨ ਸਾਨੂੰ ਭਾਰੀ ਨਿਮੋਸ਼ੀ ਹੋਈ ਹੈ।

ਦੇਸ਼ ਵਿਦੇਸ਼ ਦੀਆਂ ਸੰਗਤਾਂ ਦੀ ਮੰਗ ਹੈ ਕਿ ਜਥੇਦਾਰਾਂ ਦੀ ਮਦਦ ਲਈ ਪੰਥਕ ਵਿਦਵਾਨਾਂ ਦੀ 21 ਜਾਂ 31 ਮੈਂਬਰੀ ਕਮੇਟੀ ਹੋਣੀ ਚਾਹੀਦੀ ਹੈ, ਜੋ ਆਈਆਂ ਸ਼ਿਕਾਇਤਾਂ ਸਬੰਧੀ ਫੈਸਲੇ ਹੀ ਨਹੀਂ ਬਲਕਿ ਪੰਥ ਦੀ ਅਗਵਾਈ ਸਬੰਧੀ ਵੀ ਫੈਸਲੇ ਲੈ ਸਕੇ। ਅੱਜ ਤੱਕ ਪਹਿਲੇ ਬਹੁਤੇ ਫ਼ੈਸਲੇ ਕਿਸੇ ਸਿਆਸੀ ਦਲ ਜਾਂ ਕਿਸੇ ਇੱਕ ਧਿਰ ਨੂੰ ਖੁਸ਼ ਕਰਨ ਲਈ ਹੀ ਲਏ ਗਏ ਹਨ। ਬਹੁਤੇ ਸਿੱਖਾਂ ਦੀ ਰਾਏ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫ਼ੈਸਲੇ ਹਰ ਤਰ੍ਹਾਂ ਦੇ ਬਾਹਰੀ ਪ੍ਰਭਾਵ ਅਤੇ ਦਬਾਅ ਤੋਂ ਮੁਕਤ ਹੋਣੇ ਚਾਹੀਦੇ ਹਨ।

# ਕੰਵਰ ਵਿਜੇ ਪ੍ਰਤਾਪ ਸਿੰਘ ਨੂੰ 'ਆਪ' ਨੇ ਪੰਜ ਸਾਲ ਲਈ ਪਾਰਟੀ ਵਿਚੋਂ ਕਿਉਂ ਬਾਹਰ ਕੀਤਾ ?

**ਖਾਸ ਖਬਰ**

**● ਬੇਅਦਬੀ ਮਾਮਲਿਆਂ ਅਤੇ ਸਿਆਸੀ ਗਤੀਵਿਧੀਆਂ ਕਾਰਣ ਆਪ ਉਪਰ ਉਠੇ ਸਵਾਲ ● ਬੇਅਦਬੀ ਮਾਮਲਿਆਂ ਵਿਰੁੱਧ ਕੁੰਵਰ ਦੀ ਸ਼ਮੂਲੀਅਤ ਕਾਰਣ ਆਪ ਦੀ ਪੰਜਾਬ ਵਿੱਚ ਵਾਪਸੀ ਦਾ ਰਾਹ ਪੱਧਰਾ ਹੋਇਆ ਸੀ**

ਬੀਤੇ ਦਿਨੀਂ ਆਮ ਆਦਮੀ ਪਾਰਟੀ ਨੇ ਅੰਮ੍ਰਿਤਸਰ ਉੱਤਰੀ ਦੇ ਵਿਧਾਇਕ ਅਤੇ ਸਾਬਕਾ ਆਈ.ਪੀ.ਐਸ. ਅਫਸਰ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਪਾਰਟੀ ਵਿੱਚੋਂ 5 ਸਾਲ ਲਈ ਮੁਅੱਤਲ ਕਰ ਦਿੱਤਾ ਸੀ। ਇਹ ਫੈਸਲਾ ਪਾਰਟੀ ਦੀ ਰਾਜਨੀਤਿਕ ਮਾਮਲਿਆਂ ਦੀ ਕਮੇਟੀ ਵੱਲੋਂ ਲਿਆ ਗਿਆ ਸੀ। ਕੁੰਵਰ 'ਤੇ ਪਾਰਟੀ ਵਿਰੋਧੀ ਗਤੀਵਿਧੀਆਂ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਬਿਕਰਮ ਸਿੰਘ ਮਜੀਠੀਆ ਵਿਰੁੱਧ ਵਿਜੀਲੈਂਸ ਦੀ ਕਾਰਵਾਈ 'ਤੇ ਸਵਾਲ ਉਠਾਉਣ ਦਾ ਦੋਸ਼ ਹੈ। 25 ਜੂਨ ਨੂੰ, ਕੁੰਵਰ ਨੇ ਕਿਹਾ ਸੀ ਕਿ 2022 ਵਿੱਚ ਜਦੋਂ ਜੇਲ੍ਹ ਵਿੱਚ ਸਨ, ਤਾਂ ਭਗਵੰਤ ਮਾਨ ਸਰਕਾਰ ਨੇ ਨਾ ਤਾਂ ਉਹਨਾਂ ਦੀ ਪੁੱਛਗਿੱਛ ਕੀਤੀ ਅਤੇ ਨਾ ਹੀ ਰਿਮਾਂਡ ਮੰਗਿਆ, ਜਿਸ ਕਾਰਨ ਮਜੀਠੀਆ ਨੂੰ ਜ਼ਮਾਨਤ ਮਿਲ ਗਈ ਸੀ। ਉਹਨਾਂ ਨੇ ਇਹ ਵੀ ਕਿਹਾ ਸੀ ਕਿ ਸਵੇਰੇ-ਸਵੇਰੇ ਕਿਸੇ ਦੇ ਘਰ ਛਾਪੇ ਮਾਰਨਾ ਨੈਤਿਕ ਸਿਧਾਂਤਾਂ ਦੇ ਖਿਲਾਫ ਹੈ। ਆਪ ਪਾਰਟੀ ਦੇ ਇਸ ਫੈਸਲੇ ਨੇ ਪੰਜਾਬ ਦੀ ਸਿਆਸਤ ਵਿੱਚ ਹਲਚਲ ਮਚਾ ਦਿੱਤੀ ਹੈ, ਕਿਉਂਕਿ ਕੁੰਵਰ ਵਿਜੇ ਪ੍ਰਤਾਪ ਸਿੰਘ 2015 ਦੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਅਤੇ ਕੋਟਕਪੂਰਾ ਗੋਲੀਬਾਰੀ ਮਾਮਲਿਆਂ ਦੀ ਜਾਂਚ ਵਿੱਚ ਮੁੱਖ ਭੂਮਿਕਾ ਨਿਭਾਉਣ ਵਾਲੇ ਅਫਸਰ ਸਨ, ਜਿਨ੍ਹਾਂ ਨੇ ਆਪ ਦੀ 2022 ਦੀ ਸੱਤਾ ਵਿੱਚ ਵਾਪਸੀ ਦਾ ਰਾਹ ਪੱਧਰਾ ਕੀਤਾ ਸੀ।

### ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਮੁਅੱਤਲੀ ਦਾ ਕਾਰਨ

ਆਪ ਦੇ ਬੁਲਾਰੇ ਨੀਲ ਗਰਗ ਨੇ ਕਿਹਾ ਕਿ ਕੁੰਵਰ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਅਤੇ ਜਨਤਕ ਬਿਆਨਬਾਜ਼ੀ ਕਰਕੇ ਰਾਜਨੀਤਿਕ ਮਰਿਆਦਾ ਦੀ ਉਲੰਘਣਾ ਕਰਨ ਦੇ ਦੋਸ਼ ਵਿੱਚ ਮੁਅੱਤਲ ਕੀਤਾ ਗਿਆ ਸੀ। ਗਰਗ ਨੇ ਕਿਹਾ ਕਿ ਮਜੀਠੀਆ ਵਿਰੁੱਧ ਵਿਜੀਲੈਂਸ ਦੀ ਕਾਰਵਾਈ ਨੂੰ ਪੂਰਾ ਪੰਜਾਬ ਸਮਰਥਨ ਕਰਦਾ ਹੈ। ਉਹਨਾਂ ਨੇ ਸਵਾਲ ਉਠਾਇਆ ਕਿ ਜੇਕਰ ਕੁੰਵਰ ਨੂੰ ਇਸ ਬਾਰੇ ਕੋਈ ਇਤਰਾਜ਼ ਸੀ, ਤਾਂ ਉਹ ਪਾਰਟੀ ਦੇ ਅੰਦਰੂਨੀ ਪਲੇਟਫਾਰਮ 'ਤੇ ਆਪਣੇ ਵਿਚਾਰ ਪ੍ਰਗਟ ਕਰ ਸਕਦੇ ਸਨ।

### ਕੁੰਵਰ ਦਾ ਪ੍ਰਤੀਕਰਮ: ਪਾਰਟੀ ਦੀ ਹੋਂਦ 'ਤੇ ਸਵਾਲ

ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਮੁਅੱਤਲੀ ਦੇ ਜਵਾਬ ਵਿੱਚ ਕਿਹਾ ਕਿ "ਮੈਂ 5 ਸਾਲ ਬਾਅਦ ਜਵਾਬ ਦਿਆਂਗਾ। ਜੇਕਰ ਪਾਰਟੀ ਦੀ ਕੋਈ ਹੋਂਦ ਹੀ ਨਹੀਂ, ਤਾਂ ਮੈਨੂੰ ਕਿਸ ਨੇ ਕੱਢਿਆ? ਪਾਰਟੀ ਸੁਪਰੀਮੋ ਕੇਜਰੀਵਾਲ ਸਮੇਤ ਸਾਰੇ ਵੱਡੇ ਨੇਤਾ ਪਹਿਲਾਂ ਹੀ ਚੋਣਾਂ ਹਾਰ ਚੁੱਕੇ ਹਨ। ਪਾਰਟੀ ਤਾਂ ਰਹੀ ਹੀ ਨਹੀਂ।" ਉਹਨਾਂ ਨੇ ਦੋਸ਼ ਲਾਇਆ ਕਿ ਪਾਰਟੀ ਨੇ ਮੁਅੱਤਲੀ ਤੋਂ ਪਹਿਲਾਂ ਉਹਨਾਂ ਨੂੰ ਕੋਈ ਨੋਟਿਸ ਜਾਰੀ ਨਹੀਂ ਕੀਤਾ ਅਤੇ ਨਾ ਹੀ ਸਫਾਈ ਦਾ ਮੌਕਾ ਦਿੱਤਾ।

ਕੁੰਵਰ ਨੇ ਆਪਣੀ ਆਈ.ਪੀ.ਐਸ. ਨੌਕਰੀ ਛੱਡਣ ਦਾ ਜ਼ਿਕਰ ਕਰਦਿਆਂ ਕਿਹਾ ਕਿ "ਉਹਨਾਂ ਨੇ ਪੰਜਾਬ ਦੇ ਹੱਕਾਂ ਅਤੇ ਸੱਚ ਲਈ 9 ਸਾਲ ਦੀ ਸੇਵਾ ਬਾਕੀ ਹੋਣ ਦੇ ਬਾਵਜੂਦ ਨੌਕਰੀ ਛੱਡੀ ਸੀ। ਉਹਨਾਂ ਨੇ ਕਿਹਾ ਕਿ ਮੇਰੀ ਲੜਾਈ ਵਿਧਾਨ ਸਭਾ ਦੇ ਅੰਦਰ ਅਤੇ ਬਾਹਰ ਜਾਰੀ ਰਹੇਗੀ। ਬਰਗਾੜੀ ਮਾਮਲੇ ਵਿੱਚ ਅਜੇ ਤੱਕ ਇਨਸਾਫ ਨਹੀਂ ਮਿਲਿਆ। ਮੁੱਖ ਦੋਸ਼ੀ ਨੇ ਗੁਨਾਹ ਕਬੂਲ ਕਰ ਲਿਆ, ਪਰ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਇਸ ਦਾ ਜ਼ਿਆਦਾ ਦੁੱਖ ਹੋਇਆ।" ਉਨ੍ਹਾਂ ਨੇ ਇਕ ਨਿੱਜੀ ਚੈਨਲ ਨੂੰ ਇੰਟਰਵਿਊ ਵਿੱਚ ਦੋਸ਼ ਲਾਇਆ ਕਿ ਕੇਜਰੀਵਾਲ ਅਤੇ ਮਾਨ ਨੇ ਬੇਅਦਬੀ ਮਾਮਲਿਆਂ ਦੇ ਦੋਸ਼ੀਆਂ ਨਾਲ ਸਮਝੌਤਾ ਕਰ ਲਿਆ ਹੈ, ਜਿਸ ਦੀ ਜਾਣਕਾਰੀ ਪੂਰੇ ਪੰਜਾਬ ਨੂੰ ਹੈ। ਕੁੰਵਰ ਨੇ ਇਹ ਵੀ ਕਿਹਾ ਕਿ ਚੋਣਾਂ ਦੌਰਾਨ ਉਹਨਾਂ ਦੀ ਫੋਟੋ ਅਤੇ 25 ਸਾਲ ਦੀ ਇਮਾਨਦਾਰੀ ਦੀ ਸਾਖ ਨੂੰ ਪਾਰਟੀ ਨੇ ਵੋਟਾਂ ਮੰਗਣ ਲਈ ਵਰਤਿਆ, ਪਰ ਸੱਤਾ ਵਿੱਚ ਆਉਣ ਤੋਂ ਬਾਅਦ ਉਹਨਾਂ ਨੂੰ ਪਾਸੇ ਕਰ ਦਿੱਤਾ ਗਿਆ। ਉਹਨਾਂ ਨੇ ਪਾਰਟੀ ਵਿੱਚ ਗੈਂਗਸਟਰਾਂ ਅਤੇ ਮਾਫੀਆ ਦੀ ਐਂਟਰੀ 'ਤੇ ਵੀ ਸਵਾਲ ਉਠਾਏ ਅਤੇ ਕਿਹਾ ਕਿ ਉਹ ਅਜਿਹੇ ਲੋਕਾਂ ਨਾਲ ਸਟੇਜ ਸਾਂਝਾ ਨਹੀਂ ਕਰ ਸਕਦੇ। ਨਾਲ ਹੀ, ਉਹਨਾਂ ਨੇ ਨਸ਼ਿਆਂ ਵਿਰੁੱਧ ਸਰਕਾਰ ਦੀ ਮੁਹਿੰਮ ਨੂੰ "ਡਰਾਮਾ" ਕਰਾਰ ਦਿੱਤਾ ਅਤੇ ਕਿਹਾ ਕਿ ਪਾਰਟੀ ਦੀ ਹੋਂਦ ਹੀ ਖਤਮ ਹੋ ਚੁੱਕੀ ਹੈ।

## ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਸਿਆਸੀ ਅਤੇ ਪੇਸ਼ੇਵਰ ਯਾਤਰਾ

ਕੁੰਵਰ ਵਿਜੇ ਪ੍ਰਤਾਪ ਸਿੰਘ, ਜੋ ਪੰਜਾਬ ਕੇਡਰ ਦੇ ਸਾਬਕਾ ਆਈ.ਪੀ.ਐਸ. ਅਫਸਰ ਸਨ, ਨੇ ਆਪਣੀ ਸਿਆਸੀ ਅਤੇ ਪੇਸ਼ੇਵਰ ਜ਼ਿੰਦਗੀ ਵਿੱਚ ਕਈ ਮੀਲ ਪੱਥਰ ਸਥਾਪਤ ਕੀਤੇ ਸਨ। ਬਿਹਾਰ ਦੇ ਗੋਪਾਲਗੰਜ ਜ਼ਿਲ੍ਹੇ ਦੇ ਵਸਨੀਕ, ਕੁੰਵਰ ਨੇ ਪਟਨਾ ਯੂਨੀਵਰਸਿਟੀ ਤੋਂ ਸੰਸਕ੍ਰਿਤ ਅਤੇ ਇੰਦਰਾ ਗਾਂਧੀ ਨੈਸ਼ਨਲ ਓਪਨ ਯੂਨੀਵਰਸਿਟੀ (ਆਈ. ਜੀ. ਐਨ. ਓ. ਯੂ.) ਤੋਂ ਪੋਲੀਟੀਕਲ ਸਾਇੰਸ ਵਿੱਚ ਮਾਸਟਰਜ਼ ਕੀਤੀ ਸੀ। ਉਹਨਾਂ ਨੇ ਅੰਮ੍ਰਿਤਸਰ ਦੀ ਗੁਰੂ ਨਾਨਕ ਦੇਵ ਯੂਨੀਵਰਸਿਟੀ (ਜੀ. ਐਨ. ਡੀ. ਯੂ.) ਤੋਂ ਪੁਲਿਸ ਪ੍ਰਸ਼ਾਸਨ ਵਿੱਚ ਪੀ. ਐਚ .ਡੀ., ਪੰਜਾਬ ਯੂਨੀਵਰਸਿਟੀ ਤੋਂ ਐਲ. ਐਲ. ਬੀ., ਅਤੇ ਆਈ. ਜੀ. ਐਨ. ਓ. ਯੂ. ਤੋਂ ਐਮ.ਬੀ.ਏ. ਦੀ ਡਿਗਰੀ ਹਾਸਲ ਕੀਤੀ ਸੀ। ਹਾਲ ਹੀ ਵਿੱਚ, ਉਹਨਾਂ ਨੇ ਜੀ.ਐਨ.ਡੀ.ਯੂ. ਤੋਂ ਫ੍ਰੈਂਚ ਭਾਸ਼ਾ ਵਿੱਚ ਡਿਪਲੋਮਾ ਵੀ ਪ੍ਰਾਪਤ ਕੀਤਾ ਸੀ। ਕੁੰਵਰ 2007 ਵਿੱਚ ਅੰਮ੍ਰਿਤਸਰ ਦੇ ਸੀਨੀਅਰ ਸੁਪਰਡੈਂਟ ਆਫ ਪੁਲਿਸ (ਐਸ. ਐਸ. ਪੀ.) ਬਣੇ ਅਤੇ 2009 ਤੱਕ ਇਸ ਅਹੁਦੇ 'ਤੇ ਰਹੇ ਸਨ। 2015 ਵਿੱਚ ਉਹ ਡਿਪਟੀ ਇੰਸਪੈਕਟਰ ਜਨਰਲ (ਡੀ. ਆਈ. ਜੀ.) ਅਤੇ 2019 ਵਿੱਚ ਇੰਸਪੈਕਟਰ ਜਨਰਲ (ਆਈ.ਜੀ.) ਦੇ ਅਹੁਦੇ 'ਤੇ ਪਹੁੰਚੇ ਸਨ। 2021 ਵਿੱਚ ਉਹਨਾਂ ਨੇ ਆਈ. ਪੀ. ਐਸ. ਨੌਕਰੀ ਛੱਡ ਕੇ ਆਪ ਪਾਰਟੀ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਸੀ। 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ, ਉਹ ਅੰਮ੍ਰਿਤਸਰ ਉੱਤਰੀ ਤੋਂ ਵਿਧਾਇਕ ਚੁਣੇ ਗਏ ਸਨ, ਜਿੱਥੇ ਉਹਨਾਂ ਨੇ ਕਾਂਗਰਸ ਦੇ ਮੌਜੂਦਾ ਵਿਧਾਇਕ ਸੁਨੀਲ ਦੱਤੀ ਨੂੰ ਹਰਾਇਆ ਸੀ।



### ਆਪ ਦੀ ਪੰਜਾਬ ਵਿੱਚ ਸਿਆਸੀ ਵਾਪਸੀ ਵਿੱਚ ਕੁੰਵਰ ਦੀ ਭੂਮਿਕਾ

ਕੁੰਵਰ ਵਿਜੇ ਪ੍ਰਤਾਪ ਸਿੰਘ ਨੇ 2015 ਦੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਅਤੇ ਕੋਟਕਪੂਰਾ ਗੋਲੀਬਾਰੀ ਮਾਮਲਿਆਂ ਦੀ ਜਾਂਚ ਵਿੱਚ ਮੁੱਖ ਭੂਮਿਕਾ ਨਿਭਾਈ ਸੀ। 2019 ਦੀਆਂ ਲੋਕ ਸਭਾ ਚੋਣਾਂ ਵਿੱਚ ਆਪ ਦੀ ਹਾਰ ਹੋਈ, ਜਦੋਂ ਪਾਰਟੀ ਦਾ ਵੋਟ ਸ਼ੇਅਰ ਸਿਰਫ਼ 7.38% ਰਹਿ ਗਿਆ ਸੀ ਅਤੇ ਸਿਰਫ਼ ਭਗਵੰਤ ਮਾਨ ਸੰਗਰੂਰ ਤੋਂ ਜਿੱਤੇ ਸਨ। ਜ਼ਿਆਦਾਤਰ ਸੀਟਾਂ 'ਤੇ ਪਾਰਟੀ ਦੀ ਜ਼ਮਾਨਤ ਜ਼ਬਤ ਹੋ ਗਈ ਸੀ। 2017 ਵਿੱਚ 20 ਸੀਟਾਂ ਜਿੱਤ ਕੇ ਮੁੱਖ ਵਿਰੋਧੀ ਧਿਰ ਬਣੀ ਆਪ 2018 ਤੱਕ ਆਪਣੇ ਜ਼ਿਆਦਾਤਰ ਵੱਡੇ ਚਿਹਰਿਆਂ ਨੂੰ ਗੁਆ ਚੁੱਕੀ ਸੀ। ਸੁਖਪਾਲ ਸਿੰਘ ਖਹਿਰਾ ਨੂੰ ਵਿਰੋਧੀ ਧਿਰ ਦੇ ਆਗੂ ਦੇ ਅਹੁਦੇ ਤੋਂ ਹਟਾਏ ਜਾਣ ਤੋਂ ਬਾਅਦ ਪਾਰਟੀ ਵਿੱਚ ਵੰਡ ਹੋ ਗਈ ਸੀ। 2019 ਦੀਆਂ ਜ਼ਿਮਨੀ ਚੋਣਾਂ ਵਿੱਚ ਆਪ ਦਾ ਵੋਟ ਸ਼ੇਅਰ 5% ਤੱਕ ਸਿਮਟ ਗਿਆ ਸੀ, ਜਦਕਿ ਖਹਿਰਾ ਦੀ ਅਗਵਾਈ ਵਾਲੇ ਪੰਜਾਬ ਡੈਮੋਕ੍ਰੇਟਿਕ ਅਲਾਇੰਸ ਅਤੇ ਬੀ.ਐਸ.ਪੀ. ਨੇ 10.77% ਵੋਟ ਹਾਸਲ ਕੀਤੇ ਸਨ। ਆਪ ਦੀ ਵਾਪਸੀ ਦਾ ਮੋੜ 2021 ਵਿੱਚ ਆਇਆ, ਜਦੋਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਕੁੰਵਰ ਦੀ ਸਿਟ ਵੱਲੋਂ ਕੋਟਕਪੂਰਾ ਗੋਲੀਬਾਰੀ ਮਾਮਲੇ ਦੀ ਜਾਂਚ ਨੂੰ ਰੱਦ ਕਰ ਦਿੱਤਾ ਸੀ। ਹਾਲਾਂਕਿ ਉਸ ਨੂੰ ਸਿਰਫ਼ ਕੋਟਕਪੂਰਾ ਮਾਮਲੇ ਦੀ ਜਾਂਚ ਦਾ ਹੁਕਮ ਸੀ, ਪਰ ਉਸ ਨੇ ਬੇਅਦਬੀ ਮਾਮਲਿਆਂ 'ਤੇ ਵੀ ਟਿੱਪਣੀਆਂ ਕੀਤੀਆਂ ਅਤੇ ਮੀਡੀਆ ਨਾਲ ਗੱਲਬਾਤ ਵਿੱਚ ਸਰਕਾਰ ਨੂੰ ਸਵਾਲਾਂ ਦੇ ਘੇਰੇ ਵਿੱਚ ਲਿਆ ਸੀ। ਜਾਂਚ ਰੱਦ ਹੋਣ ਤੋਂ ਬਾਅਦ, ਉਸ ਨੇ ਅਸਤੀਫ਼ਾ ਦੇ ਕੇ ਕੈਪਟਨ ਸਰਕਾਰ 'ਤੇ ਸਵਾਲ ਚੁੱਕੇ ਸਨ, ਖਾਸ ਕਰਕੇ ਐਡਵੋਕੇਟ ਜਨਰਲ ਦੇ ਦਫ਼ਤਰ ਦੀ ਭੂਮਿਕਾ ਨੂੰ ਲੈ ਕੇ। ਇਸ ਸਿਆਸੀ ਉਥਲ-ਪੁਥਲ ਵਿੱਚ ਆਪ ਨੇ ਮੌਕੇ ਦਾ ਫ਼ਾਇਦਾ ਉਠਾਇਆ ਅਤੇ ਕੁੰਵਰ ਨੂੰ ਪਾਰਟੀ ਵਿੱਚ ਸ਼ਾਮਲ ਕਰਕੇ ਵੱਡਾ ਦਾਅ ਖੇਡਿਆ ਸੀ। ਉਸ ਦੀ ਸ਼ਮੂਲੀਅਤ ਦੀਆਂ ਹੋਰਡਿੰਗਜ਼ ਸ਼ਹਿਰ ਭਰ ਵਿੱਚ ਲੱਗੀਆਂ ਸਨ। ਆਪ ਸੁਪਰੀਮੋ ਕੇਜਰੀਵਾਲ ਨੇ ਵਾਅਦਾ ਕੀਤਾ ਸੀ ਕਿ ਸੱਤਾ ਵਿੱਚ ਆਉਣ 'ਤੇ ਬੇਅਦਬੀ ਮਾਮਲਿਆਂ ਵਿੱਚ ਤੁਰੰਤ ਨਿਆਂ ਦਿੱਤਾ ਜਾਵੇਗਾ। 2014 ਵਿੱਚ ਆਪ ਨੇ 1984 ਦੀਆਂ ਸਿੱਖ ਵਿਰੋਧੀ ਘਟਨਾਵਾਂ ਨਾਲ ਜੁੜੇ ਚਿਹਰਿਆਂ ਨੂੰ ਪਾਰਟੀ ਵਿੱਚ ਲਿਆਂਦਾ ਸੀ, ਅਤੇ 2021 ਵਿੱਚ ਬੇਅਦਬੀ ਅਤੇ ਗੋਲ਼ੀਬਾਰੀ ਮੁੱਦਿਆਂ 'ਤੇ ਧਿਆਨ ਕੇਂਦਰਿਤ ਕੀਤਾ ਸੀ। ਕਿਸਾਨ ਅੰਦੋਲਨ ਨੇ ਸਿਆਸੀ ਮਾਹੌਲ ਨੂੰ ਹੋਰ ਗਰਮਾਇਆ, ਅਤੇ ਆਪ ਨੇ 300 ਯੂਨਿਟ ਮੁਫ਼ਤ ਬਿਜਲੀ, ਔਰਤਾਂ ਨੂੰ 1,000 ਰੁਪਏ ਮਹੀਨਾ ਅਤੇ ਸਿਆਸਤ ਵਿੱਚ ਬਦਲਾਅ ਦੇ ਵਾਅਦਿਆਂ ਨਾਲ ਚੋਣ ਮੁਹਿੰਮ ਨੂੰ ਮਜ਼ਬੂਤ ਕੀਤਾ ਸੀ। ਦੂਜੇ ਪਾਸੇ, ਕਾਂਗਰਸ ਦੀ ਮੁਹਿੰਮ ਕਮਜ਼ੋਰ ਰਹੀ।

ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਮੁਅੱਤਲੀ ਨੇ ਪੰਜਾਬ ਦੀ ਸਿਆਸਤ ਵਿੱਚ ਨਵਾਂ ਤਣਾਅ ਪੈਦਾ ਕੀਤਾ ਹੈ। ਉਨ੍ਹਾਂ ਦੀ ਬੇਅਦਬੀ ਮਾਮਲਿਆਂ ਵਿੱਚ ਭੂਮਿਕਾ ਅਤੇ ਸਰਕਾਰ ਵਿਰੁੱਧ ਸਖ਼ਤ ਸਟੈਂਡ ਨੇ ਆਪ ਨੂੰ 2022 ਦੀਆਂ ਚੋਣਾਂ ਵਿੱਚ ਜਿੱਤ ਦਿਵਾਈ ਸੀ, ਪਰ ਹੁਣ ਉਨ੍ਹਾਂ ਦੀ ਮੁਅੱਤਲੀ ਨੇ ਪਾਰਟੀ ਦੀ ਅੰਦਰੂਨੀ ਸਥਿਤੀ ਅਤੇ ਜਨਤਕ ਸਾਖ 'ਤੇ ਸਵਾਲ ਉਠਾਏ ਹਨ।

ਬੇਅਦਬੀ ਮਾਮਲਿਆਂ ਦੀ ਹੌਲੀ ਜਾਂਚ ਅਤੇ ਕੁੰਵਰ ਦੇ ਦੋਸ਼ਾਂ ਨੇ ਸਿੱਖ ਪੰਥ ਵਿੱਚ ਨਾਰਾਜ਼ਗੀ ਨੂੰ ਹੋਰ ਵਧਾਇਆ ਹੈ। ਇਸ ਸਥਿਤੀ ਦਾ ਪੰਜਾਬ ਦੀ ਸਿਆਸਤ 'ਤੇ ਲੰਮੇ ਸਮੇਂ ਦਾ ਅਸਰ ਕੀ ਹੋਵੇਗਾ, ਇਹ ਆਉਣ ਵਾਲਾ ਸਮਾਂ ਹੀ ਦੱਸੇਗਾ।

**ਸੰਪਾਦਕੀ** **ਵਿਚਾਰ :–** ਜਿਸ ਸਮੇਂ ਵੀ ਅਸੀਂ ਆਪਣੇ ਨੇੜਲੇ ਸੰਗੀ ਸਾਥੀਆਂ ਦੀ ਇੱਜਤ ਕਰਨੀ ਬੰਦ ਕਰ ਦਿੰਦੇ ਹਾਂ ਉਦੋਂ ਅਸੀਂ ਆਪਣੀ ਬੇਇਜਤੀ ਵਾਸਤੇ ਰਸਤਾ ਬਣਾ ਲੈਂਦੇ ਹਾਂ ।



ਰਜਿੰਦਰ ਸਿੰਘ ਪੁਰੇਵਾਲ

# ਪੰਜਾਬ ਦੇ ਸਿਰ 'ਤੇ ਕਰਜ਼ੇ ਦੀ ਪੰਡ ਕਿਉਂ ਵਧੀ ? ਪੰਜਾਬ ਸਰਕਾਰ ਵਲੋਂ 8,500 ਕਰੋੜ ਰੁਪਏ ਦਾ ਨਵਾਂ ਕਰਜ਼ਾ ਚੁੱਕਣ ਦੀ ਤਿਆਰੀ

ਪੰਜਾਬ, ਕਦੇ ਵਿਕਸਤ ਪ੍ਰਾਂਤ ਸੀ, ਅੱਜ ਕਰਜ਼ੇ ਦੀ ਪੰਡ ਹੇਠ ਦਬਿਆ ਨਜ਼ਰ ਆਉਂਦਾ ਹੈ। ਜੁਲਾਈ ਤੋਂ ਸਤੰਬਰ 2025 ਦੌਰਾਨ ਪੰਜਾਬ ਸਰਕਾਰ 8,500 ਕਰੋੜ ਰੁਪਏ ਦਾ ਨਵਾਂ ਕਰਜ਼ਾ ਚੁੱਕਣ ਦੀ ਤਿਆਰੀ ਵਿੱਚ ਹੈ। ਭਾਰਤੀ ਰਿਜ਼ਰਵ ਬੈਂਕ ਨੇ ਇਸ ਦੀ ਮਨਜ਼ੂਰੀ ਦੇ ਦਿੱਤੀ ਹੈ, ਪੰਜਾਬ ਦੀ ਸਰਕਾਰ ਨੂੰ ਅੱਜ ਨਕਦੀ ਦੀ ਤੰਗੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮਾਲੀਏ ਦੀ ਪ੍ਰਾਪਤੀ ਖਰਚਿਆਂ ਦੇ ਮੁਕਾਬਲੇ ਕਿਤੇ ਘੱਟ ਹੈ। ਅਪ੍ਰੈਲ-ਮਈ 2025 ਵਿੱਚ ਸੂਬੇ ਦਾ ਮਾਲੀਆ ਘਾਟਾ 5,513.65 ਕਰੋੜ ਰੁਪਏ ਸੀ, ਜਿੱਥੇ ਮਾਲੀਆ 12,903.04 ਕਰੋੜ ਅਤੇ ਖਰਚ 18,416.69 ਕਰੋੜ ਰੁਪਏ ਸੀ। ਇਹ ਅੰਕੜੇ ਸਾਫ਼ ਦੱਸਦੇ ਹਨ ਕਿ ਸਰਕਾਰ ਦੀ ਜੇਬ ਵਿੱਚ ਪੈਸਾ ਆਉਂਦਾ ਘੱਟ ਹੈ, ਪਰ ਖਰਚ ਜਿਆਦਾ ਹੋ ਰਿਹਾ ਹੈ। ਇਸ ਦੇ ਪਿੱਛੇ ਕਈ ਕਾਰਨ ਹਨ। ਪਹਿਲਾਂ, ਪੰਜਾਬ ਦੀ ਆਰਥਿਕਤਾ ਵਿੱਚ ਨਿਵੇਸ਼ ਦੀ ਕਮੀ। ਉੱਘੇ ਅਰਥਸ਼ਾਸਤਰੀ ਆਰ.ਐਸ. ਘੁੰਮਣ ਦਾ ਕਹਿਣਾ ਹੈ ਕਿ ਪੰਜਾਬ ਦਾ ਨਿਵੇਸ਼-ਜੀ.ਡੀ.ਪੀ. ਅਨੁਪਾਤ ਰਾਸ਼ਟਰੀ ਔਸਤ ਤੋਂ ਕਾਫੀ ਘੱਟ ਹੈ। ਇਸ ਦਾ ਮਤਲਬ ਹੈ ਕਿ ਸੂਬੇ ਵਿੱਚ ਨਵੇਂ ਉਦਯੋਗ, ਨੌਕਰੀਆਂ ਅਤੇ ਵਪਾਰਕ ਮੌਕਿਆਂ ਦੀ ਘਾਟ ਹੈ, ਜਿਸ ਕਾਰਨ ਸਰਕਾਰ ਨੂੰ ਆਪਣੀ ਆਮਦਨ ਵਧਾਉਣ ਲਈ ਨਵੇਂ ਸੋਮੇ ਮਿਲਣੇ ਮੁਸ਼ਕਿਲ ਹੋ ਰਹੇ ਹਨ।

ਦੂਜਾ, ਸਰਕਾਰ ਦੀਆਂ ਮੁਫਤ ਸਕੀਮਾਂ ਅਤੇ ਸਬਸਿਡੀਆਂ। ਜਿਵੇਂ ਕਿ 2025-26 ਦੇ ਬਜਟ ਵਿੱਚ, ਕਿਸਾਨਾਂ ਨੂੰ ਮੁਫਤ ਬਿਜਲੀ ਲਈ 9,992 ਕਰੋੜ ਅਤੇ ਘਰੇਲੂ ਉਪਭੋਗਤਾਵਾਂ ਲਈ 300 ਯੂਨਿਟ ਮੁਫਤ ਬਿਜਲੀ ਲਈ 7,614 ਕਰੋੜ ਰੁਪਏ ਰੱਖੇ ਗਏ ਹਨ। ਇਹ ਸਕੀਮਾਂ ਲੋਕਪ੍ਰਿਯ ਤਾਂ ਹਨ, ਪਰ ਸਰਕਾਰ ਦੀ ਜੇਬ 'ਤੇ ਭਾਰੀ ਬੋਝ ਪਾਉਂਦੀਆਂ ਹਨ। ਤੀਜਾ, ਪੰਜਾਬ ਦੀ ਸਰਕਾਰ ਦੀ ਆਮਦਨ ਦੇ ਸੋਮਿਆਂ ਵਿੱਚ ਵਾਧਾ ਨਹੀਂ ਹੋ ਰਿਹਾ। ਆਬਕਾਰੀ ਮਾਲੀਏ ਵਿੱਚ 2021-22 ਦੇ 6,254 ਕਰੋੜ ਤੋਂ 2024-25 ਵਿੱਚ 10,350 ਕਰੋੜ ਦਾ ਵਾਧਾ ਜ਼ਰੂਰ ਹੋਇਆ, ਪਰ ਇਹ ਵਾਧਾ ਸਰਕਾਰ ਦੇ ਖਰਚਿਆਂ ਦੀ ਪੂਰਤੀ ਲਈ ਕਾਫੀ ਨਹੀਂ। ਨਤੀਜੇ ਵਜੋਂ, ਸਰਕਾਰ ਨੂੰ ਹਰ ਹਫਤੇ, ਹਰ ਮਹੀਨੇ ਕਰਜ਼ੇ ਦੀ ਪੰਡ ਸਿਰ 'ਤੇ ਚੁੱਕਣੀ ਪੈ ਰਹੀ ਹੈ।

ਪੰਜਾਬ ਸਰਕਾਰ ਦਾ 2025-26 ਦਾ ਬਜਟ 2,36,080 ਕਰੋੜ ਰੁਪਏ ਦਾ ਹੈ, ਜਿਸ ਵਿੱਚ ਸਿਹਤ, ਸਿੱਖਿਆ, ਖੇਤੀਬਾੜੀ ਅਤੇ ਸਮਾਜਿਕ ਭਲਾਈ ਸਕੀਮਾਂ 'ਤੇ ਜ਼ੋਰ ਦਿੱਤਾ ਗਿਆ ਹੈ। ਸਿਹਤ ਵਿਭਾਗ ਲਈ 5,598 ਕਰੋੜ, ਪੇਂਡੂ ਵਿਕਾਸ ਲਈ 3,500 ਕਰੋੜ, ਅਤੇ ਨਸ਼ਿਆਂ ਵਿਰੁੱਧ 150 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ। ਇਸ ਦੇ ਨਾਲ ਹੀ, ਮੁੱਖ ਮੰਤਰੀ ਸਟਰੀਟ ਲਾਈਟ ਯੋਜਨਾ, ਐਮਰਜੈਂਸੀ ਰਿਸਪੌਂਸ ਵਾਹਨਾਂ ਲਈ 125 ਕਰੋੜ, ਅਤੇ ਪਰਾਲੀ-ਅਧਾਰਿਤ ਬਾਇਲਰਾਂ ਲਈ 60 ਕਰੋੜ ਦੀ ਸਬਸਿਡੀ ਵਰਗੀਆਂ ਯੋਜਨਾਵਾਂ ਵੀ ਸ਼ਾਮਲ ਹਨ। ਇਹ ਸਾਰੀਆਂ ਸਕੀਮਾਂ ਲੋਕਾਂ ਦੀ ਭਲਾਈ ਲਈ ਜ਼ਰੂਰੀ ਹਨ, ਪਰ ਸਵਾਲ ਇਹ ਹੈ ਕਿ ਕੀ ਸਰਕਾਰ ਇਨ੍ਹਾਂ ਦੀ ਪੂਰਤੀ ਲਈ ਆਪਣੀ ਆਮਦਨ ਵਧਾਉਣ 'ਤੇ ਵੀ ਧਿਆਨ ਦੇ ਰਹੀ ਹੈ ?

ਮੁਫਤ ਬਿਜਲੀ, ਮੁਫਤ ਬੱਸ ਯਾਤਰਾ (450 ਕਰੋੜ), ਅਤੇ ਹੋਰ ਸਬਸਿਡੀਆਂ ਦਾ ਬੋਝ ਸਰਕਾਰ ਦੀ ਜੇਬ 'ਤੇ ਪੈ ਰਿਹਾ ਹੈ। ਜੇਕਰ ਸਰਕਾਰ ਨੇ ਨਵੇਂ ਨਿਵੇਸ਼ ਆਕਰਸ਼ਿਤ ਕਰਨ ਅਤੇ ਆਮਦਨ ਦੇ ਸੋਮੇ ਵਧਾਉਣ 'ਤੇ ਜ਼ੋਰ ਨਾ ਦਿੱਤਾ, ਤਾਂ ਇਹ ਸਾਰੀਆਂ ਸਕੀਮਾਂ ਕਰਜ਼ੇ ਨੂੰ ਵਧਾਉਣ ਦਾ ਕੰਮ ਕਰਨਗੀਆਂ। ਮਾਰਚ 2024 ਤੱਕ ਪੰਜਾਬ ਦਾ ਬਕਾਇਆ ਕਰਜ਼ਾ 3.82 ਲੱਖ ਕਰੋੜ ਰੁਪਏ ਸੀ, ਜੋ ਸੂਬੇ ਦੇ ਕੁੱਲ ਘਰੇਲੂ ਉਤਪਾਦ ਦਾ 44% ਤੋਂ ਵੱਧ ਹੈ। ਇਸ ਵਿੱਤੀ ਸਾਲ (2025-26) ਵਿੱਚ ਸਰਕਾਰ ਨੇ ਅਪ੍ਰੈਲ-ਮਈ ਵਿੱਚ 6,241.92 ਕਰੋੜ ਅਤੇ ਜੁਲਾਈ-ਸਤੰਬਰ ਵਿੱਚ 8,500 ਕਰੋੜ ਦਾ ਕਰਜ਼ਾ ਚੁੱਕਣ ਦਾ ਟੀਚਾ ਰੱਖਿਆ ਹੈ। ਸਾਲ ਦੇ ਅੰਤ ਤੱਕ ਕੁੱਲ ਕਰਜ਼ਾ 34,201.11 ਕਰੋੜ ਦੇ ਟੀਚੇ ਨੂੰ ਪੂਰਾ ਕਰੇਗਾ, ਅਤੇ ਮਾਰਚ 2026 ਤੱਕ ਪੰਜਾਬ ਦਾ ਕਰਜ਼ਾ 4 ਲੱਖ ਕਰੋੜ ਤੱਕ ਪਹੁੰਚ ਸਕਦਾ ਹੈ। ਇਸ ਦਾ ਮਤਲਬ ਹੈ ਕਿ ਪੰਜਾਬ ਦੀ 3 ਕਰੋੜ ਦੀ ਆਬਾਦੀ 'ਤੇ ਪ੍ਰਤੀ ਵਿਅਕਤੀ 1.33 ਲੱਖ ਰੁਪਏ ਦਾ ਕਰਜ਼ਾ ਹੋਵੇਗਾ।

ਜੇਕਰ ਪੰਜਾਬ ਦਾ ਕਰਜ਼ਾ ਇਸੇ ਤਰ੍ਹਾਂ ਵਧਦਾ ਰਿਹਾ, ਤਾਂ ਸੂਬੇ ਨੂੰ ਕਈ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਪਹਿਲੀ ਮੁਸੀਬਤ ਹੈ ਸਰਕਾਰ ਦਾ ਵੱਡਾ ਹਿੱਸਾ ਮਾਲੀਆ ਵਿਆਜ ਅਤੇ ਕਰਜ਼ੇ ਦੀ ਅਦਾਇਗੀ ਵਿੱਚ ਜਾਵੇਗਾ, ਜਿਸ ਨਾਲ ਵਿਕਾਸ ਕਾਰਜਾਂ ਲਈ ਪੈਸਾ ਘੱਟ ਪਵੇਗਾ। ਦੂਜਾ ਜੇਕਰ ਸੂਬੇ ਦਾ ਕਰਜ਼ਾ- ਵਧਦਾ ਗਿਆ, ਤਾਂ ਨਿਵੇਸ਼ਕ ਪੰਜਾਬ ਵਿੱਚ ਪੈਸਾ ਲਗਾਉਣ ਤੋਂ ਝਿਜਕਣਗੇ, ਜਿਸ ਨਾਲ ਆਰਥਿਕ ਵਿਕਾਸ ਹੋਰ ਮੰਦਾ ਪਵੇਗਾ। ਤੀਜਾ, ਜੇਕਰ ਸਰਕਾਰ ਦਾ ਸਾਰਾ ਧਿਆਨ ਮੁਫਤ ਸਕੀਮਾਂ ਅਤੇ ਕਰਜ਼ੇ ਦੀ ਅਦਾਇਗੀ 'ਤੇ ਰਹੇਗਾ, ਤਾਂ ਸਿਹਤ, ਸਿੱਖਿਆ ਅਤੇ ਬੁਨਿਆਦੀ ਢਾਂਚੇ 'ਤੇ ਖਰਚ ਘਟੇਗਾ। ਇਸ ਨਾਲ ਗਰੀਬ ਅਤੇ ਮੱਧ ਵਰਗ ਨੂੰ ਸਭ ਤੋਂ ਜ਼ਿਆਦਾ ਨੁਕਸਾਨ ਹੋਵੇਗਾ। ਚੌਥਾ, ਪੰਜਾਬ ਦੀ ਅਰਥਵਿਵਸਥਾ ਅਜੇ ਵੀ ਜ਼ਿਆਦਾਤਰ ਖੇਤੀਬਾੜੀ 'ਤੇ ਨਿਰਭਰ ਹੈ, ਪਰ ਇਸ ਦੀ ਉਤਪਾਦਕਤਾ ਸੀਮਤ ਹੈ। ਜੇਕਰ ਸਰਕਾਰ ਨੇ ਉਦਯੋਗ ਅਤੇ ਸੇਵਾ ਖੇਤਰ ਨੂੰ ਨਜ਼ਰਅੰਦਾਜ਼ ਕੀਤਾ, ਤਾਂ ਆਰਥਿਕ ਸੰਕਟ ਹੋਰ ਗੰਭੀਰ ਹੋ ਸਕਦਾ ਹੈ। ਪੰਜਾਬ ਦੇ ਸਿਰ 'ਤੇ ਵਧ ਰਹੀ ਕਰਜ਼ੇ ਦੀ ਪੰਡ ਨੂੰ ਘਟਾਉਣ ਲਈ ਸਰਕਾਰ ਨੂੰ ਠੋਸ ਕਦਮ ਚੁੱਕਣ ਦੀ ਲੋੜ ਹੈ। ਸਭ ਤੋਂ ਪਹਿਲਾਂ, ਸਰਕਾਰ ਨੂੰ ਆਮਦਨ ਦੇ ਨਵੇਂ ਸੋਮੇ ਲੱਭਣੇ ਪੈਣਗੇ। ਉਦਯੋਗਿਕ ਨੀਤੀ ਨੂੰ ਹੋਰ ਮਜ਼ਬੂਤ ਕਰਕੇ ਵੱਡੇ ਨਿਵੇਸ਼ਕਾਂ ਨੂੰ ਆਕਰਸ਼ਿਤ ਕੀਤਾ ਜਾ ਸਕਦਾ ਹੈ, ਜਿਵੇਂ ਕਿ ਟਾਟਾ ਸਟੀਲ ਵਰਗੀਆਂ ਕੰਪਨੀਆਂ ਨੂੰ ਆਕਰਸ਼ਿਤ ਕਰਨ ਦੀ ਸ਼ੁਰੂਆਤ ਹੋਈ ਹੈ। ਦੂਜਾ, ਸਰਕਾਰ ਨੂੰ ਮੁਫਤ ਸਕੀਮਾਂ ਦੀ ਸਮੀਖਿਆ ਕਰਨੀ ਚਾਹੀਦੀ।

ਬਾਕੀ ਹਿਸਾ ਸਫਾ 9 ਤੇ ਪੜ੍ਹੋ

**NEWS & VIEWS**

# BRITISH SIKH SUPPORT FOR UK DEFENCE



Gurmukh Singh OBE

***The UK must prepare for the possibility of a wartime scenario on home soil, a major new government review has warned.*** (Independent news 24 June 2025)

**June, 2025 National Security Strategy paper by the government has warned that the UK needs to actively prepare for the potential of a wartime scenario in its homeland.**

**The background is the Israeli airstrikes on Iran over a period of about two weeks. About 40 top Iranian military strategists and scientists and hundreds of civilians have been killed by Israel in strikes. In response, the Iranians were able to penetrate the Israeli air defence system, the Iron Dome, with Fattah-1 hypersonic missiles. Finally, the massive bunker-busting bombs dropped on Iran by US stealth bombers have brought the world closer to World War III and global conflict which threatens the home defences of Western countries.**

**The ongoing Ukraine war with Russia and the highly controversial Israeli war in Gaza are the additional factors which pose questions about the readiness of UK for *wartime scenario on home soil*. Many European countries like Sweden and Finland have been preparing for such an eventuality.**

**Defence of a country concerns all its citizens regardless of their backgrounds and countries of origin. It is readiness to defend a society they have voluntarily chosen to be members of. Defence of a country concerns the majority community as well as all the minority communities which make up a nation. Defence is a test of the social cohesion of a society in time of global conflict.**

**This clarification of own chosen country, values and way of life is important for plural societies like the British multicultural society. Like a family, there may be internal differences in viewpoints but an external threat must be faced by all communities with complete unity. An attack on a nation is an attack on all citizens.**

**In this respect, Sikhs have a reputation as defenders of the people they live with and as loyal citizens of the countries they live in. So far as UK is concerned, historically and as the two World Wars have shown, Sikhs have been dependable allies and loyal citizens. That is a heritage and trust the next generation Sikhs should build upon.**

**Today, with almost uncontrolled immigration, changing demographics (population mix), massive demonstrations against government policies and extreme ideologies of some zealots, the question of loyalties does arise. Even some asylum seekers carry grudges against the British and Western democracies. Extreme religious ideologies have been preached in UK university campuses for decades. These anti-Western sentiments and demonstrations including by many, themselves running from own countries to seek refuge in the Western democracies, poses a challenge for the defence of the country. At such times, in addition to Parliamentary support, the government needs unequivocal assurance of national loyalty from community leaders.**

**Historically, at the start of World War II, the Sikhs had been leading the Indian freedom movement. Yet, they had no hesitation in also deciding to join the British war effort to defend the world against the powers led by Nazi Germany.**

**As mentioned in an earlier column, modern defence services include a wide range of leading edge technologies. There are career opportunities for young Sikhs with ambition. UK and many European countries are increasing their defence budget by billions of pounds. There will be large collaborative defence projects requiring diverse skills.**

**British Sikhs should support the UK defence effort.**

**Gurmukh Singh OBE,** Ret'd Principal Civil Servant (UK) sewauk2005@yahoo.co.uk

# ਸੰਪਾਦਕੀ


ਰਜਿੰਦਰ ਸਿੰਘ ਪੁਰੇਵਾਲ

## ਗੁਰਦੁਆਰਾ ਪ੍ਰਬੰਧਾਂ ਨੂੰ ਹੋਰ ਉਸਾਰੂ ਤੇ ਯੋਗ ਬਨਾਉਣ ਲਈ ਗੁਰਦੁਆਰਾ ਏਡ ਦਾ ਅਹਿਮ ਉਪਰਾਲਾ ਸ਼ਲਾਘਾ ਯੋਗ

ਗੁਰਦੁਆਰਾ ਏਡ ਨਾਂ ਦੀ ਸੰਸਥਾ ਵੱਲੋਂ ਬੀਤੇ ਐਤਵਾਰ 28 ਜੂਨ 2025 ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਹਾਲ ਵਿੱਚ ਇਕ ਵਿਸ਼ੇਸ਼ ਕਾਨਫਰੰਸ ਆਯੋਜਿਤ ਕਰਕੇ ਗੁਰੂ ਘਰਾਂ ਦੇ ਪ੍ਰਬੰਧਾਂ ਨੂੰ ਹੋਰ ਬੇਹਤਰ ਬਨਾਉਣ ਸਬੰਧੀ ਇਕ ਕਿਤਾਬ ਰਿਲੀਜ਼ ਕੀਤੀ ਗਈ। ਇਸ ਕਾਨਫਰੰਸ ਵਿੱਚ 200 ਤੋਂ ਉਪਰ ਗੁਰੂ ਘਰਾਂ ਦੇ ਸੇਵਾਦਾਰਾਂ ਨੇ ਹਿੱਸਾ ਲਿਆ। ਬਹੁਤ ਸਾਰੇ ਗੁਰੂ ਘਰਾਂ ਦੇ ਪ੍ਰਬੰਧਕਾਂ ਦਾ ਕਹਿਣਾ ਸੀ ਕਿ ਸਾਨੂੰ ਬਹੁਤ ਕੁੱਝ ਨਵਾਂ ਸਿੱਖਣ ਲਈ ਮਿਲਿਆ ਹੈ। ਇਹੋ ਜਿਹੇ ਪ੍ਰੋਗਰਾਮ ਹੋਰ ਗੁਰੂ ਘਰਾਂ ਵਿੱਚ ਵੀ ਹੋਣੇ ਚਾਹੀਦੇ ਹਨ। ਇਹ ਕਿਤਾਬ ਹਰੇਕ ਗੁਰੂ ਘਰ ਵਿੱਚ ਹੋਣੀ ਚਾਹੀਦੀ ਹੈ। ਪ੍ਰਬੰਧਕਾਂ ਨੇ ਦੱਸਿਆ ਕਿ ਪਿਛਲੇ ਕੁੱਝ ਸਾਲਾਂ ਵਿੱਚ 80 ਤੋਂ ਉਪਰ ਗੁਰਦੁਆਰਾ ਸਾਹਿਬਾਂ ਨਾਲ ਸਬੰਧਿਤ ਸਮੱਸਿਆਵਾਂ ਸੁਣੀਆਂ ਤੇ ਹੱਲ ਕਰਵਾਈਆਂ ਹਨ। ਯੂ ਕੇ ਭਰ ਤੋਂ ਗੁਰਦੁਆਰਾ ਸਾਹਿਬਾਨ ਦੇ ਨੁਮਾਇੰਦਿਆਂ ਦਾ ਇਸ ਕਾਨਫਰੰਸ ਵਿੱਚ ਪਹੁੰਚਣ ਤੇ ਅਸੀਂ ਹਾਰਦਿਕ ਧੰਨਵਾਦ ਕਰਦੇ ਹਾਂ। ਜਿਹੜੇ ਅੱਜ ਇਥੇ ਆ ਕੇ ਗੁਰਦੁਆਰਾ ਏਡ ਸੰਸਥਾ ਦੇ ਮੈਂਬਰ ਬਣੇ ਹਨ, ਅਸੀਂ ਉਹਨਾਂ ਦੀ ਵੀ ਸ਼ਲਾਘਾ ਕਰਦੇ ਹਾਂ। ਪਿਛਲੇ ਕੁੱਝ ਸਾਲਾਂ ਵਿੱਚ ਸਰਕਾਰ ਨੇ ਬਹੁਤ ਸਾਰੇ ਕਾਨੂੰਨ ਬਣਾਏ ਹਨ, ਜਿਹਨਾਂ ਬਾਰੇ ਇਸ ਕਿਤਾਬ ਵਿੱਚ ਭਰਪੂਰ ਜਾਣਕਾਰੀ ਦਿੱਤੀ ਗਈ ਹੈ, ਜੋ ਹਰੇਕ ਗੁਰਦੁਆਰਾ ਸਾਹਿਬ ਦੇ ਸੇਵਾਦਾਰ ਦੀ ਲੋੜ ਸੀ। ਇਸ ਵਿੱਚ ਵਿਧਾਨ, ਸੁਰੱਖਿਆ ਸਬੰਧੀ, ਸਿਹਤ ਤੇ ਸੁਰੱਖਿਆ, ਡਰੇਨ ਦੇ ਪਾਣੀ ਨੂੰ ਬਿਨਾ ਬੰਧਿਆਈ ਤੋਂ ਸੀਵਰੇਜ ਵਿੱਚ ਪਾਉਣਾ, ਗੈਸ, ਬਿਜਲੀ ਦੀਆਂ ਸਸਤੀਆਂ ਦਰਾਂ ਲੈ ਕੇ ਦੇਣਾ, ਗੁਰਦੁਆਰਾ ਸਾਹਿਬਾਨ ਵਿੱਚ ਪ੍ਰੋਗਰਾਮਾਂ ਦੀ ਬੁਕਿੰਗ ਸਸਤੀ ਕਰਨੀ, ਅਕਾਊਂਟ ਬਣਾਉਣਾ ਤੇ ਗਿਫਟ ਏਡ ਲਈ ਪ੍ਰੋਗਰਾਮ, ਕੰਪਿਊਟਰ ਤੇ ਗੁਰਦੁਆਰਾ ਸਾਹਿਬਾਨ ਦੇ ਰਿਕਾਰਡ ਸੁਰੱਖਿਅਤ ਕਰਨਾ ਆਦਿ ਅਤੇ ਹੋਰ ਆਉਂਦੀਆਂ ਮੁਸ਼ਕਿਲਾਂ ਲਈ ਗੁਰਦੁਆਰਾ ਏਡ ਦੇ ਸੇਵਾਦਾਰਾਂ ਵੱਲੋਂ ਸਿਖਲਾਈ ਦਿੱਤੀ ਜਾਂਦੀ ਹੈ। ਗੁਰਦੁਆਰਾ ਸਾਹਿਬਾਨ ਦੇ ਸੇਵਾਦਾਰਾਂ ਵੱਲੋਂ ਗੁਰਦੁਆਰਾ ਏਡ ਦੇ ਇਸ ਪ੍ਰੋਗਰਾਮ ਆਯੋਜਿਤ ਕਰਨ ਦੇ ਉਦਮ ਦੀ ਸ਼ਲਾਘਾ ਕੀਤੀ ਗਈ। ਅਸੀਂ ਬੇਨਤੀ ਕਰਦੇ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਸਾਰੇ ਗੁਰਦੁਆਰਾ ਸਾਹਿਬਾਨ ਦੇ ਸੇਵਾਦਾਰ ਆਪਣੀਆਂ ਹਰ ਤਰ੍ਹਾਂ ਦੀਆਂ ਮੁਸ਼ਕਿਲਾਂ ਸਮੇਂ ਗੁਰਦੁਆਰਾ ਏਡ ਨਾਲ ਸੰਪਰਕ ਕਰਕੇ ਉਹਨਾਂ ਪਾਸੋਂ ਲੋੜੀਂਦਾ ਸਹਿਯੋਗ ਲੈ ਸਕਦੇ ਹਨ, ਤਾਂ ਜੋ ਗੁਰਦੁਆਰਾ ਸਾਹਿਬ ਦੇ ਪ੍ਰਬੰਧਾਂ ਨੂੰ ਹੋਰ ਉਸਾਰੂ ਤੇ ਯੋਗ ਬਣਾਇਆ ਜਾ ਸਕੇ।

ਰਾਜਿੰਦਰ ਸਿੰਘ ਪੁਰੇਵਾਲ ਟਰੱਸਟੀ ਤੇ ਜਨਰਲ ਸਕੱਤਰ
ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡਰਬੀ

## ਪੰਜਾਬ ਸਿਰ ਕਰਜ਼ੇ ਦੀ ਪੰਡ– 8 ਸਫ਼ੇ ਦੀ ਬਾਕੀ


ਜੇਕਰ ਇਹ ਸਕੀਮਾਂ ਜਾਰੀ ਰੱਖਣੀਆਂ ਹਨ, ਤਾਂ ਸਿਰਫ਼ ਲੋੜਵੰਦ ਵਰਗ ਨੂੰ ਹੀ ਇਹ ਸਹੂਲਤਾਂ ਦਿੱਤੀਆਂ ਜਾਣ। ਤੀਜਾ, ਸਰਕਾਰ ਨੂੰ ਮਾਲੀਏ ਦੀ ਪ੍ਰਾਪਤੀ ਵਧਾਉਣ ਲਈ ਟੈਕਸ ਸੁਧਾਰ ਅਤੇ ਆਬਕਾਰੀ ਨੀਤੀ ਨੂੰ ਹੋਰ ਪ੍ਰਭਾਵੀ ਕਰਨ ਦੀ ਲੋੜ ਹੈ। ਚੌਥਾ, ਵਿਕਾਸ ਪ੍ਰੋਜੈਕਟਾਂ 'ਤੇ ਖਰਚ ਨੂੰ ਪਹਿਲ ਦੇਣੀ ਚਾਹੀਦੀ, ਜੋ ਲੰਮੇ ਸਮੇਂ ਵਿੱਚ ਆਮਦਨ ਵਧਾਉਣ ਵਿੱਚ ਮਦਦ ਕਰ ਸਕਣ। ਸਰਕਾਰ ਨੂੰ ਇੱਕ ਦਰਮਿਆਨੇ ਅਤੇ ਲੰਮੇ ਸਮੇਂ ਦਾ ਰੋਡਮੈਪ ਤਿਆਰ ਕਰਨਾ ਚਾਹੀਦਾ, ਜਿਸ ਵਿੱਚ ਕਰਜ਼ੇ ਨੂੰ ਘਟਾਉਣ ਅਤੇ ਆਰਥਿਕ ਵਿਕਾਸ ਨੂੰ ਵਧਾਉਣ ਦੀ ਰਣਨੀਤੀ ਸ਼ਾਮਲ ਹੋਵੇ। ਸਰਕਾਰ ਨੂੰ ਸਮਝਣਾ ਹੋਵੇਗਾ ਕਿ ਮੁਫਤ ਸਕੀਮਾਂ ਅਤੇ ਲੋਕਪ੍ਰਿਯਤਾ ਦੀ ਦੌੜ ਵਿੱਚ ਆਰਥਿਕ ਸਥਿਰਤਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਜੇਕਰ ਅੱਜ ਸਹੀ ਕਦਮ ਨਾ ਚੁੱਕੇ ਗਏ, ਤਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸ ਕਰਜ਼ੇ ਦੀ ਪੰਡ ਦਾ ਬੋਝ ਚੁੱਕਣਾ ਪਵੇਗਾ।

-ਰਜਿੰਦਰ ਸਿੰਘ ਪੁਰੇਵਾਲ

# ਲੱਖਾ ਸਿਧਾਣਾ ਨੇ ਪੁਲਿਸ 'ਤੇ ਸ਼ਰਾਬ ਦੇ ਨਸ਼ੇ ਵਿਚ ਧੱਕੇਸ਼ਾਹੀ ਕਰਨ ਦੇ ਲਾਏ ਦੋਸ਼, ਹੋਈ ਤਕਰਾਰਬਾਜ਼ੀ

## ✪ ਗ੍ਰਿਫ਼ਤਾਰ ਕਰਨ ਤੋਂ ਬਾਅਦ ਜ਼ਮਾਨਤ 'ਤੇ ਕੀਤਾ ਰਿਹਾਅ

ਹੰਡਿਆਇਆ-ਪੁਲਿਸ ਮੁਲਾਜ਼ਮਾਂ ਦੀ ਲੱਖਾ ਸਿਧਾਣਾ ਨਾਲ ਹੋਈ ਤਕਰਾਰ ਤੋਂ ਬਾਅਦ ਮਾਮਲਾ ਦਰਜ ਕਰਕੇ ਪੁਲਿਸ ਵਲੋਂ ਉਸ ਨੂੰ ਗ੍ਰਿਫ਼ਤਾਰ ਕਰਕੇ ਐਸ.ਡੀ.ਐਮ. ਬਰਨਾਲਾ ਦੇ ਪੇਸ਼ ਕੀਤੇ ਜਾਣ ਤੋਂ ਬਾਅਦ ਜਮਾਨਤ ਉਪਰ ਰਿਹਾਅ ਕਰਨ ਖ਼ਬਰ ਹੈ। ਜਾਣਕਾਰੀ ਅਨੁਸਾਰ ਬੀਤੀ ਰਾਤ ਚੰਡੀਗੜ੍ਹ-ਬਠਿੰਡਾ ਕੌਮੀ ਮਾਰਗ ਉਪਰ ਤਪਾ ਮੰਡੀ ਨੇੜੇ ਲੱਖਾ ਸਿਧਾਣਾ ਤੇ ਪੁਲਿਸ ਮੁਲਾਜ਼ਮਾਂ ਵਿਚਕਾਰ ਤਕਰਾਰ ਹੋਣ ਤੋਂ ਬਾਅਦ ਉਸ ਨੂੰ ਹਿਰਾਸਤ ਵਿਚ ਲੈ ਲਿਆ ਸੀ। ਇਸ ਸਬੰਧੀ ਡੀ. ਐਸ. ਪੀ. ਬਰਨਾਲਾ ਸਤਵੀਰ ਸਿੰਘ ਬੈਂਸ ਨੇ ਦੱਸਿਆ ਕਿ ਬੀਤੀ ਰਾਤ ਲੱਖਾ ਸਿਧਾਣਾ ਪਟਿਆਲਾ ਤੋਂ ਬਠਿੰਡਾ ਆਪਣੇ ਇੱਕ ਸਾਥੀ ਅਤੇ ਦੋ ਗੰਨਮੈਨਾਂ ਸਮੇਤ ਆ ਰਿਹਾ ਸੀ ਅਤੇ ਦੋ ਪੁਲਿਸ ਮੁਲਾਜ਼ਮ ਆਪਣੇ ਕਿਸੇ ਮੁਲਾਜ਼ਮ ਦੀ ਸੇਵਾਮੁਕਤੀ ਤੋਂ ਆ ਰਹੇ ਸਨ ਤਾਂ ਦੋਵਾਂ ਧਿਰਾਂ ਦਾ ਰਾਹ ਦੇਣ ਨੂੰ ਲੈ ਕੇ ਤਕਰਾਰ ਹੋ ਗਿਆ, ਜਿਸ ਤੋਂ ਬਾਅਦ ਲੱਖਾ ਸਿਧਾਣਾ ਅਤੇ ਸਾਥੀਆਂ ਨੇ ਗੱਡੀ ਪੁਲਿਸ ਚੌਕੀ ਹੰਡਿਆਇਆ ਵਿਖੇ ਲਾ ਦਿੱਤੀ ਜਿੱਥੇ ਕਿ ਉਸ ਦੀ ਡਿਊਟੀ ਅਫ਼ਸਰ ਬਲਵਿੰਦਰ ਸਿੰਘ, ਥਾਣਾ ਠੁੱਲੀਵਾਲ ਦੇ ਮੁਲਾਜ਼ਮ ਸੁਰਜੀਤ ਸਿੰਘ ਅਤੇ ਪੁਲਿਸ ਚੌਕੀ ਹੰਡਿਆਇਆ ਦੇ ਮੁੱਖ ਮੁਨਸ਼ੀ ਧਰਮਿੰਦਰ ਸਿੰਘ ਨਾਲ ਤਕਰਾਰ ਹੋਰ ਵੱਧ ਗਈ, ਜਿਸ ਤੋਂ ਬਾਅਦ ਪੁਲਿਸ ਨੇ ਲੱਖਾ ਸਿਧਾਣਾ ਨੂੰ ਤਪਾ ਤੋਂ ਜਾ ਕੇ ਗ੍ਰਿਫ਼ਤਾਰ ਕਰ ਲਿਆ।



ਡੀ.ਐਸ.ਪੀ. ਨੇ ਦੱਸਿਆ ਕਿ ਲੱਖਾ ਸਿਧਾਣਾ ਵਲੋਂ ਪੁਲਿਸ ਮੁਲਾਜ਼ਮਾਂ 'ਤੇ ਸ਼ਰਾਬ ਪੀਣ ਦਾ ਦੋਸ਼ ਲਾਇਆ ਗਿਆ ਸੀ ਜਿਸ ਨੂੰ ਲੈ ਕੇ ਪੁਲਿਸ ਵਲੋਂ ਰਾਤ ਸਮੇਂ ਹੀ ਉਕਤ ਮੁਲਾਜ਼ਮਾਂ ਦਾ ਮੁਲਾਹਜਾ ਕਰਵਾਇਆ ਗਿਆ ਜੋ ਕਿ ਨੈਗੇਟਿਵ ਆਇਆ ਹੈ। ਉਨ੍ਹਾਂ ਕਿਹਾ ਕਿ ਲੱਖਾ ਸਿਧਾਣਾ ਨੂੰ ਐਸ. ਡੀ. ਐਮ. ਬਰਨਾਲਾ ਦੀ ਅਦਾਲਤ ਵਿਚ ਪੇਸ਼ ਕਰਕੇ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਹੈ। ਦੂਸਰੇ ਪਾਸੇ ਲੱਖਾ ਸਿਧਾਣਾ ਵਲੋਂ ਰਾਤ ਸਮੇਂ ਸ਼ੋਸ਼ਲ ਮੀਡੀਆ ਉਪਰ ਲਾਈਵ ਹੋ ਕੇ ਪੁਲਿਸ ਉਪਰ ਧੱਕੇਸ਼ਾਹੀ ਕਰਨ ਦੇ ਇਲਜਾਮ ਲਾਏ ਗਏ ਹਨ ਅਤੇ ਪੁਲਿਸ ਮੁਲਾਜ਼ਮਾਂ ਦਾ ਮੁਲਾਹਜਾ ਕਰਨ ਦੀ ਮੰਗ ਕੀਤੀ ਗਈ ਸੀ।

# ਜਸਟਿਸ ਵਰਮਾ ਦੇ ਘਰੋਂ ਨਕਦੀ ਬਰਾਮਦਗੀ ਦਾ ਹੰਗਾਮਾ

**✪ ਪੁਲਿਸ ਨੇ ਕਿਉਂ ਨਹੀਂ ਦਰਜ ਕੀਤੀ ਐਫ ਆਈ ਆਰ ? ✪ ਅਮਿਤ ਸ਼ਾਹ ਤੇ ਚੀਫ ਜਸਟਿਸ ਨੂੰ ਖਬਰ ਮਿਲੀ, ਫਿਰ ਵੀ ਨਕਦੀ ਜ਼ਬਤ ਕਿਉਂ ਨਾ ਹੋਈ ? ✪ ਜਸਟਿਸ ਵੀਰਾਸਵਾਮੀ ਫੈਸਲੇ ਦੀ ਸਮੀਖਿਆ, ਜਾਂਚ ਕਮੇਟੀ ਨੇ ਚੁੱਕੇ ਵੱਡੇ ਸਵਾਲ**

ਪੰਜਾਬ ਟਾਈਮਜ ਅਨੁਸਾਰ ਜੀਵਨ ਜਦੋਂ ਚੀਫ ਜਸਟਿਸ ਨੂੰ ਖਬਰ ਸੀ, ਫਿਰ ਵੀ ਪੁਲਿਸ ਨੂੰ ਨਿਯਮਾਂ ਮੁਤਾਬਕ ਕਾਰਵਾਈ ਦਾ ਹੁਕਮ ਕਿਉਂ ਨਾ ਮਿਲਿਆ ? ਸੰਸਦੀ ਸਮਿਤੀ ਦੀ ਬੈਠਕ ਵਿਚ ਵੀ ਇਹ ਮੁੱਦਾ ਚੁੱਕਿਆ ਗਿਆ। ਜਸਟਿਸ ਵਰਮਾ ਨੂੰ ਇਲਾਹਾਬਾਦ ਹਾਈ ਕੋਰਟ ਤਬਦੀਲ ਕੀਤਾ ਗਿਆ, ਪਰ ਸਵਾਲ ਹੈ ਕਿ ਕੀ ਨਿਆਂਇਕ ਸੁਤੰਤਰਤਾ ਦੀ ਰਾਖੀ ਹੋ ਰਹੀ ਹੈ ਜਾਂ ਸਿਆਸੀ ਦਬਾਅ ਹਾਵੀ ਹੈ ?




ਜਸਟਿਸ ਯਸ਼ਵੰਤ ਵਰਮਾ ਮਾਮਲੇ ਨੇ ਨਿਆਂਇਕ ਤੇ ਸਿਆਸੀ ਗਲਿਆਰਿਆਂ ਵਿਚ ਭੁਚਾਲ ਲਿਆਂਦਾ ਹੋਇਆ ਹੈ। 14 ਮਾਰਚ 2025 ਨੂੰ ਦਿੱਲੀ ਹਾਈ ਕੋਰਟ ਦੇ ਜੱਜ ਜਸਟਿਸ ਵਰਮਾ ਦੇ ਸਰਕਾਰੀ ਨਿਵਾਸ ਦੇ ਸਟੋਰ ਰੂਮ ਵਿਚ ਅੱਗ ਲੱਗਣ ਦੀ ਘਟਨਾ ਮਗਰੋਂ ਕਥਿਤ ਤੌਰ 'ਤੇ ਵੱਡੀ ਮਾਤਰਾ ਵਿਚ ਨਕਦੀ ਬਰਾਮਦ ਹੋਈ। ਸੁਪਰੀਮ ਕੋਰਟ ਦੀ ਤਿੰਨ ਮੈਂਬਰੀ ਜਾਂਚ ਕਮੇਟੀ ਦੀ ਰਿਪੋਰਟ ਨੇ ਹੁਣ ਸਵਾਲ ਖੜ੍ਹੇ ਕਰ ਦਿੱਤੇ ਹਨ। ਰਿਪੋਰਟ ਮੁਤਾਬਕ, ਨਕਦੀ ਬਰਾਮਦਗੀ ਦੀ ਖਬਰ ਸਭ ਤੋਂ ਪਹਿਲਾਂ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਤੇ ਫਿਰ ਚੀਫ ਜਸਟਿਸ ਸੰਜੀਵ ਖੰਨਾ ਨੂੰ ਦਿੱਤੀ ਗਈ। ਪਰ ਇਹ ਗੱਲ ਹੈਰਾਨੀਜਨਕ ਹੈ ਕਿ ਪੁਲਿਸ ਨੇ ਨਾ ਤਾਂ ਨਕਦੀ ਜ਼ਬਤ ਕੀਤੀ, ਨਾ ਪੰਚਨਾਮਾ ਬਣਾਇਆ, ਤੇ ਨਾ ਹੀ ਕੋਈ ਐਫ ਆਈ ਆਰ ਦਰਜ ਕੀਤੀ।ਉਪ ਰਾਸ਼ਟਰਪਤੀ ਜਗਦੀਪ ਧਨਖੜ ਵਾਰ-ਵਾਰ ਪੁੱਛ ਰਹੇ ਹਨ ਕਿ ਇਲਾਹਾਬਾਦ ਹਾਈ ਕੋਰਟ ਦੇ ਜੱਜ ਜਸਟਿਸ ਯਸ਼ਵੰਤ ਵਰਮਾ ਦੇ ਘਰੋਂ ਨੋਟਾਂ ਦੇ ਬੰਡਲ ਮਿਲਣ ਦੇ ਮਾਮਲੇ ਵਿਚ ਕੋਈ ਐਫ. ਆਈ. ਆਰ. ਕਿਉਂ ਨਹੀਂ ਦਰਜ ਕੀਤੀ ਗਈ ? ਹਾਲ ਹੀ ਵਿਚ ਪਰਸੋਨਲ, ਕਾਨੂੰਨ ਅਤੇ ਨਿਆਂ ਮੰਤਰਾਲੇ ਦੀ ਸੰਸਦੀ ਕਮੇਟੀ ਦੀ ਮੀਟਿੰਗ ਵਿਚ ਵੀ ਮੈਂਬਰਾਂ ਨੇ ਕਾਨੂੰਨ ਸਕੱਤਰ ਤੋਂ ਇਹੀ ਜਾਣਨਾ ਚਾਹਿਆ ਸੀ। ਹਾਲਾਂਕਿ ਜਸਟਿਸ ਵਰਮਾ ਦਾ ਦਾਅਵਾ ਹੈ ਕਿ ਸਟੋਰ ਰੂਮ ਵਿਚ ਕੋਈ ਨਕਦੀ ਨਹੀਂ ਸੀ ਤੇ ਇਹ ਸਾਜ਼ਿਸ਼ ਹੈ। ਪਰ ਜਾਂਚ ਵਿਚ 10 ਤੋਂ ਵੱਧ ਪੁਲਿਸ ਅਧਿਕਾਰੀਆਂ ਨੇ ਨਕਦੀ ਦੀ ਹੋਂਦ ਦੀ ਪੁਸ਼ਟੀ ਕੀਤੀ ਸੀ। ਇਹ ਆਮ ਜਾਣਕਾਰੀ ਦੀ ਗੱਲ ਹੈ ਕਿ 1991 ਵਿਚ ਜਸਟਿਸ ਕੇ. ਵੀਰਾਸਵਾਮੀ ਮਾਮਲੇ ਵਿਚ ਸੁਪਰੀਮ ਕੋਰਟ ਨੇ ਸੇਵਾ ਨਿਭਾਅ ਰਹੇ ਜੱਜਾਂ ਨੂੰ ਐਫ.ਆਈ.ਆਰ. ਤੋਂ ਸੁਰੱਖਿਆ ਦਿੰਦੇ ਹੋਏ ਕਿਹਾ ਸੀ ਕਿ ਸੇਵਾ ਨਿਭਾਅ ਰਹੇ ਜੱਜਾਂ ਖ਼ਿਲਾਫ਼ ਐਫ. ਆਈ. ਆਰ. ਦਰਜ ਕਰਨ ਤੋਂ ਪਹਿਲਾਂ ਸੁਪਰੀਮ ਕੋਰਟ ਦੀ ਇਜਾਜ਼ਤ ਲੈਣੀ ਪਵੇਗੀ। ਇਸ ਦਾ ਉਦੇਸ਼ ਜੱਜਾਂ ਨੂੰ ਬਿਨਾਂ ਕਿਸੇ ਡਰ ਦੇ ਕੰਮ ਕਰਨ ਦਾ ਮਾਹੌਲ ਪ੍ਰਦਾਨ ਕਰਵਾਉਣਾ ਸੀ। ਇਸੇ ਲਈ ਜਸਟਿਸ ਵਰਮਾ ਦੇ ਮਾਮਲੇ ਵਿਚ ਜਸਟਿਸ ਵੀਰਾਸਵਾਮੀ ਦੇ ਫ਼ੈਸਲੇ ਦੀ ਸਮੀਖਿਆ ਕਰਨ ਦੀ ਗੱਲ ਹੋ ਰਹੀ ਹੈ।

# ਤਰਨਤਾਰਨ ਦੇ ਵਿਧਾਇਕ ਸੋਹਲ ਚਲ ਵਸੇ

## ✪ ਪੰਜਾਬ ਵਿਚ ਹੋਵੇਗੀ ਇਕ ਹੋਰ ਜ਼ਿਮਨੀ ਚੋਣ



ਤਰਨਤਾਰਨ-ਹਲਕਾ ਤਰਨ ਤਾਰਨ ਤੋਂ ਵਿਧਾਇਕ ਕਸ਼ਮੀਰ ਸਿੰਘ ਸੋਹਲ ਦਾ ਲੰਬੀ ਬਿਮਾਰੀ ਤੋਂ ਬਾਅਦ ਦਿਹਾਂਤ ਹੋ ਗਿਆ। ਉਹ ਪਿਛਲੇ ਸਮੇਂ ਤੋਂ ਬਿਮਾਰ ਚਲ ਰਹੇ ਸਨ। ਡਾ ਸੋਹਲ ਪਹਿਲੀ ਵਾਰ ਸਾਲ 2022 ਵਿਚ ਵਿਧਾਇਕ ਬਣੇ ਸਨ। ਡਾ. ਸੋਹਲ ਨੇ ਤਰਨ ਤਾਰਨ ਹਲਕੇ ਤੋਂ ਆਪ ਦੇ ਉਮੀਦਵਾਰ ਵਜੋਂ ਚੋਣ ਲੜੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਹਰਮੀਤ ਸਿੰਘ ਸੰਧੂ ਨੂੰ 13,588 ਵੋਟਾਂ ਦੇ ਫਰਕ ਨਾਲ ਹਰਾ ਕੇ ਪਹਿਲੀ ਵਾਰ ਵਿਧਾਇਕ ਬਣੇ। ਡਾ ਸੋਹਲ ਦੇ ਦਿਹਾਂਤ ਕਾਰਨ ਹੁਣ ਤਰਨ ਤਾਰਨ ਦੀ ਸੀਟ ਖਾਲੀ ਹੋ ਗਈ ਹੈ ਤੇ ਇਸ ਸੀਟ ਤੇ ਦੁਬਾਰਾ ਜ਼ਿਮਨੀ ਚੋਣ ਹੋਵੇਗੀ ਜਿਸ ਦੀ ਚੋਣ 6 ਮਹੀਨਿਆਂ ਦੇ ਅੰਦਰ ਅੰਦਰ ਕਰਵਾਉਣੀ ਜ਼ਰੂਰੀ ਹੈ।

# ਅਮਰੀਕੀ ਅਦਾਲਤ ਵਿਚ ਪੇਸ਼ ਨਵੇਂ ਦਸਤਾਵੇਜ਼ਾਂ ਨੇ ਨਿੱਝਰ ਦੇ ਕਤਲ ਤੇ ਪੰਨੂ ਕਤਲ ਦੀ ਸਾਜ਼ਿਸ਼ ਵਿਚਾਲੇ ਸਬੰਧ ਦੇ ਭੇਦ ਖੋਲ੍ਹੇ

ਖਾਸ ਰਿਪੋਟ

## ✪ ਦਸਤਾਵੇਜ਼ਾਂ ਅਨੁਸਾਰ ਹੋਰ ਕਈ ਕੈਨੇਡੀਅਨ ਸਿੱਖ ਆਗੂਆਂ ਨੂੰ ਵੀ ਨਿਸ਼ਾਨਾ ਬਣਾਉਣ ਦੀ ਯੋਜਨਾ ਸੀ

ਅਮਰੀਕੀ ਅਦਾਲਤ ਦੇ ਨਵੇਂ ਖੁੱਲ੍ਹੇ ਦਸਤਾਵੇਜ਼ਾਂ ਨੇ ਹਰਦੀਪ ਸਿੰਘ ਨਿੱਝਰ ਦੇ 2023 ਦੇ ਕਤਲ ਅਤੇ ਸਿੱਖਸ ਫਾਰ ਜਸਟਿਸ ਦੇ ਆਗੂ ਗੁਰਪਤਵੰਤ ਸਿੰਘ ਪੰਨੂ 'ਤੇ ਨਿਊਯਾਰਕ ਵਿੱਚ ਕਤਲ ਦੀ ਸਾਜ਼ਿਸ਼ ਦਰਮਿਆਨ ਸਬੰਧ ਨੂੰ ਉਜਾਗਰ ਕੀਤਾ ਹੈ। ਇਸ ਮਾਮਲੇ ਵਿੱਚ ਭਾਰਤ ਸਰਕਾਰ ਦੇ ਕਰਮਚਾਰੀ ਵਿਕਾਸ਼ ਯਾਦਵ ਦਾ ਨਾਂ ਸਾਹਮਣੇ ਆਇਆ ਹੈ, ਜੋ ਹੁਣ ਐਫਬੀਆਈ ਦੀ ਮੋਸਟ ਵਾਂਟਡ ਸੂਚੀ ਵਿੱਚ ਸ਼ਾਮਲ ਹੈ। 18 ਜੂਨ 2023 ਨੂੰ ਸਰੀ ਦੇ ਗੁਰੂ ਨਾਨਕ ਸਿੱਖ ਗੁਰਦੁਆਰੇ ਦੇ ਪਾਰਕਿੰਗ ਲਾਟ ਵਿੱਚ ਭਾਈ ਹਰਦੀਪ ਸਿੰਘ ਨਿੱਝਰ (45) ਨੂੰ ਦੋ ਨਕਾਬਪੋਸ਼ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ।

ਭਾਈ ਨਿੱਝਰ, ਜੋ ਖਾਲਿਸਤਾਨ ਲਹਿਰ ਦੇ ਪ੍ਰਮੁੱਖ ਸਮਰਥਕ ਅਤੇ ਗੁਰਦੁਆਰੇ ਦੇ ਪ੍ਰਧਾਨ ਸਨ, ਆਪਣੇ ਟਰੱਕ ਵਿੱਚ ਮ੍ਰਿਤਕ ਹਾਲਤ ਵਿੱਚ ਮਿਲੇ। ਅਮਰੀਕੀ ਅਦਾਲਤ ਦੇ ਦਸਤਾਵੇਜ਼ਾਂ ਅਨੁਸਾਰ, ਪੰਨੂ ਦੇ ਕਤਲ ਦੀ ਸਾਜ਼ਿਸ਼, ਜੋ ਸਿੱਖ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਹਨ, ਦਾ ਸਿੱਧਾ ਸਬੰਧ ਭਾਈ ਨਿੱਝਰ ਦੇ ਕਤਲ ਨਾਲ ਹੈ। ਦਸਤਾਵੇਜ਼ਾਂ ਵਿੱਚ ਦੱਸਿਆ ਗਿਆ ਹੈ ਕਿ ਵਿਕਾਸ਼ ਯਾਦਵ, ਜੋ ਭਾਰਤ ਸਰਕਾਰ ਦਾ ਸੀਨੀਅਰ ਅਧਿਕਾਰੀ ਸੀ, ਨੇ



ਨਿਖਿਲ ਗੁਪਤਾ ਨੂੰ ਪੰਨੂ ਦੇ ਕਤਲ ਲਈ ਭਰਤੀ ਕੀਤਾ ਸੀ। ਮਈ 2023 ਵਿੱਚ, ਯਾਦਵ ਨੇ ਗੁਪਤਾ ਨੂੰ ਇੱਕ ਅਪਰਾਧੀ ਸਾਥੀ ਸਮਝ ਕੇ ਸੰਪਰਕ ਕੀਤਾ, ਜੋ ਅਸਲ ਵਿੱਚ ਅਮਰੀਕੀ ਖੁਫੀਆ ਏਜੰਸੀ ਦਾ ਗੁਪਤ ਏਜੰਟ ਸੀ। ਗੁਪਤਾ ਨੇ 100,000 ਡਾਲਰ ਦੀ ਸੁਪਾਰੀ ਦੀ ਗੱਲ ਕੀਤੀ ਸੀ, ਜਿਸ ਵਿੱਚ 15,000 ਡਾਲਰ ਅਗਾਊਂ ਅਦਾ ਕੀਤੇ ਗਏ। ਗੁਪਤਾ ਨੇ ਏਜੰਟ ਨੂੰ ਕਿਹਾ ਸੀ ਕਿ ਨਿੱਝਰ ਵੀ "ਟਾਰਗੇਟ" ਸੀ ਅਤੇ ਉਹ ਸੂਚੀ ਵਿੱਚ "#4 ਜਾਂ #3" ਸੀ, ਜਿਸ ਨਾਲ ਨਿੱਝਰ ਦੇ ਕਤਲ ਦੀ ਸਾਜ਼ਿਸ਼ ਦਾ ਸ਼ੱਕ ਪੁਖਤਾ ਹੁੰਦਾ ਹੈ। ਗੁਪਤਾ ਨੂੰ ਜੂਨ 2023 ਵਿੱਚ ਚੈੱਕ ਗਣਰਾਜ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਹੁਣ ਉਹ ਨਿਊਯਾਰਕ ਵਿੱਚ 3 ਨਵੰਬਰ 2025 ਨੂੰ ਮੁਕੱਦਮੇ ਦਾ ਸਾਹਮਣਾ ਕਰੇਗਾ।

ਦਸਤਾਵੇਜ਼ਾਂ ਵਿੱਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਹੋਰ ਕਈ ਕੈਨੇਡੀਅਨ ਸਿੱਖ ਆਗੂਆਂ ਨੂੰ ਵੀ ਨਿਸ਼ਾਨਾ ਬਣਾਉਣ ਦੀ ਯੋਜਨਾ ਸੀ। ਨਿੱਝਰ ਦੇ ਕਤਲ ਵਿੱਚ ਚਾਰ ਭਾਰਤੀ ਨਾਗਰਿਕਾਂ-ਅਮਨਦੀਪ ਸਿੰਘ, ਕਰਨ ਬਰਾੜ, ਕਮਲਪ੍ਰੀਤ ਸਿੰਘ ਅਤੇ ਕਰਨਪ੍ਰੀਤ ਸਿੰਘ-'ਤੇ ਪਹਿਲੇ ਦਰਜੇ ਦੇ ਕਤਲ ਅਤੇ ਸਾਜ਼ਿਸ਼ ਦੇ ਦੋਸ਼ ਹਨ। ਇਹਨਾਂ ਦੀ ਅਗਲੀ ਅਦਾਲਤੀ ਸੁਣਵਾਈ 14 ਅਗਸਤ ਨੂੰ ਹੋਵੇਗੀ। ਹਾਲਾਂਕਿ, ਇਹਨਾਂ ਨੂੰ ਸੁਪਾਰੀ ਦੇਣ ਵਾਲੇ ਦੀ ਪਛਾਣ ਅਜੇ ਨਹੀਂ ਹੋਈ। ਪੰਨੂ ਅਤੇ ਸਿੱਖ ਫਾਰ ਜਸਟਿਸ ਨੇ ਦਾਅਵਾ ਕੀਤਾ ਹੈ ਕਿ ਇਹ ਸਾਜ਼ਿਸ਼ਾਂ ਭਾਰਤ ਸਰਕਾਰ ਦੀ "ਅੰਤਰਰਾਸ਼ਟਰੀ ਦਮਨ" ਨੀਤੀ ਦਾ ਹਿੱਸਾ ਹਨ। ਪੰਨੂ ਨੇ ਕਿਹਾ ਕਿ ਕੈਨੇਡਾ ਵਿੱਚ 100 ਤੋਂ ਵੱਧ ਸਿੱਖ ਆਗੂ ਭਾਰਤੀ ਕੌਂਸਲੇਟਾਂ ਦੀ ਨਿਗਰਾਨੀ ਹੇਠ "ਹਿਟ ਲਿਸਟ" 'ਤੇ ਹਨ। ਕੈਨੇਡੀਅਨ ਤੇ ਅਮਰੀਕੀ ਖੁਫੀਆ ਏਜੰਸੀਆਂ ਇਸ ਮਾਮਲੇ ਦੀ ਸਾਂਝੀ ਜਾਂਚ ਕਰ ਰਹੀਆਂ ਹਨ।

ਅਕਤੂਬਰ 2024 ਵਿੱਚ, ਕੈਨੇਡਾ ਨੇ ਛੇ ਭਾਰਤੀ ਡਿਪਲੋਮੈਟਾਂ ਨੂੰ ਨਿਕਾਲਾ ਦਿੱਤਾ, ਜਿਨ੍ਹਾਂ ਨੂੰ ਨਿੱਝਰ ਦੇ ਕਤਲ ਨਾਲ ਜੋੜਿਆ ਗਿਆ। ਕੈਨੇਡੀਅਨ ਪੁਲਿਸ ਨੇ ਦਾਅਵਾ ਕੀਤਾ ਕਿ ਉਹਨਾਂ ਕੋਲ "ਪੁਖਤਾ ਸਬੂਤ" ਹਨ ਜੋ ਭਾਰਤੀ ਏਜੰਟਾਂ ਨੂੰ ਇਹਨਾਂ ਅਪਰਾਧਾਂ ਨਾਲ ਜੋੜਦੇ ਹਨ। ਭਾਰਤ ਨੇ ਇਹਨਾਂ ਦੋਸ਼ਾਂ ਨੂੰ "ਬੇਹੂਦਾ" ਕਰਾਰ ਦਿੱਤਾ ਅਤੇ ਜਵਾਬੀ ਕਾਰਵਾਈ ਵਜੋਂ ਛੇ ਕੈਨੇਡੀਅਨ ਡਿਪਲੋਮੈਟਾਂ ਨੂੰ ਨਿਕਾਲਾ ਦਿੱਤਾ। ਪੰਨੂ ਨੇ ਕਿਹਾ ਕਿ ਉਹ ਖਾਲਿਸਤਾਨ ਰੈਫਰੈਂਡਮ ਮੁਹਿੰਮ ਨੂੰ ਜਾਰੀ ਰੱਖਣਗੇ, ਜਿਸ ਦਾ ਅਗਲਾ ਪੜਾਅ 17 ਅਗਸਤ ਨੂੰ ਵਾਸ਼ਿੰਗਟਨ ਡੀ.ਸੀ. ਵਿੱਚ ਹੋਵੇਗਾ। ਇਹ ਸਾਜ਼ਿਸ਼ਾਂ ਸਾਨੂੰ ਨਹੀਂ ਰੋਕ ਸਕਦੀਆਂ। ਸਿੱਖ ਭਾਈਚਾਰੇ ਦੀ ਹੋਂਦ ਨੂੰ ਖਤਰਾ ਹੈ, ਅਤੇ ਅਸੀਂ ਆਪਣੀ ਆਵਾਜ਼ ਬੁਲੰਦ ਕਰਦੇ ਰਹਾਂਗੇ। ਇਹਨਾਂ ਦੋਸ਼ਾਂ ਦੀ ਅਦਾਲਤ ਵਿੱਚ ਅਜੇ ਪੁਸ਼ਟੀ ਨਹੀਂ ਹੋਈ। ਕੈਨੇਡੀਅਨ ਪੁਲਿਸ ਅਤੇ ਐਫਬੀਆਈ ਦੀ ਜਾਂਚ ਜਾਰੀ ਹੈ, ਜਿਸ ਵਿੱਚ ਹੋਰ ਸੰਭਾਵੀ ਟਾਰਗੇਟਸ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਮਾਮਲਾ ਪੰਜਾਬ ਵਿਚ ਗੈਂਗਵਾਰ ਦੇ ਖੂਨੀ ਸੰਘਰਸ਼ ਦਾ

# ਜੱਗੂ ਭਗਵਾਨਪੁਰੀਆ ਦੀ ਮਾਂ ਦੇ ਕਤਲ ਨੇ ਮਚਾਈ ਦਹਿਸ਼ਤ

ਕਵਰ ਸਟੋਰੀ

## ✪ ਜੱਗੂ ਤੇ ਬੰਬੀਹਾ ਗੈਂਗ ਵਿਚਾਲੇ ਹੋ ਸਕਦੀਆਂ ਨੇ ਖੂਨੀ ਝੜਪਾਂ

ਪੰਜਾਬ, ਜਿਹੜਾ ਕਦੇ ਸਿੱਖ ਸੱਭਿਆਚਾਰ, ਸੰਗੀਤ ਅਤੇ ਹਰਿਆਵਲ ਦੀਆਂ ਖੁਸ਼ਬੂਆਂ ਨਾਲ ਮਹਿਕਦਾ ਸੀ, ਅੱਜ ਗੈਂਗਵਾਰ ਦੀ ਅੱਗ ਵਿਚ ਸੜ ਰਿਹਾ ਹੈ। ਬਟਾਲਾ ਵਿਚ ਬੀਤੇ ਹਫਤੇ ਰਾਤ ਦੌਰਾਨ ਸਕਾਰਪੀਓ ਵਿਚ ਬੈਠੇ ਗੈਂਗਸਟਰ ਜੱਗੂ ਭਗਵਾਨਪੁਰੀਆ ਦੀ ਮਾਂ ਹਰਜੀਤ ਕੌਰ ਅਤੇ ਉਸ ਦੇ ਰਿਸ਼ਤੇਦਾਰ ਕਰਨਵੀਰ ਸਿੰਘ ਦਾ ਦੋ ਮੋਟਰਸਾਈਕਲ ਸਵਾਰ ਨੌਜਵਾਨਾਂ ਦਾ ਬੇਰਹਿਮੀ ਨਾਲ ਕਤਲ ਕੀਤਾ ਗਿਆ। ਇਹ ਖੂਨੀ ਖੇਡ ਦਵਿੰਦਰ ਬੰਬੀਹਾ ਗੈਂਗ ਨੇ ਮਈ ਵਿਚ ਗੁਰਪ੍ਰੀਤ ਸਿੰਘ ਉਰਫ਼ ਗੋਰਾ ਬਰਿਆਰ ਦੇ ਕਤਲ ਦਾ ਬਦਲਾ ਲੈਣ ਲਈ ਖੇਡੀ। ਪਰ ਇਸ ਘਟਨਾ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਗੈਂਗਵਾਰ ਹੁਣ ਸਿਰਫ਼ ਗੈਂਗਸਟਰਾਂ ਤੱਕ ਸੀਮਤ ਨਹੀਂ, ਸਗੋਂ ਪਰਿਵਾਰਾਂ ਦੇ ਘਰਾਂ ਦੀਆਂ ਸੀਮਾਵਾਂ ਉਲੰਘ ਗਈ ਹੈ।128 ਤੋਂ ਵੱਧ ਮੁਕੱਦਮਿਆਂ ਦਾ ਸਾਹਮਣਾ ਕਰ ਰਹੇ ਜੱਗੂ ਭਗਵਾਨਪੁਰੀਆ, ਜਿਸ ਦੀ ਪੰਜਾਬ ਦੀ ਅਪਰਾਧਿਕ ਦੁਨੀਆਂ ਵਿਚ ਦਹਿਸ਼ਤ ਹੈ, ਅਸਾਮ ਦੀ ਸਿਲਚਰ ਜੇਲ੍ਹ ਵਿਚ ਬੰਦ ਹੈ। ਜੱਗੂ ਦੀ ਮਾਂ ਹਰਜੀਤ ਕੌਰ, ਜੋ ਭਗਵਾਨਪੁਰ ਪਿੰਡ ਦੀ ਸਾਬਕਾ ਸਰਪੰਚ ਸੀ। ਪਿੰਡ ਵਾਸੀਆਂ ਅਨੁਸਾਰ ਉਹ ਗਰੀਬ ਲੜਕੀਆਂ ਦੇ ਵਿਆਹ ਕਰਵਾਉਂਦੀ, ਝਗੜੇ ਸੁਲਝਾਉਂਦੀ ਸੀ। ਪਰ ਗੈਂਗਵਾਰ ਦੀ ਇਸ ਅੱਗ ਨੇ ਉਸ ਦੀ ਜਿੰਦਗੀ ਦੀ ਲੋਅ ਨੂੰ ਹਮੇਸ਼ਾ ਲਈ ਬੁਝਾ ਦਿੱਤਾ।

ਬੰਬੀਹਾ ਗੈਂਗ ਦੇ ਮੈਂਬਰਾਂ ਡੋਨੀ ਬਲ, ਬਿੱਲਾ ਮਾਂਗਾ, ਪ੍ਰਭ ਦਾਸੂਵਾਲ ਅਤੇ ਕੌਸ਼ਲ ਚੌਧਰੀ ਨੇ ਸੋਸ਼ਲ ਮੀਡੀਆ 'ਤੇ ਕਤਲ ਦੀ ਜ਼ਿੰਮੇਵਾਰੀ ਲੈਂਦਿਆਂ ਕਿਹਾ ਕਿ ਕਰਨਵੀਰ ਸਿੰਘ ਜੱਗੂ ਦਾ ਸੱਜਾ ਹੱਥ ਸੀ, ਜੋ ਉਸ ਦੇ ਸਾਰੇ ਅਪਰਾਧਿਕ ਕੰਮ ਸੰਭਾਲਦਾ ਸੀ। ਉਨ੍ਹਾਂ ਨੇ ਇਸ ਨੂੰ ਗੋਰਾ ਬਰਿਆਰ ਦੇ ਕਤਲ ਦਾ ਬਦਲਾ ਦੱਸਿਆ। ਪਰ ਅਗਲੇ ਦਿਨ ਬੰਬੀਹਾ ਗੈਂਗ ਦੀ ਇਕ ਹੋਰ ਪੋਸਟ ਨੇ ਸਭ ਨੂੰ ਹੈਰਾਨ ਕਰ ਦਿੱਤਾ, ਜਿਸ ਵਿਚ ਉਨ੍ਹਾਂ ਨੇ ਹਰਜੀਤ ਕੌਰ ਦੇ ਕਤਲ ਨੂੰ 'ਗਲਤੀ' ਕਰਾਰ ਦਿੱਤਾ। ਉਨ੍ਹਾਂ ਮੁਤਾਬਕ, ਉਹ ਸਿਰਫ਼ ਕਰਨਵੀਰ ਨੂੰ ਨਿਸ਼ਾਨਾ ਬਣਾਉਣਾ ਚਾਹੁੰਦੇ ਸਨ, ਪਰ ਹਰਜੀਤ ਕੌਰ ਦੀ ਮੌਜੂਦਗੀ ਦਾ ਉਨ੍ਹਾਂ ਨੂੰ ਪਤਾ ਨਹੀਂ ਸੀ। ਇਸ ਪੋਸਟ ਵਿਚ ਉਨ੍ਹਾਂ ਨੇ ਮੁਆਫੀ ਮੰਗਦਿਆਂ ਕਿਹਾ, "ਮਾਵਾਂ ਸਭ ਦੀਆਂ ਸਾਂਝੀਆਂ ਹੁੰਦੀਆਂ ਨੇ।" ਇਸ ਦੇ ਜਵਾਬ ਵਿਚ ਜੱਗੂ ਭਗਵਾਨਪੁਰੀਆ ਦੀ ਟੀਮ ਨੇ ਵੀ ਸੋਸ਼ਲ ਮੀਡੀਆ 'ਤੇ ਆਪਣਾ ਗੁੱਸਾ ਜ਼ਾਹਰ ਕੀਤਾ। ਉਨ੍ਹਾਂ ਦੀ ਪੋਸਟ ਵਿਚ ਲਿਖਿਆ ਕਿ "ਸਾਡੀ ਦੁਸ਼ਮਣੀ ਸਾਡੇ ਵਿਚਕਾਰ ਹੈ, ਪਰਿਵਾਰਾਂ ਨਾਲ ਨਹੀਂ। ਹਰਜੀਤ ਕੌਰ ਨੇ ਮੇਰੇ ਲਈ ਵਿੱਤੀ ਮੁਸ਼ਕਲਾਂ ਸਹੀਆਂ, ਉਸ ਦਾ ਕਤਲ ਗਲਤ ਸੀ। ਹੁਣ ਹੱਦਾਂ ਪਾਰ ਹੋ ਜਾਣਗੀਆਂ।" ਇਸ ਤਰ੍ਹਾਂ ਦੋਵੇਂ ਗਰੁੱਪਾਂ ਦੀਆਂ ਸੋਸ਼ਲ ਮੀਡੀਆ ਪੋਸਟਾਂ ਨੇ ਪੰਜਾਬ ਵਿਚ ਗੈਂਗਵਾਰ ਦੇ ਹੋਰ ਤੇਜ਼



ਹੋਣ ਦੀ ਸੰਭਾਵਨਾ ਨੂੰ ਹਵਾ ਦੇ ਦਿੱਤੀ ਹੈ।

ਕਾਂਗਰਸ ਆਗੂ 'ਤੇ ਗੰਭੀਰ ਦੋਸ਼-ਇਸ ਖੂਨੀ ਖੇਡ ਵਿਚ ਇਕ ਨਵਾਂ ਮੋੜ ਉਦੋਂ ਆਇਆ ਜਦੋਂ ਜੱਗੂ ਦੀ ਚਾਚੀ ਰਾਜਵਿੰਦਰ ਕੌਰ ਨੇ ਕਾਂਗਰਸ ਦੇ ਸੰਸਦ ਮੈਂਬਰ ਅਤੇ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ 'ਤੇ ਕਤਲ ਦਾ ਦੋਸ਼ ਲਗਾਇਆ। ਰਾਜਵਿੰਦਰ ਮੁਤਾਬਕ, ਇਹ ਕਤਲ ਸਿਆਸੀ ਅਤੇ ਵਪਾਰਕ ਰੰਜਿਸ਼ ਕਾਰਨ ਕੀਤਾ ਗਿਆ। ਉਨ੍ਹਾਂ ਨੇ ਰੰਧਾਵਾ, ਉਸ ਦੇ ਪੁੱਤਰ ਉਦੈਵੀਰ ਸਿੰਘ, ਅਮਨਦੀਪ ਸਿੰਘ ਜੰਟੀਪੁਰੀਆ, ਰਵਿੰਦਰ ਸਿੰਘ ਅਤੇ ਨਿਰਮਲ ਸਿੰਘ 'ਤੇ ਵੀ ਸ਼ਾਮਲ ਹੋਣ ਦਾ ਇਲਜ਼ਾਮ ਲਗਾਇਆ। ਰਾਜਵਿੰਦਰ ਨੇ ਦਾਅਵਾ ਕੀਤਾ ਕਿ ਹਮਲਾਵਰਾਂ ਨੇ ਕਤਲ ਤੋਂ ਬਾਅਦ ਰੰਧਾਵਾ ਨੂੰ ਫੋਨ ਕਰਕੇ ਕਿਹਾ ਕਿ ਅਸੀਂ ਕੰਮ ਕਰ ਦਿੱਤਾ।" ਬਟਾਲਾ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਗਈ ਹੈ, ਪਰ ਰੰਧਾਵਾ ਨੇ ਇਸ ਮਾਮਲੇ 'ਤੇ ਚੁੱਪੀ ਸਾਧੀ ਹੋਈ ਹੈ, ਸਿਰਫ਼ ਇਹ ਕਹਿ ਕੇ ਕਿ ਜਾਂਚ ਤੋਂ ਬਾਅਦ ਹੀ ਕੁਝ ਕਹਿਣਗੇ। ਇਸ ਨੇ ਪੰਜਾਬ ਦੀ ਸਿਆਸਤ ਵਿਚ ਵੀ ਹਲਚਲ ਮਚਾ ਦਿੱਤੀ ਹੈ, ਜਿਸ ਨਾਲ ਗੈਂਗਵਾਰ ਦਾ ਮਸਲਾ ਸਿਆਸੀ ਰੰਗ ਵੀ ਲੈ ਰਿਹਾ ਹੈ।

ਪੰਜਾਬ ਵਿਚ ਗੈਂਗਸਟਰਾਂ ਦਾ ਜਾਲ, ਸਰਕਾਰ ਦੀ ਨਾਕਾਮੀ ?-ਪੰਜਾਬ ਵਿਚ ਗੈਂਗਵਾਰ ਦਾ ਇਹ ਨਵਾਂ ਰੂਪ, ਜਿੱਥੇ ਪਰਿਵਾਰਕ ਮੈਂਬਰਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ, ਸਮਾਜ ਲਈ ਵੱਡੀ ਚੁਣੌਤੀ ਬਣ ਗਿਆ ਹੈ। ਸੂਬੇ ਵਿਚ ਵਿੱਕੀ ਗੌਂਡਰ, ਲਾਰੈਂਸ ਬਿਸ਼ਨੋਈ, ਪ੍ਰੇਮਾ ਲਾਹੌਰੀਆ, ਗੋਲਡੀ ਬਰਾੜ ਅਤੇ ਦਵਿੰਦਰ ਬੰਬੀਹਾ ਵਰਗੇ ਗੈਂਗਸਟਰਾਂ ਦੀ ਲੰਬੀ ਸੂਚੀ ਹੈ। ਅੰਕੜਿਆਂ ਮੁਤਾਬਕ, ਪੰਜਾਬ ਵਿਚ 30 ਤੋਂ ਵੱਧ ਸੰਗਠਿਤ ਗੈਂਗ ਸਰਗਰਮ ਹਨ, ਜੋ ਨਸ਼ੀਲੇ ਪਦਾਰਥਾਂ ਦੀ ਤਸਕਰੀ, ਫਿਰੌਤੀ, ਕਤਲ ਅਤੇ ਹਥਿਆਰਾਂ ਦੇ ਗੈਰ-ਕਾਨੂੰਨੀ ਵਪਾਰ ਵਿਚ ਸ਼ਾਮਲ ਹਨ। ਸਰਕਾਰ ਅਤੇ ਪੁਲਿਸ ਨੇ ਨਸ਼ਿਆਂ ਅਤੇ ਗੈਂਗਵਾਰ ਨੂੰ ਰੋਕਣ ਲਈ ਕਈ ਦਾਅਵੇ ਕੀਤੇ, ਪਰ ਹਰਜੀਤ ਕੌਰ ਦਾ ਕਤਲ ਸਪੱਸ਼ਟ ਕਰਦਾ ਹੈ ਕਿ ਸਥਿਤੀ ਹੱਥੋਂ ਨਿਕਲ ਰਹੀ ਹੈ। ਹੁਣ ਸਰਕਾਰ ਵਲੋਂ ਸਖ਼ਤ ਨੀਤੀਆਂ ਅਤੇ ਵੱਡੀਆਂ ਕਾਰਵਾਈਆਂ ਦੀ ਲੋੜ ਹੈ। ਪੁਲਿਸ ਦੀ ਚੁੱਪੀ ਅਤੇ ਸੋਸ਼ਲ ਮੀਡੀਆ 'ਤੇ ਗੈਂਗਸਟਰਾਂ ਦੀਆਂ ਧਮਕੀਆਂ ਨੇ ਲੋਕਾਂ ਵਿਚ ਡਰ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਪੁਲਿਸ ਨੂੰ ਸਖਤੀ ਕਰਨ ਦੀ ਜ਼ਰੂਰਤ ਹੈ, ਨਹੀਂ ਤਾਂ ਇਹ ਖੂਨੀ ਖੇਡ ਸੂਬੇ ਦੀ ਸ਼ਾਂਤੀ ਨੂੰ ਹਮੇਸ਼ਾ ਲਈ ਨਿਗਲ ਜਾਵੇਗੀ।

# ਯੂ ਕੇ ਵਿੱਚ ਗੁਰਦੁਆਰਾ ਪ੍ਰਬੰਧਾਂ ਨੂੰ ਯੋਗ ਤੇ ਨਿਪੁੰਨ ਬਣਾਉਣ ਲਈ ਗੁਰਦੁਆਰਾ ਏਡ ਵੱਲੋਂ ਡਰਬੀ ਵਿਖੇ ਕਾਨਫਰੰਸ ਦੌਰਾਨ ਮਹੱਤਵਪੂਰਨ ਕਿਤਾਬ ਜਾਰੀ

## 14 ਜੁਲਾਈ ਨੂੰ ਇਹ ਕਿਤਾਬ ਯੂ ਕੇ ਦੀ ਪਾਰਲੀਮੈਂਟ ਵਿਖੇ ਜਾਰੀ ਕੀਤੀ ਜਾਵੇਗੀ – ਗੁਰਦੁਆਰਾ ਏਡ

*ਡਰਬੀ, (ਪੰਜਾਬ ਟਾਈਮਜ਼) – ਯੂ ਕੇ ਵਿੱਚ ਗੁਰਦੁਆਰਾ ਪ੍ਰਬੰਧਾਂ ਨੂੰ ਵਧੇਰੇ ਨਿਪੁੰਨ ਅਤੇ ਪੁਖਤਾ ਬਨਾਉਣ ਲਈ ਐਤਵਾਰ 28 ਜੂਨ 2025 ਨੂੰ 200 ਤੋਂ ਵੱਧ ਸਿੱਖ ਭਾਈਚਾਰੇ ਦੀ ਲੀਡਰਸ਼ਿਪ ਦੇ ਹਾਜ਼ਰੀਨ ਦੇ ਸਨਮੁੱਖ 'ਦ ਗੁਰਦੁਆਰਾ ਹੈਂਡਬੁੱਕ' ਬੰਦਾ ਸਿੰਘ ਬਹਾਦਰ ਹਾਲ, ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ, ਡਰਬੀ ਵਿਖੇ ਜਾਰੀ ਕੀਤੀ ਗਈ।*


ਹੋਰ ਤਸਵੀਰਾਂ ਸਫ਼ਾ 2 ਤੇ ਦੇਖੋ

ਗੁਰਦੁਆਰਿਆਂ ਦੇ ਭਵਿੱਖ ਨੂੰ ਤਾਕਤਵਰ ਬਨਾਉਣ ਅਤੇ ਗੁਰਦੁਆਰਾ ਪ੍ਰਬੰਧਾਂ ਵਿੱਚ ਵਧੇਰੇ ਨਿਪੁੰਨਤਾ ਲਿਆਉਣ ਲਈ ਇਹ ਕਾਨਫਰੰਸ ਆਯੋਜਿਤ ਕੀਤੀ ਗਈ, ਜਿਸਦੀ ਮੇਜ਼ਬਾਨੀ ਗੁਰਦੁਆਰਾ ਏਡ ਦੁਆਰਾ ਕੀਤੀ ਗਈ।

ਇਸ ਕਾਨਫਰੰਸ ਵਿੱਚ ਯੂਕੇ ਭਰ ਦੇ ਗੁਰਦੁਆਰਾ ਟਰੱਸਟੀ, ਸੇਵਾਦਾਰ, ਪੇਸ਼ੇਵਰ, ਨੌਜਵਾਨ ਅਤੇ ਗੁਰਦੁਆਰਾ ਆਗੂਆਂ ਨੇ ਸ਼ਿਰਕਤ ਕੀਤੀ। ਕਾਨਫਰੰਸ ਦੌਰਾਨ ਬੁਲਾਰਿਆਂ ਨੇ ਵਿਚਾਰ ਪ੍ਰਗਟ ਕਰਦਿਆਂ ਦੱਸਿਆ ਕਿ ਗੁਰਦੁਆਰੇ ਆਪਣੇ ਅੰਦਰੂਨੀ ਪ੍ਰਬੰਧਾਂ ਨੂੰ ਕਿਵੇਂ ਮਜ਼ਬੂਤ ਕਰ ਸਕਦੇ ਹਨ ਅਤੇ ਬਦਲਦੇ ਸੰਸਾਰ ਵਿੱਚ ਸੰਗਤ ਦੀ ਬਿਹਤਰ ਸੇਵਾ ਕਰ ਸਕਦੇ ਹਨ।


ਡਾ. ਗੁਰਨਾਮ ਸਿੰਘ ਨੇ ਚੰਗੇ ਪ੍ਰਬੰਧਾਂ ਦੀ ਜ਼ਰੂਰੀ ਲੋੜ ਬਾਰੇ ਬੋਲਦੇ ਹੋਏ ਆਪਣੇ ਵਿਚਾਰ ਸਾਂਝੇ ਕੀਤੇ।ਨਵੀਂ ਪ੍ਰਕਾਸ਼ਿਤ 'ਦ ਗੁਰਦੁਆਰਾ ਹੈਂਡਬੁਕ' ਗੁਰਦੁਆਰਿਆਂ ਨੂੰ ਕਾਨੂੰਨੀ, ਨੈਤਿਕ ਤੌਰ 'ਤੇ ਚਲਾਉਣ ਅਤੇ ਸਾਰੇ ਫੈਸਲੇ ਲੈਣ ਦੇ ਕੇਂਦਰ ਵਿੱਚ ਗੁਰਮਤਿ ਕਦਰਾਂ-ਕੀਮਤਾਂ ਦੇ ਨਾਲ ਕੰਮ ਕਰਨ ਵਿੱਚ ਮਦਦ ਕਰਨ ਲਈ ਇੱਕ ਵਿਹਾਰਕ, ਸਾਧਨ ਵਜੋਂ ਤਿਆਰ ਕੀਤੀ ਗਈ ਹੈ। ਇਹ ਨੀਤੀਆਂ, ਸੁਰੱਖਿਆ, ਵਿੱਤ, ਨੌਜਵਾਨਾਂ ਦੀ ਸ਼ਮੂਲੀਅਤ ਅਤੇ ਟਰੱਸਟੀ ਜ਼ਿੰਮੇਵਾਰੀਆਂ ਬਾਰੇ ਪਹੁੰਚਯੋਗ ਮਾਰਗਦਰਸ਼ਨ ਪ੍ਰਦਾਨ ਕਰਦੀ ਹੈ।

ਇਸ ਕਾਨਫਰੰਸ ਵਿੱਚ ਹਾਜ਼ਰੀ ਭਰਨ ਵਾਲੇ ਅਤੇ ਯੋਗਦਾਨੀਆਂ ਵਿੱਚ ਹੇਠਾਂ ਲਿਖੀਆਂ ਪ੍ਰਸਿੱਧ ਸ਼ਕਸੀਅਤਾਂ ਸ਼ਾਮਲ ਹਨ: ●ਗੁਰਿੰਦਰ ਸਿੰਘ ਜੋਸਨ ਪਾਰਲੀਮੈਂਟ ਮੈਂਬਰ ਸਮੈਦਿਕ, ●ਭਗਤ ਸਿੰਘ ਬਾਗੀ ਸ਼ੰਕਰ ਡਰਬੀ ਸਾਊਥ ਲਈ ਐਮ.ਪੀ., ●ਟੈਲਫੋਰਡ ਦੇ ਲੌਰਡ ਸਹੋਤਾ, ● ਰਜਿੰਦਰ ਸਿੰਘ ਪੁਰੇਵਾਲ, ਜਨਰਲ ਸਕੱਤਰ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਡਰਬੀ ਅਤੇ ਚੇਅਰਮੈਨ ਸਿੱਖ ਅਜਾਇਬਘਰ ਡਰਬੀ, ●ਰਘਵੀਰ ਸਿੰਘ ਬੀਰਾ ਸੇਵਾਦਾਰ ਬਾਬਾ ਸੰਗ ਜੀ ਗੁਰਦੁਆਰਾ, ●ਰਣਜੀਤ ਸਿੰਘ ਸੀਹਰਾ ਪ੍ਰਧਾਨ ਰਾਮਗੜ੍ਹੀਆ ਕੌਂਸਲ ਯੂ.ਕੇ., ●ਡਾ: ਪਲਵਿੰਦਰ ਸਿੰਘ ਗਰਚਾ ਸਿੰਘ ਸਭਾ ਗੁਰਦੁਆਰਾ ਸਾਊਥਾਲ ਦੇ ਨੁੰਮਾਇੰਦੇ, ●ਗੁਰਦਿਆਲ ਸਿੰਘ ਅਟਵਾਲ ਬਾਬਾ ਦੀਪ ਸਿੰਘ ਗੁਰਦੁਆਰਾ, ●ਗੁਰਪ੍ਰੀਤ ਸਿੰਘ ਸਿੱਧੂ ਸਿੱਖ ਖੇਡਾਂ, ●ਇੰਦਰਜੀਤ ਸਿੰਘ ਪਨੇਸਰ ਪ੍ਰਧਾਨ ਰਾਮਗੜ੍ਹੀਆ ਗੁਰਦੁਆਰਾ ਲੈਸਟਰ, ●ਪਰਮਜੋਤ ਸਿੰਘ ਸੌਂਦ ਡਿਜੀਟਲ ਗੋਲਕ, ●ਗੁਰਦੁਆਰਾ ਏਡ ਦੇ ਸੇਵਾਦਾਰ ਜਗਤਾਰ ਸਿੰਘ ਗਿੱਲ, ਹਰਵਿੰਦਰ ਸਿੰਘ ਰਾਏ, ਮਨਦੀਪ ਸਿੰਘ ਸੋਹਲ, ਪਰਮਜੀਤ ਕੌਰ ਮਠਾੜੂ, ●ਜੋਗਿੰਦਰ ਸਿੰਘ ਟਰੱਸਟੀ ਸਿੰਘ ਸਭਾ ਗੁਰਦੁਆਰਾ ਕਵੈਂਟਰੀ, ●ਕਮਲਦੀਪ ਸਿੰਘ ਸਿੱਖ ਗਾਰਡ, ●ਸੁਰਿੰਦਰ ਕੌਰ ਸਹੋਤਾ ਰਾਖਾ ਆਦਿ ਦੇ ਨਾਂ ਵਰਣਨ ਯੋਗ ਹਨ।

ਗੁਰਦੁਆਰਾ ਏਡ ਟੀਮ ਨੇ ਇਸ ਸਮਾਗਮ ਨੂੰ "ਸਿੱਖ ਸੰਸਥਾਵਾਂ ਦੇ ਭਵਿੱਖ ਲਈ ਇੱਕ ਮਹੱਤਵਪੂਰਨ ਪਲ" ਦੱਸਿਆ, ਹੈਂਡਬੁੱਕ ਦੀ ਸਪੱਸ਼ਟਤਾ ਅਤੇ ਸਾਰਥਕਤਾ ਅਤੇ ਸਮਾਗਮ ਦੇ ਸੰਗਠਨ ਦੀ ਪ੍ਰਸ਼ੰਸਾ ਕੀਤੀ।

ਇਸ ਦੇ ਨਾਲ ਹੀ ਗੁਰਦੁਆਰਾ ਏਡ ਦੇ ਸੇਵਾਦਾਰਾਂ ਵੱਲੋਂ ਦੱਸਿਆ ਗਿਆ ਕਿ 14 ਜੁਲਾਈ ਨੂੰ ਪਾਰਲੀਮੈਂਟ ਵਿਖੇ ਵੀ ਇਹ ਕਿਤਾਬ ਜਾਰੀ ਕੀਤੀ ਜਾ ਰਹੀ ਹੈ, ਤੇ ਅਧਿਕਾਰਤ ਤੌਰ 'ਤੇ ਗੁਰਦੁਆਰਿਆਂ ਨੂੰ ਉਸ ਮੌਕੇ ਵੀ ਹਾਜ਼ਰੀ ਭਰਨ ਲਈ ਸੱਦਾ ਦਿੱਤਾ ਗਿਆ। ਪਾਰਲੀਮੈਂਟ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਦਿੱਤੀ ਗਈ ਵੈਬਸਾਈਟ ਰਾਹੀਂ ਆਪਣੀ ਹਾਜ਼ਰੀ ਬਾਰੇ ਗੁਰੂ ਘਰਾਂ ਦੇ ਸੇਵਾਦਾਰ ਅਤੇ ਸਿੱਖ ਸੰਗਤਾਂ ਹੈਂਡਬੁੱਕ ਤੱਕ ਪਹੁੰਚ ਕਰਨ ਲਈ 'ਗੁਰਦੁਆਰਾ ਏਡ' ਦੀ ਵੈੱਬਸਾਈਟ ਰਾਹੀਂ ਸਾਈਨ ਅੱਪ ਕਰ ਸਕਦੇ ਹਨ ਅਤੇ ਆਪਣੀਆਂ ਕਮੇਟੀਆਂ ਲਈ ਛਪੀਆਂ ਕਾਪੀਆਂ ਆਰਡਰ ਕਰ ਸਕਦੇ ਹਨ।

ਸੇਵਾਦਾਰਾਂ ਨੇ ਬੇਨਤੀ ਕੀਤੀ ਕਿ ਪੰਥ ਦੇ ਇਸ ਸਰਬ ਸਾਂਝੇ ਯਤਨਾਂ ਦੀ ਸਫਲਤਾ ਲਈ ਗੁਰਦੁਆਰਾ ਏਡ ਨੂੰ ਸਹਿਯੋਗ ਦਿਓ। ਵਧੇਰੇ ਜਾਣਕਾਰੀ, ਤਸਵੀਰਾਂ, ਜਾਂ ਇਹ ਕਿਤਾਬ ਹਾਸਲ ਕਰਨ ਲਈ, ਗੁਰਦੁਆਰਾ ਏਡ ਦੇ ਸੇਵਾਦਾਰਾਂ ਨਾਲ ਸੰਪਰਕ ਕਰੋ।




ਯਾਦ ਰਹੇ ਗੁਰਦੁਆਰਾ ਏਡ ਸਿੱਖ ਭਾਈਚਾਰੇ ਦੀ ਅਗਵਾਈ ਕਰਨ ਵਾਲੀ ਇੱਕ ਅਹਿਮ ਸੰਸਥਾ ਹੈ ਜੋ ਯੂ ਕੇ ਦੇ ਗੁਰਦੁਆਰਿਆਂ ਨੂੰ ਉਨ੍ਹਾਂ ਦੇ ਸੰਚਾਲਨ, ਸੁਰੱਖਿਆ, ਸ਼ਾਸਨ ਅਤੇ ਭਾਈਚਾਰਕ ਪ੍ਰਭਾਵ ਨੂੰ ਮਜ਼ਬੂਤ ਕਰਨ ਵਿੱਚ ਸਹਾਇਤਾ ਕਰਦੀ ਹੈ। ਸਾਧਨਾਂ, ਸਿਖਲਾਈ ਅਤੇ ਸਹਿਯੋਗ ਰਾਹੀਂ, ਇਹ ਗੁਰਦੁਆਰਿਆਂ ਨੂੰ ਸਿੱਖ ਕਦਰਾਂ-ਕੀਮਤਾਂ ਅਤੇ ਕਾਨੂੰਨੀ ਜ਼ਿੰਮੇਵਾਰੀਆਂ ਦੇ ਅਨੁਸਾਰ ਸੰਗਤ ਦੀ ਬਿਹਤਰ ਸੇਵਾ ਕਰਨ ਵਿੱਚ ਮਦਦ ਕਰਦੀ ਹੈ।

## ਗ੍ਰਿਫਤਾਰ ਪ੍ਰਵਾਸੀ ਸੂਡਾਨ ਵਰਗੇ ਗੜਬੜਗ੍ਰਸਤ ਦੇਸ਼ਾਂ ਵਿਚ ਭੇਜੇ ਜਾਣਗੇ – ਸੁਪਰੀਮ ਕੋਰਟ ਨੇ ਦਿੱਤੀ ਹਰੀ ਝੰਡੀ

ਸੈਕਰਾਮੈਂਟੋ, ਕੈਲੀਫੋਰਨੀਆ (ਹਸਨ ਲੜੋਆ ਬੰਗਾ)– ਸੁਪਰੀਮ ਕੋਰਟ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਹੰਗਾਮੀ ਹਾਲਤ ਵਿਚ ਕੀਤੀ ਗਈ ਬੇਨਤੀ ਨੂੰ ਸਵਿਕਾਰ ਕਰਦਿਆਂ ਗ੍ਰਿਫਤਾਰ ਪ੍ਰਵਾਸੀਆਂ ਨੂੰ ਉਨਾਂ ਦੇ ਮੂਲ ਦੇਸ਼ਾਂ ਵਿਚ ਭੇਜਣ ਦੀ ਬਜਾਏ ਦੱਖਣੀ ਸੂਡਾਨ ਵਰਗੇ ਗੜਬੜਗ੍ਰਸਤ ਦੇਸ਼ਾਂ ਵਿਚ ਭੇਜਣ ਦੀ ਇਜਾਜ਼ਤ ਦੇ ਦਿੱਤੀ ਹੈ। ਸੁਪਰੀਮ ਕੋਰਟ ਨੇ ਕਿਹਾ ਹੈ ਕਿ ਇਸ ਵਾਸਤੇ ਘੱਟੋ ਘੱਟ ਸਮੇ ਲਈ ਨੋਟਿਸ ਦੇਣ ਦੀ ਲੋੜ ਹੈ। ਟਰੰਪ ਪ੍ਰਸ਼ਾਸਨ ਲਈ ਇਹ ਨਿਰਨਾ ਇਕ ਵੱਡੀ ਪ੍ਰਾਪਤੀ ਮੰਨਿਆ ਜਾ ਰਿਹਾ ਹੈ। ਟਰੰਪ ਪ੍ਰਸ਼ਾਸਨ ਨੇ ਦਲੀਲ ਦਿੱਤੀ ਹੈ ਕਿ ਇਕ ਹੇਠਲੀ ਅਦਾਲਤ ਨੇ ਡਿਪਾਰਟਮੈਂਟ ਆਫ ਹੋਮਲੈਂਡ ਸਕਿਉਰਿਟੀ ਨੂੰ ਇਹ ਆਦੇਸ਼ ਦੇ ਕੇ ਕਿ ਪ੍ਰਵਾਸੀਆਂ ਨੂੰ ਪਹਿਲਾਂ ਲਿਖਤੀ ਨੋਟਿਸ ਵਿਚ ਇਹ ਦੱਸਣਾ ਪਵੇਗਾ ਕਿ ਉਨਾਂ ਨੂੰ ਕਿਥੇ ਭੇਜਿਆ ਜਾ ਰਿਹਾ ਹੈ, ਉਸ ਦੀ ਅਥਾਰਿਟੀ ਨੂੰ ਹੜੱਪ ਲਿਆ ਹੈ। ਇਸ ਦੇ ਨਾਲ ਹੀ ਹੇਠਲੀ ਅਦਾਲਤ ਨੇ ਪ੍ਰਵਾਸੀਆਂ ਨੂੰ ਤਸ਼ੱਦਦ ਦੇ ਡਰ ਦੇ ਆਧਾਰ ਤੇ ਦੇਸ਼ ਨਿਕਾਲੇ ਨੂੰ ਚੁਣੌਤੀ ਦੇਣ ਦਾ ਅਵਸਰ ਦੇ ਕੇ ਗਲਤ ਕੀਤਾ ਹੈ। ਸੁਪਰੀਮ ਕੋਰਟ ਦੇ 3 ਲਿਬਰਲ ਜੱਜਾਂ ਸੋਨੀਆ ਸੋਟੋਮੇਅਰ, ਏਲੇਨਾ ਕਾਗਨ ਤੇ ਕੇਟਾਂਜੀ ਬਰਾਊਨ ਜੈਕਸਨ ਨੇ ਫੈਸਲੇ ਨਾਲ ਅਸਹਿਮਤੀ ਪ੍ਰਗਟਾਈ ਹੈ। ਜੱਜ ਸੋਟੋਮੇਅਰ ਨੇ ਫੈਸਲੇ ਨਾਲ ਅਸਹਿਮਤੀ ਪ੍ਰਗਟਾਉਂਦਿਆਂ ਕਿਹਾ ਕਿ ਉਸ ਦੇ ਸਾਥੀ ਜੋ ਬਹੁਗਿਣਤੀ ਵਿਚ ਹਨ, ਆਪਣੇ ਫੈਸਲੇ ਨਾਲ ਅਰਾਜਕਤਾ ਫੈਲਾਉਣ ਲਈ ਇਨਾਮ ਦੇ ਰਹੇ ਹਨ ਕਿਉਂਕਿ ਟਰੰਪ ਪ੍ਰਸ਼ਾਸਨ ਨੇ ਪਹਿਲੇ ਅਦਾਲਤੀ ਆਦੇਸ਼ਾਂ ਦੀ ਖੁਲੇਆਮ ਅਵਗਿਆ ਕੀਤੀ ਹੈ।


LEASE FOR SALE

ਗਰੀਨਫੋਰਡ ਵਿਖੇ ਐਸ ਐਸ ਧਾਲੀਵਾਲ ਕੇਟਰਿੰਗ, ਦੁਕਾਨ ਵਿਕਾਊ
ਕੀਮਤ (ਲੀਜ਼) = £1,10,000 (1 ਲੱਖ 10 ਹਜ਼ਾਰ)

Lease Price - £1,10,000

EST: 35 YEARS
Gary of GREENFORD
Open 7 Days a week:
Now on Just Eat and Uber Eats
1:00pm to 10:00pm
Collection Only
Buy One Pizza Get One FREE

ਪੀਜ਼ਾ ਅਤੇ ਲਜ਼ੀਜ਼
ਦੇਸੀ/ਪੰਜਾਬੀ ਖਾਣੇ





Weddings - Anniversaries, Birthdays-Engagements, Receptions - Corporate Events, Exhibitions, Private Parties

ਵਿਆਹ, ਜਨਮ ਦਿਨ, ਵਰ੍ਹੇਗੰਢ, ਮੰਗਣੀ/ ਕੁੜਮਾਈ ਅਤੇ ਹਰ ਤਰ੍ਹਾਂ ਦੀਆਂ ਵੱਡੀਆਂ ਛੋਟੀਆਂ ਪਾਰਟੀਆਂ ਲਈ ਕੇਟਰਿੰਗ ਕਰਦੇ ਹਾਂ:

ਵਧੇਰੇ ਜਾਣਕਾਰੀ ਲਈ ਮਿ: ਧਾਲੀਵਾਲ ਨਾਲ ਸੰਪਰਕ ਕਰੋ:

SS DHALIWAL CATERING

Tel: 0208 575 3600 / Mo: 07910 922 879
65 Marnham Crescent, Greenford, Middx, UB6 9SP

# ਸ਼੍ਰੋਮਣੀ ਕਮੇਟੀ ਵੱਲੋਂ ਨਵੰਬਰ 2025 ਵਿਚ ਕੀਤੇ ਜਾ ਰਹੇ ਸ਼ਤਾਬਦੀ ਸਮਾਗਮ

## ✪ ਯਾਦਗਾਰੀ ਬਣਾਉਣ ਲਈ ਉੱਚ ਪੱਧਰੀ ਤਾਲਮੇਲ ਕਮੇਟੀ ਬਣਾਈ

ਅੰਮ੍ਰਿਤਸਰ-ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਤਾਗੱਦੀ ਦੇ ਸਬੰਧ ਵਿੱਚ ਨਵੰਬਰ 2025 ਵਿਚ ਕੀਤੇ ਜਾਣ ਵਾਲੇ ਸ਼ਤਾਬਦੀ ਸਮਾਗਮਾਂ ਨੂੰ ਯਾਦਗਾਰੀ ਢੰਗ ਨਾਲ ਮਨਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੱਖ-ਵੱਖ ਪ੍ਰਤੀਨਿਧ ਸਿੱਖ ਸ਼ਖ਼ਸੀਅਤਾਂ ਅਤੇ ਮਹਾਂਪੁਰਖਾਂ 'ਤੇ ਅਧਾਰਿਤ ਇੱਕ ਉੱਚ ਪੱਧਰੀ ਤਾਲਮੇਲ ਕਮੇਟੀ ਦਾ ਗਠਤ ਕੀਤਾ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਬਣਾਈ ਗਈ ਇਸ ਕਮੇਟੀ ਵਿੱਚ ਸ਼੍ਰੋਮਣੀ ਕਮੇਟੀ ਪ੍ਰਧਾਨ ਸਮੇਤ ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਰਘੂਜੀਤ ਸਿੰਘ ਸੀਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਕਮੇਟੀ, ਬਾਬਾ ਹਰਨਾਮ ਸਿੰਘ ਖਾਲਸਾ ਮੁਖੀ ਦਮਦਮੀ ਟਕਸਾਲ, ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਮੁਖੀ ਤਰਨਾ ਦਲ, ਬਾਬਾ ਬਲਬੀਰ ਸਿੰਘ 96ਵੇਂ ਕਰੋੜੀ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ, ਬਾਬਾ ਅਵਤਾਰ ਸਿੰਘ ਸੁਰਸਿੰਘ ਮੁਖੀ ਦਲ ਬਾਬਾ ਬਿਧੀ ਚੰਦ, ਬਾਬਾ ਸੇਵਾ ਸਿੰਘ ਖਡੂਰ ਸਾਹਿਬ,



ਬਾਬਾ ਕਸ਼ਮੀਰ ਸਿੰਘ ਕਾਰਸੇਵਾ ਭੂਰੀਵਾਲੇ, ਸੀਨੀਅਰ ਅਕਾਲੀ ਆਗੂ ਬਲਵਿੰਦਰ ਸਿੰਘ ਭੂੰਦੜ, ਡਾ. ਦਲਜੀਤ ਸਿੰਘ ਚੀਮਾ, ਮਹੇਸ਼ਇੰਦਰ ਸਿੰਘ ਗਰੇਵਾਲ ਤੇ ਗੁਲਜ਼ਾਰ ਸਿੰਘ ਰਣੀਕੇ, ਬਾਬਾ ਜਗਜੀਤ ਸਿੰਘ ਹਰਖੋਵਾਲ ਵਾਲੇ, ਬਾਬਾ ਮੇਜਰ ਸਿੰਘ ਸੋਢੀ ਦਸਮੇਸ਼ ਤਰਨਾ ਦਲ, ਬਾਬਾ ਜਗਜੀਤ ਸਿੰਘ ਲੋਪੋਂ, ਸਵਾਮੀ ਸੁੱਕੀ ਚੋਈ ਵਾਲੇ ਹੁਸ਼ਿਆਰਪੁਰ, ਸਿੱਖ ਵਿਦਵਾਨ ਡਾ. ਬਲਕਾਰ ਸਿੰਘ, ਡਾ. ਇੰਦਰਜੀਤ ਸਿੰਘ ਗੋਗੋਆਣੀ, ਡਾ. ਕੇਹਰ ਸਿੰਘ, ਡਾ. ਅਮਰਜੀਤ ਸਿੰਘ, ਡਾ. ਪਰਮਵੀਰ ਸਿੰਘ ਤੇ ਡਾ. ਹਰਭਜਨ ਸਿੰਘ ਦੇਹਰਾਦੂਨ, ਗੁਰਮੀਤ ਸਿੰਘ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਪ੍ਰਿੰਸੀਪਲ ਬਲਜੀਤ ਸਿੰਘ ਸਾਹਿਬਜ਼ਾਦਾ ਜੁਝਾਰ ਸਿੰਘ ਮਿਸ਼ਨਰੀ ਕਾਲਜ ਚੌਂਤਾ ਕਲਾਂ, ਕੁਲਵੰਤ ਸਿੰਘ ਮੰਨਣ ਮੁੱਖ ਸਕੱਤਰ ਸ਼੍ਰੋਮਣੀ ਕਮੇਟੀ ਅਤੇ ਸਕੱਤਰ ਧਰਮ ਪ੍ਰਚਾਰ ਕਮੇਟੀ (ਕੋਆਰਡੀਨੇਟਰ) ਨੂੰ ਸ਼ਾਮਲ ਕੀਤਾ ਗਿਆ ਹੈ।

## ਪੰਜਾਬ ਸਰਕਾਰ ਵਲੋਂ ਭ੍ਰਿਸ਼ਟਾਚਾਰ ਅਤੇ ਨਸ਼ਿਆਂ ਦੇ ਦੋਸ਼ ਵਿਚ 25 ਜੇਲ੍ਹ ਅਧਿਕਾਰੀ ਸਸਪੈਂਡ

ਚੰਡੀਗੜ੍ਹ-ਮਾਨ ਸਰਕਾਰ ਦੀ ਭ੍ਰਿਸ਼ਟਾਚਾਰ ਅਤੇ ਨਸ਼ਿਆਂ ਵਿਰੁੱਧ ਸਖ਼ਤ ਕਾਰਵਾਈ ਕਰਦਿਆਂ ਜੇਲ੍ਹਾਂ ਵਿੱਚ ਵਧਦੀਆਂ ਸ਼ਿਕਾਇਤਾਂ ਤੋਂ ਬਾਅਦ ਪਰਡੈਂਟਾਂ ਸਮੇਤ 3 ਡਿਪਟੀ ਤੇ 2 ਸਹਾਇਕ 25 ਜੇਲ੍ਹ ਅਧਿਕਾਰੀ ਸਸਪੈਂਡ ਕਰ ਦਿੱਤੇ ਹਨ। ਦੱਸਿਆ ਜਾ ਰਿਹਾ ਹੈ ਕਿ ਵੱਖ-ਵੱਖ ਜੇਲ੍ਹਾਂ ਵਿਚ ਤਾਇਨਾਤ ਇਹ ਅਧਿਕਾਰੀ ਜੇਲ੍ਹਾਂ ਵਿਚ ਬੰਦ ਕੈਦੀਆਂ ਨੂੰ ਨਸ਼ੇ ਤੇ ਮੋਬਾਈਲ ਫੋਨ ਪ੍ਰਦਾਨ ਕਰਦੇ ਸਨ।

# ਯੂਨਾਈਟਿਡ ਖਾਲਸਾ ਦਲ ਯੂ ਕੇ ਵਲੋਂ ਧਾਰਮਿਕ ਮਾਮਲਿਆਂ ਨੂੰ ਦੁਨਿਆਵੀ ਅਦਾਲਤਾਂ 'ਚ ਲਿਜਾਣ ਤੋਂ ਪ੍ਰਹੇਜ਼ ਕਰਨ ਦੀ ਅਪੀਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਜੀ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਵਲੋਂ ਆਪਣਾ ਮਾਮਲਾ ਹਾਈਕੋਰਟ ਵਿੱਚ ਲਿਜਾਣ ਅਤੇ ਬਾਅਦ ਵਿੱਚ ਵਾਪਿਸ ਲੈਣ ਦੇ ਘਟਨਾ ਕ੍ਰਮ ਦੀ ਯੂਨਾਈਟਿਡ ਖਾਲਸਾ ਦਲ ਯੂ ਕੇ ਨੇ ਸਖਤ ਅਲੋਚਨਾ ਕੀਤੀ ਗਈ ਹੈ। ਯੂਨਾਈਟਿਡ ਖਾਲਸਾ ਦਲ ਦਲ ਯੂ ਕੇ ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਜਾਰੀ ਪ੍ਰੈਸ ਬਿਆਨ ਵਿੱਚ ਆਖਿਆ ਕਿ ਕਾਸ਼ ਇਹ ਲੋਕ ਜਥੇਦਾਰ ਗੁਰਦਿਆਲ ਸਿੰਘ ਅਜਨੋਹਾ ਦੇ ਜੀਵਨ ਤੋਂ ਸੇਧ ਲੈਣ। ਇੰਨੇ ਮਹਾਨ ਰੁਤਬਿਆਂ 'ਤੇ ਬਿਰਾਜਮਾਨ ਹੋਣ ਵਕਤ ਇਹਨਾਂ ਰੁਤਬਿਆਂ ਦੀ ਅਹਿਮੀਅਤ ਬਾਰੇ ਜਾਣਕਾਰੀ ਰੱਖਣੀ ਲਾਜਮੀ ਹੈ। ਉਹਨਾਂ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗੁਰਦਿਆਲ ਸਿੰਘ



ਭਾਈ ਨਿਰਮਲ ਸਿੰਘ ਸੰਧੂ ਅਤੇ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ

ਅਜਨੋਹਾ ਨੂੰ ਭਾਰਤੀ ਅਦਾਲਤ ਨੇ ਸੰਮਨ ਭੇਜੇ ਤਾਂ ਉਹਨਾ ਅਦਾਲਤੀ ਸੰਮਨਾਂ ਨੂੰ ਰੱਦ ਕਰਦਿਆਂ ਇੱਥੋਂ ਤੱਕ ਆਖਿਆ ਸੀ ਕਿ ਉਹ ਸੱਚੀ ਸਰਕਾਰ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਦੇ ਸੇਵਕ ਹਨ। ਉਹ ਕਿਸੇ ਵੀ ਅਦਾਲਤ ਵਿੱਚ ਪੇਸ਼ ਨਹੀਂ ਹੋਣਗੇ। ਯੂਨਾਈਟਿਡ ਖਾਲਸਾ ਦਲ ਯੂ ਕੇ ਨੇ ਕਿਹਾ ਕਿ ਜੇ ਗਿਆਨੀ ਰਘਬੀਰ ਸਿੰਘ ਨੇ ਦਸੰਬਰ 2024 ਵਾਲੇ ਫੈਸਲੇ ਸਬੰਧੀ ਸਖ਼ਤ ਸਟੈਂਡ ਲਿਆ ਹੁੰਦਾ ਤਾਂ ਸ਼ਾਇਦ ਆਹ ਦਿਨ ਨਾ ਵੇਖਣੇ ਪੈਂਦੇ। ਯੂਨਾਈਟਿਡ ਖਾਲਸਾ ਦਲ ਯੂ ਕੇ ਨੇ ਅਪੀਲ ਕੀਤੀ ਕਿ ਕੋਈ ਵੀ ਸਿੱਖ ਆਗੂ ਸਿੱਖਾਂ ਦੀ ਕਿਸੇ ਵੀ ਧਾਰਮਿਕ ਸੰਸਥਾ ਵਿਰੁੱਧ ਅਜੇਹਾ ਮਾਮਲਾ ਅਦਾਲਤ ਵਿੱਚ ਨਾ ਲਿਜਾਵੇ ਜਿਸ ਨਾਲ ਭਵਿੱਖ ਵਿੱਚ ਕੌਮ ਦੇ ਧਾਰਮਿਕ ਅਸਥਾਨਾਂ ਦੀ ਮਹੱਤਤਾ ਨੂੰ ਠੇਸ ਪਹੁੰਚੇ।

## ਛੋਟਾ ਥਾਣੇਦਾਰ ਅਤੇ ਹੋਰਨਾਂ ਖ਼ਿਲਾਫ਼ ਰਿਸ਼ਵਤ ਲੈਣ ਦੇ ਦੋਸ਼ ਹੇਠ ਕੇਸ ਦਰਜ



ਬਠਿੰਡਾ-ਵਿਜੀਲੈਂਸ ਬਿਊਰੋ ਨੇ ਥਾਣਾ ਸਿਟੀ ਰਾਮਪੁਰਾ ਵਿੱਚ ਤਾਇਨਾਤ ਸਹਾਇਕ ਸਬ-ਇੰਸਪੈਕਟਰ ਅਵਤਾਰ ਸਿੰਘ ਅਤੇ ਪਿੰਡ ਰਾਮਪੁਰਾ ਦੇ ਪੰਚ ਰਾਜਦੀਪ ਸਿੰਘ ਖ਼ਿਲਾਫ਼ 20 ਹਜ਼ਾਰ ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਹੈ। ਇਸ ਮਾਮਲੇ ਵਿੱਚ ਸਹਿ-ਮੁਲਜ਼ਮ ਰਾਜਦੀਪ ਸਿੰਘ ਨੂੰ ਵਿਜੀਲੈਂਸ ਬਿਊਰੋ ਯੂਨਿਟ ਬਠਿੰਡਾ ਵੱਲੋਂ ਗ੍ਰਿਫ਼ਤਾਰ ਕਰ ਕੇ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ ਜਦਕਿ ਫ਼ਰਾਰ ਏਐੱਸਆਈ ਨੂੰ ਗ੍ਰਿਫ਼ਤਾਰ ਕਰਨ ਲਈ ਛਾਪੇ ਜਾਰੀ ਹਨ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਪਿੰਡ ਧੌਲਾ, ਜ਼ਿਲ੍ਹਾ ਬਰਨਾਲਾ ਵਾਸੀ ਸ਼ਿਕਾਇਤਕਰਤਾ ਵੱਲੋਂ ਐਂਟੀ-ਕੁਰੱਪਸ਼ਨ ਹੈਲਪਲਾਈਨ 'ਤੇ ਕੀਤੀ ਗਈ ਸ਼ਿਕਾਇਤ ਦੇ ਆਧਾਰ 'ਤੇ ਇਹ ਕੇਸ ਦਰਜ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਸ਼ਿਕਾਇਤ ਦੀ ਪੜਤਾਲ ਦੌਰਾਨ ਪਤਾ ਲੱਗਾ ਕਿ ਸਿਟੀ ਰਾਮਪੁਰਾ ਥਾਣੇ ਵਿੱਚ ਸ਼ਿਕਾਇਤਕਰਤਾ ਵਿਰੁੱਧ ਦਰਜ ਕੇਸ ਵਿਚ ਉਸ ਨੂੰ ਫ਼ਾਇਦਾ ਦੇਣ ਲਈ ਏਐੱਸਆਈ ਅਵਤਾਰ ਸਿੰਘ ਨੇ ਪੰਚ ਰਾਜਦੀਪ ਸਿੰਘ ਰਾਹੀਂ ਸ਼ਿਕਾਇਤਕਰਤਾ ਕੋਲੋਂ 40-50 ਹਜ਼ਾਰ ਰੁਪਏ ਦੀ ਮੰਗ ਕਰ ਕੇ 20 ਹਜ਼ਾਰ ਰੁਪਏ ਰਿਸ਼ਵਤ ਵਜੋਂ ਹਾਸਲ ਕੀਤੇ ਸਨ।

## ਪੁਲਿਸ ਨੇ ਪੰਜਾਬ ਦੇ ਸਾਬਕਾ ਮੰਤਰੀ ਡਾ. ਸਿੰਗਲਾ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿਚ ਦਿੱਤੀ ਕਲੀਨ ਚਿੱਟ



ਚੰਡੀਗੜ੍ਹ-ਪੰਜਾਬ ਦੇ ਸਾਬਕਾ ਸਿਹਤ ਮੰਤਰੀ ਵਿਜੈ ਸਿੰਗਲਾ ਨੂੰ ਭ੍ਰਿਸ਼ਟਾਚਾਰ ਮਾਮਲੇ ਵਿੱਚ ਪੰਜਾਬ ਪੁਲਿਸ ਪਾਸੋਂ ਕਲੀਨ ਚਿੱਟ ਮਿਲ ਚੁੱਕੀ ਹੈ ਜਦਕਿ ਉਨ੍ਹਾਂ ਦੇ ਓਐਸਡੀ ਪ੍ਰਦੀਪ ਕੁਮਾਰ ਖਿਲਾਫ ਜਾਂਚ ਅਜੇ ਵੀ ਜਾਰੀ ਹੈ। ਸੂਤਰਾਂ ਦੇ ਮੁਤਾਬਕ ਪੁਲਿਸ ਨੇ ਮੁਹਾਲੀ ਅਦਾਲਤ ਵਿੱਚ ਕਲੋਜ਼ਰ ਰਿਪੋਰਟ ਦਾਖ਼ਲ ਕਰ ਦਿੱਤੀ ਹੈ ਅਤੇ ਅਦਾਲਤ ਵੱਲੋਂ ਇਸ ਬਾਰੇ 14 ਜੁਲਾਈ ਨੂੰ ਫੈਸਲਾ ਲਿਆ ਜਾਵੇਗਾ।

ਦਰਅਸਲ 1 ਫ਼ੀਸਦੀ ਕਮਿਸ਼ਨ ਮੰਗਣ ਦੇ ਇਲਜ਼ਾਮ 'ਚ ਨਾਮਜਦ ਕੀਤੇ ਗਏ ਵਿਧਾਇਕ ਵਿਜੇ ਸਿੰਗਲਾ ਅਤੇ ਉਨ੍ਹਾਂ ਦੇ ੌਸ਼ਧ ਪ੍ਰਦੀਪ ਕੁਮਾਰ ਖਿਲਾਫ਼ ਥਾਣਾ ਫੇਜ-8 ਮੁਹਾਲੀ ਵਿੱਚ ਭ੍ਰਿਸ਼ਟਾਚਾਰ ਦੀਆਂ ਧਾਰਾ-7 ਅਤੇ 8 ਦੇ ਤਹਿਤ ਮਾਮਲਾ ਦਰਜ ਹੋਇਆ ਸੀ ਅਤੇ ਹੁਣ ਮੋਹਾਲੀ ਪੁਲਿਸ ਵੱਲੋਂ ਸਿੰਗਲਾ ਨੂੰ ਕਲੀਨ ਚਿੱਟ ਦਿੰਦਿਆ ਮੋਹਾਲੀ ਦੀ ਅਦਾਲਤ 'ਚ ਕਲੋਜਰ ਰਿਪੋਰਟ 'ਮਾਮਲਾ ਰੱਦ ਕਰਨ ਸਬੰਧੀ' ਦਾਖ਼ਲ ਕਰ ਦਿੱਤੀ ਗਈ ਹੈ।

ਇਸ ਕਲੋਜਰ ਰਿਪੋਰਟ 'ਤੇ ਸ਼ਿਕਾਇਤਕਰਤਾ ਰਜਿੰਦਰ ਸਿੰਘ ਵਲੋਂ ਵੀ ਆਪਣੀ ਸਹਿਮਤੀ ਜਤਾਉਂਦਿਆ ਕਿਹਾ ਗਿਆ ਹੈ ਕਿ ਜੇਕਰ ਅਦਾਲਤ ਵਲੋਂ ਇਹ ਕਲੋਜਰ ਰਿਪੋਰਟ ਸਵੀਕਾਰ ਕਰ ਲਈ ਜਾਂਦੀ ਹੈ ਤਾਂ ਉਸ ਨੂੰ ਕੋਈ ਇਤਰਾਜ ਨਹੀਂ ਹੈ। ਅਦਾਲਤ ਵਲੋਂ ਇਸ ਕਲੋਜਰ ਰਿਪੋਰਟ 'ਤੇ ਆਪਣਾ ਫੈਸਲਾ 14 ਜੁਲਾਈ ਲਈ ਰਾਂਖਵਾ ਰੱਖ ਲਿਆ ਹੈ।

## ਜੇਲ੍ਹ ਵਿਚ ਚਿੱਟੇ ਦੀ ਸਮਗਲਿੰਗ ਕਰਦਾ ਕਮਾਂਡੋ ਗ੍ਰਿਫਤਾਰ

ਫ਼ਿਰੋਜ਼ਪੁਰ-ਇੱਥੇ ਜੇਲ੍ਹ ਦੀ ਸੁਰੱਖਿਆ ਵਿੱਚ ਤਾਇਨਾਤ ਇੱਕ ਕਮਾਂਡੋ ਮੁਲਾਜ਼ਮ ਸੁੱਖਾ ਸਿੰਘ ਹੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਦਾ ਫੜਿਆ ਗਿਆ ਹੈ। ਤਲਾਸ਼ੀ ਦੌਰਾਨ ਉਸ ਦੇ ਬੂਟ ਵਿੱਚੋਂ 20 ਗ੍ਰਾਮ ਚਿੱਟਾ ਪਾਊਡਰ ਬਰਾਮਦ ਹੋਣ ਨਾਲ ਜੇਲ੍ਹ ਪ੍ਰਸ਼ਾਸਨ ਸਮੇਤ ਪੂਰੇ ਸੁਰੱਖਿਆ ਤੰਤਰ 'ਤੇ ਸਵਾਲ ਖੜ੍ਹੇ ਹੋ ਗਏ ਹਨ। ਜੇਲ੍ਹ ਦੇ ਸਹਾਇਕ ਸੁਪਰਡੈਂਟ ਤਰਸੇਮ ਸਿੰਘ ਦੀ ਸ਼ਿਕਾਇਤ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਥਾਣਾ ਸਿਟੀ ਵਿੱਚ ਕਮਾਂਡੋ ਮੁਲਾਜ਼ਮ ਸੁੱਖਾ ਸਿੰਘ ਖ਼ਿਲਾਫ਼ ਮੁਕੱਦਮਾ ਦਰਜ ਕਰ ਲਿਆ ਗਿਆ ਹੈ। ਪੁਲੀਸ ਨੇ ਮੌਕੇ 'ਤੇ ਹੀ ਮੁਲਜ਼ਮ ਨੂੰ ਕਾਬੂ ਕਰ ਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਟਰੰਪ ਤੇ ਮਸਕ ਵਿਚਾਲੇ ਜੰਗ ਤੇਜ਼

## ✪ ਜੇ ਮਸਕ ਨੂੰ ਸਰਕਾਰੀ ਸਬਸਿਡੀ ਨਾ ਮਿਲੇ ਤਾਂ ਉਸਨੂੰ ਦੁਕਾਨ ਬੰਦ ਕਰਕੇ ਦੱਖਣੀ ਅਫਰੀਕਾ ਪਰਤਣਾ ਪਵੇਗਾ-ਡੋਨਾਲਡ ਟਰੰਪ ✪ ਮਸਕ ਟਰੰਪ ਦੇ ਬਿੱਗ ਬਿਊਟੀਫੁੱਲ ਬਿੱਲ ਦੇ ਖਿਲਾਫ

ਵਾਸ਼ਿੰਗਟਨ-ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਉਨ੍ਹਾਂ ਦੇ ਆੜੀ ਰਹੇ ਖਰਬਪਤੀ ਐਲਨ ਮਸਕ ਵਿਚਾਲੇ ਜੰਗ ਤੇਜ਼ ਹੋ ਗਈ ਹੈ। ਟੈਸਲਾ ਦੇ ਮਾਲਕ ਮਸਕ ਬਾਰੇ ਟਰੰਪ ਨੇ ਕਿਹਾ ਹੈ ਕਿ ਜੇ ਮਸਕ ਨੂੰ ਮਿਲਣ ਵਾਲੀ ਸਰਕਾਰੀ ਸਬਸਿਡੀ ਬੰਦ ਹੋ ਜਾਵੇ ਤਾਂ ਉਸ ਨੂੰ ਆਪਣੀ ਦੁਕਾਨ (ਕੰਪਨੀ) ਬੰਦ ਕਰਕੇ ਦੱਖਣੀ ਅਫਰੀਕਾ ਪਰਤਣਾ ਪਵੇਗਾ। ਸਬਸਿਡੀ ਬੰਦ ਹੋਣ ਨਾਲ ਨਾ ਤਾਂ ਟੈਸਲਾ ਇਲੈਕਟ੍ਰਿਕ ਕਾਰਾਂ ਦਾ ਉਤਪਾਦਨ ਹੋਵੇਗਾ ਅਤੇ ਨਾ ਹੀ ਸਪੇਸਐਕਸ ਦੇ ਰਾਕੇਟ ਤੇ ਸੈਟੇਲਾਈਟ ਲਾਂਚ ਹੋਣਗੇ।

ਟਰੰਪ ਨੇ ਕਿਹਾ ਕਿ ਮਸਕ ਨੂੰ ਸਰਕਾਰੀ ਸਬਸਿਡੀ ਵਜੋਂ ਏਨਾ ਪੈਸਾ ਮਿਲਿਆ ਹੈ, ਜਿੰਨਾ ਸ਼ਾਇਦ ਕਿਸੇ ਹੋਰ ਨੂੰ ਨਹੀਂ ਮਿਲਿਆ। ਉਨ੍ਹਾ ਕਿਹਾ ਕਿ ਸਰਕਾਰੀ ਕੁਸ਼ਲਤਾ ਬਾਰੇ ਵਿਭਾਗ (ਡਿਪਾਰਟਮੈਂਟ ਆਫ ਗੌਰਮਿੰਟ ਐਫੀਸ਼ੀਐਂਸੀ) ਇਸ ਮਾਮਲੇ ਦੀ ਜਾਂਚ ਕਰੇ। ਇਸ ਨਾਲ ਦੇਸ਼ ਦਾ ਪੈਸਾ ਬਚੇਗਾ।

ਟਰੰਪ ਨੇ ਕਿਹਾ ਮਸਕ ਨੂੰ ਰਾਸ਼ਟਰਪਤੀ ਦੇ ਅਹੁਦੇ ਲਈ ਮੇਰੀ ਹਮਾਇਤ ਕਰਨ ਤੋਂ ਬਹੁਤ ਪਹਿਲਾਂ ਹੀ ਪਤਾ ਸੀ ਕਿ ਮੈਂ ਈ ਵੀ (ਇਲੈਕਟ੍ਰਿਕ ਵਹੀਕਲ) ਫਤਵੇ ਦੇ ਖਿਲਾਫ ਹਾਂ। ਇਲੈਕਟ੍ਰਿਕ ਗੱਡੀਆਂ ਚੰਗੀਆਂ ਹਨ, ਪਰ ਹਰ ਇਨਸਾਨ ਨੂੰ ਇਨ੍ਹਾਂ ਨੂੰ ਖਰੀਦਣ ਲਈ ਮਜਬੂਰ ਕਰਨਾ ਗਲਤ ਹੈ। ਅਮਰੀਕਾ ਦੇ ਊਰਜਾ ਵਿਭਾਗ ਨੇ ਟੈਸਲਾ ਨੂੰ 46 ਲੱਖ 50 ਹਜ਼ਾਰ ਡਾਲਰ ਦਾ ਕਰਜ਼ਾ ਦਿੱਤਾ ਸੀ। ਇਸ ਨਾਲ ਟੈਸਲਾ ਨੂੰ ਮਾਡਲ-ਐੱਸ ਕਾਰ ਲਾਂਚ ਕਰਨ ਵਿੱਚ ਮਦਦ ਮਿਲੀ। ਨੇਵਾਦਾ ਨੇ 2014 ਵਿੱਚ ਟੈਸਲਾ ਨੂੰ ਗੀਗਾ ਫੈਕਟਰੀ ਲਈ 11 ਹਜ਼ਾਰ ਕਰੋੜ ਰੁਪਏ ਦੀ ਟੈਕਸ ਛੋਟ ਦਿੱਤੀ। ਟੈਸਲਾ ਖਰੀਦਣ ਵਾਲੇ ਨੂੰ ਹਰ ਇਲੈਕਟ੍ਰਿਕ ਗੱਡੀ ’ਤੇ 7500 ਡਾਲਰ ਦਾ ਟੈਕਸ ਕਰੈਡਿਟ ਮਿਲਦਾ ਹੈ। ਸਪੇਸਐਕਸ ਨੂੰ 2008 ਤੋਂ 16 ਲੱਖ ਕਰੋੜ ਰੁਪਏ ਦੇ ਸਰਕਾਰੀ ਠੇਕੇ ਮਿਲੇ ਹਨ।



ਦਰਅਸਲ ਦੁਨੀਆ ਦਾ ਸਭ ਤੋਂ ਅਮੀਰ ਵਿਅਕਤੀ ਮਸਕ ਟਰੰਪ ਦੇ ਬਿੱਗ ਬਿਊਟੀਫੁੱਲ ਬਿੱਲ ਦੇ ਖਿਲਾਫ ਹੈ। ਉਸ ਦਾ ਕਹਿਣਾ ਹੈ ਕਿ ਇਹ ਬਿੱਲ ਅਮਰੀਕਾ ਵਿੱਚ ਲੱਖਾਂ ਨੌਕਰੀਆਂ ਖਤਮ ਕਰ ਦੇਵੇਗਾ ਅਤੇ ਦੇਸ਼ ਨੂੰ ਬਹੁਤ ਵੱਡਾ ਸਿਆਸੀ ਨੁਕਸਾਨ ਪਹੁੰਚਾਏਗਾ।

ਇਹ ਪੁਰਾਣੇ ਉਦਯੋਗਾਂ ਨੂੰ ਰਿਆਇਤ ਦਿੰਦਾ ਹੈ, ਪਰ ਭਵਿੱਖ ਦੇ ਉਦਯੋਗਾਂ ਨੂੰ ਤਬਾਹ ਕਰ ਦੇਵੇਗਾ। ਮਸਕ ਨੇ ਪਿਛਲੇ ਮਹੀਨੇ ਇਸ ਬਿੱਲ ਨੂੰ ਲੈ ਕੇ ਟਰੰਪ ਪ੍ਰਸ਼ਾਸਨ ਵਿੱਚ ਸਰਕਾਰੀ ਕੁਸ਼ਲਤਾ ਵਿਭਾਗ ਦੇ ਮੁਖੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਟਰੰਪ ਦਾ ਦਾਅਵਾ ਹੈ ਕਿ ਬਿੱਲ ਦੇਸ਼ਭਗਤੀ ਨਾਲ ਭਰਪੂਰ ਹੈ। ਇਸ ਨਾਲ ਅਮਰੀਕਾ ਵਿੱਚ ਨਿਵੇਸ਼ ਵਧੇਗਾ ਤੇ ਚੀਨ ’ਤੇ ਨਿਰਭਰਤਾ ਘਟੇਗੀ। ਬਿੱਲ ਵਿੱਚ ਰੱਖਿਆ, ਊਰਜਾ ਤੇ ਬਾਰਡਰ ਸਕਿਉਰਟੀ ਲਈ ਵੱਧ ਪੈਸੇ ਰੱਖੇ ਗਏ ਹਨ, ਜਦਕਿ ਨਿਊਟ੍ਰੀਸ਼ਿਅਨ ਤੇ ਹੈੱਲਥ ਕੇਅਰ ਪ੍ਰੋਗਰਾਮਾਂ ਲਈ ਫੰਡ ਘਟਾਏ ਗਏ ਹਨ।

ਟਰੰਪ ਦੇ ਤਾਜ਼ਾ ਬਿਆਨ ਤੋਂ ਬਾਅਦ ਮਸਕ ਨੇ ਉਸ ਨੂੰ ਵੰਗਾਰਿਆ ਹੈ ਕਿ ਉਹ ਜੋ ਮਰਜ਼ੀ ਕਰ ਲਵੇ। ਉਸ ਨੇ ਇਹ ਵੀ ਕਿਹਾ ਹੈ ਕਿ ਸੈਨੇਟ ਨੇ ਜਿਸ ਦਿਨ ਬਿੱਲ ਪਾਸ ਕੀਤਾ, ਉਹ ਅਗਲੇ ਦਿਨ ‘ਅਮਰੀਕਾ ਪਾਰਟੀ’ ਲਾਂਚ ਕਰ ਦੇਵੇਗਾ।



# ਬਰਤਾਨੀਆਂ ਦੀ ਸੰਸਦ ਵਿੱਚ ਭਗਤ ਪੂਰਨ ਸਿੰਘ ਦਾ 121ਵਾਂ ਜਨਮ ਦਿਨ ਮਨਾਇਆ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੀ ਸੰਸਦ ਵਿੱਚ ਭਗਤ ਪੂਰਨ ਸਿੰਘ ਦਾ 121ਵਾਂ ਜਨਮ ਦਿਨ ਮਨਾਇਆ ਗਿਆ। ਪਿੰਗਲਵਾੜਾ ਸੁਸਾਇਟੀ ਯੂ ਕੇ ਦੇ ਸਹਿਯੋਗ ਨਾਲ ਬਰਤਾਨੀਆਂ ਰਾਜ ਗ੍ਰਹਿ ਮੰਤਰੀ ਸੀਮਾ ਮਲਹੋਤਰਾ ਵੱਲੋਂ ਕਰਵਾਏ ਗਏ ਇਸ ਸਮਾਗਮ ਵਿੱਚ ਸੰਸਦ ਦੇ ਦੋਵੇਂ ਸਦਨਾਂ ਦੇ ਸੰਸਦ ਮੈਂਬਰਾਂ ਲਾਰਡ ਕੁਲਦੀਪ ਸਿੰਘ ਸਹੋਤਾ, ਐਮ ਪੀ ਡੀਡਰੇ ਕੌਂਸਟਿਗਨ, ਐਮ ਪੀ ਗੁਰਿੰਦਰ ਸਿੰਘ ਜੋਸ਼ਨ, ਐਮ ਪੀ ਵਰਿੰਦਰ ਜਸ ਆਦਿ ਤੋਂ ਇਲਾਵਾ ਯੂ ਕੇ ਭਰ ਤੋਂ ਪ੍ਰਮੁੱਖ ਸਖਸ਼ੀਅਤਾਂ ਨੇ ਹਾਜ਼ਰੀ ਭਰੀ।***



ਸਮਾਗਮ ਨੂੰ ਸੰਬੋਧਨ ਕਰਦੇ ਹੋਏ ਬੁਲਾਰੇ ਅਤੇ ਹੋਰ

ਪਿੰਗਲਵਾੜਾ ਸੁਸਾਇਟੀ ਯੂ ਕੇ ਦੇ ਪ੍ਰਧਾਨ ਜਗਰਾਜ ਸਿੰਘ ਸਰਾਂ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਗਤ ਪੂਰਨ ਸਿੰਘ ਮਨੁਖਤਾ ਅਤੇ ਕੁਦਰਤ ਦਾ ਮਸੀਹਾ ਸਨ। ਜਿਹਨਾਂ ਨੇ ਸਾਰੀ ਉਮਰ ਕੁਦਰਤ ਦੇ ਨਿਯਮਾਂ ਦੀ ਪਾਲਣਾ ਕਰਨ ਦਾ ਸੰਦੇਸ਼ ਦਿੱਤਾ। ਉਹਨਾਂ ਕਿਹਾ ਕਿ ਗਲੋਬਲ ਵਾਰਮਿੰਗ ਨੂੰ ਲੈ ਕੇ ਅੱਜ ਵਿਸ਼ਵ ਭਰ ਦੀਆਂ ਸਰਕਾਰਾਂ ਚਿੰਤਤ ਹਨ। ਪਰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ 500 ਵਰ੍ਹੇ ਪਹਿਲਾਂ ਜਿਸ ਕੁਦਰਤ ਨੂੰ ਪਿਆਰ ਕਰਨ ਦਾ ਸੰਦੇਸ਼ ਦਿੱਤਾ ਸੀ ਭਰਗਤ ਪੂਰਨ ਸਿੰਘ ਉਸੇ ਸੰਦੇਸ਼ ਨੂੰ ਸਾਰੀ ਉਮਰ ਪ੍ਰਚਾਰਦੇ ਰਹੇ ਅਤੇ ਖੁਦ ਉਸ ਤੇ ਅਮਲ ਕਰਕੇ ਪ੍ਰੇਰਣਾ ਦਾ ਸਰੋਤ ਬਣੇ। ਇਸ ਮੌਕੇ ਬੁਲਾਰਿਆਂ ਨੇ ਭਗਤ ਪੂਰਨ ਸਿੰਘ ਨੂੰ ਨੋਬਲ ਪੁਰਸਕਾਰ ਦਾ ਦਾਅਵੇਦਾਰ ਮੰਨਦਿਆਂ ਕਿਹਾ ਕਿ ਉਹਨਾਂ ਦੇ ਕੰਮਾਂ ਨੂੰ ਰਹਿੰਦੀ ਦੁਨੀਆਂ ਤੱਕ ਯਾਦ ਰੱਖਿਆ ਜਾਵੇਗਾ। ਭਗਤ ਪੂਰਨ ਸਿੰਘ ਦੇ ਜੀਵਨ ਦੇ ਸਬੰਧ ਵਿੱਚ ਪ੍ਰਦਰਸ਼ਨੀ ਲਗਾਈ ਗਈ ਅਤੇ ਪਿੰਗਲਵਾੜਾ ਦੀ ਮੁੱਖ ਸੇਵਾਦਾਰ ਬੀਬੀ ਡਾ: ਇੰਦਰਜੀਤ ਕੌਰ ਦੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਰਾਜ ਗ੍ਰਹਿ ਮੰਤਰੀ ਸੀਮਾ ਮਲਹੋਤਰਾ ਨੇ 20 ਸਾਲ ਤੋਂ ਪਿੰਗਲਵਾੜਾ ਸੁਸਾਇਟੀ ਯੂ ਕੇ ਦੇ ਲਈ ਜਗਰਾਜ ਸਿੰਘ ਸਰਾਂ ਦੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ।

ਇਸ ਮੌਕੇ ਸੁਸਾਇਟੀ ਦੇ ਮੀਤ ਪ੍ਰਧਾਨ ਸੁਖਦੇਵ ਸਿੰਘ ਸੰਦਾਵਾਲੀਆ, ਜਨਰਲ ਸਕੱਤਰ ਮਿਸਜ ਕੁਲਵਿੰਦਰ ਕੋਰ, ਤੇਜਿੰਦਰ ਕੋਰ ਬੱਬੂ, ਮਨਜੀਤ ਸਿੰਘ ਰਾਏ, ਸੇਵਾਦਾਰ ਮਨਜੀਤ ਸਿੰਘ, ਕਛਮੀਰ ਕੋਰ, ਸੁਖਪ੍ਰੀਤ ਕੋਰ ਸ਼ਾਮਲ ਸਨ। ਇਸ ਤੋਂ ਇਲਾਵਾ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ, ਸਿੰਘ ਸਭਾ ਹੰਸਲੋ, ਮਾਰਨਡੇਲ ਸਾਊਥਾਲ, ਸਿੰਘ ਸਭਾ ਸਲੋਹ, ਗ੍ਰੇਵਜ਼ੈਂਡ, ਈਲੰਗ ਗੁਰੂ ਘਰਾਂ ਦੇ ਨੁਮਾਇੰਦਿਆਂ ਤੋਂ ਇਲਾਵਾ ਸਾਹਿਤਕਾਰ ਕੁਲਵੰਤ ਕੋਰ ਢਿਲੋਂ, ਸਮਾਜਸੇਵੀ ਸ਼ਿਵਦੀਪ ਕੋਰ ਢੇਸੀ, ਹਰਬਖਸ਼ ਸਿੰਘ, ਪੀ ਬੀ ਸੀ ਚੈਨਲ ਤੋ ਸੰਦੀਪ ਸਿੰਘ, ਇੰਦਰਜੀਤ ਕੋਰ, ਸਵਰਨਜੀਤ ਕੋਰ ਜੋਹਲ, ਰਵੀ ਬੋਲੀਨਾ ਆਦਿ ਹਾਜ਼ਰ ਸਨ। ਸਟੇਜ ਦੀ ਕਾਰਵਾਈ ਟੋਨੀ ਪੈਟੀ ਨੇ ਨਿਭਾਈ।

# ਟਰੰਪ ਵੱਲੋਂ ਕੈਨੇਡਾ ਨਾਲ ਵਪਾਰਕ ਚਰਚਾਵਾਂ ਨੂੰ ਖ਼ਤਮ ਕਰਨ ਦਾ ਐਲਾਨ



ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕੈਨੇਡਾ ਨਾਲ ਸਾਰੀਆਂ ਵਪਾਰਕ ਗੱਲਬਾਤਾਂ ਤੁਰੰਤ ਪ੍ਰਭਾਵ ਨਾਲ ਖ਼ਤਮ ਕਰਨ ਦਾ ਐਲਾਨ ਕੀਤਾ ਹੈ। ਟਰੰਪ ਨੇ ਇਹ ਸਖ਼ਤ ਫ਼ੈਸਲਾ ਕੈਨੇਡਾ ਵੱਲੋਂ ਅਮਰੀਕੀ ਤਕਨੀਕੀ ਕੰਪਨੀਆਂ ਤੇ ਲਗਾਏ ਗਏ ਨਵੇਂ ਡਿਜੀਟਲ ਸੇਵਾਵਾਂ ਟੈਕਸ ਦੇ ਵਿਰੋਧ ਵਿੱਚ ਲਿਆ ਹੈ। ਟਰੰਪ ਨੇ ਆਪਣੀ ਸੋਸ਼ਲ ਮੀਡੀਆ ਪੋਸਟ ਵਿਚ ਕਿਹਾ ਕਿ ਅਗਲੇ ਸੱਤ ਦਿਨਾਂ ਵਿੱਚ ਅਸੀਂ ਕੈਨੇਡਾ ਨੂੰ ਦੱਸਾਂਗੇ ਕਿ ਉਨ੍ਹਾਂ ਨੂੰ ਅਮਰੀਕਾ ਨਾਲ ਵਪਾਰ ਕਰਨ ਲਈ ਕਿਹੜਾ ਟੈਕਸ ਦੇਣਾ ਪਵੇਗਾ। ਟਰੰਪ ਨੇ ਸੋਸ਼ਲ ਮੀਡੀਆ ਪਲੇਟਫ਼ਾਰਮ ਟਰੁਥ ਸੋਸ਼ਲ ਤੇ ਇੱਕ ਬਿਆਨ ਜਾਰੀ ਕਰਦਿਆਂ ਕਿਹਾ, ਕੈਨੇਡਾ ਵਪਾਰ ਕਰਨ ਲਈ ਬਹੁਤ ਮੁਸ਼ਕਲ ਦੇਸ਼ ਹੈ। ਸਾਲਾਂ ਤੋਂ, ਇਹ ਸਾਡੇ ਕਿਸਾਨਾਂ, ਡੇਅਰੀ ਉਤਪਾਦਾਂ ਤੇ 400% ਤੱਕ ਦੇ ਟੈਕਸ ਲਗਾ ਰਿਹਾ ਹੈ। ਹੁਣ ਕੈਨੇਡਾ ਆਪਣੇ ਡਿਜੀਟਲ ਸਰਵਿਸਿਜ਼ ਟੈਕਸ ਨੂੰ ਅੱਗੇ ਵਧਾਉਣ ਦੀ ਯੋਜਨਾ ਬਣਾ ਰਿਹਾ ਹੈ। ਇਹ ਟੈਕਸ ਅਮਰੀਕਾ ਦੀਆਂ ਵੱਡੀਆਂ ਇੰਟਰਨੈੱਟ ਕੰਪਨੀਆਂ ਤੋਂ ਉਨ੍ਹਾਂ ਦੀ ਕੈਨੇਡਾ ਵਿੱਚ ਹੋ ਰਹੀ ਕਮਾਈ ਤੇ ਲਾਗੂ ਕੀਤਾ ਜਾਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਕੈਨੇਡਾ ਯੂਰਪੀਅਨ ਯੂਨੀਅਨ (ਈਯੂ) ਦੀ ਨਕਲ ਕਰ ਰਿਹਾ ਹੈ।

# ਸ. ਜਸਵਿੰਦਰ ਸਿੰਘ ਐਡਵੋਕੇਟ ਦਾ ਇੰਗਲੈਂਡ ਵਿਖੇ ਵਿਸ਼ੇਸ਼ ਸਨਮਾਨ


*ਐਡਵੋਕੇਟ ਜਸਵਿੰਦਰ ਸਿੰਘ ਦਾ ਸਨਮਾਨ ਕਰਦੇ ਹੋਏ ਸਿੱਖ ਆਗੂ*

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਿੱਖ ਕੌਮ ਦੇ ਉਸਾਰੂ ਭਵਿੱਖ ਲਈ ਨਿਰਸਵਾਸਥ ਹੋ ਕੇ ਚੜ੍ਹਦੀ ਕਲਾ ਦੇ ਕਾਰਜ ਅਤੇ ਉਪਰਾਲੇ ਕਰਨ ਵਾਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਐਡਵੋਕੇਟ ਜਸਵਿੰਦਰ ਸਿੰਘ ਦਾ ਸਿੱਖ ਮਿਸ਼ਨਰੀ ਸੁਸਾਇਟੀ ਯੂ ਕੇ ਵੱਲੋਂ ਵਿਸ਼ੇਸ਼ ਸਨਮਾਨ ਦਿੱਤਾ ਗਿਆ।**

ਸ. ਜਸਵਿੰਦਰ ਸਿੰਘ ਨੇ ਇਸ ਮੌਕੇ ਕਿਹਾ ਕਿ ਅਜ਼ਾਦੀ ਤੋਂ ਪਹਿਲਾਂ ਸਿੰਘ ਸਭਾ ਲਹਿਰ ਦਾ ਮਿਸ਼ਨ ਸਿੱਖਾਂ ਨੂੰ ਉੱਚ ਵਿੱਦਿਆ ਦੇ ਨਾਲ ਗੁਰ-ਮਤਿ ਸਿੱਖਿਆ ਦੇ ਕੇ ਸਿੱਖਿਅਕ ਸਿੱਖ ਬਣਾਉਣਾ ਸੀ। ਪਰ ਅਜੋਕੇ ਸਮੇਂ ਵਿੱਚ ਅਜਿਹਾ ਕੋਈ ਵੀ ਸਕੂਲ ਪੰਜਾਬ ਵਿੱਚ ਨਹੀਂ ਦਿੱਸਦਾ ਜੋ ਇਸ ਮਿਸ਼ਨ ਨੂੰ ਪੂਰਾ ਕਰਦਾ ਹੋਵੇ। ਉਹਨਾਂ ਸਿੱਖ ਵਿੱਦਿਅਕ ਬੋਰਡ ਦੀ ਸ਼ੁਰੂਆਤ ਕਰਨ ਅਤੇ ਇਸਨੂੰ ਪ੍ਰਫੁੱਲਿਤ ਕਰਨ ਬਾਰੇ ਵਿਚਾਰ ਪੇਸ਼ ਕਰਦਿਆਂ ਆਦਰਸ਼ਕ ਸਕੂਲ ਖੋਲ੍ਹਣ ਦੀ ਵਕਾਲਤ ਕੀਤੀ। ਜਿਸ ਨੂੰ ਸਿੱਖ ਮਿਸ਼ਨਰੀ ਸੁਸਾਇਟੀ ਦੇ ਪ੍ਰਬੰਧਕਾਂ ਨੇ ਸਿੱਖ ਵਿੱਦਿਅਕ ਬੋਰਡ ਵਾਲੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਪੂਰਨ ਸਹਿਯੋਗ ਦੇਣ ਦਾ ਵਾਅਦਾ ਕੀਤਾ। ਇਸ ਮੌਕੇ ਜਸਵਿੰਦਰ ਸਿੰਘ ਐਡਵੋਕੇਟ ਅਤੇ ਉਹਨਾਂ ਦੀ ਸੁਪਤਨੀ ਰਵਿੰਦਰ ਕੌਰ ਪ੍ਰਿੰਸੀਪਲ ਅਕਾਲ ਪੁਰਖ ਕੀ ਫੌਜ ਸਕੂਲ ਕੱਲਾ (ਤਰਨ ਤਾਰਨ) ਦਾ ਵਿਸ਼ੇਸ਼ ਸਨਮਾਨਿਤ ਕੀਤਾ ਗਿਆ।

ਇਸ ਸਮੇਂ ਸ. ਗੁਰਮੇਲ ਸਿੰਘ ਮੱਲੀ ਸਾਬਕਾ ਪ੍ਰਧਾਨ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ, ਗੁਰ-ਬਚਨ ਸਿੰਘ ਅਟਵਾਲ, ਹਰਬੰਸ ਸਿੰਘ ਕੁਲਾਰ, ਬਹਾਦਰ ਸਿੰਘ, ਤੇਜਾ ਸਿੰਘ ਮਾਂਗਟ, ਅਵਤਾਰ ਸਿੰਘ ਬੁੱਟਰ, ਹਰਚਰਨ ਸਿੰਘ ਟਾਂਕ, ਚੰਚਲ ਸਿੰਘ ਧਾਰੀਵਾਲ, ਭਾਈ ਬਲਵਿੰਦਰ ਸਿੰਘ ਪੱਟੀ ਆਦਿ ਹਾਜ਼ਰ ਸਨ।


## VACANCIES
## JSR CONTRACTS LTD.

**ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ**

**Carpenters required at various sites in Manchester**

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

**Person must have CSCS, Asbestos Awareness and Manual Handling**
*** Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

# ਦਿਲਜੀਤ ਦੋਸਾਂਝ ਦੀ ਫਿਲਮ ਸਰਦਾਰ ਜੀ 3' ਫਿਰਕੂਵਾਦ ਦੇ ਭੇਂਟ ਚੜ੍ਹੀ

**✪ ਪਾਕਿਸਤਾਨੀ ਅਦਾਕਾਰਾ ਦੇ ਫਿਰਕੂ ਵਿਰੋਧ ਨੇ ਫਸਾਇਆ ਪੇਚ ✪ ਦਿਲਜੀਤ ਦਾ ਫੈਸਲਾ: 'ਸਰਦਾਰ ਜੀ 3' ਭਾਰਤ ਵਿਚ ਨਹੀਂ ਹੋਵੇਗੀ ਰਿਲੀਜ਼, ਭਾਜਪਾ ਦਿਲਜੀਤ ਦੇ ਹੱਕ ਵਿਚ ਆਈ ✪ ਦਿਲਜੀਤ ਦੇ ਹੱਕ ਵਿਚ ਆਏ ਜਥੇਦਾਰ ਅਕਾਲ ਤਖਤ ਤੇ ਕਈ ਪੰਥਕ ਸੰਸਥਾਵਾਂ ✪ ਪੰਜਾਬੀ ਸਿਨੇਮਾ 'ਤੇ ਸੰਕਟ: 'ਸਰਦਾਰ ਜੀ 3' ਸਣੇ ਕਈ ਫਿਲਮਾਂ ਪਾਕਿਸਤਾਨੀ ਕਲਾਕਾਰਾਂ ਕਾਰਨ ਅਟਕੀਆਂ**

ਕਵਰ ਸਟੋਰੀ

ਪੰਜਾਬੀ ਸਿਨੇਮਾ ਦੇ ਚਮਕਦੇ ਸਿਤਾਰੇ, ਦਿਲਜੀਤ ਦੋਸਾਂਝ, ਜਿਨ੍ਹਾਂ ਦੀ ਗੂੰਜ ਸਿਰਫ ਪੰਜਾਬ ਵਿਚ ਨਹੀਂ, ਸਗੋਂ ਸੱਤ ਸਮੁੰਦਰ ਪਾਰ ਵੀ ਸੁਣੀ ਜਾਂਦੀ ਹੈ, ਅੱਜ-ਕੱਲ੍ਹ ਆਪਣੀ ਫਿਲਮ 'ਸਰਦਾਰ ਜੀ 3' ਨੂੰ ਲੈ ਕੇ ਵਿਵਾਦਾਂ ਦੇ ਘੇਰੇ ਵਿਚ ਹਨ। ਇਹ ਵਿਵਾਦ ਸਿਰਫ ਇੱਕ ਫਿਲਮ ਦੀ ਰਿਲੀਜ਼ ਦਾ ਨਹੀਂ, ਸਗੋਂ ਪੰਜਾਬੀ ਸੱਭਿਆਚਾਰ, ਕਲਾ ਦੀ ਆਜ਼ਾਦੀ, ਅਤੇ ਰਾਜਨੀਤਕ ਫਿਰਕੂ ਸਾਜਿਸ਼ਾਂ ਦੇ ਗੁੰਝਲੇ ਤਾਣੇ-ਬਾਣੇ ਨਾਲ ਜੁੜਿਆ ਹੋਇਆ ਹੈ। ਦਿਲਜੀਤ ਨੇ ਫਿਰਕੂ ਰਾਸ਼ਟਰਵਾਦੀਆਂ ਦੇ ਵਿਰੋਧ ਕਾਰਣ ਫਿਲਮ ਨੂੰ ਭਾਰਤ ਵਿਚ ਰਿਲੀਜ਼ ਨਾ ਕਰਨ ਦਾ ਫੈਸਲਾ ਲਿਆ ਹੈ।ਇਸ ਫਿਲਮ ਵਿਚ ਪਾਕਿਸਤਾਨੀ ਅਦਾਕਾਰਾ ਹਾਨਿਆ ਆਮਿਰ ਦੀ ਮੌਜੂਦਗੀ ਕਾਰਣ ਭਾਰਤ ਵਿਚ ਅਖੌਤੀ ਰਾਸ਼ਟਰਵਾਦੀ ਵਿਰੋਧ ਕਰ ਰਹੇ ਹਨ।

ਦਿਲਜੀਤ ਦੀ ਮੈਨੇਜਰ ਸੋਨਾਲੀ ਸਿੰਘ ਨੇ ਸਪੱਸ਼ਟ ਕੀਤਾ ਕਿ ਦਿਲਜੀਤ ਨੇ ਦੇਸ਼ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਇਹ ਫੈਸਲਾ ਲਿਆ, ਭਾਵੇਂ ਇਸ ਨਾਲ ਉਨ੍ਹਾਂ ਨੂੰ ਨਿੱਜੀ ਅਤੇ ਵਪਾਰਕ ਨੁਕਸਾਨ ਸਹਿਣਾ ਪਵੇ। ਪ੍ਰੋਡਿਊਸਰ ਗੁਨਬੀਰ ਸਿੰਘ ਸਿੱਧੂ ਨੇ ਵੀ ਸਪੱਸ਼ਟ ਕੀਤਾ ਕਿ ਫਿਲਮ ਦੀ ਸ਼ੂਟਿੰਗ ਫਰਵਰੀ ਵਿਚ ਹੋਈ ਸੀ, ਜਦੋਂ ਭਾਰਤ-ਪਾਕਿਸਤਾਨ ਵਿਚਕਾਰ ਕੋਈ ਵੱਡਾ ਸਿਆਸੀ ਤਣਾਅ ਨਹੀਂ ਸੀ। ਉਹਨਾਂ ਨੇ ਕਿਹਾ ਕਿ ਹਾਨਿਆ ਦੇ ਸੀਨ ਨੂੰ ਬਦਲਣ ਦੀ ਕੋਈ ਤਕਨੀਕੀ ਸੰਭਾਵਨਾ ਨਹੀਂ ਸੀ, ਕਿਉਂਕਿ ਸਾਰੀ ਫਿਲਮ ਵਿਚ ਉਸ ਦਾ ਕਿਰਦਾਰ ਮਹੱਤਵਪੂਰਨ ਹੈ। ਇਸ ਲਈ, ਦੇਸ਼ ਦੀਆਂ ਭਾਵਨਾਵਾਂ ਦੀ ਕਦਰ ਕਰਦਿਆਂ, ਉਹਨਾਂ ਨੇ ਫਿਲਮ ਨੂੰ ਭਾਰਤ ਵਿਚ ਰਿਲੀਜ਼ ਨਾ ਕਰਨ ਦਾ ਫੈਸਲਾ ਲਿਆ।




### ਭਾਰਤੀ ਫਿਲਮ ਇੰਡਸਟਰੀ ਵਿਚ ਵਿਰੋਧ

ਸਭ ਤੋਂ ਵੱਡਾ ਵਿਰੋਧ ਫਿਲਮ ਵਰਕਰਜ਼ ਯੂਨੀਅਨ, ਮੁੰਬਈ ਫੈਡਰੇਸ਼ਨ ਆਫ ਵੈਸਟਰਨ ਇੰਡੀਆ ਸਿਨੇ ਇਮਪਲਾਈਜ਼ ਵੱਲੋਂ ਹੈ, ਜਿਨ੍ਹਾਂ ਨੇ ਫਿਲਮ ਦਾ ਪੂਰਨ ਬਾਈਕਾਟ ਕਰਨ ਦਾ ਐਲਾਨ ਕੀਤਾ। ਯੂਨੀਅਨ ਦੇ ਮੁੱਖ ਸਲਾਹਕਾਰ ਅਸ਼ੋਕ ਪੰਡਿਤ ਨੇ ਦਿਲਜੀਤ 'ਤੇ ਸਿੱਧਾ ਹਮਲਾ ਬੋਲਦਿਆਂ ਕਿਹਾ ਕਿ ਉਹ ਹਮੇਸ਼ਾ ਭਾਰਤੀ ਫਿਲਮ ਇੰਡਸਟਰੀ ਦੇ ਨਿਯਮਾਂ ਦੀ ਉਲੰਘਣਾ ਕਰਦੇ ਰਹੇ ਹਨ ਅਤੇ ਪਾਕਿਸਤਾਨੀ ਕਲਾਕਾਰਾਂ ਨੂੰ ਪ੍ਰਮੋਟ ਕਰਦੇ ਹਨ। ਉਨ੍ਹਾਂ ਨੇ ਇਸ ਨੂੰ ਰਾਸ਼ਟਰੀ ਹਿੱਤਾਂ ਦੇ ਖਿਲਾਫ ਦੱਸਿਆ। ਇਸ ਤੋਂ ਇਲਾਵਾ, ਸੋਸ਼ਲ ਮੀਡੀਆ 'ਤੇ ਵੀ ਕਈ ਫਿਰਕੂ ਰਾਸ਼ਟਰਵਾਦੀ ਗਰੁੱਪਾਂ ਅਤੇ ਵਿਅਕਤੀਆਂ ਨੇ ਦਿਲਜੀਤ ਅਤੇ ਹਾਨਿਆ ਦੇ ਖਿਲਾਫ ਨਫਰਤ ਦੀ ਫਿਰਕੂ ਮੁਹਿੰਮ ਚਲਾਈ। ਕਈਆਂ ਨੇ ਦਿਲਜੀਤ ਨੂੰ 'ਦੇਸ਼-ਵਿਰੋਧੀ' ਦੱਸਿਆ। ਇਸੇ ਤਰ੍ਹਾਂ, ਗਾਇਕ ਮੀਕਾ ਸਿੰਘ ਨੇ ਦਿਲਜੀਤ ਨੂੰ 'ਫੇਕ ਸਿੰਗਰ' ਕਹਿ ਕੇ ਨਿਸ਼ਾਨਾ ਸਾਧਿਆ ਅਤੇ ਕਿਹਾ ਕਿ ਭਾਰਤ-ਪਾਕਿਸਤਾਨ ਦੇ ਤਣਾਅ ਵਾਲੇ ਸਮੇਂ ਵਿਚ ਪਾਕਿਸਤਾਨੀ ਅਦਾਕਾਰਾ ਹਾਨਿਆ ਆਮਿਰ ਨੂੰ ਫਿਲਮ ਵਿਚ ਲੈਣਾ ਗੈਰ-ਜ਼ਿੰਮੇਦਾਰਾਨਾ ਹੈ।

ਦੂਜੇ ਪਾਸੇ ਦਿਲਜੀਤ ਦੇ ਹੱਕ ਵਿਚ ਬਾਲੀਵੁੱਡ ਦੇ ਕਈ ਨਾਮੀ ਕਲਾਕਾਰ ਵੀ ਖੜ੍ਹੇ ਹੋਏ। ਜਾਵੇਦ ਅਖਤਰ ਨੇ ਕਿਹਾ ਕਿ "ਫਿਲਮ ਨੂੰ ਰਿਲੀਜ਼ ਕਰਨ ਦੀ ਇਜਾਜ਼ਤ ਦੇਣੀ ਚਾਹੀਦੀ ਹੈ, ਕਿਉਂਕਿ ਪੈਸਾ ਪਾਕਿਸਤਾਨੀਆਂ ਦਾ ਨਹੀਂ, ਭਾਰਤੀਆਂ ਦਾ ਡੁੱਬੇਗਾ।"

ਇਮਤਿਆਜ਼ ਅਲੀ ਨੇ ਦਿਲਜੀਤ ਦੀ ਦੇਸ਼ ਭਗਤੀ ਦੀ ਤਾਰੀਫ ਕਰਦਿਆਂ ਕਿਹਾ ਕਿ ਕਾਸਟਿੰਗ ਦਾ ਫੈਸਲਾ ਅਦਾਕਾਰ ਦਾ ਨਹੀਂ ਹੁੰਦਾ। ਰਾਖੀ ਸਾਵੰਤ ਨੇ ਵੀ ਹਾਨੀਆ ਅਮੀਰ ਦੀ ਹਮਾਇਤ ਵਿਚ ਆਵਾਜ਼ ਬੁਲੰਦ ਕੀਤੀ।

### ਪਾਕਿਸਤਾਨੀ ਕਲਾਕਾਰਾਂ ਕਾਰਣ ਕਈ ਫਿਲਮਾਂ ਅਟਕੀਆਂ

ਪੰਜਾਬੀ ਫਿਲਮ ਲੇਖਕ ਅਤੇ ਨਿਰਦੇਸ਼ਕ ਚੰਦਰ ਕੰਬੋਜ ਨੇ ਦਾਅਵਾ ਕੀਤਾ ਕਿ 'ਸਰਦਾਰ ਜੀ 3' ਦੇ ਇਲਾਵਾ ਹੋਰ ਵੀ ਫਿਲਮਾਂ, ਜਿਵੇਂ 'ਚੱਲ ਮੇਰਾ ਪੁੱਤ 4', ਪਾਕਿਸਤਾਨੀ ਕਲਾਕਾਰਾਂ ਦੀ ਮੌਜੂਦਗੀ ਕਾਰਨ ਅਟਕੀਆਂ ਹੋਈਆਂ ਹਨ। ਉਨ੍ਹਾਂ ਨੇ ਕਿਹਾ ਕਿ ਲਗਪਗ 6 ਤਿਆਰ ਫਿਲਮਾਂ ਅਤੇ ਦਰਜਨ ਤੋਂ ਵੱਧ ਅਧੂਰੀਆਂ ਫਿਲਮਾਂ ਵਿਚ ਪਾਕਿਸਤਾਨੀ ਕਲਾਕਾਰ ਸ਼ਾਮਲ ਹਨ, ਜਿਨ੍ਹਾਂ ਨੂੰ ਸੈਂਸਰ ਬੋਰਡ ਦੀ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

### ਫਿਲਮ ਰਿਲੀਜ਼ ਨਾ ਹੋਣ ਕਾਰਣ ਨੁਕਸਾਨ

'ਸਰਦਾਰ ਜੀ 3' ਦੀ ਭਾਰਤ ਵਿਚ ਰਿਲੀਜ਼ ਨਾ ਹੋਣ ਨਾਲ ਵਿੱਤੀ ਅਤੇ ਸੱਭਿਆਚਾਰਕ ਨੁਕਸਾਨ ਦੋਵੇਂ ਹੋਣ ਦੀ ਸੰਭਾਵਨਾ ਹੈ। ਸੋਨਾਲੀ ਸਿੰਘ ਨੇ ਦੱਸਿਆ ਕਿ ਇਹ ਫਿਲਮ ਕੋਈ ਵੱਡੀ ਕਾਰਪੋਰੇਟ ਫੰਡਿਡ ਪ੍ਰੋਜੈਕਟ ਨਹੀਂ, ਸਗੋਂ ਪਰਿਵਾਰਾਂ ਦੀ ਜਮ੍ਹਾਂ-ਪੂੰਜੀ ਨਾਲ ਬਣੀ ਹੈ, ਜੋ ਰੀਜਨਲ ਸਿਨੇਮਾ ਨੂੰ ਮਜ਼ਬੂਤ ਕਰਨ ਵਿਚ ਯੋਗਦਾਨ ਪਾਉਂਦੇ ਹਨ। ਨਿਰਦੇਸ਼ਕ ਰਾਕੇਸ਼ ਧਵਨ ਨੇ ਅੰਦਾਜ਼ਾ ਲਾਇਆ ਕਿ ਫਿਲਮ 'ਤੇ ਲਗਪਗ 25 ਕਰੋੜ ਰੁਪਏ ਦਾ ਨਿਵੇਸ਼ ਹੋਇਆ ਹੈ। ਭਾਰਤ ਵਿਚ ਰਿਲੀਜ਼ ਨਾ ਹੋਣ ਨਾਲ ਨਿਰਮਾਤਾਵਾਂ, ਕਲਾਕਾਰਾਂ, ਅਤੇ ਟੈਕਨੀਕਲ ਟੀਮ ਨੂੰ ਵੱਡਾ ਵਿੱਤੀ ਝਟਕਾ ਲੱਗੇਗਾ। ਇਸ ਦੇ ਨਾਲ ਹੀ, ਸੱਭਿਆਚਾਰਕ ਨੁਕਸਾਨ ਵੀ ਘੱਟ ਨਹੀਂ।

ਪੰਜਾਬੀ ਸਿਨੇਮਾ, ਜੋ ਪਿਛਲੇ ਕੁਝ ਸਾਲਾਂ ਵਿਚ ਦਿਲਜੀਤ ਵਰਗੇ ਕਲਾਕਾਰਾਂ ਦੀ ਵਜ੍ਹਾ ਨਾਲ ਵਿਸ਼ਵ ਪੱਧਰ 'ਤੇ ਚਮਕਿਆ ਹੈ, ਨੂੰ ਇਸ ਵਿਰੋਧ ਨਾਲ ਝਟਕਾ ਲੱਗ ਸਕਦਾ ਹੈ। ਪੰਜਾਬੀ ਫਿਲਮਾਂ ਦੀ ਪਹੁੰਚ ਅਤੇ ਪ੍ਰਭਾਵ ਨੂੰ ਸੀਮਤ ਕਰਨ ਦੀ ਕੋਸ਼ਿਸ਼, ਇੱਕ ਤਰ੍ਹਾਂ ਨਾਲ ਪੰਜਾਬੀ ਸੱਭਿਆਚਾਰ 'ਤੇ ਹਮਲਾ ਹੈ।

ਬਾਕੀ ਹਿਸਾ ਸਫ਼ਾ 16 ਤੇ ਪੜ੍ਹੋ

## ਦਿਲਜੀਤ ਦੋਸਾਂਝ ਦੇ 'ਸਰਦਾਰ ਜੀ 3' ਦੇ ਵਿਵਾਦ ਦੌਰਾਨ ਭਾਜਪਾ ਤੋਂ ਕਿਉਂ ਮਿਲੀ ਹਮਾਇਤ

ਭਾਜਪਾ ਦੇ ਰਾਸ਼ਟਰੀ ਬੁਲਾਰੇ ਆਰ.ਪੀ. ਸਿੰਘ ਅਤੇ ਸਾਬਕਾ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ. ਮੁਖੀ ਮਨਜੀਤ ਸਿੰਘ ਜੀ.ਕੇ. ਨੇ ਦਿਲਜੀਤ ਨੂੰ "ਰਾਸ਼ਟਰੀ ਸੰਪਤੀ" ਅਤੇ "ਭਾਰਤੀ ਸਭਿਆਚਾਰ ਦਾ ਵਿਸ਼ਵ-ਦੂਤ" ਕਹਿ ਕੇ ਸਮਰਥਨ ਦਿੱਤਾ ਹੈ। ਇਹ ਸਮਰਥਨ ਉਦੋਂ ਆਇਆ ਜਦੋਂ ਭਾਜਪਾ ਦੇ ਕੁਝ ਆਗੂਆਂ, ਜਿਵੇਂ ਕੰਗਨਾ ਰਣੌਤ, ਨੇ ਪਹਿਲਾਂ ਦਿਲਜੀਤ ਨੂੰ "ਖਾਲਿਸਤਾਨੀ" ਦੀਆਂ ਸੰਗੀਨ ਤੋਹਮਤਾਂ ਲਾਈਆਂ ਸਨ। ਇਸ ਵਿਵਾਦ ਨੇ ਇੱਕ ਵਾਰ ਫਿਰ ਸਿੱਖ ਕਲਾਕਾਰਾਂ ਨੂੰ ਸਿਆਸੀ ਨਿਸ਼ਾਨੇ 'ਤੇ ਲੈਣ ਦੀ ਫਿਰਕੂ ਹਿੰਦੂਤਵੀ ਪ੍ਰਵਿਰਤੀ ਨੂੰ ਉਜਾਗਰ ਕੀਤਾ ਸੀ।

ਭਾਜਪਾ ਦੀ ਦਿਲਜੀਤ ਪ੍ਰਤੀ ਬਦਲੀ ਚਾਲ ਨੇ ਸਭ ਨੂੰ ਹੈਰਾਨ ਕਰ ਦਿੱਤਾ। ਜਿੱਥੇ ਪਾਰਟੀ ਦੇ ਕੁਝ ਆਗੂ ਅਤੇ ਸਮਰਥਕ ਪਹਿਲਾਂ ਦਿਲਜੀਤ ਨੂੰ ਸੋਸ਼ਲ ਮੀਡੀਆ 'ਤੇ ਟਰੋਲ ਕਰ ਰਹੇ ਸਨ, ਉੱਥੇ ਹੁਣ ਆਰ.ਪੀ. ਸਿੰਘ, ਹੰਸੀ ਧਾਲੀਵਾਲ ਅਤੇ ਵਿਨੀਤ ਜੋਸ਼ੀ ਵਰਗੇ ਆਗੂਆਂ ਨੇ ਖੁੱਲ੍ਹ ਕੇ ਦਿਲਜੀਤ ਦੀ ਹਮਾਇਤ ਕੀਤੀ ਹੈ। ਆਰ.ਪੀ. ਸਿੰਘ ਨੇ ਕਿਹਾ ਕਿ ਫਿਲਮ ਦੀ ਸ਼ੂਟਿੰਗ ਪਹਿਲਗਾਮ ਹਮਲੇ ਤੋਂ ਪਹਿਲਾਂ ਹੋਈ ਸੀ, ਅਤੇ ਦਿਲਜੀਤ ਦੀ ਦੇਸ਼ਭਗਤੀ 'ਤੇ ਸਵਾਲ ਉਠਾਉਣਾ "ਅਨੁਚਿਤ ਅਤੇ ਫਜ਼ੂਲ" ਹੈ। ਇਸ ਸਮਰਥਨ ਨੂੰ ਸਿਆਸੀ ਚਾਲ ਵਜੋਂ ਵੀ ਦੇਖਿਆ ਜਾ ਰਿਹਾ ਹੈ, ਕਿਉਂਕਿ ਭਾਜਪਾ ਪੰਜਾਬ ਵਿਚ ਆਪਣੀ ਚੋਣਵੀ ਸਥਿਤੀ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

### ✪ ਪੰਜਾਬ ਕਾਂਗਰਸ ਵਲੋਂ ਮਿਲੀ ਹਮਾਇਤ

ਸੀਨੀਅਰ ਕਾਂਗਰਸੀ ਆਗੂ ਅਤੇ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਖੁੱਲ੍ਹ ਕੇ ਦਿਲਜੀਤ ਦਾ ਸਮਰਥਨ ਕੀਤਾ ਹੈ। ਉਨ੍ਹਾਂ ਨੇ ਫੈਡਰੇਸ਼ਨ ਆਫ ਵੈਸਟਰਨ ਇੰਡੀਆ ਸਿਨੇ ਇੰਪਲਾਈਜ਼ 'ਤੇ ਵੀ ਇੱਕ ਬਿਆਨ ਦਿੱਤਾ ਹੈ।

ਬਾਜਵਾ ਨੇ ਕਿਹਾ, "ਮੈਨੂੰ ਫੈਡਰੇਸ਼ਨ ਆਫ ਵੈਸਟਰਨ ਇੰਡੀਆ ਸਿਨੇ ਇੰਪਲਾਈਜ਼ ਦੀ ਮੰਗ ਪੂਰੀ ਤਰ੍ਹਾਂ ਅਨੁਚਿਤ ਲੱਗਦੀ ਹੈ। ਦਿਲਜੀਤ ਦੋਸਾਂਝ ਇੱਕ ਮਸ਼ਹੂਰ ਭਾਰਤੀ ਕਲਾਕਾਰ ਹੈ ਜਿਸ ਨੇ ਸਾਨੂੰ ਸਾਰਿਆਂ ਨੂੰ ਵਿਸ਼ਵ ਪੱਧਰ 'ਤੇ ਮਾਣ ਦਿਵਾਇਆ ਹੈ। ਉਹ ਭਾਰਤੀ ਅਤੇ ਪੰਜਾਬੀ ਸੱਭਿਆਚਾਰ ਨੂੰ ਕੋਚੇਲਾ (ਸੰਗੀਤ ਉਤਸਵ) ਵਿੱਚ ਲੈ ਕੇ ਗਏ ਹਨ। ਉਨ੍ਹਾਂ ਨੇ ਮੇਟ ਗਾਲਾ ਵਿੱਚ ਸਾਡੀ ਵਿਰਾਸਤ ਦੀ ਪ੍ਰਤੀਨਿਧਤਾ ਕੀਤੀ ਹੈ।" ਬਾਜਵਾ ਨੇ ਜ਼ੋਰ ਦੇ ਕੇ ਕਿਹਾ ਕਿ ਅਜਿਹੀ ਅੰਤਰਰਾਸ਼ਟਰੀ ਪ੍ਰਤੀਨਿਧਤਾ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ, ਸਵਾਲ ਨਹੀਂ। ਪਰ ਸਵਾਲ ਇਹ ਹੈ ਕਿ ਕੀ ਇਹ ਸਮਰਥਨ ਫਿਲਮ ਨੂੰ ਭਾਰਤ ਵਿਚ ਰਿਲੀਜ਼ ਦੀ ਮਨਜ਼ੂਰੀ ਦਿਵਾਏਗਾ, ਜਾਂ ਸਿਰਫ ਸੋਸ਼ਲ ਮੀਡੀਆ ਤੱਕ ਸੀਮਤ ਰਹੇਗਾ? ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਦਿਲਜੀਤ ਦੀ ਫਿਲਮ ਨੂੰ ਭਾਰਤ ਵਿਚ ਰਿਲੀਜ਼ ਦੀ ਇਜਾਜ਼ਤ ਮਿਲਣ ਦੀ ਸੰਭਾਵਨਾ ਘੱਟ ਹੈ, ਕਿਉਂਕਿ ਵਾਈਛਓ ਨੇ ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ ਨੂੰ ਫਿਲਮ ਦੀ ਸਰਟੀਫਿਕੇਸ਼ਨ ਰੱਦ ਕਰਨ ਦੀ ਮੰਗ ਕੀਤੀ ਹੈ।

# ਸਰਦਾਰ ਜੀ 3 ਨੇ ਪਾਕਿਸਤਾਨ ਤੇ ਵਿਦੇਸ਼ਾਂ ਵਿਚ ਮਚਾਈਆਂ ਧੁੰਮਾਂ

ਦਿਲਜੀਤ ਦੁਸਾਂਝ ਨੇ ਆਪਣੀ ਪੰਜਾਬੀ ਫਿਲਮ ਦੇ ਦੋ ਦਿਨਾਂ ਦੇ ਬਾਕਸ ਆਫਿਸ ਕਲੈਕਸ਼ਨ ਦਾ ਡਾਟਾ ਸਾਂਝਾ ਕੀਤਾ ਹੈ। ਅਦਾਕਾਰ ਦੀ ਪੋਸਟ ਦੇ ਅਨੁਸਾਰ, ਸਰਦਾਰ ਜੀ 3 ਨੇ ਦੋ ਦਿਨਾਂ ਵਿੱਚ ਵਿਦੇਸ਼ੀ ਬਾਜ਼ਾਰ ਵਿੱਚ 11.03 ਦੀ ਕਮਾਈ ਕੀਤੀ ਹੈ। ਸਰਦਾਰ ਜੀ 3 ਦੀ ਕਮਾਈ ਦੂਜੇ ਦਿਨ ਵਧੀ ਹੈ। ਸਰਦਾਰ ਜੀ 3 ਦੀ ਵਿਦੇਸ਼ਾਂ ਵਿੱਚ ਸ਼ੁਰੂਆਤ ਭਾਵੇਂ ਸੁਸਤ ਰਹੀ ਹੋਵੇ ਪਰ ਦੂਜੇ ਦਿਨ ਕਮਾਈ ਵਿੱਚ ਵਾਧਾ ਹੋਇਆ। ਫਿਲਮ ਦਾ ਪਹਿਲੇ ਦਿਨ ਦਾ ਕਲੈਕਸ਼ਨ 4.32 ਕਰੋੜ ਰੁਪਏ ਸੀ, ਜਦੋਂ ਕਿ ਦੂਜੇ ਦਿਨ ਫਿਲਮ ਨੇ 6.71 ਕਰੋੜ ਰੁਪਏ ਕਮਾਏ। ਇਹ ਫਿਲਮ ਪਾਕਿਸਤਾਨੀ ਸਿਨੇਮਾਘਰਾਂ ਵਿੱਚ ਵੀ ਰਿਲੀਜ਼ ਹੋਈ ਹੈ ਜਿੱਥੇ ਇਹ ਚੰਗਾ ਕਲੈਕਸ਼ਨ ਕਰ ਰਹੀ ਹੈ। ਸਰਦਾਰ ਜੀ 3 ਕਾਮੇਡੀ ਡਰਾਉਣੀ ਫਿਲਮ ਹੈ ਜਿਸ ਵਿੱਚ ਦਿਲਜੀਤ ਦੁਸਾਂਝ ਤੇ ਹਾਨੀਆ, ਨੀਰੂ ਬਾਜਵਾ, ਗੁਲਸ਼ਨ ਗਰੋਵਰ, ਜੈਸਮੀਨ ਬਾਜਵਾ ਤੇ ਸਪਨਾ ਪੱਬੀ ਮੁੱਖ ਭੂਮਿਕਾਵਾਂ ਵਿੱਚ ਹਨ। ਫਿਲਮ ਦੀ ਕਹਾਣੀ ਜੱਗੀ ਤੇ ਉਸ ਦੀ ਭੂਤ ਦੋਸਤ ਪਿੰਕੀ ਬਾਰੇ ਹੈ ਜੋ ਲੰਡਨ ਦੇ ਇੱਕ ਹਵੇਲੀ ਤੋਂ ਭੂਤਾਂ ਨੂੰ ਕੱਢਣ ਆਉਂਦੇ ਹਨ। ਸਰਦਾਰ ਜੀ 3 ਤੋਂ ਬਾਅਦ ਦਿਲਜੀਤ ਪੰਜਾਬ 95 ਤੇ ਸੰਨੀ ਦਿਓਲ ਸਟਾਰਰ ਫਿਲਮ ਬਾਰਡਰ 2 ਵਿੱਚ ਦਿਖਾਈ ਦੇਣਗੇ। ਦਿਲਜੀਤ ਦੁਸਾਂਝ ਨੇ ਫਿਲਮ ਨੂੰ ਮਿਲ ਰਹੀ ਫਿਰਕੂਆਂ ਦੀ ਆਲੋਚਨਾ 'ਤੇ ਚੁੱਪੀ ਧਾਰੀ ਰੱਖੀ। ਪਰ ਹੁਣ ਉਨ੍ਹਾਂ ਨੇ ਪਾਕਿਸਤਾਨ ਵਿੱਚ ਫਿਲਮ ਦੀ ਰਿਲੀਜ਼ ਤੋਂ ਬਾਅਦ ਇੰਸਟਾਗ੍ਰਾਮ ਸਟੋਰੀ 'ਤੇ ਇੱਕ ਵੀਡੀਓ ਪੋਸਟ ਕੀਤੀ। ਇਸ ਨੂੰ ਦੇਖ ਕੇ ਅੰਦਾਜ਼ਾ ਲਗਾਇਆ ਗਿਆ ਹੈ ਕਿ ਦਿਲਜੀ ਦੁਸਾਂਝ ਦੀ ਪ੍ਰਸਿੱਧੀ ਸਰਹੱਦਾਂ ਪਾਰ ਵੀ ਬਹੁਤ ਜ਼ਿਆਦਾ ਹੈ ਕਿਉਂਕਿ ਫਿਲਮ ਨੂੰ ਪਾਕਿਸਤਾਨ ਵਿੱਚ ਸਫਲਤਾ ਮਿਲ ਰਹੀ ਹੈ। ਹੁਣ ਗਾਇਕ ਤੇ ਅਦਾਕਾਰ ਦਿਲਜੀਤ ਦੀ ਹਾਲੀਆ ਪੋਸਟ ਚਰਚਾ ਵਿੱਚ ਆ ਗਈ ਹੈ। ਦਿਲਜੀਤ ਦੁਸਾਂਝ, ਨੀਰੂ ਬਾਜਵਾ ਤੇ ਹਾਨੀਆ ਆਮਿਰ ਸਟਾਰਰ ਸਰਦਾਰ ਜੀ 3 ਦੀ ਰਿਲੀਜ਼ 'ਤੇ ਭਾਰਤ ਵਿੱਚ ਪਾਬੰਦੀ ਲਗਾ ਦਿੱਤੀ ਗਈ ਸੀ। ਇਸ ਤੋਂ ਬਾਅਦ ਇਹ ਫਿਲਮ 27 ਜੂਨ ਨੂੰ ਪਾਕਿਸਤਾਨੀ ਸਿਨੇਮਾਘਰਾਂ ਵਿੱਚ ਰਿਲੀਜ਼ ਹੋਈ ਤੇ ਫਿਲਮ ਸਫਲ ਰਹੀ।

15 ਸਫ਼ੇ ਦੀ ਬਾਕੀ

## ਕੀ ਦਿਲਜੀਤ ਦਾ ਵਿਰੋਧ ਜਾਇਜ਼ ਹੈ ?

ਦਿਲਜੀਤ ਦੀ ਫਿਲਮ ਦਾ ਵਿਰੋਧ ਸਿਰਫ ਹਾਨਿਆ ਆਮਿਰ ਦੀ ਮੌਜੂਦਗੀ ਨਾਲ ਜੁੜਿਆ ਨਹੀਂ, ਸਗੋਂ ਇਸ ਦੇ ਪਿੱਛੇ ਇੱਕ ਵੱਡੀ ਰਾਜਨੀਤਕ ਅਤੇ ਫਿਰਕੂ ਸੋਚ ਲੁਕੀ ਹੋਈ ਹੈ। ਕਈ ਫਿਰਕੂ ਲੋਕ ਦਿਲਜੀਤ ਨੂੰ ਨਿਸ਼ਾਨਾ ਬਣਾ ਰਹੇ ਹਨ, ਕਿਉਂਕਿ ਉਹ ਇੱਕ ਸਿੱਖ, ਪੰਜਾਬੀ, ਅਤੇ ਵਿਸ਼ਵ ਪੱਧਰ 'ਤੇ ਸਫਲ ਕਲਾਕਾਰ ਹੈ। ਉਸ ਦੀ ਸਫਲਤਾ, ਜੋ ਪੰਜਾਬੀ ਸੱਭਿਆਚਾਰ ਨੂੰ ਨਵੀਆਂ ਉਚਾਈਆਂ 'ਤੇ ਲੈ ਗਈ ਹੈ, ਕੁਝ ਲੋਕਾਂ ਦੀਆਂ ਅੱਖਾਂ ਵਿਚ ਖੁੱਭਦੀ ਹੈ।ਪੰਜਾਬੀ ਅਦਾਕਾਰਾ ਸੁਨੀਤਾ ਧੀਰ ਨੇ ਸਪੱਸ਼ਟ ਕਿਹਾ ਕਿ ਜੇ ਭਾਰਤੀ ਕਲਾਕਾਰ ਹਾਲੀਵੁੱਡ ਜਾਂ ਬਾਲੀਵੁੱਡ ਨਾਲ ਕੰਮ ਕਰ ਸਕਦੇ ਹਨ, ਤਾਂ ਪਾਕਿਸਤਾਨੀ ਕਲਾਕਾਰਾਂ ਨਾਲ ਕੰਮ ਕਰਨ ਵਿਚ ਕੀ ਹਰਜ ਹੈ? ਹਾਨਿਆ ਆਮਿਰ ਨੇ ਪੰਜਾਬੀ ਸਿਨੇਮਾ ਵਿਚ ਕੰਮ ਕਰਨ ਦੀ ਇੱਛਾ ਜ਼ਾਹਰ ਕੀਤੀ ਸੀ, ਅਤੇ ਦਿਲਜੀਤ ਨੇ ਉਸ ਨੂੰ ਮੌਕਾ ਦਿੱਤਾ। ਇਸ ਵਿਚ ਗਲਤ ਕੀ ਹੈ?

ਕੁਝ ਸਿੱਖ ਵਿਦਵਾਨ ਅਤੇ ਸਮਾਜਿਕ ਆਗੂ ਮੰਨਦੇ ਹਨ ਕਿ ਦਿਲਜੀਤ ਦਾ ਵਿਰੋਧ ਇੱਕ ਸਿਆਸੀ ਸਾਜਿਸ਼ ਦਾ ਹਿੱਸਾ ਹੈ, ਜਿਸ ਦਾ ਮਕਸਦ ਪੰਜਾਬੀ ਸੱਭਿਆਚਾਰ ਅਤੇ ਸਿੱਖ ਪਛਾਣ ਨੂੰ ਨੁਕਸਾਨ ਪਹੁੰਚਾਉਣਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਦਿਲਜੀਤ, ਜੋ ਸਿੱਖੀ ਦੀ ਪਗੜੀ ਨੂੰ ਮਾਣ ਨਾਲ ਪਹਿਨਦਾ ਹੈ ਅਤੇ ਪੰਜਾਬੀ ਸੱਭਿਆਚਾਰ ਨੂੰ ਵਿਸ਼ਵ ਵਿਚ ਫੈਲਾਉਂਦਾ ਹੈ, ਨੂੰ ਨਿਸ਼ਾਨਾ ਬਣਾਉਣਾ, ਸਿੱਖ ਕੌਮ ਦੀ ਸਾਂਝੀ ਸਫਲਤਾ 'ਤੇ ਹਮਲਾ ਹੈ।

ਦਲਜੀਤ ਦੋਸਾਂਝ ਦੇ ਹੱਕ ਵਿੱਚ ਬਿਆਨ ਦਿੰਦਿਆਂ ਹੋਇਆਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ, ਦਿਲਜੀਤ ਦੋਸਾਂਝ ਨੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਵਿਸ਼ਵ ਭਰ ਵਿੱਚ ਸਿਰ ਉੱਚਾ ਕੀਤਾ ਹੈ। ਫਿਰਕੂ ਵਿਰੋਧ ਠੀਕ ਨਹੀਂ।

ਇਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਦਿਲਜੀਤ ਸਿੰਘ ਦੋਸਾਂਝ ਦੀ ਫ਼ਿਲਮ 'ਸਰਦਾਰ ਜੀ 3' 'ਤੇ ਲੱਗੀ ਰੋਕ ਦੀ ਸਖ਼ਤ ਨਿੰਦਾ ਕੀਤੀ ਹੈ, ਜੋ ਪਾਕਿਸਤਾਨੀ ਅਦਾਕਾਰਾ ਹਾਨੀਆ ਆਮਿਰ ਦੀ ਭੂਮਿਕਾ ਕਾਰਨ ਲਗਾਈ ਗਈ। ਮਾਨ ਨੇ ਕਿਹਾ ਕਿ ਫ਼ਿਲਮਾਂ ਕਲਾ ਅਤੇ ਕਾਰੋਬਾਰ ਦਾ ਹਿੱਸਾ ਹਨ ਅਤੇ ਅਦਾਕਾਰ ਸਿਰਫ਼ ਡਾਇਰੈਕਟਰ ਦੁਆਰਾ ਨਿਰਧਾਰਤ ਰੋਲ ਨਿਭਾਉਂਦੇ ਹਨ, ਨਾ ਕਿ ਰਾਜਨੀਤਿਕ ਜਾਂ ਧਾਰਮਿਕ ਏਜੰਡਾ। ਉਨ੍ਹਾਂ ਨੇ ਦਿਲਜੀਤ ਦੀ ਸਿੱਖੀ, ਪੰਜਾਬੀਅਤ ਅਤੇ ਗੁਰਮੁਖੀ ਲਿਪੀ ਨੂੰ ਵਿਸ਼ਵ ਪੱਧਰ 'ਤੇ ਪ੍ਰਮੋਟ ਕਰਨ ਦੀ ਸ਼ਲਾਘਾ ਕੀਤੀ। ਮਾਨ ਨੇ ਦਿਲਜੀਤ ਦੀ ਫ਼ਿਲਮ 'ਪੰਜਾਬ 95' ਦਾ ਜ਼ਿਕਰ ਕਰਦਿਆਂ ਕਿਹਾ ਕਿ ਇਸ ਨੇ 1984 ਦੀ ਸਿੱਖ ਨਸਲਕੁਸ਼ੀ ਦੇ ਦਰਦ ਨੂੰ ਵਿਖਾਇਆ ਹੈ। ਮਾਨ ਨੇ ਹਿੰਦੂਵਾਦੀ ਸੋਚ 'ਤੇ ਸਿੱਖੀ ਅਤੇ ਪੰਜਾਬੀ ਸਭਿਆਚਾਰ ਨੂੰ ਦਬਾਉਣ ਦਾ ਇਲਜ਼ਾਮ ਲਗਾਇਆ ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬੀ ਦੇ ਮਸ਼ਹੂਰ ਗਾਇਕ ਦਿਲਜੀਤ ਦੁਸਾਂਝ ਦੀ ਫਿਲਮ 'ਸਰਦਾਰ ਜੀ 3' ਨੂੰ ਲੈ ਕੇ ਖੜ੍ਹੇ ਹੋਏ ਵਿਵਾਦ ਦੇ ਮਾਮਲੇ ਵਿਚ ਗਾਇਕ ਦੀ ਪਿੱਠ ਥਾਪੜਦਿਆਂ ਕਿਹਾ ਹੈ ਕਿ ਦਸਤਾਰਧਾਰੀ ਗਾਇਕ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਨਹੀਂ ਹੋਣੀ ਚਾਹੀਦੀ ਹੈ। ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਦਿਲਜੀਤ ਦੁਸਾਂਝ ਨੇ ਦੁਨੀਆ ਭਰ ਵਿਚ ਪੰਜਾਬੀਆਂ ਦਾ ਨਾਂ ਉੱਚਾ ਕੀਤਾ ਹੈ। ਉਨ੍ਹਾਂ ਦੇ ਨਾਂ 'ਤੇ ਬੇਲੋੜਾ ਵਿਵਾਦ ਖੜ੍ਹਾ ਨਹੀਂ ਹੋਣਾ ਚਾਹੀਦਾ।

ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਅਤੇ ਸਾਬਕਾ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਮਨਜੀਤ ਸਿੰਘ ਜੀ.ਕੇ. ਨੇ ਦਿਲਜੀਤ ਨੂੰ ਸਮਰਥਨ ਦਿੰਦਿਆਂ ਕਿਹਾ ਕਿ ਉਸ ਨੂੰ "ਚੋਣਵੇਂ ਤੌਰ 'ਤੇ ਨਿਸ਼ਾਨਾ" ਬਣਾਇਆ ਜਾ ਰਿਹਾ ਹੈ, ਜੋ "ਅਘੋਸ਼ਿਤ ਐਮਰਜੈਂਸੀ" ਵਰਗਾ ਹੈ।

ਬੀਬੀ ਕਿਰਨਜੋਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਦਾ ਕਹਿਣਾ ਹੈ ਕਿ ਇਹ ਬਹੁਤ ਹੀ ਮਜ਼ਾਕੀਆ ਹੈ ਕਿ ਪਾਕਿਸਤਾਨੀ ਅਤੇ ਭਾਰਤੀ ਕਲਾਕਾਰਾਂ ਨੂੰ ਇਕੱਠੇ ਕੰਮ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ। ਮੈਂ ਪੰਜਾਬੀ ਫਿਲਮਾਂ ਦਾ ਪ੍ਰਸ਼ੰਸਕ ਨਹੀਂ ਹਾਂ ਪਰ ਪਾਕਿਸਤਾਨੀ ਡਰਾਮਾ ਸੀਰੀਅਲਾਂ ਦੀ ਜ਼ਰੂਰ ਪ੍ਰਸ਼ੰਸਕ ਹਾਂ। ਹਾਲ ਹੀ ਵਿੱਚ ਹਾਨੀਆ ਅਮੀਰ ਦੀ ਫਿਲਮ 'ਕਭੀ ਮੈਂ ਕਭੀ ਤੁਮ' ਦੇਖੀ ਹੈ। ਬਹੁਤ ਹੀ ਸੁੰਦਰ ਡਰਾਮਾ! ਜੇਕਰ ਉਹ ਦਿਲਜੀਤ ਦੋਸਾਂਝ ਨਾਲ ਕੰਮ ਕਰਦੀ ਹੈ ਤਾਂ ਕੀ ਸਮੱਸਿਆ ਹੈ? ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਆਧਾਰਿਤ ਦੋਸਾਂਝ ਦੀ ਫਿਲਮ 'ਪੰਜਾਬ 95' ਨੂੰ ਵੀ ਰਿਲੀਜ਼ ਨਹੀਂ ਹੋਣ ਦਿੱਤਾ ਜਾ ਰਿਹਾ। ਤਾਂ ਕੀ ਸਮੱਸਿਆ ਇੱਕ ਸਫਲ ਪੰਜਾਬੀ ਮਨੋਰੰਜਨ ਕਰਨ ਵਾਲੀ, ਈਰਖਾ ਤੇ ਸਾੜ੍ਹਾ ਹੈ, ਅਤੇ ਉਸਨੂੰ ਬੇਲੋੜਾ ਪਰੇਸ਼ਾਨ ਕੀਤਾ ਜਾ ਰਿਹਾ ਹੈ?

ਕੈਨੇਡਾ ਦੇ ਸਿੱਖ ਚਿੰਤਕ ਡਾਕਟਰ ਗੁਰਵਿੰਦਰ ਸਿੰਘ ਧਾਲੀਵਾਲ ਦਾ ਮੰਨਣਾ ਹੈ ਕਿ 1947 ਦੀ ਵੰਡ ਨੇ ਪੰਜਾਬ ਦੀ ਮਿੱਟੀ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ, ਪਰ ਪੰਜਾਬੀਆਂ ਦੇ ਦਿਲ ਅਜੇ ਵੀ ਇੱਕ ਡੋਰ ਨਾਲ ਬੱਝੇ ਹੋਏ ਹਨ। ਇਹ ਡੋਰ ਪੰਜਾਬੀ ਬੋਲੀ, ਸੱਭਿਆਚਾਰ ਅਤੇ ਸਾਂਝ ਦੀ ਹੈ। ਦਿਲਜੀਤ ਦੋਸਾਂਝ, ਜੋ ਇਸ ਡੋਰ ਦਾ ਮੋਹਰੀ ਹੈ, ਨੇ ਸਰਹੱਦਾਂ ਨੂੰ ਤੋੜਦਿਆਂ ਪੰਜਾਬੀਅਤ ਨੂੰ ਵਿਸ਼ਵ ਦੇ ਹਰ ਕੋਨੇ ਵਿਚ ਪਹੁੰਚਾਇਆ। ਡਾਕਟਰ ਧਾਲੀਵਾਲ ਦਾ ਕਹਿਣਾ ਹੈ ਕਿ ਪੰਜਾਬੀਆਂ ਦੀ ਇਹ ਆਵਾਜ਼, ਜੋ ਪਿਆਰ, ਸਾਂਝ, ਅਤੇ ਅਮਨ ਦੀ ਗੱਲ ਕਰਦੀ ਹੈ, ਨੂੰ ਚੁੱਪ ਨਹੀਂ ਕਰਾਇਆ ਜਾ ਸਕਦਾ। ਕਿਉਂਕਿ ਪੰਜਾਬੀ ਤੇ ਸਿੱਖ ਮਨੁੱਖਤਾ ਨਹੀਂ ਵੰਡਦੇ, ਰੋਟੀ ਵੰਡਦੇ ਹਾਂ। ਵੰਡ ਛਕਦੇ ਹਨ। ਇਹ ਸਾਡੀ ਪੰਜਾਬੀਅਤ ਦੀ ਤਾਕਤ ਹੈ, ਜੋ ਗੁਰੂ ਸਾਹਿਬਾਨ ਨੇ ਸਾਂਝੀਵਾਲਤਾ ਦਾ ਸਿਧਾਂਤ ਰਾਹੀਂ ਰੋਸ਼ਨ ਕੀਤੀ ਹੈ ਅਤੇ ਦਿਲਜੀਤ ਦੋਸਾਂਝ ਇਸ ਤਾਕਤ ਦਾ ਪ੍ਰਤੀਕ ਹੈ।


# ਪਾਕਿ ਫ਼ੌਜ ਮੁਖੀ ਨੇ ਭਾਰਤ ਵਿਰੁੱਧ ਵਿਰੁੱਧ ਦੋਸ਼ ਲਗਾਏ

### ਕਿਹਾ ਕਿ ਭਾਰਤ ਖੇਤਰੀ ਤਣਾਅ ਵਧਾ ਰਿਹਾ, ਫ਼ੈਸਲਾਕੁੰਨ ਕਾਰਵਾਈ ਦੀ ਕੀਤੀ ਮੰਗ



ਅੰਮ੍ਰਿਤਸਰ-ਪਾਕਿਸਤਾਨ ਦੇ ਫ਼ੌਜ ਮੁਖੀ ਆਸਿਮ ਮੁਨੀਰ ਨੇ ਇਕ ਵਾਰ ਫਿਰ ਸਪੱਸ਼ਟ ਧਮਕੀ ਦਿੱਤੀ ਹੈ। ਇਸ ਤੋਂ ਉਨ੍ਹਾਂ ਭਾਰਤ ਵਿਰੁੱਧ ਫ਼ੈਸਲਾਕੁੰਨ ਕਾਰਵਾਈ ਦੀ ਵੀ ਮੰਗ ਕੀਤੀ ਹੈ। ਪਾਕਿਸਤਾਨ ਨੇਵਲ ਅਕੈਡਮੀ ਵਿਚ ਸਮਾਗਮ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਭਾਰਤ ਵਿਰੁੱਧ ਬੇਬੁਨਿਆਦ ਦੋਸ਼ ਲਗਾਏ ਤੇ ਕਿਹਾ ਕਿ ਭਾਰਤ ਖੇਤਰੀ ਤਣਾਅ ਵਧਾ ਰਿਹਾ ਹੈ। ਮੁਨੀਰ ਨੇ ਕਸ਼ਮੀਰ ਦਾ ਵੀ ਮੁੱਦਾ ਉਠਾਇਆ। ਇਸ ਤੋਂ ਪਹਿਲਾਂ ਵੀ ਉਨ੍ਹਾਂ ਭਾਰਤ ਵਿਰੁੱਧ ਜ਼ਹਿਰ ਉਗਲਿਆ ਸੀ, ਜਿਸ ਤੋਂ ਬਾਅਦ ਪਹਿਲਗਾਮ ਵਿਚ ਅੱਤਵਾਦੀ ਹਮਲਾ ਹੋਇਆ ਸੀ। ਆਸਿਮ ਮੁਨੀਰ ਨੇ ਦੋਸ਼ ਲਗਾਇਆ ਕਿ ਭਾਰਤ ਨੇ ਦੋ ਵਾਰ ਬਿਨਾਂ ਭੜਕਾਹਟ ਦੇ ਫ਼ੌਜੀ ਕਾਰਵਾਈ ਕੀਤੀ ਹੈ। ਉਨ੍ਹਾਂ ਕਿਹਾ ਕਿ ਭਾਰਤ ਦੀਆਂ ਇਹ ਕਾਰਵਾਈਆਂ ਉਸ ਦੀ ਰਣਨੀਤਕ ਦੂਰਦਰਸਿਤਾ ਦੀ ਘਾਟ ਨੂੰ ਦਰਸਾਉਂਦੀਆਂ ਹਨ। ਉਨ੍ਹਾਂ ਧਮਕੀ ਦਿੱਤੀ ਕਿ ਜੇਕਰ ਭਾਰਤ ਭਵਿੱਖ ਵਿਚ ਅਜਿਹੀ ਕੋਈ ਕਾਰਵਾਈ ਕਰਦਾ ਹੈ ਤਾਂ ਪਾਕਿ ਫ਼ੈਸਲਾਕੁੰਨ ਜਵਾਬ ਦੇਵੇਗਾ। ਉਨ੍ਹਾਂ ਭਾਰਤ 'ਤੇ ਖੇਤਰੀ ਸ਼ਾਂਤੀ ਨੂੰ ਅਸਥਿਰ ਕਰਨ ਵੀ ਦਾ ਦੋਸ਼ ਲਗਾਇਆ। ਫ਼ੌਜ ਮੁਖੀ ਨੇ ਕਸ਼ਮੀਰ ਮੁੱਦਾ ਛੇੜਦਿਆਂ ਕਿਹਾ ਕਿ ਪਾਕਿਸਤਾਨ ਕਸ਼ਮੀਰ ਮੁੱਦੇ 'ਤੇ ਸੰਯੁਕਤ ਰਾਸ਼ਟਰ ਦੇ ਮਤੇ ਤੇ ਕਸ਼ਮੀਰੀ ਲੋਕਾਂ ਦੀਆਂ ਇੱਛਾਵਾਂ ਦਾ ਸਮਰਥਕ ਹੈ।

# ਵਿਧਾਇਕ ਵਜੋਂ ਸੰਜੀਵ ਅਰੋੜਾ ਨੇ ਚੁੱਕੀ ਸਹੁੰ



ਚੰਡੀਗੜ੍ਹ-ਲੁਧਿਆਣਾ ਪੱਛਮੀ ਜ਼ਿਮਨੀ ਚੋਣ ਵਿਚ ਜੇਤੂ ਰਹੇ 'ਆਪ' ਆਗੂ ਸੰਜੀਵ ਅਰੋੜਾ ਨੇ ਬੀਤੇ ਦਿਨੀਂ ਵਿਧਾਇਕ ਵਜੋਂ ਸਹੁੰ ਚੁੱਕ ਲਈ। ਉਨ੍ਹਾਂ ਨੂੰ ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾ ਨੇ ਅਹੁਦੇ ਦਾ ਹਲਫ਼ ਦਵਾਇਆ। ਲੁਧਿਆਣਾ ਵਿੱਚ 19 ਜੂਨ ਨੂੰ ਹੋਈ ਉਪ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਨੇ ਕਾਂਗਰਸ ਦੇ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਨੂੰ 10,637 ਵੋਟਾਂ ਨਾਲ ਹਰਾਇਆ ਸੀ।

# ਲੁਧਿਆਣਾ ਵਿਚ ਸਾਬਕਾ ਸੰਸਦ ਮੈਂਬਰ ਤਲਵੰਡੀ ਦੇ ਪੀਏ ਦਾ ਕਤਲ



ਲੁਧਿਆਣਾ-ਲੁਧਿਆਣਾ ਦੇ ਥਾਣਾ ਦੁਗਰੀ ਅਧੀਨ 200 ਫੁੱਟੀ ਰੋਡ ਤੇ ਇੱਕ ਪ੍ਰਾਪਰਟੀ ਕਾਰੋਬਾਰੀ ਕੁਲਦੀਪ ਸਿੰਘ ਜੋ ਕਿ ਸ਼੍ਰੋਮਣੀ ਅਕਾਲੀ ਦਲ ਆਗੂ ਅਤੇ ਸਾਬਕਾ ਸੰਸਦ ਮੈਂਬਰ ਜਗਦੇਵ ਸਿੰਘ ਤਲਵੰਡੀ ਦਾ ਸਾਬਕਾ ਪੀਏ ਸੀ, ਦਾ ਸੜਕ ਦੇ ਵਿਚਕਾਰ ਤਲਵਾਰ ਨਾਲ ਕਤਲ ਕਰ ਦਿੱਤਾ। ਪ੍ਰਾਪਰਟੀ ਕਾਰੋਬਾਰੀ ਕੁਲਦੀਪ ਸਿੰਘ ਆਪਣੇ ਫਾਰਮ ਹਾਊਸ ਤੋਂ ਆਪਣੇ ਘਰ ਜਾ ਰਿਹਾ ਸੀ ਕਿ ਅਚਾਨਕ ਸਵਿਫਟ ਕਾਰ ਤੇ ਸਵਾਰ ਨੌਜਵਾਨਾਂ ਦੇ ਵੱਲੋਂ ਤੇਜਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ ਗਿਆ, ਜਿਸ ਕਾਰਨ ਕੁਲਦੀਪ ਸਿੰਘ ਦੀ ਮੌਕੇ ਤੇ ਹੀ ਮੌਤ ਹੋ ਗਈ। ਮੌਕੇ ਤੇ ਪਹੁੰਚੀ ਪੁਲਿਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਲਿਆ ਹੈ।

# ਕੈਨੇਡਾ ਸਰਕਾਰ ਨੇ 178 ਗੈਰ-ਡਿਗਰੀ ਪ੍ਰੋਗਰਾਮਾਂ ਲਈ ਵਰਕ ਪਰਮਿਟ ਕੀਤਾ ਬੰਦ

## ✪ ਭਾਰਤੀ ਵਿਦਿਆਰਥੀਆਂ ਦਾ ਪੀਆਰ ਦਾ ਰਾਹ ਮੁਸ਼ਕਿਲ, ਸਖ਼ਤ ਵੀਜ਼ਾ ਨਿਯਮ ਲਾਗੂ

## ✪ ਮਹਿੰਗਾਈ ਅਤੇ ਬੇਰੁਜ਼ਗਾਰੀ ਨੇ ਕੈਨੇਡਾ ਵਿੱਚ ਸੈਟਲ ਹੋਣ ਨੂੰ ਕੀਤਾ ਔਖਾ

### // ਖਾਸ ਖਬਰ //

ਕੈਨੇਡਾ, ਜੋ ਕਦੀ ਵਿਦੇਸ਼ੀ ਵਿਦਿਆਰਥੀਆਂ, ਖਾਸ ਕਰਕੇ ਭਾਰਤੀ ਨੌਜਵਾਨਾਂ, ਲਈ ਸੁਪਨਿਆਂ ਦਾ ਮੁਲਕ ਸੀ, ਹੁਣ ਉਨ੍ਹਾਂ ਲਈ ਚੁਣੌਤੀਆਂ ਦਾ ਪਹਾੜ ਖੜ੍ਹਾ ਕਰ ਰਿਹਾ ਹੈ। ਕੈਨੇਡਾ ਸਰਕਾਰ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਇਮੀਗ੍ਰੇਸ਼ਨ ਨਿਯਮਾਂ ਵਿੱਚ ਵੱਡੇ ਬਦਲਾਅ ਕਰਦਿਆਂ ਪੀਆਰ ਦੇ ਨਿਯਮ ਹੋਰ ਸਖ਼ਤ ਕਰ ਦਿੱਤੇ ਹਨ। 178 ਗੈਰ-ਡਿਗਰੀ ਅਧਿਐਨ ਸ਼੍ਰੇਣੀਆਂ ਵਾਲੇ ਵਿਦਿਆਰਥੀਆਂ ਲਈ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਬੰਦ ਕਰ ਦਿੱਤਾ ਗਿਆ ਹੈ, ਜਿਸ ਨਾਲ ਉਨ੍ਹਾਂ ਦਾ ਕੈਨੇਡਾ ਵਿੱਚ ਸੈਟਲ ਹੋਣ ਦਾ ਸੁਪਨਾ ਖ਼ਤਰੇ ਵਿੱਚ ਪੈ ਗਿਆ ਹੈ। ਇਸ ਫੈਸਲੇ ਦਾ ਸਭ ਤੋਂ ਵੱਡਾ ਅਸਰ ਭਾਰਤੀ ਵਿਦਿਆਰਥੀਆਂ, ਖਾਸ ਕਰਕੇ ਪੰਜਾਬ ਤੇ ਹਰਿਆਣਾ ਦੇ ਨੌਜਵਾਨਾਂ 'ਤੇ ਪੈ ਰਿਹਾ ਹੈ, ਜੋ ਵੱਡੀ ਗਿਣਤੀ ਵਿੱਚ ਉੱਚ ਸਿੱਖਿਆ ਅਤੇ ਸਥਾਈ ਨਿਵਾਸ ਦੀ ਉਮੀਦ ਨਾਲ ਕੈਨੇਡਾ ਜਾਂਦੇ ਹਨ।

### ਗੈਰ-ਡਿਗਰੀ ਵਿਦਿਆਰਥੀਆਂ ਲਈ ਰਸਤੇ ਬੰਦ

ਕੈਨੇਡਾ ਦੇ ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ ਨੇ 25 ਜੂਨ, 2025 ਤੋਂ ਬਾਅਦ ਅਧਿਐਨ ਪਰਮਿਟ ਲਈ ਅਰਜ਼ੀ ਦੇਣ ਵਾਲੇ 178 ਗੈਰ-ਡਿਗਰੀ ਪ੍ਰੋਗਰਾਮਾਂ ਦੇ ਵਿਦਿਆਰਥੀਆਂ ਲਈ ਪੋਸਟ-ਗ੍ਰੈਜੂਏਸ਼ਨ ਵਰਕ ਪਰਮਿਟ ਬੰਦ ਕਰ ਦਿੱਤਾ ਹੈ। ਇਹ ਪ੍ਰੋਗਰਾਮ ਉਹ ਹਨ, ਜੋ ਸਰਕਾਰ ਦੇ ਮੁਤਾਬਕ "ਲੰਬੇ ਸਮੇਂ ਦੇ ਕਿਰਤ ਘਾਟ ਵਾਲੇ ਕਿੱਤਿਆਂ" ਨਾਲ ਸਬੰਧਤ ਨਹੀਂ ਹਨ। ਇਸ ਦਾ ਮਤਲਬ ਹੈ ਕਿ ਜਿਹੜੇ ਵਿਦਿਆਰਥੀ ਡਿਪਲੋਮਾ ਜਾਂ ਸਰਟੀਫਿਕੇਟ ਕੋਰਸ ਕਰਦੇ ਹਨ, ਜਿਵੇਂ ਕਿ ਕੁਝ ਵੋਕੇਸ਼ਨਲ ਜਾਂ ਟੈਕਨੀਕਲ ਪ੍ਰੋਗਰਾਮ, ਉਹ ਹੁਣ ਪੜ੍ਹਾਈ ਤੋਂ ਬਾਅਦ ਕੰਮ ਕਰਨ ਦਾ ਮੌਕਾ ਨਹੀਂ ਪ੍ਰਾਪਤ ਕਰ ਸਕਣਗੇ। ਪਹਿਲਾਂ ਇਹ ਵਰਕ ਪਰਮਿਟ ਵਿਦਿਆਰਥੀਆਂ ਨੂੰ ਤਿੰਨ ਸਾਲ ਤੱਕ ਕੈਨੇਡਾ ਵਿੱਚ ਕੰਮ ਕਰਨ ਅਤੇ ਪੀਆਰ ਲਈ ਅਪਲਾਈ ਕਰਨ ਦਾ ਰਾਹ ਪੱਧਰਾ ਕਰਦਾ ਸੀ। ਇਸ ਦੇ ਨਾਲ ਹੀ, ਸਰਕਾਰ ਨੇ 119 ਅਧਿਐਨ ਸ਼੍ਰੇਣੀਆਂ ਨੂੰ ਵਰਕ ਪਰਮਿਟ ਲਈ ਯੋਗ ਰੱਖਿਆ ਹੈ, ਜਿਨ੍ਹਾਂ ਵਿੱਚ ਸਿਹਤ ਸੰਭਾਲ, ਸਮਾਜਿਕ ਸੇਵਾਵਾਂ, ਸਿੱਖਿਆ ਅਤੇ ਵਪਾਰ ਖੇਤਰ ਸ਼ਾਮਲ ਹਨ।

ਪਰ ਇਹ ਬਦਲਾਅ ਸਿਰਫ਼ 1 ਨਵੰਬਰ, 2024 ਤੋਂ ਬਾਅਦ ਅਪਲਾਈ ਕਰਨ ਵਾਲੇ ਗੈਰ-ਡਿਗਰੀ ਵਿਦਿਆਰਥੀਆਂ 'ਤੇ ਲਾਗੂ ਹੋਣਗੇ। ਬੈਚਲਰ, ਮਾਸਟਰ ਜਾਂ ਡਾਕਟਰੇਟ ਪ੍ਰੋਗਰਾਮਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ 'ਤੇ ਇਸ ਦਾ ਕੋਈ ਅਸਰ ਨਹੀਂ ਹੋਵੇਗਾ। ਇਸ ਤਰ੍ਹਾਂ, ਭਾਰਤੀ ਵਿਦਿਆਰਥੀ ਜੋ ਸਸਤੇ ਅਤੇ ਛੋਟੇ ਡਿਪਲੋਮਾ ਕੋਰਸਾਂ ਦੀ ਚੋਣ ਕਰਦੇ ਸਨ, ਉਨ੍ਹਾਂ ਦੀਆਂ ਮੁਸ਼ਕਿਲਾਂ ਵਧਣਗੀਆਂ। ਪੰਜਾਬ ਅਤੇ ਹਰਿਆਣਾ ਦੇ ਵਿਦਿਆਰਥੀ, ਜੋ ਅਕਸਰ ਇਨ੍ਹਾਂ ਗੈਰ-ਡਿਗਰੀ ਪ੍ਰੋਗਰਾਮਾਂ ਵਿੱਚ ਦਾਖਲ ਹੁੰਦੇ ਹਨ, ਹੁਣ ਵਰਕ ਪਰਮਿਟ ਦੀ




ਅਣਹੋਂਦ ਕਾਰਨ ਕੈਨੇਡਾ ਵਿੱਚ ਰਹਿਣ ਦੀ ਸੰਭਾਵਨਾ ਗੁਆ ਬੈਠਣਗੇ।

2024 ਵਿੱਚ ਕੈਨੇਡਾ ਵਿੱਚ 4,27,000 ਭਾਰਤੀ ਵਿਦਿਆਰਥੀ ਪੜ੍ਹ ਰਹੇ ਸਨ, ਪਰ 2025 ਵਿੱਚ ਸਟੱਡੀ ਪਰਮਿਟਾਂ ਵਿੱਚ 31% ਦੀ ਗਿਰਾਵਟ ਦਰਜ ਕੀਤੀ ਗਈਹੈ। ਇਸ ਦਾ ਮੁੱਖ ਕਾਰਨ ਸਖ਼ਤ ਨਿਯਮ ਅਤੇ ਵੀਜ਼ਾ ਪ੍ਰਕਿਰਿਆ ਵਿੱਚ ਵਧੀਆਂ ਹੋਈ ਰੁਕਾਵਟਾਂ ਹਨ।

ਭਾਰਤ ਅਤੇ ਕੈਨੇਡਾ ਵਿਚਕਾਰ ਕੂਟਨੀਤਕ ਤਣਾਅ ਨੇ ਵੀ ਵਿਦਿਆਰਥੀਆਂ ਦੀਆਂ ਮੁਸ਼ਕਿਲਾਂ ਵਿੱਚ ਵਾਧਾ ਕੀਤਾ ਹੈ। 2024 ਵਿੱਚ, ਸਟੂਡੈਂਟ ਡਾਇਰੈਕਟ ਸਟ੍ਰੀਮ ਪ੍ਰੋਗਰਾਮ, ਜੋ ਭਾਰਤ ਸਮੇਤ 14 ਦੇਸ਼ਾਂ ਦੇ ਵਿਦਿਆਰਥੀਆਂ ਲਈ ਤੇਜ਼ ਅਤੇ ਸਰਲ ਵੀਜ਼ਾ ਪ੍ਰਕਿਰਿਆ ਪ੍ਰਦਾਨ ਕਰਦਾ ਸੀ, ਨੂੰ 8 ਨਵੰਬਰ, 2024 ਨੂੰ ਬੰਦ ਕਰ ਦਿੱਤਾ ਗਿਆ। ਇਸ ਸਕੀਮ ਦੇ ਖ਼ਤਮ ਹੋਣ ਨਾਲ ਵੀਜ਼ਾ ਪ੍ਰਕਿਰਿਆ ਹੁਣ ਲੰਬੀ ਅਤੇ ਗੁੰਝਲਦਾਰ ਹੋ ਗਈ ਹੈ, ਜਿਸ ਕਾਰਨ ਵੀਜ਼ਾ ਸਵੀਕਾਰ ਕਰਨ ਦੀ ਦਰ ਵਿੱਚ ਕਮੀ ਆਈ ਹੈ। ਇਸ ਤੋਂ ਇਲਾਵਾ, ਕੈਨੇਡਾ ਸਰਕਾਰ ਨੇ ਵਿਦਿਆਰਥੀਆਂ ਨੂੰ ਸਕੂਲ ਜਾਂ ਕਾਲਜ ਬਦਲਣ ਲਈ ਨਵਾਂ ਸਟੱਡੀ ਪਰਮਿਟ ਲੈਣਾ ਲਾਜ਼ਮੀ ਕਰ ਦਿੱਤਾ ਹੈ, ਜੋ ਪਹਿਲਾਂ ਸਿਰਫ਼ ਆਈਆਰਸੀਸੀ ਪੋਰਟਲ 'ਤੇ ਜਾਣਕਾਰੀ ਅਪਡੇਟ ਕਰਨ ਨਾਲ ਸੰਭਵ ਸੀ। ਇਸ ਨਵੇਂ ਨਿਯਮ ਨੇ ਵੀ ਵਿਦਿਆਰਥੀਆਂ ਦੀਆਂ ਮੁਸ਼ਕਿਲਾਂ ਵਧਾਈਆਂ ਹਨ, ਕਿਉਂਕਿ ਇਸ ਪ੍ਰਕਿਰਿਆ ਵਿੱਚ ਸਮਾਂ ਅਤੇ ਪੈਸੇ ਦੀ ਬਰਬਾਦੀ ਹੁੰਦੀ ਹੈ। ਕੈਨੇਡੀਅਨ ਅਖ਼ਬਾਰਾਂ ਅਤੇ ਰਿਪੋਰਟਾਂ ਮੁਤਾਬਕ, ਸਰਕਾਰ ਦਾ ਮੁੱਖ ਮਕਸਦ ਵੀਜ਼ਾ ਧੋਖਾਧੜੀ ਅਤੇ ਨਕਲੀ ਕਾਲਜਾਂ ਨੂੰ ਰੋਕਣਾ ਹੈ। ਸਰਕਾਰ ਦਾ ਕਹਿਣਾ ਹੈ ਕਿ ਇਹ ਬਦਲਾਅ ਵਿਦਿਆਰਥੀਆਂ ਦੀ ਸੁਰੱਖਿਆ ਅਤੇ ਸਿੱਖਿਆ ਸੰਸਥਾਵਾਂ ਦੀ ਭਰੋਸੇਯੋਗਤਾ ਬਣਾਈ ਰੱਖਣ ਲਈ ਜ਼ਰੂਰੀ ਹਨ। ਪਰ ਇਸ ਦੇ ਨਾਲ ਹੀ, ਭਾਰਤੀ ਵਿਦਿਆਰਥੀਆਂ ਨੂੰ ਅਚਾਨਕ ਈ-ਮੇਲਾਂ ਰਾਹੀਂ ਸਟੱਡੀ ਪਰਮਿਟ, ਵੀਜ਼ਾ ਅਤੇ ਵਿਦਿਅਕ ਰਿਕਾਰਡ ਦੁਬਾਰਾ ਜਮ੍ਹਾ ਕਰਨ ਦੀਆਂ ਮੰਗਾਂ ਨੇ ਉਨ੍ਹਾਂ ਦੀ ਚਿੰਤਾ ਵਧਾ ਦਿੱਤੀ ਹੈ। ਕੁਝ ਵਿਦਿਆਰਥੀਆਂ ਨੂੰ ਆਈਆਰਸੀਸੀ ਦਫਤਰਾਂ ਵਿੱਚ ਵਿਅਕਤੀਗਤ ਤੌਰ 'ਤੇ ਪੇਸ਼ ਹੋਣ ਲਈ ਵੀ ਕਿਹਾ ਜਾ ਰਿਹਾ ਹੈ, ਅਤੇ ਨਿਯਮਾਂ ਦੀ ਪਾਲਣਾ ਨਾ ਕਰਨ 'ਤੇ ਵੀਜ਼ਾ ਰੱਦ ਹੋਣ ਦਾ ਖ਼ਤਰਾ ਹੈ।

### ਬੇਰੁਜ਼ਗਾਰੀ ਅਤੇ ਮਹਿੰਗਾਈ: ਕੈਨੇਡਾ ਵਿੱਚ ਸੈਟਲ ਹੋਣਾ ਹੋਇਆ ਮੁਸ਼ਕਿਲ

ਕੈਨੇਡਾ ਵਿੱਚ ਬੇਰੁਜ਼ਗਾਰੀ ਅਤੇ ਮਹਿੰਗਾਈ ਵੀ ਵਿਦਿਆਰਥੀਆਂ ਲਈ ਵੱਡੀ ਚੁਣੌਤੀ ਬਣ ਰਹੀ ਹੈ। 2024 ਵਿੱਚ, ਕੈਨੇਡਾ ਦੀ ਅਰਥਵਿਵਸਥਾ 'ਤੇ ਮਹਿੰਗਾਈ ਦਾ ਦਬਾਅ ਵਧਿਆ, ਜਿਸ ਨੇ ਰਹਿਣ-ਸਹਿਣ ਦੇ ਖਰਚੇ ਨੂੰ ਕਾਫੀ ਵਧਾ ਦਿੱਤਾ। ਕਿਰਾਏ, ਬੱਸਾਂ ਦੇ ਖਰਚੇ ਅਤੇ ਰੋਜ਼ਮਰ੍ਹਾ ਦੀਆਂ ਜ਼ਰੂਰਤਾਂ ਦੀਆਂ ਕੀਮਤਾਂ ਵਧਣ ਨਾਲ ਵਿਦਿਆਰਥੀਆਂ ਲਈ ਆਰਥਿਕ ਬੋਝ ਵਧ ਗਿਆ ਹੈ। ਇਸ ਦੇ ਨਾਲ ਹੀ, ਸਰਕਾਰ ਨੇ ਅਸਥਾਈ ਵਰਕ ਪਰਮਿਟਾਂ 'ਤੇ ਸਖ਼ਤੀ ਕਰਦਿਆਂ ਘੱਟ ਤਨਖ਼ਾਹ ਵਾਲੀਆਂ ਨੌਕਰੀਆਂ ਲਈ ਅਰਜ਼ੀਆਂ ਨੂੰ ਰੱਦ ਕਰਨ ਦਾ ਫੈਸਲਾ ਕੀਤਾ ਹੈ, ਜਿੱਥੇ ਬੇਰੁਜ਼ਗਾਰੀ ਦਰ 6% ਤੋਂ ਵੱਧ ਹੈ। ਪੰਜਾਬੀ ਵਿਦਿਆਰਥੀ, ਜੋ ਅਕਸਰ ਪੜ੍ਹਾਈ ਦੇ ਨਾਲ-ਨਾਲ ਘੱਟ ਤਨਖ਼ਾਹ ਵਾਲੀਆਂ ਨੌਕਰੀਆਂ 'ਤੇ ਨਿਰਭਰ ਹੁੰਦੇ ਹਨ, ਨੂੰ ਇਹ ਸਖ਼ਤੀਆਂ ਸਭ ਤੋਂ ਵੱਧ ਪ੍ਰਭਾਵਿਤ ਕਰ ਰਹੀਆਂ ਹਨ। ਕਈ ਵਿਦਿਆਰਥੀਆਂ ਨੂੰ ਝਾੜੂ ਮਾਰਨ ਜਾਂ ਡਸਟਿੰਗ ਵਰਗੇ ਕੰਮਾਂ ਨੂੰ "ਘਟੀਆ" ਸਮਝਣ ਕਾਰਨ ਨੌਕਰੀਆਂ ਗੁਆਉਣੀਆਂ ਪੈ ਰਹੀਆਂ ਹਨ, ਜਿਸ ਨਾਲ ਉਹ ਆਰਥਿਕ ਸੰਕਟ ਵਿੱਚ ਫਸ ਰਹੇ ਹਨ। ਕੈਨੇਡੀਅਨ ਅਖ਼ਬਾਰਾਂ, ਜਿਵੇਂ ਕਿ ਟੋਰਾਂਟੋ ਸਟਾਰ ਅਤੇ ਸੀਬੀਸੀ, ਨੇ ਰਿਪੋਰਟ ਕੀਤਾ ਹੈ ਕਿ ਸਰਕਾਰ ਦੇ ਇਹ ਕਦਮ ਅਰਥਵਿਵਸਥਾ 'ਤੇ ਦਬਾਅ ਅਤੇ ਸਥਾਨਕ ਨੌਕਰੀਆਂ ਦੀ ਸੁਰੱਖਿਆ ਲਈ ਚੁੱਕੇ ਗਏ ਹਨ। ਪਰ ਇਹ ਵੀ ਸੱਚ ਹੈ ਕਿ ਇਹ ਨਿਯਮ ਭਾਰਤੀ ਵਿਦਿਆਰਥੀਆਂ ਦੇ ਸੁਪਨਿਆਂ 'ਤੇ ਭਾਰੀ ਪੈ ਰਹੇ ਹਨ। ਇੱਕ ਪਾਸੇ ਜਿੱਥੇ ਸਰਕਾਰ ਦਾਅਵਾ ਕਰਦੀ ਹੈ ਕਿ ਉਹ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਸੁਆਗਤ ਕਰਦੀ ਹੈ, ਉੱਥੇ ਹੀ ਸਖ਼ਤ ਨਿਯਮ ਅਤੇ ਵਧਦੀ ਮਹਿੰਗਾਈ ਨੇ ਕੈਨੇਡਾ ਵਿੱਚ ਸੈਟਲ ਹੋਣ ਨੂੰ ਔਖਾ ਕਰ ਦਿੱਤਾ ਹੈ।

*******

## ਦਿੱਲੀ ਸਰਕਾਰ ਦਿਲੀ ਗੁਰਦੁਆਰਾ ਕਮੇਟੀ ਨਾਲ ਮਿਲਕੇ ਗੁਰੂ ਤੇਗ਼ ਬਹਾਦਰ ਦੀ ਯਾਦਗਾਰ ਦਾ ਕਰੇਗੀ ਆਧੁਨਿਕੀਕਰਨ




ਨਵੀਂ ਦਿੱਲੀ-ਦਿੱਲੀ ਸਰਕਾਰ ਗੁਰੂ ਤੇਗ਼ ਬਹਾਦਰ ਜੀ ਦੀ ਵਿਰਾਸਤ ਨੂੰ ਸੱਭਿਆਚਾਰਕ ਅਤੇ ਵਿਦਿਅਕ ਪਹਿਲਕਦਮੀਆਂ ਦੀ ਲੜੀ ਨਾਲ ਸਨਮਾਨਿਤ ਕਰਨ ਦੀ ਯੋਜਨਾ ਬਣਾ ਰਹੀ ਹੈ, ਜਿਸ ਵਿਚ ਰੋਜ਼ਾਨਾ ਲਾਈਟ ਐਂਡ ਸਾਊਂਡ ਸ਼ੋਅ ਅਤੇ ਇਥੇ ਸਿੰਘੂ ਬਾਰਡਰ ਨੇੜੇ ਉਨ੍ਹਾਂ ਦੀ ਯਾਦਗਾਰ ਦਾ ਨਵੀਨੀਕਰਨ ਸ਼ਾਮਿਲ ਹੋਵੇਗਾ। ਇਹ ਐਲਾਨ ਕਲਾ ਅਤੇ ਸੱਭਿਆਚਾਰ ਮੰਤਰੀ ਕਪਿਲ ਮਿਸ਼ਰਾ ਅਤੇ ਵਾਤਾਵਰਨ ਮੰਤਰੀ ਮਨਜਿੰਦਰ ਸਿੰਘ ਸਿਰਸਾ ਦੀ ਪ੍ਰਧਾਨਗੀ ਹੇਠ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਮੁੱਖ ਭਾਈਚਾਰਕ ਆਗੂਆਂ ਅਤੇ ਮੈਂਬਰਾਂ ਨਾਲ ਇਕ ਸਲਾਹਕਾਰ ਮੀਟਿੰਗ ਤੋਂ ਬਾਅਦ ਕੀਤਾ ਗਿਆ। ਇਸ ਵਿਚ ਕਿਹਾ ਗਿਆ ਕਿ ਯਾਦਗਾਰ 'ਤੇ ਲਾਈਟ ਐਂਡ ਸਾਊਂਡ ਸ਼ੋਅ ਨਵੰਬਰ ਦੇ ਮਹੀਨੇ ਵਿਚ ਸ਼ੁਰੂ ਹੋਣ ਦੀ ਉਮੀਦ ਹੈ ਜਦੋਂ ਨੌਂਵੇਂ ਪਾਤਸ਼ਾਹ ਗੁਰੂ ਤੇਗ਼ ਬਹਾਦਰ ਜੀ ਦਾ ਸ਼ਹੀਦੀ ਦਿਵਸ ਮਨਾਇਆ ਜਾਂਦਾ ਹੈ। ਮੰਤਰੀਆਂ ਨੇ ਕਿਹਾ ਕਿ ਸਰਕਾਰ ਸ਼ਹੀਦੀ ਅਧਿਐਨ ਕੇਂਦਰ ਸਥਾਪਤ ਕਰਨ ਅਤੇ ਸਾਲਾਨਾ ਪੰਜਾਬੀ ਸਾਹਿਤ ਅਤੇ ਸੱਭਿਆਚਾਰਕ ਮੇਲਾ ਸ਼ੁਰੂ ਕਰਨ ਦੀ ਵੀ ਯੋਜਨਾ ਬਣਾ ਰਹੀ ਹੈ। ਬਿਆਨ ਅਨੁਸਾਰ, ਕਈ ਪ੍ਰਸਤਾਵ ਇਸ ਸਮੇਂ ਵਿਚਾਰ ਅਧੀਨ ਹਨ, ਜਿਨ੍ਹਾਂ ਵਿਚ ਗੁਰੂ ਤੇਗ਼ ਬਹਾਦਰ ਜੀ ਨਾਲ ਸੰਬੰਧਿਤ ਮਹੱਤਵਪੂਰਨ ਇਤਿਹਾਸਕ ਸਥਾਨਾਂ, ਜਿਵੇਂ ਕਿ ਗੁਰਦੁਆਰਾ ਰਕਾਬ ਗੰਜ ਸਾਹਿਬ, ਬਾਰੇ ਜਾਗਰੂਕਤਾ ਪੈਦਾ ਕਰਨ ਲਈ ਅਕਾਦਮਿਕ ਪ੍ਰੋਗਰਾਮ ਅਤੇ ਜਨਤਕ ਪਹੁੰਚ ਪਹਿਲਕਦਮੀਆਂ ਸ਼ਾਮਿਲ ਹਨ।

# ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿਚ ਬਿਕਰਮ ਸਿੰਘ ਮਜੀਠੀਆ ਗ੍ਰਿਫ਼ਤਾਰ

***ਵਿਰੋਧੀ ਪਾਰਟੀਆਂ ਮਜੀਠੀਆ ਦੇ ਹੱਕ ਵਿਚ ਇਕਜੁਟ ਆਪ ਸਰਕਾਰ ਨੂੰ ਘੇਰਿਆ**
***ਪੁਲਿਸ ਨੂੰ ਮਿਲਿਆ ਬਿਕਰਮ ਮਜੀਠੀਆ ਦਾ 7 ਦਿਨਾ ਦਾ ਰਿਮਾਂਡ,**
***ਮਜੀਠੀਆ ਦੇ ਵਕੀਲ ਨੇ ਕਿਹਾ- ਰਾਜਨੀਤੀ ਤੋਂ ਪ੍ਰੇਰਿਤ ਹੈ ਮਾਮਲਾ**

ਚੰਡੀਗੜ੍ਹ-ਪੰਜਾਬ ਵਿਜੀਲੈਂਸ ਅਤੇ ਵਿਸ਼ੇਸ਼ ਜਾਂਚ ਟੀਮ (ਸਿੱਟ) ਦੀ ਉੱਚ ਪੱਧਰੀ ਟੀਮ ਵਲੋਂ ਬੀਤੇ ਦਿਨੀਂ ਸੀਨੀਅਰ ਅਕਾਲੀ ਆਗੂ ਤੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਅਤੇ ਉਨ੍ਹਾਂ ਦੀ ਪਤਨੀ ਤੇ ਹਲਕਾ ਮਜੀਠਾ ਦੀ ਵਿਧਾਇਕਾ ਗਨੀਵ ਕੌਰ ਮਜੀਠੀਆ ਦੀ ਸਥਾਨਕ ਗਰੀਨ ਐਵੀਨਿਊ ਸਥਿਤ ਰਿਹਾਇਸ਼ ਵਿਖੇ ਸਵੇਰੇ ਛਾਪੇਮਾਰੀ ਕੀਤੀ ਅਤੇ ਕਰੀਬ ਤਿੰਨ ਘੰਟੇ ਉਨ੍ਹਾਂ ਦੇ ਗ੍ਰਹਿ ਵਿਖੇ ਤਲਾਸ਼ੀ ਲੈਣ ਅਤੇ ਉਨ੍ਹਾਂ ਨਾਲ ਬਹਿਸਨੁਮਾ ਗੱਲਬਾਤ ਕਰਨ ਤੋਂ ਬਾਅਦ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿਚ ਮਜੀਠੀਆ ਨੂੰ ਗ੍ਰਿਫ਼ਤਾਰ ਕਰਕੇ ਆਪਣੇ ਨਾਲ ਮੁਹਾਲੀ ਲੈ ਗਈ । ਮਜੀਠੀਆ ਨੇ ਇਸ ਛਾਪੇਮਾਰੀ ਦੌਰਾਨ ਵੀਡੀਓ ਬਿਆਨ ਜਾਰੀ ਕਰਕੇ ਦੋਸ਼ ਲਗਾਇਆ ਕਿ ਸਿਵਲ ਵਰਦੀ ਇੰਦਰਪਾਲ ਅਤੇ ਹੋਰ ਵਿਜੀਲੈਂਸ ਅਤੇ 'ਸਿੱਟ' ਅਧਿਕਾਰੀ 50 ਦੇ ਕਰੀਬ ਪੁਲਿਸ ਕਰਮੀਆਂ ਨਾਲ ਸਵੇਰੇ ਜ਼ਬਰਦਸਤੀ ਉਨ੍ਹਾਂ ਦੇ ਘਰ ਵਿਚ ਦਾਖ਼ਲ ਹੋਏ ਅਤੇ ਧੱਕਾਮੁੱਕੀ ਕੀਤੀ ਅਤੇ ਸਟਾਫ਼ ਨੂੰ ਠੁੱਡੇ ਵੀ ਮਾਰੇ । ਉਨ੍ਹਾਂ ਨੇ ਕਿਹਾ, "ਮੈਂ ਬਹੁਤ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਜਦੋਂ ਨਸ਼ਿਆਂ ਦੇ ਝੂਠੇ ਕੇਸ ਵਿਚ ਮੇਰੇ ਖਿਲਾਫ਼ ਭਗਵੰਤ ਮਾਨ ਸਰਕਾਰ ਨੂੰ ਕੁਝ ਨਹੀਂ ਲੱਭਾ ਤਾਂ ਹੁਣ ਮੇਰੇ ਖਿਲਾਫ਼ ਇਕ ਨਵਾਂ ਝੂਠਾ ਕੇਸ ਦਰਜ ਕਰਨ ਦੀ ਤਿਆਰੀ ਹੈ।" ਇਸ ਦੌਰਾਨ ਮੀਡੀਆ ਕਰਮੀਆਂ ਦੇ ਮਜੀਠੀਆ ਦੇ ਘਰ ਪੁੱਜਣ ਤੋਂ ਬਾਅਦ ਸਥਾਨਕ ਪੁਲਿਸ ਅਧਿਕਾਰੀ ਵੀ ਵੱਡੀ ਗਿਣਤੀ ਵਿਚ ਪੁੱਜ ਗਏ।ਉਨ੍ਹਾਂ ਬਿਕਰਮ ਸਿੰਘ ਮਜੀਠੀਆ ਦੇ ਘਰ ਨੂੰ ਜਾਂਦੀਆਂ ਗਰੀਨ ਐਵੀਨਿਊ ਦੀਆਂ ਗਲੀਆਂ ਦੀ ਬੈਰੀਕੇਡ ਲਗਾ ਕੇ ਸਖ਼ਤ ਨਾਕਾਬੰਦੀ ਕਰ ਦਿੱਤੀ ਅਤੇ ਮੀਡੀਆ ਕਰਮੀਆਂ ਨੂੰ ਵੀ ਮਜੀਠੀਆ ਦੇ ਘਰ ਤੋਂ ਜ਼ਬਰਦਸਤੀ ਦੂਰ ਭੇਜ ਦਿੱਤਾ ।ਇਸੇ ਦੌਰਾਨ ਮਜੀਠੀਆ ਦੀ ਪਤਨੀ ਤੇ ਵਿਧਾਇਕਾ ਗਨੀਵ ਕੌਰ ਨੇ ਵੀ ਛਾਪੇਮਾਰੀ ਕਰਨ ਆਈ ਟੀਮ ਅਤੇ ਮੀਡੀਆ ਨਾਲ ਗੱਲਬਾਤ ਦੌਰਾਨ ਪੁਲਿਸ ਅਤੇ 'ਆਪ' ਸਰਕਾਰ ਦੀ ਧੱਕੇਸ਼ਾਹੀ ਦਾ ਕਰੜਾ ਵਿਰੋਧ ਕੀਤਾ ।

ਮਜੀਠੀਆ ਨੂੰ ਵਿਜੀਲੈਂਸ ਅਤੇ 'ਸਿੱਟ' ਦੀ ਟੀਮ ਵਲੋਂ ਗ੍ਰਿਫ਼ਤਾਰ ਕਰਕੇ ਮੁਹਾਲੀ ਲਿਜਾਏ ਜਾਣ ਬਾਅਦ ਭਾਵੇਂ ਸਰਕਾਰੀ ਤੌਰ 'ਤੇ ਜਾਰੀ ਪ੍ਰੈੱਸ ਬਿਆਨ ਵਿਚ ਮਜੀਠੀਆ 'ਤੇ ਆਮਦਨ ਤੋਂ ਵੱਧ ਕਰੀਬ 540 ਕਰੋੜ ਦੀ ਜਾਇਦਾਦ ਦੇ ਮਾਮਲੇ ਵਿਚ ਪਰਚਾ ਦਰਜ ਕਰਨ ਦਾ ਜ਼ਿਕਰ ਕੀਤਾ ਗਿਆ, ਉਥੇ 30 ਦੇ ਕਰੀਬ ਮੋਬਾਈਲ ਫੋਨ, 5 ਲੈਪਟਾਪ, 2 ਡੈਸਕਟਾਪ, 3 ਆਈਪੈਡ ਤੇ ਕਈ ਡਾਇਰੀਆਂ ਅਤੇ ਸੰਪਤੀ ਦੇ ਕਈ ਕਾਗਜ਼ਾਤ ਆਦਿ ਵੀ ਬਰਾਮਦ ਕਰਨ ਦਾ ਦਾਅਵਾ ਕੀਤਾ ਗਿਆ ।

ਦੂਜੇ ਪਾਸੇ ਬਿਕਰਮ ਸਿੰਘ ਮਜੀਠੀਆ ਦੇ ਵਕੀਲਾਂ ਨੇ ਪੁਲਿਸ ਤੇ ਸਰਕਾਰ ਦੇ ਦਾਅਵੇ ਨੂੰ ਝੁਠਲਾਉਂਦਿਆਂ ਕਿਹਾ ਕਿ ਮਜੀਠੀਆ ਦੀ ਅੰਮ੍ਰਿਤਸਰ ਸਥਿਤ ਰਿਹਾਇਸ਼ ਤੋਂ ਵਿਜੀਲੈਂਸ ਦੀ ਟੀਮ ਕੇਵਲ ਇਕ ਕੰਪਿਊਟਰ ਅਤੇ ਇਕ ਸੀ. ਸੀ. ਟੀ. ਵੀ. ਕੈਮਰਿਆਂ ਦਾ ਡੀ. ਵੀ. ਆਰ. ਆਪਣੇ ਨਾਲ ਲੈ ਗਈ ਹੈ ।ਉਨ੍ਹਾਂ ਦਾਅਵਾ ਕੀਤਾ ਕਿ ਇਸ ਤੋਂ ਇਲਾਵਾ ਛਾਪੇਮਾਰੀ ਕਰਨ ਆਈ ਟੀਮ ਨੂੰ ਕੋਈ ਵੀ ਇਤਰਾਜ਼ਯੋਗ ਚੀਜ਼ ਮਜੀਠੀਆ ਦੇ ਘਰੋਂ ਨਹੀਂ ਮਿਲੀ ।ਪ੍ਰਾਪਤ ਵੇਰਵਿਆਂ ਅਨੁਸਾਰ ਮਜੀਠੀਆ ਦੇ ਅੰਮ੍ਰਿਤਸਰ ਸਥਿਤ ਘਰ ਅਤੇ ਚੰਡੀਗੜ੍ਹ ਸਥਿਤ ਰਿਹਾਇਸ਼ ਤੋਂ ਇਲਾਵਾ ਮਜੀਠਾ ਸਥਿਤ ਦਫ਼ਤਰ ਵਿਖੇ ਵੀ ਵਿਜੀਲੈਂਸ ਵਲੋਂ ਛਾਪੇਮਾਰੀ ਕੀਤੀ ਗਈ ।

ਇਸ ਦੌਰਾਨ ਛਾਪੇਮਾਰੀ ਦਾ ਪਤਾ ਲੱਗਣ 'ਤੇ ਸੀਨੀਅਰ ਅਕਾਲੀ ਆਗੂ ਜਥੇਦਾਰ ਗੁਲਜ਼ਾਰ ਸਿੰਘ ਰਣੀਕੇ, ਰਾਜਵਿੰਦਰ ਸਿੰਘ ਰਾਜਾ ਲਦੇਹ, ਮੰਗਵਿੰਦਰ ਸਿੰਘ ਖਾਪੜਖੇੜੀ, ਅਮਨਬੀਰ ਸਿੰਘ ਸਿਆਲੀ, ਗੁਰਿੰਦਰਪਾਲ ਸਿੰਘ ਲਾਲੀ ਰਣੀਕੇ ਸਮੇਤ ਮਜੀਠਾ ਹਲਕੇ ਦੇ ਕਈ ਅਕਾਲੀ ਆਗੂ ਮਜੀਠੀਆ ਦੇ ਘਰ ਦੇ ਨੇੜੇ ਪੁੱਜ ਗਏ ਅਤੇ ਵਿਜੀਲੈਂਸ ਪੁਲਿਸ, ਭਗਵੰਤ ਮਾਨ ਤੇ 'ਆਪ' ਸਰਕਾਰ ਵਿਰੁੱਧ ਅਤੇ ਮਜੀਠੀਆ ਦੇ ਹੱਕ ਵਿਚ ਨਾਅਰੇਬਾਜ਼ੀ ਕੀਤੀ ਗਈ। ਇਸ ਦੌਰਾਨ ਵਿਜੀਲੈਂਸ ਅਤੇ ਸਿੱਟ ਦੀ ਟੀਮ ਮਜੀਠੀਆ ਨੂੰ ਗ੍ਰਿਫ਼ਤਾਰ ਕਰਕੇ ਮੀਡੀਆ ਤੇ ਅਕਾਲੀ ਵਰਕਰਾਂ ਤੋਂ ਚੁੱਪ-ਚੁਪੀਤੇ ਕਿਸੇ ਹੋਰ ਰਸਤੇ ਆਪਣੀ ਗੱਡੀ ਵਿਚ ਬਿਠਾ ਕੇ ਲੈ ਗਈ ।

### ਮਜੀਠੀਆ ਮੋਹਾਲੀ ਕੋਰਟ ਵਿਚ ਕੀਤਾ ਪੇਸ਼

ਵਿਜੀਲੈਂਸ ਵੱਲੋਂ ਬਿਕਰਮ ਸਿੰਘ ਮਜੀਠੀਆ ਨੂੰ ਮੋਹਾਲੀ ਜ਼ਿਲ੍ਹਾ ਅਦਾਲਤ ਵਿੱਚ ਪੇਸ਼ ਕੀਤਾ ਗਿਆ ਹੈ। ਸਰਕਾਰੀ ਵਕੀਲ ਨੇ ਦਲੀਲ ਦਿੱਤੀ ਕਿ ਬਿਕਰਮ ਸਿੰਘ ਮਜੀਠੀਆ ਨੇ ਆਪਣੇ ਅਹੁਦੇ ਦੀ ਦੁਰਵਰਤੋਂ ਕਰਕੇ ਆਪਣੀ ਕਮਾਈ ਤੋਂ ਵੱਧ ਦੌਲਤ ਇਕੱਠੀ ਕੀਤੀ ਹੈ।ਇਸ ਲਈ ਉਨ੍ਹਾਂ ਦੀਆਂ ਸਾਰੀਆਂ ਕੰਪਨੀਆਂ ਦੀ ਜਾਂਚ ਕਰਨਾ ਜ਼ਰੂਰੀ ਹੈ, ਜਿਸ ਲਈ ਉਨ੍ਹਾਂ ਨੂੰ ਮੋਹਾਲੀ ਤੋਂ ਬਾਹਰ ਕੱਢਣਾ ਪਵੇਗਾ। ਦੂਜੇ ਪਾਸੇ ਬਿਕਰਮ ਸਿੰਘ ਮਜੀਠੀਆ ਦੇ ਵਕੀਲ ਅਰਸ਼ਦੀਪ ਸਿੰਘ ਕਲੇਰ ਨੇ ਦਲੀਲ ਦਿੱਤੀ ਕਿ ਇਹ ਮਾਮਲਾ ਰਾਜਨੀਤਿਕ ਤੌਰ 'ਤੇ ਪ੍ਰੇਰਿਤ ਹੈ।

### ਅਕਾਲੀ ਆਗੂ ਤੇ ਵਿਰੋਧੀ ਪਾਰਟੀਆਂ ਮਜੀਠੀਆ ਦੇ ਹੱਕ ਵਿਚ

ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਵੀ ਆਪਣੇ ਭਰਾ ਬਿਕਰਮ ਮਜੀਠੀਆ ਦੇ ਸਮਰਥਨ ਵਿੱਚ ਸਾਹਮਣੇ ਆਏ।ਸੋਸ਼ਲ ਮੀਡੀਆ 'ਤੇ ਪਾਈ ਇੱਕ ਪੋਸਟ ਵਿਚ ਹਰਸਿਮਰਤ ਨੇ ਕਿਹਾ ਕਿ ਉਨ੍ਹਾਂ ਦੇ 85 ਸਾਲਾ ਪਿਤਾ ਨੂੰ ਵੀ ਪੰਜਾਬ ਵਿਜੀਲੈਂਸ ਨੇ ਨੋਟਿਸ ਭੇਜੇ ਹਨ।ਇਸ ਦੇ ਨਾਲ ਹਰਸਿਮਰਤ ਕੌਰ ਬਾਦਲ ਨੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਅਧਿਕਾਰੀਆਂ ਨੂੰ ਚੇਤਾਵਨੀ ਦਿੱਤੀ ਹੈ ਕਿ ਚੋਣਾਂ ਤੋਂ ਡੇਢ ਸਾਲ ਬਾਅਦ ਉਨ੍ਹਾਂ ਸਾਰਿਆਂ ਨੂੰ ਕਾਰਵਾਈ ਦਾ ਸਾਹ-ਮਣਾ ਕਰਨਾ ਪਵੇਗਾ।

ਆਮ ਆਦਮੀ ਪਾਰਟੀ ਦੇ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਨੇ ਮਜੀਠੀਆ 'ਤੇ ਹੋਈ ਇਸ ਕਾਰਵਾਈ ਨੂੰ ਲੈ ਕੇ ਆਪਣੀ ਸਰਕਾਰ 'ਤੇ ਸਵਾਲ ਚੁੱਕੇ ਹਨ।ਉਨ੍ਹਾਂ ਨੇ ਕਿਹਾ ਕਿ ਕਿਸੇ ਦੇ ਘਰ ਤੜਕੇ ਰੇਡ ਮਾਰਨਾ ਨੀਤੀ ਦੇ ਖ਼ਿਲਾਫ਼ ਹੈ। ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਸਾਂਝੀ ਕਰਦਿਆਂ ਕਿਹਾ ਕਿ ਜਦੋਂ ਬਿਕਰਮ ਮਜੀਠੀਆ ਜੇਲ ਦੇ ਵਿੱਚ ਸੀ ਤਾਂ ਮਾਨ ਸਾਹਬ ਦੀ ਸਰਕਾਰ ਨੇ ਪੁੱਛ ਗਿੱਛ ਨਹੀਂ ਕੀਤੀ ਅਤੇ ਜ਼ਮਾਨਤ ਕਰਵਾ ਦਿੱਤੀ।ਉਨ੍ਹਾਂ ਨੇ ਬਰਗਾੜੀ ਬੇਅਦਬੀ ਮਾਮਲੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਬਰਗਾੜੀ ਬੇਅਦਬੀ ਦੇ ਇਨਸਾਫ਼ ਦੇ ਵੇਲੇ ਵੀ ਦੋਸ਼ੀ ਪਰਿਵਾਰ ਦੇ ਨਾਲ ਸਰਕਾਰ ਨੇ ਸਮਝੌਤਾ ਕਰ ਲਿਆ। ਉਨ੍ਹਾਂ ਨੇ ਕਿਹਾ ਕਿ ਮਜੀਠੀਆ ਜੀ ਦੇ ਨਾਲ ਮੇਰਾ ਵਿਚਾਰਕ ਮਤਭੇਦ ਹੈ ਅਤੇ ਰਹੇਗਾ, ਪਰ ਪਰਿਵਾਰ ਦੀ ਇੱਜ਼ਤ ਸਾਰਿਆਂ ਦੀ ਸਾਂਝੀ ਹੁੰਦੀ ਹੈ; ਚਾਹੇ ਉਹ ਨੇਤਾ ਹੋਵੇ ਅਭਿਨੇਤਾ ਹੋਵੇ ।ਤੜਕੇ ਕਿਸੇ ਦੇ ਘਰ ਤੇ ਰੇਡ ਮਾਰਨਾ ਨੀਤੀ ਦੇ ਖਿਲਾਫ ਹੁੰਦਾ ਹੈ।

ਅੰਮ੍ਰਿਤਸਰ ਵਿੱਚ ਮਜੀਠੀਆ ਦੇ ਘਰ 'ਤੇ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਛਾਪੇਮਾਰੀ ਤੋਂ ਬਾਅਦ ਕਾਂਗਰਸੀ ਆਗੂ ਅਤੇ ਵਿਧਾਇਕ ਸੁਖਪਾਲ ਖਹਿਰਾ ਨੇ ਛਾਪੇਮਾਰੀ ਦੀ ਨਿੰਦਾ ਕੀਤੀ ਅਤੇ ਉਨ੍ਹਾਂ ਨੇ ਇਸ ਨੂੰ ਰਾਜਨੀਤਿਕ ਬਦਲਾਖੋਰੀ ਦੀ ਕਾਰਵਾਈ ਦੱਸਿਆ ਇਹ ਸਭ ਸਾਬਤ ਕਰਦਾ ਹੈ ਕਿ ਪੰਜਾਬ ਹੁਣ ਪੁਲਿਸ ਸਟੇਟ ਹੈ।

ਮਜੀਠੀਆ ਮਾਮਲੇ ਉੱਤੇ ਵਿਦੇਸ਼ ਮਾਮਲਿਆਂ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ, "ਨਸ਼ਾ ਵਿਰੋਧੀ ਮੁਹਿੰਮ ਤਹਿਤ ਕਿਸੇ ਵੀ ਛੋਟੇ-ਵੱਡੇ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ।ਉਨ੍ਹਾਂ ਕਿਹਾ, "ਸਾਡੀ ਪਾਰਟੀ ਪੰਜਾਬ ਦੇ ਲੋਕਾਂ ਨਾਲ ਕੀਤਾ ਵਾਅਦਾ ਹੀ ਪੂਰਾ ਕਰ ਰਹੀ ਹੈ। ਫ਼ਿਰ ਚਾਹੇ ਉਹ ਮਜੀਠੀਆ ਵਰਗੀ ਵੱਡੀ ਸ਼ਖ਼ਸੀਅਤ ਦੇ ਖ਼ਿਲਾਫ਼ ਕਾਰਵਾਈ ਕਰਨਾ ਹੀ ਕਿਉਂ ਨਾ ਹੋਵੇ।" ਪੰਜਾਬ ਵਿੱਚ ਅਕਾਲੀ ਦਲ ਦੇ ਨੇਤਾ ਬਿਕਰਮ ਸਿੰਘ ਮਜੀਠੀਆ ਦੀ ਗ੍ਰਿਫ਼ਤਾਰੀ ਤੋਂ ਬਾਅਦ, ਆਮ ਆਦਮੀ ਪਾਰਟੀ (ਆਪ) ਦੀ ਵਿਧਾਇਕ ਜੀਵਨਜੋਤ ਕੌਰ ਨੇ ਨੇ ਦਾਅਵਾ ਕੀਤਾ ਹੈ ਕਿ ਬਿਕਰਮ ਮਜੀਠੀਆ ਦੇ ਨਸ਼ਾ ਤਸਕਰਾਂ ਨਾਲ ਸਬੰਧ ਹਨ।

### 2 ਜੁਲਾਈ ਨੂੰ ਹੋਵੇਗੀ ਅਗਲੀ ਸੁਣਵਾਈ

ਵਿਜੀਲੈਂਸ ਬਿਊਰੋ ਜੀ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਦੀ ਰਿਪੋਰਟ ਦਾ ਹਵਾਲਾ ਦੇ ਰਿਹਾ ਹੈ, ਜਿਸ ਨੂੰ ਸੁਪਰੀਮ ਕੋਰਟ ਨੇ ਰੱਦ ਕਰ ਦਿੱਤਾ ਹੈ।ਅਦਾਲਤ ਵਿੱਚ ਦੋਵਾਂ ਧਿਰਾਂ ਨੂੰ ਸੁਣਨ ਤੋਂ ਬਾਅਦ, ਮਜੀਠੀਆ ਨੂੰ 7 ਦਿਨਾਂ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਗਿਆ ਹੈ। ਹੁਣ ਵਿਜੀਲੈਂਸ ਬਿਊਰੋ ਵੱਲੋਂ ਉਨ੍ਹਾਂ ਨੂੰ 2 ਜੁਲਾਈ ਨੂੰ ਦੁਬਾਰਾ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

### ਕੀ ਹੈ 2021 ਦਾ ਕੇਸ ?

ਦਸੰਬਰ 2021 ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਨਸ਼ੇ ਦੇ ਮਾਮਲੇ ਵਿੱਚ ਐੱਫਆਈਆਰ ਦਰਜ ਕੀਤੀ ਗਈ ਸੀ।ਮੁਹਾਲੀ ਵਿੱਚ ਦਰਜ ਕੀਤੀ ਗਈ ਇਹ ਐੱਫ਼ਆਈਆਰ ਐੱਨਡੀਪੀਐੱਸ ਦੀ ਧਾਰਾ 25, 27 ਅ ਤੇ 29 ਦੇ ਤਹਿਤ ਦਰਜ ਕੀਤੀ ਗਈ ਸੀ।

ਦਰਅਸਲ 2013 ਵਿੱਚ ਜਦੋਂ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸੀ, ਉਸ ਦੌਰਾਨ ਹਜ਼ਾਰਾਂ ਕਰੋੜ ਰੁਪਏ ਦੇ ਡਰੱਗ ਰੈਕਟ ਦਾ ਪਰਦਾਫਾਸ਼ ਹੋਇਆ ਸੀ। ਕਈ ਸਾਲਾਂ ਤੋਂ ਇਹ ਕੇਸ 'ਭੋਲਾ ਡਰੱਗ ਕੇਸ' ਵਜੋਂ ਜਾਣਿਆ ਜਾਂਦਾ ਰਿਹਾ ਹੈ।ਪੰਜਾਬ ਪੁਲਿਸ ਦਾ ਬਰਖ਼ਾਸਤ ਡੀਐੱਸਪੀ ਤੇ ਕੌਮਾਂਤਰੀ ਭਲਵਾਨ ਜਗਦੀਸ਼ ਸਿੰਘ ਭੋਲਾ ਇਸ ਮਾਮਲੇ ਦਾ ਮੁੱਖ ਮੁਲਜ਼ਮ ਸੀ ਜੋ ਕੁਝ ਹਫ਼ਤੇ ਪਹਿਲਾਂ ਹੀ ਜੇਲ੍ਹ ਤੋਂ ਜ਼ਮਾਨਤ ਉੱਤੇ ਬਾਹਰ ਆਇਆ ਹੈ।2021 ਦੌਰਾਨ ਇਸ ਮਾਮਲੇ ਵਿੱਚ ਬਿਕਰਮ ਮਜੀਠੀਆ ਉੱਤੇ ਇਲਜ਼ਾਮ ਲਾਏ ਗਏ ਕਿ ਉਨ੍ਹਾਂ ਨੇ ਡਰੱਗ ਮਾਫ਼ੀਆ ਦੇ ਮੁੱਖ ਸਰਗਨੇ ਜਗਦੀਸ਼ ਭੋਲਾ, ਮਨਿੰਦਰ ਸਿੰਘ ਔਲਖ ਅਤੇ ਜਗਜੀਤ ਸਿੰਘ ਚਾਹਲ ਨੂੰ ਵਿੱਤੀ ਅਤੇ ਲੌਜਿਸਟਿਕ ਮਦਦ ਮੁਹੱਈਆ ਕਰਵਾਈ ਸੀ।



ਇਹ ਮਾਮਲਾ ਕਈ ਸਾਲ ਅਦਾਲਤਾਂ ਦੇ ਚੱਕਰ ਕੱਟਦਾ ਰਿਹਾ ਅਤੇ ਬਿਕਰਮ ਮਜੀਠੀਆ ਇਸ ਮਾਮਲੇ ਨੂੰ ਆਪਣੇ ਖਿਲਾਫ਼ ਸਿਆਸੀ ਸਾਜਿਸ਼ ਕਰਾਰ ਦਿੰਦੇ ਰਹੇ ਹਨ।

ਫਰਵਰੀ 2022 ਵਿੱਚ ਮਜੀਠੀਆ ਨੂੰ ਇਸ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਹ ਕਈ ਮਹੀਨੇ ਜੇਲ੍ਹ ਵਿੱਚ ਰਹੇ ਅਤੇ ਅਗਸਤ 2022 ਵਿੱਚ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਉਨ੍ਹਾਂ ਨੂੰ ਜ਼ਮਾਨਤ ਦੇ ਦਿੱਤੀ। ਉਨ੍ਹਾਂ ਉੱਤੇ ਸ਼ਰਤ ਲਾਈ ਗਈ ਕਿ ਉਹ ਇਸ ਮਾਮਲੇ ਬਾਰੇ ਨਾ ਸਿਆਸੀ ਅਤੇ ਨਾ ਜਨਤਕ ਤੌਰ ਉੱਤੇ ਕੋਈ ਬਿਆਨਬਾਜ਼ੀ ਕਰਨਗੇ।

ਮਜੀਠੀਆ ਦੀ ਜਮਾਨਤ ਨੂੰ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ, ਪਰ ਸੁਪਰੀਮ ਕੋਰਟ ਨੇ ਜਮਾਨਤ ਨੂੰ ਬਰਕਰਾਰ ਰੱਖਦਿਆਂ ਜਾਂਚ ਵਿੱਚ ਸ਼ਾਮਲ ਹੋਣ ਲਈ ਕਿਹਾ। ਇਸ ਕੜੀ ਵਿੱਚ ਮਾਰਚ 2025 ਵਿੱਚ ਮਜੀਠੀਆ ਪੁੱਛਗਿੱਛ ਲਈ ਵਿਸ਼ੇਸ਼ ਜਾਂਚ ਟੀਮ ਅੱਗੇ ਪੇਸ਼ ਹੁੰਦੇ ਰਹੇ। ਵਿਜੀਲੈਂਸ ਦਾ ਕਹਿਣਾ ਹੈ ਕਿ ਉਹ ਬਿਕਰਮ ਮਜੀਠੀਆ ਅਤੇ ਡਰੱਗ ਸਿੰਡੀਕੇਟ ਵਿਚਾਲੇ ਹੋਏ ਲੈਣ-ਦੇਣ ਅਤੇ ਹਵਾਲਾ ਮਾਮਲੇ ਦੀ ਜਾਂਚ ਕਰ ਰਹੇ ਹਨ

### ਬਿਕਰਮ ਮਜੀਠੀਆ ਖ਼ਿਲਾਫ਼ ਅਕਾਲੀ ਵਰਕਰਾਂ ਵੱਲੋਂ ਪ੍ਰਦਰਸ਼ਨ

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਲੀਡਰ ਬਿਕਰਮ ਸਿੰਘ ਮਜੀਠੀਆ ਨੂੰ ਵਿਜੀਲੈਂਸ ਵੱਲੋਂ ਅੰਮ੍ਰਿਤਸਰ ਤੋਂ ਉਨ੍ਹਾਂ ਦੀ ਰਿਹਾਇਸ਼ ਤੋਂ ਗ੍ਰਿਫ਼ਤਾਰ ਕਰਕੇ ਮੁਹਾਲੀ ਦੇ ਸੈਕਟਰ 68 ਵਿਚਲੇ ਵਿਜੀਲੈਂਸ ਦਫ਼ਤਰ ਲਿਆਂਦਾ ਗਿਆ। ਇਸ ਤੋਂ ਪਹਿਲਾਂ ਅਕਾਲੀ ਦਲ ਦੇ ਨੇਤਾ ਬਿਕਰਮ ਮਜੀਠੀਆ ਨੂੰ ਵਿਜੀਲੈਂਸ ਦਫ਼ਤਰ 'ਚ ਲਿਆਉਣ ਦੀ ਖ਼ਬਰ ਮਿਲਦੇ ਹੀ ਵੱਡੀ ਗਿਣਤੀ ਵਿੱਚ ਅਕਾਲੀ ਵਰਕਰ ਇਕੱਠੇ ਹੋਣ ਲੱਗ ਪਏ। ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਵੀ ਵਿਜੀਲੈਂਸ ਦਫ਼ਤਰ ਆਉਣ ਦੀਆਂ ਕਿਆਸਅਰਾਈਆਂ ਲੱਗਣ ਲੱਗੀਆਂ, ਜਿਸ ਦੇ ਚਲਦਿਆਂ ਸੈਕਟਰ 68 ਵਿਚਲੇ ਵਿਜੀਲੈਂਸ ਦਫ਼ਤਰ ਦੇ ਦੋਹਾਂ ਪਾਸਿਆਂ ਤੋਂ ਸੜਕ ਨੂੰ ਬੰਦ ਕਰਦੇ ਹੋਏ ਵੱਡੀ ਗਿਣਤੀ ਵਿੱਚ ਪੁਲਿਸ ਤਾਇਨਾਤ ਕਰ ਦਿੱਤੀ ਗਈ। ਮਜੀਠੀਆ ਨੂੰ ਮੁਹਾਲੀ ਦੇ ਸੈਕਟਰ 68 ਵਿਚਲੇ ਵਿਜੀਲੈਂਸ ਦਫ਼ਤਰ ਵਿੱਚ ਲਿਆਂਦਾ ਗਿਆ। ਇਸ ਦੌਰਾਨ ਸਾਬਕਾ ਮੰਤਰੀ ਡਾ. ਦਲਜੀਤ ਸਿੰਘ ਚੀਮਾ, ਰਣਜੀਤ ਸਿੰਘ ਗਿੱਲ, ਪਰਮਿੰਦਰ ਸਿੰਘ ਸੋਹਾਣਾ, ਅਰਸ਼ਦੀਪ ਸਿੰਘ ਕਲੇਰ, ਸਰਬਜੀਤ ਸਿੰਘ ਝਿੰਜਰ, ਪਰਮਜੀਤ ਸਿੰਘ ਕਾਹਲੋਂ, ਮੰਨਾ ਸੰਧੂ ਅਤੇ ਕਮਲਜੀਤ ਸਿੰਘ ਮੁਹਾਲੀ ਅਦਾਲਤ ਪਹੁੰਚ ਗਏ ਸਨ।

# ਮਾਇਆਵਤੀ ਬਨਾਮ ਚੰਦਰ ਸ਼ੇਖਰ : ਦਲਿਤ ਸਿਆਸਤ ਦਾ ਨਵਾਂ ਟਕਰਾਅ

**ਖਾਸ ਖਬਰ** ✪ ਬਸਪਾ ਦਾ ਦੋਸ਼ ਚੰਦਰ ਸ਼ੇਖਰ ਕਿਉਂ ਬਣਿਆ ਭਾਜਪਾ ਦਾ 'ਏਜੰਟ' ? ✪ ਚੰਦਰ ਸ਼ੇਖਰ ਦਾ ਉਭਾਰ ਯੂਪੀ ਅਤੇ ਪੰਜਾਬ ਵਿੱਚ ਜਮੀਨੀ ਪਕੜ ✪ ਬਸਪਾ ਨੂੰ ਨੁਕਸਾਨ : ਚੰਦਰ ਸ਼ੇਖਰ ਦੀ ਸਿਆਸਤ ਦਾ ਅਸਰ



ਚੰਦਰ ਸ਼ੇਖਰ ਦੇ ਉਭਾਰ ਨੇ ਬਸਪਾ ਨੂੰ ਕਾਫੀ ਰਾਜਨੀਤਕ ਨੁਕਸਾਨ ਪਹੁੰਚਾਇਆ ਹੈ, ਖਾਸਕਰ ਯੂਪੀ ਵਿੱਚ। ਬਸਪਾ, ਜੋ ਕਦੇ ਯੂਪੀ ਦੀ ਸੱਤਾ ਦੀ ਮੁੱਖ ਦਾਅਵੇਦਾਰ ਸੀ, ਹੁਣ ਆਪਣੀ ਪਕੜ ਗੁਆ ਰਹੀ ਹੈ। 2019 ਦੀਆਂ ਲੋਕ ਸਭਾ ਚੋਣਾਂ ਵਿੱਚ ਬਸਪਾ ਨੇ ਸਪਾ ਨਾਲ ਗਠਜੋੜ ਕੀਤਾ ਸੀ ਅਤੇ 10 ਸੀਟਾਂ ਜਿੱਤੀਆਂ ਸਨ, ਪਰ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਸਿਰਫ਼ 1 ਸੀਟ 'ਤੇ ਸਿਮਟ ਗਈ। ਇਸ ਦੇ ਪਿੱਛੇ ਚੰਦਰ ਸ਼ੇਖਰ ਦੀ ਆਜ਼ਾਦ ਸਮਾਜ ਪਾਰਟੀ ਦਾ ਰੋਲ ਵੀ ਮੰਨਿਆ ਜਾਂਦਾ ਹੈ, ਜਿਸ ਨੇ ਕਈ ਸੀਟਾਂ 'ਤੇ ਬਸਪਾ ਦੇ ਵੋਟ ਬੈਂਕ ਨੂੰ ਨੁਕਸਾਨ ਪਹੁੰਚਾਇਆ ਹੈ।

ਚੰਦਰ ਸ਼ੇਖਰ ਦੀ ਪਾਰਟੀ ਨੇ 2022 ਵਿੱਚ 100 ਤੋਂ ਵੱਧ ਸੀਟਾਂ 'ਤੇ ਉਮੀਦਵਾਰ ਖੜ੍ਹੇ ਕੀਤੇ, ਅਤੇ ਭਾਵੇਂ ਉਹ ਕੋਈ ਸੀਟ ਨਹੀਂ ਜਿੱਤ ਸਕੀ, ਪਰ ਉਸ ਨੇ ਬਸਪਾ ਅਤੇ ਸਪਾ ਦੇ ਵੋਟਾਂ ਨੂੰ ਵੰਡਣ ਵਿੱਚ ਅਹਿਮ ਰੋਲ ਅਦਾ ਕੀਤਾ। ਮਿਸਾਲ ਵਜੋਂ, ਪੱਛਮੀ ਯੂਪੀ ਦੀਆਂ ਕਈ ਸੀਟਾਂ 'ਤੇ, ਜਿੱਥੇ ਦਲਿਤ ਵੋਟਰ ਵੱਡੀ ਗਿਣਤੀ ਵਿੱਚ ਹਨ, ਆਜ਼ਾਦ ਸਮਾਜ ਪਾਰਟੀ ਨੇ 5-10% ਵੋਟ ਹਾਸਲ ਕੀਤੇ, ਜੋ ਬਸਪਾ ਦੀ ਹਾਰ ਦਾ ਕਾਰਨ ਬਣੇ।

ਇਸ ਤੋਂ ਇਲਾਵਾ, ਚੰਦਰ ਸ਼ੇਖਰ ਦੀ ਸਿਆਸਤ ਨੇ ਬਸਪਾ ਦੀ ਅੰਦਰੂਨੀ ਸੰਗਠਨਾਤਮਕ ਸਮਰੱਥਾ 'ਤੇ ਵੀ ਅਸਰ ਪਾਇਆ। ਬਸਪਾ ਦੇ ਕਈ ਨੌਜਵਾਨ ਵਰਕਰ, ਜੋ ਮਾਇਆਵਤੀ ਦੀ ਸੰਜਮੀ ਸਿਆਸਤ ਤੋਂ ਨਿਰਾਸ਼ ਸਨ, ਚੰਦਰ ਸ਼ੇਖਰ ਦੀ ਭੀਮ ਆਰਮੀ ਵੱਲ ਖਿੱਚੇ ਗਏ ਹਨ। ਇਹ ਨੁਕਸਾਨ ਸਿਰਫ਼ ਵੋਟਾਂ ਦਾ ਨਹੀਂ, ਸਗੋਂ ਪਾਰਟੀ ਦੀ ਜਮੀਨੀ ਪਕੜ ਦਾ ਵੀ ਸੀ।

### ਯੂਪੀ ਵਿੱਚ ਚੰਦਰ ਸ਼ੇਖਰ ਦੇ ਉਭਾਰ ਦੇ ਕਾਰਨ

ਚੰਦਰ ਸ਼ੇਖਰ ਦੇ ਉਭਾਰ ਦੇ ਪਿੱਛੇ ਕਈ ਕਾਰਨ ਹਨ, ਜਿਨ੍ਹਾਂ ਨੇ ਉਸ ਨੂੰ ਯੂਪੀ ਦੀ ਸਿਆਸਤ ਵਿੱਚ ਇੱਕ ਮਹੱਤਵਪੂਰਨ ਖਿਡਾਰੀ ਬਣਾਇਆ ਹੈ। ਮਾਇਆਵਤੀ ਦੀ ਸਿਆਸਤ, ਜੋ ਸੱਤਾ-ਕੇਂਦਰਿਤ ਅਤੇ ਸੰਜਮੀ ਰਹੀ, ਨੌਜਵਾਨ ਦਲਿਤਾਂ ਨੂੰ ਪੂਰੀ ਤਰ੍ਹਾਂ ਜੋੜ ਨਹੀਂ ਸਕੀ। ਚੰਦਰ ਸ਼ੇਖਰ ਨੇ ਇਸ ਖਾਲੀਪਣ ਨੂੰ ਭਰਿਆ ਹੈ। ਉਸ ਦੀ ਹਮਲਾਵਰ ਸਿਆਸਤ, ਸੜਕੀ ਸੰਘਰਸ਼ , ਅਤੇ ਸੋਸ਼ਲ ਮੀਡੀਆ 'ਤੇ ਸਰਗਰਮੀ ਨੇ ਨੌਜਵਾਨਾਂ ਨੂੰ ਆਕਰਸ਼ਿਤ ਕੀਤਾ ਹੈ। 2017 ਵਿੱਚ ਸਹਾਰਨਪੁਰ ਦੇ ਸ਼ਬੀਰਪੁਰ ਵਿੱਚ ਜਾਤੀਗਤ ਹਿੰਸਾ ਅਤੇ 2020 ਵਿੱਚ ਹਾਥਰਸ ਵਿੱਚ ਦਲਿਤ ਲੜਕੀ ਨਾਲ ਹੋਏ ਬਲਾਤਕਾਰ ਦੇ ਮਾਮਲੇ ਵਿੱਚ ਚੰਦਰ ਸ਼ੇਖਰ ਨੇ ਸਿੱਧੇ ਮੈਦਾਨ ਵਿੱਚ ਉੱਤਰ ਕੇ ਦਲਿਤਾਂ ਦੀ ਅਵਾਜ਼ ਬੁਲੰਦ ਕੀਤੀ ਸੀ। ਇਸ ਨੇ ਉਸ ਦੀ ਸਾਖ ਨੂੰ ਵਧਾਇਆ ਹੈ।

ਚੰਦਰ ਸ਼ੇਖਰ ਨੇ ਸੋਸ਼ਲ ਮੀਡੀਆ ਦੀ ਵਰਤੋਂ ਨਾਲ ਨੌਜਵਾਨਾਂ ਤੱਕ ਪਹੁੰਚਣ ਵਿੱਚ ਸਫਲਤਾ ਹਾਸਲ ਕੀਤੀ। ਉਸ ਦੀਆਂ ਵੀਡੀਓਜ਼, ਭਾਸ਼ਣ ਅਤੇ ਨਾਅਰੇ ਸੋਸ਼ਲ ਮੀਡੀਆ 'ਤੇ ਵਾਇਰਲ ਹੁੰਦੇ ਹਨ, ਜੋ ਉਸ ਦੀ ਪਹੁੰਚ ਨੂੰ ਵਧਾਉਂਦੇ ਹਨ।

ਮਾਇਆਵਤੀ ਜਿੱਥੇ ਸੰਜਮੀ ਢੰਗ ਨਾਲ ਜਾਤੀਗਤ ਮੁੱਦਿਆਂ 'ਤੇ ਗੱਲ ਕਰਦੀ ਹੈ, ਉੱਥੇ ਚੰਦਰ ਸ਼ੇਖਰ ਸਿੱਧੇ ਅਤੇ ਤਿੱਖੇ ਅੰਦਾਜ਼ ਵਿੱਚ ਉੱਚ ਜਾਤੀਆਂ ਅਤੇ ਸਰਕਾਰੀ ਨੀਤੀਆਂ ਨੂੰ ਨਿਸ਼ਾਨਾ ਬਣਾਉਂਦਾ ਹੈ। ਇਹ ਅੰਦਾਜ਼ ਨੌਜਵਾਨਾਂ ਨੂੰ ਪਸੰਦ ਆਉਂਦਾ ਹੈ।

ਚੰਦਰ ਸ਼ੇਖਰ ਨੇ ਸਪਾ ਅਤੇ ਹੋਰ ਪਾਰਟੀਆਂ ਨਾਲ ਗੱਲਬਾਤ ਕਰਕੇ ਆਪਣੀ ਸਿਆਸੀ ਜਗ੍ਹਾ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। 2024 ਦੀਆਂ ਲੋਕ ਸਭਾ ਚੋਣਾਂ ਵਿੱਚ ਨਗੀਨਾ ਸੀਟ ਤੋਂ ਉਸ ਦੀ ਜਿੱਤ ਨੇ ਸਾਬਤ ਕੀਤਾ ਕਿ ਉਹ ਸਿਆਸੀ ਗਠਜੋੜ ਦੀ ਮਹੱਤਤਾ ਨੂੰ ਸਮਝਦਾ ਹੈ।

### ਚੰਦਰ ਸ਼ੇਖਰ ਦਾ ਉਭਾਰ ਕਿਹੜੇ ਪ੍ਰਦੇਸ਼ਾਂ ਵਿੱਚ ?

ਚੰਦਰ ਸ਼ੇਖਰ ਦਾ ਉਭਾਰ ਮੁੱਖ ਤੌਰ 'ਤੇ ਯੂਪੀ ਦੇ ਪੱਛਮੀ ਹਿੱਸੇ ਵਿੱਚ ਵਧੇਰੇ ਦਿਖਾਈ ਦਿੰਦਾ ਹੈ, ਜਿਵੇਂ ਸਹਾਰਨਪੁਰ, ਮੁਜ਼ੱਫਰਨਗਰ, ਮੇਰਠ, ਅਤੇ ਨਗੀਨਾ ਵਰਗੇ ਇਲਾਕੇ ਵਿਚ। ਇਹ ਇਲਾਕੇ ਦਲਿਤ ਅਤੇ ਮੁਸਲਮਾਨ ਵੋਟਰਾਂ ਦੀ ਵੱਡੀ ਗਿਣਤੀ ਹੈ। ਨਗੀਨਾ ਲੋਕ ਸਭਾ ਸੀਟ ਤੋਂ 2024 ਵਿੱਚ ਉਸ ਦੀ ਜਿੱਤ ਨੇ ਸਾਬਤ ਕੀਤਾ ਕਿ ਉਸ ਦੀ ਪਕੜ ਪੱਛਮੀ ਯੂਪੀ ਵਿੱਚ ਮਜ਼ਬੂਤ ਹੋ ਰਹੀ ਹੈ। ਇਸ ਤੋਂ ਇਲਾਵਾ, ਹਰਿਆਣਾ ਅਤੇ ਰਾਜਸਥਾਨ ਦੇ ਕੁਝ ਹਿੱਸਿਆਂ ਵਿੱਚ ਵੀ ਭੀਮ ਆਰਮੀ ਦੀ ਸਰਗਰਮੀ ਵਧੀ ਹੈ।

### ਪੰਜਾਬ ਵਿੱਚ ਚੰਦਰ ਸ਼ੇਖਰ ਦੀ ਪਛਾਣ ਅਤੇ ਉਭਾਰ

ਪੰਜਾਬ ਵਿੱਚ ਚੰਦਰਸ਼ੇਖਰ ਦੀ ਪਛਾਣ ਅਤੇ ਉਭਾਰ ਹਾਲੇ ਸੀਮਤ ਹੈ, ਪਰ ਇਸ ਦੀ ਸ਼ੁਰੂਆਤ ਹੋ ਚੁੱਕੀ ਹੈ। ਪੰਜਾਬ ਵਿੱਚ ਦਲਿਤ ਆਬਾਦੀ ਕਰੀਬ 32% ਹੈ, ਜੋ ਦੇਸ਼ ਵਿੱਚ ਸਭ ਤੋਂ ਵੱਧ ਹੈ। ਇਸ ਕਾਰਨ ਬਸਪਾ ਨੇ ਪੰਜਾਬ ਵਿੱਚ ਕਦੇ ਨਾ ਕਦੇ ਚੰਗਾ ਪ੍ਰਦਰਸ਼ਨ ਕੀਤਾ ਸੀ, ਖਾਸਕਰ ਦੋਆਬਾ ਖੇਤਰ ਵਿੱਚ। 2019 ਦੀਆਂ ਲੋਕ ਸਭਾ ਚੋਣਾਂ ਵਿੱਚ ਬਸਪਾ ਨੇ ਜਲੰਧਰ, ਹੁਸ਼ਿਆਰਪੁਰ ਅਤੇ ਆਨੰਦਪੁਰ ਸਾਹਿਬ ਸੀਟਾਂ 'ਤੇ 4.79 ਲੱਖ ਵੋਟਾਂ ਹਾਸਲ ਕੀਤੀਆਂ ਸਨ। ਚੰਦਰ ਸ਼ੇਖਰ ਦੀ ਭੀਮ ਆਰਮੀ ਨੇ ਪੰਜਾਬ ਦੇ ਦੋਆਬਾ ਅਤੇ ਮਾਝਾ ਖੇਤਰਾਂ ਵਿੱਚ ਆਪਣੀ ਸਰਗਰਮੀ ਵਧਾਈ ਹੈ। 2020 ਦੇ ਕਿਸਾਨ ਅੰਦੋਲਨ ਦੌਰਾਨ ਭੀਮ ਆਰਮੀ ਨੇ ਕਿਸਾਨਾਂ ਦੇ ਸਮਰਥਨ ਵਿੱਚ ਸ਼ੰਭੂ ਸਰਹੱਦ 'ਤੇ ਵਿਰੋਧ ਪ੍ਰਦਰਸ਼ਨ ਵਿੱਚ ਹਿੱਸਾ ਲਿਆ, ਜਿਸ ਨਾਲ ਉਸ ਦੀ ਪੰਜਾਬ ਦੇ ਦਲਿਤ ਮਜ਼ਦੂਰਾਂ ਅਤੇ ਕਿਸਾਨਾਂ ਵਿੱਚ ਪਛਾਣ ਵਧੀ ਹੈ। ਹਾਲਾਂਕਿ, ਪੰਜਾਬ ਵਿੱਚ ਉਸ ਦੀ ਸਿਆਸੀ ਪਾਰਟੀ ਦੀ ਜਮੀਨੀ ਪਕੜ ਅਜੇ ਕਮਜ਼ੋਰ ਹੈ, ਅਤੇ ਉਸ ਨੂੰ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਅਤੇ ਆਮ ਆਦਮੀ ਪਾਰਟੀ ਵਰਗੀਆਂ ਮੁੱਖ ਪਾਰਟੀਆਂ ਨਾਲ ਮੁਕਾਬਲਾ ਕਰਨਾ ਪੈਂਦਾ ਹੈ। ਪੰਜਾਬ ਦੇ ਨੌਜਵਾਨ ਦਲਿਤਾਂ, ਖਾਸਕਰ ਜਲੰਧਰ ਅਤੇ ਹੁਸ਼ਿਆਰਪੁਰ ਵਰਗੇ ਸ਼ਹਿਰੀ ਇਲਾਕਿਆਂ ਵਿੱਚ, ਚੰਦਰ ਸ਼ੇਖਰ ਦੀ ਸਿਆਸਤ ਨੂੰ ਪਸੰਦ ਕਰਦੇ ਹਨ। ਪਰ ਉਸ ਦੀ ਪਾਰਟੀ ਨੇ ਅਜੇ ਤੱਕ ਪੰਜਾਬ ਵਿੱਚ ਕੋਈ ਵੱਡੀ ਸਿਆਸੀ ਸਫਲਤਾ ਹਾਸਲ ਨਹੀਂ ਕੀਤੀ। 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਆਜ਼ਾਦ ਸਮਾਜ ਪਾਰਟੀ ਦੀ ਮੌਜੂਦਗੀ ਨਾਮਾਤਰ ਸੀ, ਅਤੇ ਇਸ ਦਾ ਮੁੱਖ ਕਾਰਨ ਸੀ ਸਥਾਨਕ ਸੰਗਠਨ ਦੀ ਘਾਟ ਸੀ।

### ਰਾਜਨੀਤਕ ਪਾਰਟੀਆਂ ਵਿੱਚ ਚੰਦਰਸ਼ੇਖਰ ਦੀ ਹਮਾਇਤ

ਸਪਾ ਅਤੇ ਕਾਂਗਰਸ ਵਰਗੀਆਂ ਪਾਰਟੀਆਂ ਉਸ ਨੂੰ ਇੱਕ ਸੰਭਾਵੀ ਸਹਿਯੋਗੀ ਵਜੋਂ ਦੇਖਦੀਆਂ ਹਨ, ਪਰ ਭਾਜਪਾ ਅਤੇ ਬਸਪਾ ਉਸ ਨੂੰ ਸਿੱਧੇ ਵਿਰੋਧੀ ਮੰਨਦੀਆਂ ਹਨ।ਚੰਦਰ ਸ਼ੇਖਰ ਦੀ ਸਿਆਸੀ ਸਾਖ ਦਾ ਮੁੱਖ ਆਧਾਰ ਉਸ ਦੀ ਜਮੀਨੀ ਸੰਘਰਸ਼ ਅਤੇ ਨੌਜਵਾਨਾਂ ਨਾਲ ਜੁੜਾਵ ਹੈ। ਪਰ ਉਸ ਦੀ ਪਾਰਟੀ ਦੀ ਸੰਗਠਨਾਤਮਕ ਸਮਰੱਥਾ ਅਤੇ ਵਿੱਤੀ ਸਰੋਤ ਸੀਮਤ ਹਨ, ਜੋ ਉਸ ਦੀ ਸਿਆਸੀ ਹਮਾਇਤ ਨੂੰ ਵਧਾਉਣ ਵਿੱਚ ਰੁਕਾਵਟ ਹਨ।

ਚੰਦਰ ਸ਼ੇਖਰ ਆਜ਼ਾਦ ਦਾ ਉਭਾਰ ਭਾਰਤੀ ਸਿਆਸਤ, ਖਾਸਕਰ ਦਲਿਤ ਸਿਆਸਤ, ਵਿੱਚ ਇੱਕ ਨਵੇਂ ਅਧਿਆਏ ਦੀ ਸ਼ੁਰੂਆਤ ਹੈ। ਮਾਇਆਵਤੀ ਨੂੰ ਟਕਰ ਦੇਣ ਦੀ ਸਮਰੱਥਾ ਉਸ ਵਿੱਚ ਹੈ, ਪਰ ਇਹ ਸਮਰੱਥਾ ਅਜੇ ਪੂਰੀ ਤਰ੍ਹਾਂ ਵਿਕਸਤ ਨਹੀਂ ਹੋਈ। ਬਸਪਾ ਵੱਲੋਂ ਉਸ ਨੂੰ ਭਾਜਪਾ ਦਾ ਏਜੰਟ ਕਹਿਣਾ ਸਿਆਸੀ ਚਾਲਬਾਜ਼ੀ ਦਾ ਹਿੱਸਾ ਹੋ ਸਕਦਾ ਹੈ, ਪਰ ਇਸ ਨੇ ਬਸਪਾ ਦੇ ਵੋਟ ਬੈਂਕ ਨੂੰ ਜ਼ਰੂਰ ਨੁਕਸਾਨ ਪਹੁੰਚਾਇਆ। ਯੂਪੀ ਵਿੱਚ ਉਸ ਦਾ ਉਭਾਰ ਨੌਜਵਾਨਾਂ ਦੀ ਨਿਰਾਸ਼ਤਾ, ਜਮੀਨੀ ਸੰਘਰਸ਼ ਅਤੇ ਸੋਸ਼ਲ ਮੀਡੀਆ ਦੀ ਤਾਕਤ ਦਾ ਨਤੀਜਾ ਹੈ। ਪੰਜਾਬ ਵਿੱਚ ਅਜੇ ਉਸ ਦੀ ਪਛਾਣ ਸੀਮਤ ਹੈ, ਪਰ ਸੰਭਾਵਨਾਵਾਂ ਵੱਡੀਆਂ ਹਨ। ਆਉਣ ਵਾਲੇ ਸਮੇਂ ਵਿੱਚ, ਜੇਕਰ ਚੰਦਰ ਸ਼ੇਖਰ ਆਪਣੀ ਸੰਗਠਨਾਤਮਕ ਸਮਰੱਥਾ ਨੂੰ ਮਜ਼ਬੂਤ ਕਰਦਾ ਹੈ, ਤਾਂ ਉਹ ਨਾ ਸਿਰਫ਼ ਮਾਇਆਵਤੀ, ਸਗੋਂ ਹੋਰ ਵੱਡੀਆਂ ਪਾਰਟੀਆਂ ਲਈ ਵੀ ਚੁਣੌਤੀ ਬਣ ਸਕਦਾ ਹੈ।

## ਚੰਡੀਗੜ੍ਹ ਵਿਚ 2.5 ਕਰੋੜ ਦੀ ਸਾਈਬਰ ਠੱਗੀ, 5 ਹੋਰ ਮੁਲਜ਼ਮ ਕਾਬੂ



ਚੰਡੀਗੜ੍ਹ-ਬੀਤੇ ਦਿਨੀ ਚੰਡੀਗੜ੍ਹ ਪੁਲਿਸ ਨੇ 2.5 ਕਰੋੜ ਰੁਪਏ ਦੀ ਵੱਡੀ ਸਾਈਬਰ ਠੱਗੀ ਦੇ ਮਾਮਲੇ ਵਿਚ ਕਾਰਵਾਈ ਕਰਦਿਆਂ ਪੰਜ ਹੋਰ ਮੁਲਜ਼ਮਾਂ ਮਨੀਸ਼ ਜੈਸਵਾਲ, ਚਿਤਰਾਂਸ਼ ਚੌਰਸੀਆਂ, ਪ੍ਰਿੰਸ ਸਿੰਘ, ਜ਼ੁੱਬਰ ਅਲੀ ਅਤੇ ਮੁਹੰਮਦ ਅਜੀਤ ਨੂੰ ਉੱਤਰ ਪ੍ਰਦੇਸ਼ ਦੇ ਵੱਖ-ਵੱਖ ਸ਼ਹਿਰਾਂ ਤੋਂ ਗ੍ਰਿਫ਼ਤਾਰ ਕੀਤਾ ਸੀ। ਠੱਗਾਂ ਨੇ ਆਪਣੇ ਆਪ ਨੂੰ ਸੀ. ਬੀ. ਆਈ. ਅਧਿਕਾਰੀ ਦੱਸ ਕੇ ਚੰਡੀਗੜ੍ਹ ਵਾਸਣੀ ਸਾਬਕਾ ਆਰਕੀਟੈਕਟ ਸੁਮਿਤ ਕੌਰ ਨੂੰ ਠੱਗਿਆ। ਪੁਲਿਸ ਅਨੁਸਾਰ, ਮਨੀਸ਼ ਨੇ 20 ਲੱਖ ਰੁਪਏ ਆਪਣੇ ਖਾਤੇ ਵਿੱਚ ਟਰਾਂਸਫ਼ਰ ਕਰਵਾਏ ਸਨ ਅਤੇ ਘੁਟਾਲੇ ਵਿਚ ਸ਼ਾਮਿਲ ਹੋਣ ਦੀ ਗਲ ਕਬੂਲੀ ਹੈ। ਜਾਂਚ ਦੌਰਾਨ ਖੁਲਾਸਾ ਹੋਇਆ ਕਿ ਇਹ ਗੈਂਗ ਆਸਾਮ ਤੋਂ ਚਲ ਰਹੀ ਸੀ ਤੇ ਵੱਖ-ਵੱਖ ਬੈਂਕ ਖਾਤਿਆਂ ਰਾਹੀਂ ਰਕਮ ਦੀ ਲੈਣ-ਦੇਣ ਕਰ ਰਹੀ ਸੀ। ਪੁਲਿਸ ਨੇ ਇਨ੍ਹਾਂ ਕੋਲੋਂ 10 ਮੋਬਾਈਲ, 12 ਏ.ਟੀ.ਐੱਮ., 8 ਪਾਸਬੁੱਕ, 5 ਚੈਕਬੁੱਕ, ਇੱਕ ਲੈਪਟਾਪ ਅਤੇ ਸਮਾਰਟ ਟੈਬਲੇਟ ਬਰਾਮਦ ਕੀਤੇ ਹਨ।

# ਹਰਿਆਣਾ ਸਰਕਾਰ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ 'ਵੀਰ ਬੰਦਾ ਬੈਰਾਗੀ' ਕਹਿਕੇ ਸਿੱਖ ਪੰਥ ਨੂੰ ਠੇਸ ਪਹੁੰਚਾਈ

## ✪ ਪੰਥਕ ਸੰਸਥਾਵਾਂ ਬਿਆਨ ਦੇਣ ਤੱਕ ਸੀਮਤ, ਕੋਈ ਕਨੂੰਨੀ ਕਾਰਵਾਈ ਨਹੀਂ ਕੀਤੀ ਗਈ

**ਦਰਪਣ ਝੂਠ ਨਹੀ ਬੋਲਦਾ**
ਪੰਜਾਬ ਟਾਈਮਜ਼ ਮੀਡੀਆ



ਹਰਿਆਣਾ ਸਰਕਾਰ ਵੱਲੋਂ 25 ਜੂਨ 2025 ਨੂੰ ਬਾਬਾ ਬੰਦਾ ਸਿੰਘ ਬਹਾਦਰ ਦੇ ਸ਼ਹੀਦੀ ਦਿਹਾੜੇ ਮੌਕੇ ਜਾਰੀ ਇਸ਼ਤਿਹਾਰ ਵਿੱਚ ਉਨ੍ਹਾਂ ਨੂੰ 'ਵੀਰ ਬੰਦਾ ਬੈਰਾਗੀ' ਕਹਿਣਾ ਸਿੱਖ ਇਤਿਹਾਸ ਦੀ ਸੱਚਾਈ ਨੂੰ ਤੋੜ-ਮਰੋੜਨ ਦੀ ਇੱਕ ਕੋਸ਼ਿਸ਼ ਹੈ। ਇਸ ਇਸ਼ਤਿਹਾਰ ਨੇ ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਇਹ ਕੋਈ ਨਵੀਂ ਗੱਲ ਨਹੀਂ; ਇਹ ਸਾਜ਼ਿਸ਼ਾਂ ਸੰਘ ਪਰਿਵਾਰ ਕਾਫੀ ਸਮੇਂ ਤੋਂ ਘੜ ਰਿਹਾ ਹੈ।ਇਹ ਕੋਸ਼ਿਸ਼ਾਂ ਬਿਪਰਨੀ ਪ੍ਰਬੰਧ ਅਧੀਨ ਹੁੰਦੀਆਂ ਰਹੀਆਂ ਹਨਤਾਂ ਜੋ ਸਿੱਖ ਪੰਥ ਨੂੰ ਹਿੰਦੂ ਧਰਮ ਦਾ ਹਿੱਸਾ ਦਰਸਾਇਆ ਜਾ ਸਕੇ। ਪਰ ਅੱਜ, ਜਦੋਂ ਸਿੱਖ ਪੰਥ ਦੀਆਂ ਸੰਸਥਾਵਾਂ, ਅਕਾਲੀ ਦਲ,ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖਤ ਸਾਹਿਬ, ਇਸ ਮਸਲੇ 'ਤੇ ਸਿਰਫ਼ ਬਿਆਨਬਾਜ਼ੀ ਕਰ ਰਹੀਆਂ ਹਨ, ਤਾਂ ਸਵਾਲ ਉੱਠਦਾ ਹੈ: ਕੀ ਸਿੱਖ ਇਤਿਹਾਸ ਦੀ ਰਾਖੀ ਲਈ ਸਾਡੀਆਂ ਸੰਸਥਾਵਾਂ ਸਿਰਫ਼ ਬੋਲਣ ਤੱਕ ਸੀਮਤ ਹਨ? ਅਜੇ ਤਕ ਸ੍ਰੋਮਣੀ ਕਮੇਟੀ ਤੇ ਅਕਾਲੀ ਦਲ ਨੇ ਹਰਿਆਣਾ ਸਰਕਾਰ ਨਾਲ ਕੋਈ ਗਲਬਾਤ ਨਹੀਂ ਕੀਤੀ।

ਕੀ ਹਰਿਆਣਾ ਸਰਕਾਰ ਨਹੀਂ ਜਾਣਦੀ ਕਿ ਬਾਬਾ ਬੰਦਾ ਸਿੰਘ ਬਹਾਦਰ, ਜਿਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਅਨੁਸਾਰ ਅੰਮ੍ਰਿਤ ਛਕ ਕੇ ਖਾਲਸਾ ਰਾਜ ਦੀ ਸਥਾਪਨਾ ਦੀ ਮਿਸ਼ਾਲ ਜਗਾਈ, ਨੂੰ 'ਬੈਰਾਗੀ' ਦੀ ਪਛਾਣ ਨਾਲ ਜੋੜਨਾ ਸਿੱਖ ਸਿਧਾਂਤਾਂ ਅਤੇ ਉਹਨਾਂ ਦੀ ਮਹਾਨ ਸ਼ਹਾਦਤ ਦਾ ਅਪਮਾਨ ਹੈ?

ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਮੁਦੇ ਉਪਰ ਬਿਆਨ ਦੇਕੇ ਖਾਨਾ ਪੂਰਤੀ ਕਰ ਲਈ ਹੈ। ਜਦ ਕਿ ਆਪਣਾ ਵਫਦ ਹਰਿਆਣਾ ਸਰਕਾਰ ਕੋਲ ਭੇਜਣਾ ਚਾਹੀਦਾ ਸੀ ਜ਼ੇਕਰ ਹਰਿਆਣਾ ਸਰਕਾਰ ਮਾਫੀ ਨਾ ਮੰਗਦੀ ,ਇਤਿਹਾਸਕ ਗਲਤੀ ਦੁਰਸਤ ਨਾ ਕਰਦੀ ਤਾਂ ਕਨੂੰਨੀ ਰਸਤਾ ਅਪਨਾਉਣਾ ਚਾਹੀਦਾ ਸੀ।

ਸੁਆਲ ਇਹ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਦੇ ਵੰਸ਼ਜਾਂ ਦਾ ਰਿਆਸੀ ਡੇਰਾ, ਜਿਸ ਦਾ ਮੁਖੀ ਬਾਬਾ ਜਤਿੰਦਰਪਾਲ ਸਿੰਘ ਸੋਢੀ ਹੈ, ਇਸ ਮਸਲੇ 'ਤੇ ਚੁੱਪ ਕਿਉਂ? ਇਹ ਡੇਰਾ, ਜੋ ਬਾਬਾ ਜੀ ਦੀ ਵਿਰਾਸਤ ਦਾ ਦਾਅਵੇਦਾਰ ਹੈ, ਨੇ ਇਸ ਸਾਜ਼ਿਸ਼ ਦੇ ਵਿਰੁੱਧ ਅਵਾਜ਼ ਕਿਉਂ ਨਹੀਂ ਉਠਾਈ? ਕੀ ਇਹ ਡੇਰਾ ਸਿੱਖ ਇਤਿਹਾਸ ਦੀ ਰਾਖੀ ਲਈ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਿਹਾ ਹੈ?

ਇਹ ਸੰਸਥਾਵਾਂ ਆਪਣੇ ਮਹਾਨ ਖਾਲਸਾ ਵਾਰੀਅਰ ਬਾਬਾ ਬੰਦਾ ਸਿੰਘ ਬਹਾਦਰ ਦੀ ਭਾਜਪਾ ਵਲੋਂ ਮਿਥਕ ਧਰਮ ਬਦਲੀ ਤੇ ਬਦਲੀ ਇਤਿਹਾਸਕ ਪਛਾਣ ਉਪਰ ਚੁਪ ਕਿਉਂ ਹਨ ਜਿਸ ਸੰਤ ਸਿਪਾਹੀ ਨੇ ਸਿੱਖ ਪੰਥ ਨੂੰ ਰਾਜ ਕਰਨ ਦੀ ਜਾਚ ਦਸੀ। ਰਾਜਨੀਤੀ ਸਿਖਾਈ। ਇਸ ਮਹਾਨ ਵਾਰੀਅਰ ਰਾਹੀਂ ਸਿੱਖਾਂ ਨੂੰ ਗਿਆਨ ਹੋਇਆ ਕਿ ਗੁਰੂ ਨੇ ਸਾਨੂੰ ਮਨੁੱਖਤਾ ਦੇ ਭਲੇ ਲਈ ਰਾਜ ਕਰਨ ਲਈ ਪੈਦਾ ਕੀਤਾ ਹੈ।

ਬਾਬਾ ਬੰਦਾ ਸਿੰਘ ਬਹਾਦਰ, ਜਿਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਅਨੁਸਾਰ ਅੰਮ੍ਰਿਤ ਛਕ ਕੇ ਖਾਲਸਾ ਪੰਥ ਦੀ ਨੀਂਹ ਮਜ਼ਬੂਤ ਕੀਤੀ, ਸਿੱਖੀ ਦਾ ਇੱਕ ਅਜਿਹਾ ਸੂਰਜ ਸਨ, ਜਿਸ ਦੀ ਰੌਸ਼ਨੀ ਨੇ ਮੁਗਲ ਸਾਮਰਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਉਹ ਸਿਰਫ਼ ਸੂਰਮਾ ਨਹੀਂ ਸਨ, ਸਗੋਂ ਖਾਲਸਾ ਰਾਜ ਦੇ ਸਿਰਜਣਹਾਰ ਸਨ। ਸਰਹੰਦ ਦੀ ਜਿੱਤ, ਜ਼ਮੀਨਾਂ ਦੀ ਵੰਡ, ਗੁਰੂ ਦੇ ਸਿੱਕੇ ਦਾ ਪ੍ਰਚਾਰ- ਇਹ ਸਭ ਉਸ ਮਹਾਨ ਸਿੰਘ ਸੂਰਮੇ ਦੀ ਗਵਾਹੀ ਦਿੰਦੇ ਹਨ, ਜਿਸ ਨੇ ਸਿੱਖ ਸਿਧਾਂਤਾਂ ਨੂੰ ਜੀਵਨ ਦੀ ਸਾਹਸੀ ਜੰਗ ਵਿਚ ਉਤਾਰਿਆ। ਪਰ ਅੱਜ, ਜਦੋਂ ਹਰਿਆਣਾ ਸਰਕਾਰ ਵਰਗੀਆਂ ਸੰਸਥਾਵਾਂ ਉਸ ਸੂਰਮੇ ਨੂੰ 'ਬੈਰਾਗੀ' ਦੀ ਪਛਾਣ ਨਾਲ ਜੋੜਦੀਆਂ ਹਨ, ਤਾਂ ਇਹ ਸਿਰਫ਼ ਸਿੱਖ ਇਤਿਹਾਸ ਨਾਲ ਖਿਲਵਾੜ ਨਹੀਂ, ਸਗੋਂ ਗੁਰੂ ਦੀ ਸੱਚੀ ਟਕਸਾਲ ਘੜੀਐ ਸਬਦੁ ਸਚੀ ਟਕਸਾਲ ਵਿਚ ਘੜੇ ਬੰਦੇ ਬਾਬਾ ਬੰਦਾ ਸਿੰਘ ਬਹਾਦਰ ਦੀ ਤੌਹੀਨ ਹੈ?

ਜੇ ਅਸੀਂ ਇਤਿਹਾਸ ਦੇ ਪੰਨਿਆਂ 'ਤੇ ਨਜ਼ਰ ਮਾਰੀਏ, ਤਾਂ ਅਮਰਨਾਮਾ ਦੇ ਕਰਤਾ ਨੱਥ ਮੱਲ ਢਾਡੀ ਸਪੱਸ਼ਟ ਕਰਦੇ ਹਨ ਕਿ ਬਾਬਾ ਬੰਦਾ ਸਿੰਘ ਬਹਾਦਰ ਜਦੋਂ ਮਾਧੋ ਦਾਸ ਸਨ ਉਦਾਸੀ ਸਾਧੂ ਸਨ। ਗੁਰੂ ਦੀਆਂ ਸਾਖੀਆਂ ਅਨੁਸਾਰ ਮਾਧੋ ਦਾਸ ਗੁਰੂ ਗੋਬਿੰਦ ਸਿੰਘ ਜੀ ਨੂੰ ਸਭ ਤੋਂ ਪਹਿਲਾਂ ਉਦਾਸੀ ਮੁਖੀ ਜਾਨਕੀ ਦਾਸ ਦੇ ਡੇਰੇ ਮਿਲੇ ਤੇ ਗੁਰੂ ਤੋਂ ਪ੍ਰਭਾਵਿਤ ਹੋਏ। ਉਹ ਗੁਰੂ ਜੀ ਦੀ ਸੰਗਤ ਵਿਚ ਰਹਿੰਦੇ ਹੋਏ ਸਿੱਖੀ ਦੇ ਰੰਗ ਵਿਚ ਰੰਗੇ ਗਏ।

ਕੁਝ ਸਮੇਂ ਬਾਅਦ ਗੁਰੂ ਜੀ ਨਾਲ ਨੰਦੇੜ ਵਿਖੇ ਮਾਧੋਦਾਸ ਨਾਲ ਮੁਲਾਕਾਤ ਹੋਈ। ਉਦੋਂ ਮਾਧੋਦਾਸ ਤਾਂਤਰਿਕ ਡੇਰਾ ਸੰਭਾਲੀ ਬੈਠਾ ਸੀ। ਉਸਨੂੰ ਕਿਸੇ ਡੇਰੇ ਤੋਂ ਮੁਕਤੀ ਨਾ ਮਿਲੀ। ਗੁਰੂ ਗੋਬਿੰਦ ਸਿੰਘ ਜੀ ਨਾਲ ਇਸ ਡੇਰੇ ਵਿਚ ਮਿਲਨੀ ਦੌਰਾਨ 'ਮਾਧੋਦਾਸ ਦੇ ਮੂੰਹੋਂ ਨਿਕਲਿਆ ਸੀ, "ਹੇ ਸਤਿਗੁਰੂ ਜੀ, ਮੈਂ ਤੇਰਾ ਬੰਦਾ ਹਾਂ! ਮੈਨੂੰ ਜੀਵਨ ਮੁਕਤ ਕਰ" ਇਹ ਸ਼ਬਦ ਸਿਰਫ਼ ਸ਼ਰਧਾ ਦੀ ਗਵਾਹੀ ਨਹੀਂ ਸਨ, ਸਗੋਂ ਉਸ ਦੀ ਸਿੱਖੀ ਦੀ ਪਛਾਣ ਸਨ,ਗੁਰੂ ਨਾਲ ਮੁਹਬਤ ਦੀ ਉਚੇਰੀ ਗਵਾਹੀ ਸਨ । ਇਹ ਉਹ ਮਾਰਗ ਹੈ ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ।

ਮੁਗਲ ਰਿਪੋਰਟਾਂ ਵਿਚ ਵੀ ਬਾਬਾ ਜੀ ਨੂੰ 'ਨਾਨਕਪ੍ਰਸਤ' ਕਿਹਾ ਗਿਆ, ਗੁਰੂ ਦਾ ਰੂਪ ਕਿਹਾ ਗਿਆ, ਨਾ ਕਿ 'ਬੈਰਾਗੀ'। ਮੁਢਲੇ ਇਤਿਹਾਸਕ ਸਰੋਤ, ਜਿਵੇਂ ਅਮਰਨਾਮਾ ਅਤੇ ਮੁਗਲ ਖੁਫੀਆ ਰਿਪੋਰਟਾਂ, ਸਾਫ਼ ਤੌਰ 'ਤੇ ਦੱਸਦੇ ਹਨ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਉਦਾਸੀ ਅਤੇ ਸਾਧ ਮੱਤ ਨੂੰ ਤਿਆਗ ਕੇ ਖਾਲਸਾ ਪੰਥ ਵਿਚ ਸ਼ਮੂਲੀਅਤ ਕੀਤੀ। ਗੁਰੂ ਦੀ ਪਾਹੁਲ ਛਕਣ ਤੋਂ ਬਾਅਦ, ਬਾਬਾ ਜੀ ਨੇ ਸਿੱਖੀ ਦੇ ਸਾਰੇ ਅਸੂਲ ਅਪਣਾਏ। ਗੁਰੂ ਦੇ ਅਸੂਲ 'ਤੇ ਚੱਲਦਿਆਂ, ਉਨ੍ਹਾਂ ਨੇ ਬ੍ਰਹਮਚਾਰੀ ਸਾਧਵਾਦ ਨੂੰ ਤਿਆਗ ਕੇ ਗ੍ਰਹਿਸਤ ਜੀਵਨ ਅਪਨਾਇਆ, ਵਿਆਹ ਕੀਤਾ ਅਤੇ ਪੁੱਤਰ ਅਜੈ ਸਿੰਘ ਨੂੰ ਜਨਮ ਦਿੱਤਾ। ਇਹ ਸਭ ਸਿੱਖੀ ਦੀ ਸਚਾਈ ਦੀ ਗਵਾਹੀ ਦਿੰਦਾ ਹੈ। ਉਹ ਪੰਜ ਸਿੰਘਾਂ ਨਾਲ ਨਾਂਦੇੜ ਤੋਂ ਚੱਲੇ ਅਤੇ ਥੋੜੇ ਸਮੇਂ ਵਿਚ ਉਨ੍ਹਾਂ ਦੀ ਫੌਜ ਵਿਚ ਹਜ਼ਾਰਾਂ ਸਿੰਘ ਸ਼ਾਮਲ ਹੋ ਗਏ, ਪਰ ਇਨ੍ਹਾਂ ਵਿਚ ਇੱਕ ਵੀ ਵੈਰਾਗੀ ਨਹੀਂ ਸੀ। ਗੁਰੂ ਦੇ ਸ਼ਰਧਾਲੂ ਸ਼ਹੀਦ ਪੀਰ ਬੁਧੂਸ਼ਾਹ ਦੇ ਪਰਿਵਾਰ ਦੇ 5000 ਮੁਸਲਮਾਨ ਵੀ ਇਸ ਵਿਚ ਸ਼ਾਮਲ ਸਨ।

ਬਾਬਾ ਬੰਦਾ ਸਿੰਘ ਬਹਾਦਰ ਨੇ ਸਿਰਫ਼ ਜ਼ਾਲਮਾਨਾ ਮੁਗਲ ਰਾਜ ਪ੍ਰਬੰਧ ਵਿਰੁੱਧ ਜੰਗ ਨਹੀਂ ਜਿੱਤੀ; ਉਨ੍ਹਾਂ ਨੇ ਸਰਬ-ਸਾਂਝੇ ਰਾਜ ਖਾਲਸਾ ਰਾਜ ਦੀ ਨੀਂਹ ਰੱਖੀ। ਉਨ੍ਹਾਂ ਦਾ ਸਿੱਕਾ, ਜਿਸ 'ਤੇ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਨਾਮ ਸੀ, ਸਿੱਖੀ ਦੀ ਸੁਤੰਤਰਤਾ ਅਤੇ ਸਮਾਜਕ ਨਿਆਂ ਦੀ ਗਵਾਹੀ ਸੀ। ਸਮਕਾਲੀਨ ਮੁਗਲ ਅਖਬਾਰ ਨਵੀਸਾਂ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਹਰ ਆਉਣ ਵਾਲੇ ਨੂੰ ਅੰਮ੍ਰਿਤ ਛਕਣ ਦੀ ਤਾਕੀਦ ਕਰਦੇ ਸਨ।

ਦੀਨਦਾਰ ਖਾਨ ਨੂੰ ਦੀਨਦਾਰ ਸਿੰਘ ਬਣਾਇਆ, ਨਾ ਕਿ ਵੈਰਾਗੀ। ਇਸ ਦੀਆਂ ਗਵਾਹੀਆਂ ਮੁਗਲ ਸਰੋਤਾਂ ਵਿਚ ਮਿਲਦੀਆਂ ਹਨ। ਸਰਹੰਦ ਦੀ ਜਿੱਤ ਤੋਂ ਬਾਅਦ, ਜਦੋਂ ਸਿੰਘ ਸਾਹਿਬਜ਼ਾਦਿਆਂ ਦੀ ਸ਼ਹਾਦਤ ਵਾਲੀਆਂ ਥਾਵਾਂ 'ਤੇ ਨਿਸ਼ਾਨ ਗੱਡ ਰਹੇ ਸਨ, ਤਾਂ ਕੀ ਕਿਸੇ ਵੈਰਾਗੀ ਮੱਠ ਦੀ ਸਥਾਪਨਾ ਕੀਤੀ ਸੀ? ਫਿਰ ਕਿਵੇਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਵੈਰਾਗੀ ਕਿਹਾ ਜਾ ਰਿਹਾ ਹੈ?

ਜਦੋਂ ਉਹ ਸ਼ਹੀਦ ਹੋਏ, ਤਾਂ ਸੱਤ ਸੌ ਸਿੰਘ ਉਨ੍ਹਾਂ ਨਾਲ ਸ਼ਹਾਦਤ ਦੇ ਰਾਹ 'ਤੇ ਚੱਲੇ, ਪਰ ਕੋਈ ਵੈਰਾਗੀ ਨਹੀਂ ਬਹੁੜਿਆ। ਸਿਖੀ ਦੇ ਸਫਰ ਉਪਰ ਚਲਣ ਲਗਿਆਂ ਨਾ ਬਾਬਾ ਬੰਦਾ ਸਿੰਘ ਬੈਰਾਗੀ ਸਨ, ਨਾ ਸ਼ਹਾਦਤ ਦੌਰਾਨ। ਉਹ ਗੁਰੂ ਦੀਖਿਆ ਪ੍ਰਾਪਤ ਗ੍ਰਹਿਸਥੀ ਸੰਤ ਸਿਪਾਹੀ ਸਨ। ਇਹ ਕੰਡਿਆਂ ਵਾਲੇ ਰਾਹਾਂ ਦਾ ਸਫਰ ਸੀ ਜੋ ਗੁਰੂ ਦੇ ਦੁਲਾਰੇ ਹੀ ਨਿਭ ਸਕਦੇ ਸਨ। ਸੰਸਾਰ ਨੂੰ ਤਿਆਗਣ ਵਾਲੇ ਵੈਰਾਗੀ ਨਹੀਂ। ਉਹਨਾਂ ਨੇ ਸਰਬੰਸਦਾਨੀ ਦਾਨੀ ਗੁਰੂ ਗੋਬਿੰਦ ਸਿੰਘ ਦੇ ਮਾਰਗ ਉਪਰ ਚਲਕੇ ਸਰਬੰਸ ਵਾਰਕੇ ਸਿਖੀ ਸਿਦਕ ਨਿਭਾਕੇ ਇਤਿਹਾਸ ਸਿਰਜਿਆ।

ਵੈਰਾਗੀ ਮੱਤ, ਜੋ ਸੰਨਿਆਸ ਅਤੇ ਬ੍ਰਹਮਚਾਰੀ ਜੀਵਨ 'ਤੇ ਜ਼ੋਰ ਦਿੰਦਾ ਹੈ, ਨੂੰ ਬਾਬਾ ਜੀ ਨਾਲ ਜੋੜਨਾ ਇਤਿਹਾਸਕ ਸਚਾਈ ਤੇ ਗੁਰੂ ਪੰਥ ਦਾ ਅਪਮਾਨ ਹੈ। ਵੈਰਾਗੀਆਂ ਦੇ ਇਤਿਹਾਸ ਵਿਚ ਕੋਈ ਅਜਿਹਾ ਜੁਝਾਰੂ ਰਿਕਾਰਡ ਨਹੀਂ, ਜਿਸ ਨੇ ਮੁਗਲ ਸਾਮਰਾਜ ਨਾਲ ਟਾਕਰਾ ਕੀਤਾ ਹੋਵੇ। ਫਿਰ ਬਾਬਾ ਜੀ ਨੂੰ ਵੈਰਾਗੀ ਕਿਉਂ ਕਿਹਾ ਜਾ ਰਿਹਾ ਹੈ?

# ਪੈਂਟਾਗਨ ਦੇ ਫੋਰਡੋ ਪ੍ਰਦਰਸ਼ਨ ਤੋਂ ਬਾਅਦ ਭਾਰਤ ਅਮਰੀਕਾ ਵਰਗੇ ਬੰਕਰ ਬਸਟਰ ਬਣਾਏਗਾ

## ✪ ਇਹ ਮਿਜ਼ਾਈਲ ਧਮਾਕੇ ਤੋਂ ਪਹਿਲਾਂ ਸਤ੍ਹਾ ਤੋਂ 80 ਤੋਂ 100 ਮੀਟਰ ਹੇਠਾਂ ਤੱਕ ਪ੍ਰਵੇਸ਼ ਕਰਨ ਦੇ ਯੋਗ ਹੋਵੇਗੀ



ਦਿੱਲੀ-ਇੰਡੀਆ ਟੂਡੇ ਦੀ ਇੱਕ ਰਿਪੋਰਟ ਦੇ ਅਨੁਸਾਰ, ਇੱਕ ਰਣਨੀਤਕ ਕਦਮ ਵਿੱਚ, ਭਾਰਤ ਨੇ ਸੰਯੁਕਤ ਰਾਜ ਅਮਰੀਕਾ ਤੋਂ ਪ੍ਰੇਰਨਾ ਲਈ ਹੈ ਅਤੇ ਆਪਣੀਆਂ ਉੱਚ-ਸ਼ਕਤੀ ਵਾਲੀਆਂ ਬੰਕਰ-ਬਸਟਰ ਮਿਜ਼ਾਈਲਾਂ ਤਿਆਰ ਕਰਨ ਲਈ ਅੱਗੇ ਵਧ ਰਿਹਾ ਹੈ। ਇਹ ਵਿਕਾਸ ਹਾਲ ਹੀ ਵਿੱਚ ਈਰਾਨ ਦੇ ਡੂੰਘੇ ਭੂਮੀਗਤ ਫੋਰਡੋ ਪ੍ਰਮਾਣੂ ਸਹੂਲਤ 'ਤੇ ਜੀਬੀਯੂ-57/ਏ ਮੈਸਿਵ ਆਰਡਨੈਂਸ ਪੈਨੇਟ੍ਰੇਟਰ (ਫਸ) ਦੀ ਤਾਇਨਾਤੀ ਤੋਂ ਬਾਅਦ ਆਇਆ ਹੈ।

ਰਿਪੋਰਟ ਦੇ ਅਨੁਸਾਰ, ਰੱਖਿਆ ਖੋਜ ਅਤੇ ਵਿਕਾਸ ਸੰਗਠਨ ਅਗਨੀ-5 ਅੰਤਰਮਹਾਂਦੀਪੀ ਬੈਲਿਸਟਿਕ ਮਿਜ਼ਾਈਲਾਂ ਦਾ ਇੱਕ ਉੱਨਤ ਰਵਾਇਤੀ ਰੂਪ ਬਣਾਉਣ ਲਈ ਕੰਮ ਕਰ ਰਿਹਾ ਹੈ। ਜਦੋਂ ਕਿ ਅਸਲੀ ਅਗਨੀ-5 ਦੀ ਰੇਂਜ 5,000 ਕਿਲੋਮੀਟਰ ਹੈ ਅਤੇ ਇਹ ਦੁਸ਼ਮਣ ਦੇ ਨਿਸ਼ਾਨੇ ਤੱਕ ਪ੍ਰਮਾਣੂ ਹਥਿਆਰ ਲਿਜਾਣ ਦੇ ਸਮਰੱਥ ਹੈ, ਸੋਧਿਆ ਹੋਇਆ ਸੰਸਕਰਣ ਇੱਕ ਰਵਾਇਤੀ ਹਥਿਆਰ ਨਾਲ 7,500 ਕਿਲੋਮੀਟਰ ਤੱਕ ਮਾਰ ਕਰਨ ਦੀ ਸੰਭਾਵਨਾ ਹੈ ਜੋ ਡੂੰਘੇ ਭੂਮੀਗਤ ਟੀਚਿਆਂ ਨੂੰ ਮਾਰਨ ਲਈ ਤਿਆਰ ਕੀਤਾ ਜਾਵੇਗਾ।

ਇਹ ਮਿਜ਼ਾਈਲ ਧਮਾਕੇ ਤੋਂ ਪਹਿਲਾਂ ਸਤ੍ਹਾ ਤੋਂ 80 ਤੋਂ 100 ਮੀਟਰ ਹੇਠਾਂ ਤੱਕ ਪ੍ਰਵੇਸ਼ ਕਰਨ ਦੇ ਯੋਗ ਹੋਵੇਗੀ। ਅਮਰੀਕੀ ਬੰਕਰ ਬਰਸਟਰ ਅਤੇ ਭਾਰਤੀ ਅਨੁਮਾਨਿਤ ਪ੍ਰਣਾਲੀ ਵਿੱਚ ਮੁੱਖ ਅੰਤਰ ਇਹ ਹੈ ਕਿ ਅਮਰੀਕੀ ਹਥਿਆਰ ਇੱਕ ਸਟੀਲਥ ਲੜਾਕੂ ਜਹਾਜ਼ 'ਤੇ ਪਹੁੰਚਾਏ ਜਾਂਦੇ ਹਨ ਜਦੋਂ ਕਿ ਨਵੀਂ ਦਿੱਲੀ ਦੁਸ਼ਮਣ ਦੇ ਨਿਸ਼ਾਨੇ ਨੂੰ ਮਾਰਨ ਲਈ ਇੱਕ ਮਿਜ਼ਾਈਲ ਪ੍ਰਣਾਲੀ ਦੀ ਚੋਣ ਕਰ ਰਹੀ ਹੈ।

# ਜਯੋਤਿਰਮਠ ਨੇੜੇ ਵਪਾਰੀ ਨਾਲ ਹਿੰਸਕ ਝੜਪ ਤੋਂ ਬਾਅਦ ਨਿਹੰਗ ਬਾਣੇ ਵਿਚ 7 ਵਿਅਕਤੀ ਗ੍ਰਿਫ਼ਤਾਰ



ਗੋਪੇਸ਼ਵਰ-ਬੀਤੇ ਦਿਨੀਂ ਉਤਰਾਖੰਡ ਦੇ ਜਯੋਤਿਰਮਠ ਨੇੜੇ ਨਿਹੰਗ ਬਾਣੇ ਵਿਚ ਵਿਅਕਤੀਆਂ ਅਤੇ ਸਥਾਨਕ ਵਪਾਰੀ ਵਿਚਕਾਰ ਹੋਈ ਹਿੰਸਕ ਝੜਪ ਤੋਂ ਬਾਅਦ ਪੁਲਿਸ ਨੇ ਸੱਤ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ। ਜੋਤੀਰਮਠ ਨੇੜੇ ਹੇਮਕੁੰਟ ਸਾਹਿਬ ਦੇ ਦਰਸ਼ਨ ਕਰਨ ਆਏ ਸ਼ਰਧਾਲੂਆਂ ਦੀ ਇਕ ਸਥਾਨਕ ਵਪਾਰੀ ਨਾਲ ਸਕੂਟਰ ਚਲਾਉਣ ਨੂੰ ਲੈ ਕੇ ਬਹਿਸ ਹੋ ਗਈ। ਬਹਿਸ ਵਧ ਗਈ ਤੇ ਨਿਹੰਗ ਬਾਣੇ ਵਿਚ ਵਿਅਕਤੀਆਂ ਨੇ ਤਲਵਾਰਾਂ ਨਾਲ ਵਪਾਰੀ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ, ਹਾਲਾਂਕਿ, ਵਪਾਰੀ ਵਾਲ-ਵਾਲ ਬਚ ਗਿਆ। ਜਦੋਂ ਤੱਕ ਪੁਲਿਸ ਮੌਕੇ 'ਤੇ ਪਹੁੰਚੀ, ਉਹ ਭੱਜ ਗਏ। ਹਾਲਾਂਕਿ, ਉਨ੍ਹਾਂ ਨੂੰ ਥਾਣੇ ਦੇ ਗੇਟ ਕੋਲ ਰੋਕ ਲਿਆ ਗਿਆ। ਵੱਡੀ ਗਿਣਤੀ ਵਿਚ ਸਥਾਨਕ ਵਪਾਰੀ ਵੀ ਥਾਣੇ ਵਿਚ ਇਕੱਠੇ ਹੋ ਗਏ। ਸਥਿਤੀ ਉਦੋਂ ਹੋਰ ਵਿਗੜ ਗਈ ਜਦੋਂ ਇਹ ਪਾਇਆ ਗਿਆ ਕਿ ਸ਼ਰਧਾਲੂਆਂ ਕੋਲ ਕਈ ਤਿੱਖੇ ਹਥਿਆਰ ਸਨ ਦੋਵਾਂ ਧਿਰਾਂ ਵਿਚਕਾਰ ਬਹਿਸ ਹੋਈ, ਜੋ ਝਗੜੇ ਵਿਚ ਬਦਲ ਗਈ। ਜਦੋਂ ਪੁਲਿਸ ਨੇ ਦਖ਼ਲ ਦੇਣ ਦੀ ਕੋਸ਼ਿਸ਼ ਕੀਤੀ, ਤਾਂ ਅੰਮਿਬਪਾਲ ਨਾਂਅ ਦੇ ਵਿਅਕਤੀ ਨੇ ਇਕ ਸੀਨੀਅਰ ਸਬ-ਇੰਸਪੈਕਟਰ ਦੇ ਸਿਰ 'ਤੇ ਤਿੱਖੇ ਹਥਿਆਰ ਨਾਲ ਹਮਲਾ ਕੀਤਾ, ਜਿਸ ਨਾਲ ਉਹ ਜ਼ਖਮੀ ਹੋ ਗਿਆ। ਪੁਲਿਸ ਨੇ ਕਿਹਾ ਕਿ ਮੁਲਜ਼ਮਾਂ ਵਿਰੁੱਧ ਭਾਰਤੀ ਨਿਆਏ ਸੰਹਿਤਾ ਦੀਆਂ ਧਾਰਾਵਾਂ ਤਹਿਤ ਦੋ ਵੱਖ-ਵੱਖ ਮਾਮਲੇ ਦਰਜ ਕੀਤੇ ਗਏ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਹਰਪ੍ਰੀਤ ਸਿੰਘ, ਅੰਮਿਬਪਾਲ ਸਿੰਘ, ਹਰਪ੍ਰੀਤ ਸੈਕਿੰਡ, ਬਿੰਦਰ ਸਿੰਘ, ਗਰਜਾ ਸਿੰਘ, ਹਰਜੋਤ ਸਿੰਘ ਤੇ ਭੋਲਾ ਸਿੰਘ ਵਜੋਂ ਹੋਈ। ਸਾਰੇ ਪੰਜਾਬ ਦੇ ਫਤਹਿਗੜ੍ਹ ਦੇ ਰਹਿਣ ਵਾਲੇ ਹਨ।

# ਕਲਯੁਗੀ ਪੁੱਤ ਨੇ ਘਰਵਾਲੀ ਨਾਲ ਮਿਲ ਕੇ ਪਿਓ ਦੀ ਕੀਤੀ ਹੱਤਿਆ

## ✪ ਪਹਿਲਾਂ ਖੁਆਈਆਂ ਨੀਂਦ ਦੀਆਂ ਗੋਲ਼ੀਆਂ ਤੇ ਫਿਰ ਕੁਹਾੜੀ ਨਾਲ ਵੱਢਿਆ



ਖੰਨਾ-ਜਟਾਣਾ ਪਿੰਡ ਵਿਚ ਪੁੱਤਰ ਨੇ ਨੂੰਹ ਨਾਲ ਮਿਲ ਕੇ ਜਾਇਦਾਦ ਦੇ ਲਾਲਚ ਵਿਚ ਕੁਹਾੜੀ ਨਾਲ ਵੱਢ ਕੇ ਆਪਣੇ ਪਿਓ ਦਾ ਕਤਲ ਕਰ ਦਿੱਤਾ। ਦੋਵਾਂ ਨੇ ਪਹਿਲਾਂ ਪਿਤਾ ਨੂੰ ਰਾਤ ਨੂੰ ਨੀਂਦ ਦੀਆਂ ਗੋਲੀਆਂ ਖੁਆ ਦਿੱਤੀਆਂ ਫਿਰ ਸਿਰ 'ਤੇ ਡੰਡੇ ਨਾਲ ਵਾਰ ਕਰ ਕੇ ਉਸ ਨੂੰ ਬੇਹੋਸ਼ ਕਰ ਦਿੱਤਾ। ਬਾਅਦ 'ਚ ਚਿਹਰੇ ਤੇ ਗਰਦਨ 'ਤੇ ਕੁਹਾੜੀ ਨਾਲ ਵਾਰ ਕਰ ਕੇ ਉਸ ਨੂੰ ਮਾਰ ਦਿੱਤਾ। ਦੋਵਾਂ ਨੇ ਇਸ ਨੂੰ ਹਾਦਸਾ ਦਿਖਾਉਣ ਦੀ ਵੀ ਕੋਸ਼ਿਸ਼ ਕੀਤੀ ਕਿ ਉਨ੍ਹਾਂ ਦੇ ਪਿਤਾ ਨੂੰ ਕੋਈ ਜ਼ਖ਼ਮੀ ਕਰ ਗਿਆ ਹੈ।

ਉਨ੍ਹਾਂ ਨੇ ਰਿਸ਼ਤੇਦਾਰਾਂ ਨੂੰ ਬੁਲਾਇਆ ਤੇ ਸਸਕਾਰ ਲਈ ਸ਼ਮਸ਼ਾਨਘਾਟ ਪਹੁੰਚੇ ਪਰ ਇਸ ਦੌਰਾਨ ਕਿਸੇ ਨੇ ਪੁਲਿਸ ਨੂੰ ਸੂਚਿਤ ਕਰ ਦਿੱਤਾ। ਪੁਲਿਸ ਮੌਕੇ 'ਤੇ ਪਹੁੰਚੀ ਅਤੇ ਲਾਸ਼ ਨੂੰ ਕਬਜ਼ੇ ਵਿਚ ਲੈ ਲਿਆ ਤੇ ਪੁੱਤਰ ਤੇ ਨੂੰਹ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਜਿਸ ਤੋਂ ਬਾਅਦ ਕਤਲ ਦਾ ਖੁਲਾਸਾ ਹੋਇਆ। ਪੁਲਿਸ ਨੇ ਜੁਗਰਾਜ ਸਿੰਘ ਤੇ ਉਸ ਦੀ ਪਤਨੀ ਰੇਨੂ ਰਾਣੀ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ।

ਮ੍ਰਿਤਕ ਦੇ ਭਰਾ ਭਿੰਦਰ ਸਿੰਘ ਨੇ ਪੁਲਿਸ ਨੂੰ ਦੱਸਿਆ ਕਿ ਉਨ੍ਹਾਂ ਦੇ ਭਰਾ ਨੂੰ ਜਾਇਦਾਦ ਦੇ ਲਾਲਚ ਵਿੱਚ ਉਸ ਦੇ ਪੁੱਤਰ ਤੇ ਨੂੰਹ ਨੇ ਕੁਹਾੜੀ ਨਾਲ ਵੱਢ ਕੇ ਮਾਰ ਦਿੱਤਾ। ਭਿੰਦਰ ਸਿੰਘ ਨੇ ਦੱਸਿਆ ਕਿ ਉਸ ਦੇ ਭਰਾ ਬਲਵੀਰ ਸਿੰਘ ਨੂੰ ਡਰ ਸੀ ਕਿ ਉਸ ਦਾ ਲੜਕਾ ਕੋਈ ਕੰਮ-ਕਾਰ ਨਹੀਂ ਕਰਦਾ ਜਿਸ ਕਰਕੇ ਉਸ ਨੇ ਮਕਾਨ ਨੂੰਹ ਦੇ ਨਾਂ ਨਹੀਂ ਕਰਵਾਇਆ ਸੀ।

25 ਜੂਨ ਨੂੰ ਉਸ ਦਾ ਭਰਾ ਪਿੰਡ ਦੇ ਗੇਟ ਵਾਲੇ ਚੌਂਤਰੇ 'ਤੇ ਮਿਲਿਆ ਸੀ ਜਿਸ ਨੇ ਕਿਹਾ ਸੀ ਕਿ ਉਸ ਦਾ ਪੁੱਤਰ ਤੇ ਨੂੰਹ ਉਸ ਨੂੰ ਪਰੇਸ਼ਾਨ ਕਰਦੇ ਹਨ ਤੇ ਮਕਾਨ ਨੂੰਹ ਦੇ ਨਾਂ ਨਾ ਕਰਵਾਉਣ 'ਤੇ ਉਸ ਨੂੰ ਮਾਰ ਦੇਣਗੇ। ਉਸ ਨੇ ਦੱਸਿਆ ਕਿ ਜਾਇਦਾਦ ਖਾਤਰ ਦੋਵਾਂ ਨੇ ਸੁੱਤੇ ਪਏ ਬਲਵੀਰ ਸਿੰਘ 'ਤੇ ਕੁਹਾੜੀ ਨਾਲ ਵਾਰ ਕਰਕੇ ਗੰਭੀਰ ਰੂਪ 'ਚ ਜ਼ਖ਼ਮੀ ਕਰ ਦਿੱਤਾ।

ਡੀਐੱਸਪੀ ਕਰਮਵੀਰ ਤੂਰ ਨੇ ਦੱਸਿਆ ਕਿ ਮ੍ਰਿਤਕ ਦੇ ਪੁੱਤਰ ਤੇ ਉਸ ਦੀ ਪਤਨੀ ਨੂੰ ਗ੍ਰਿ਼ਫਤਾਰ ਕਰ ਲਿਆ ਹੈ ਅਤੇ ਮਾਮਲਾ ਦਰਜ ਕਰ ਲਿਆ ਗਿਆ ਹੈ।

# ਅੰਮ੍ਰਿਤਸਰ ਪੁਲਿਸ ਵਲੋਂ 420 ਕਰੋੜ ਦੀ ਹੈਰੋਇਨ ਬਰਾਮਦ

## ✪ ਪੰਜਾਬ ਤੋਂ ਹੋਰ ਰਾਜਾਂ ਦੇ 9 ਤਸਕਰਾਂ ਤੇ ਹਵਾਲਾ ਅਪ੍ਰੇਟਰ ਕੀਤੇ ਕਾਬੂ



ਅੰਮ੍ਰਿਤਸਰ-ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਵਲੋਂ ਅੰਤਰਰਾਸ਼ਟਰੀ ਡਰੱਗ ਕਾਰਟੈਲ ਦਾ ਪਰਦਾਫਾਸ਼ ਕਰਦਿਆਂ ਰਾਜਸਥਾਨ ਦੇ ਬਾੜਮੇਰ ਦੀ ਕੌਮਾਂਤਰੀ ਸਰਹੱਦ ਨੇੜਿਓਂ 60 ਕਿਲੋ ਹੈਰੋਇਨ ਬਰਾਮਦ ਕੀਤੀ ਗਈ ਹੈ ਅਤੇ ਪੰਜਾਬ ਤੋਂ ਇਲਾਵਾ ਹਰਿਆਣਾ, ਰਾਜਸਥਾਨ, ਜੰਮੂ ਕਸ਼ਮੀਰ ਆਦਿ ਰਾਜਾਂ ਦੇ 9 ਤਸਕਰਾਂ ਤੇ ਹਵਾਲਾ ਅਪ੍ਰੇਟਰਾਂ ਨੂੰ ਕਾਬੂ ਕਰ ਲਿਆ ਗਿਆ ਹੈ।

ਬਰਾਮਦ ਹੋਈ ਹੈਰੋਇਨ ਦੀ ਕੌਮਾਂਤਰੀ ਮੰਡੀ 'ਚ ਕੀਮਤ 420 ਕਰੋੜ ਰੁਪਏ ਦੱਸੀ ਗਈ ਹੈ। ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਗ੍ਰਫਤਾਰ ਕੀਤੇ ਕਥਿਤ ਨਸ਼ਾ ਤਸਕਰਾਂ ਦੀ ਸ਼ਨਾਖਤ ਅੰਮ੍ਰਿਤਸਰ ਦੇ ਪਿੰਡ ਰਾਮਪੁਰਾ ਦੇ ਗਗਨਦੀਪ ਸਿੰਘ ਉਰਫ਼ ਗਗਨ (23), ਪਿੰਡ ਖੁਰਮਨੀਆ ਦੇ ਜਸ਼ਨਪ੍ਰੀਤ ਸਿੰਘ ਉਰਫ਼ ਜਸ਼ਨ (20), ਪਿੰਡ ਬੋਪਾਰਾਏ ਬਾਜ ਦੇ ਗੁਰਸਾਹਿਬ ਸਿੰਘ (25), ਜੰਮੂ-ਕਸ਼ਮੀਰ ਦੇ ਪਿੰਡ ਕਲਿਆਣਾ ਦੇ ਰਾਜੀਵ ਪੰਜਗੋਤਰਾ ਉਰਫ਼ ਰਾਜਵੀਰ (29), ਜੰਮੂ-ਕਸ਼ਮੀਰ ਦੇ ਫਤਿਹਪੁਰ ਬ੍ਰਾਹਮਣਾ ਦੇ ਸੋਮਨਾਥ (62), ਜੰਮੂ-ਕਸ਼ਮੀਰ ਦੇ ਸਿੰਬਲ ਕੈਂਪ ਦੇ ਪ੍ਰਸ਼ੋਤਮ ਸਿੰਘ ਉਰਫ਼ ਕਾਲਾ (50), ਅੰਮਿਬਸਰ ਦੇ ਪਿੰਡ ਮੂੱਲੇਚਕ ਦੇ ਕੁਲਵਿੰਦਰ ਸਿੰਘ (24), ਜੰਮੂ-ਕਸ਼ਮੀਰ ਦੇ ਪਿੰਡ ਟਾਂਡਾ ਦੀ ਰਜਿੰਦਰ ਕੌਰ (42) ਅਤੇ ਇਕ ਹੋਰ ਹਵਾਲਾ-ਸੰਚਾਲਕ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਡਰੱਗ ਕਾਰਟੈਲ ਪਾਕਿਸਤਾਨ-ਅਧਾਰਿਤ ਤਸਕਰ ਤਨਵੀਰ ਸ਼ਾਹ ਤੇ ਕੈਨੇਡਾ-ਅਧਾਰਿਤ ਤਸਕਰ ਜੋਬਨ ਕਲੇਰ ਦੁਆਰਾ ਸਥਾਨਕ ਕਿੰਗਪਿਨ ਗੁਰਸਾਹਿਬ ਸਿੰਘ ਦੀ ਮਦਦ ਨਾਲ ਚਲਾਇਆ ਜਾ ਰਿਹਾ ਸੀ, ਜੋ ਪਹਿਲਾਂ ਹੀ ਗੋਇੰਦਵਾਲ ਸਾਹਿਬ ਜੇਲ੍ਹ ਵਿਚ ਬੰਦ ਸੀ ਪਰ ਜੇਲ੍ਹ ਅੰਦਰੋਂ ਮੋਬਾਈਲ ਫੋਨ ਦੀ ਵਰਤੋਂ ਕਰਕੇ ਨੈੱਟਵਰਕ ਚਲਾਉਂਦਾ ਰਿਹਾ। ਉਸਦਾ ਫ਼ੋਨ ਬਰਾਮਦ ਕਰ ਲਿਆ ਹੈ ਤੇ ਕੈਨੇਡਾ-ਪਾਕਿਸਤਾਨ ਸੰਬੰਧਾਂ ਦੀ ਡੂੰਘਾਈ ਨਾਲ ਜਾਂਚ ਲਈ ਉਸਦਾ ਪ੍ਰੋਡਕਸ਼ਨ ਵਾਰੰਟ ਪ੍ਰਾਪਤ ਕਰ ਲਿਆ ਗਿਆ ਹੈ।

# ਟਰੰਪ ਨੇ ਵੀਜ਼ਾ-ਗਰੀਨ ਕਾਰਡ 'ਤੇ ਸਖਤ ਰੁੱਖ ਅਪਨਾਇਆ, ਭਾਰਤੀਆਂ ਦੀ ਵਧੀ ਚਿੰਤਾ !

## ✪ ਹਿੰਸਾ ਤੇ ਗੰਭੀਰ ਅਪਰਾਧ ਕਰਨ ਵਾਲਿਆਂ ਦੇ ਵੀਜੇ ਹੋਣਗੇ ਰੱਦ ✪ ਸ਼ੋਸ਼ਲ ਮੀਡੀਆ ਅਕਾਊਂਟ ਦੀ ਜਾਣਕਾਰੀ ਦੇਣੀ ਹੋਵੇਗੀ ਜ਼ਰੂਰੀ

### ਨਿਊਜ ਵਿਸ਼ਲੇਸ਼ਣ




ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੇ ਇੱਕ ਵਾਰ ਫਿਰ ਅਪ੍ਰਵਾਸੀਆਂ ਨੂੰ ਸਖਤ ਸੁਨੇਹਾ ਦਿੱਤਾ ਹੈ। ਵੀਜ਼ਾ ਅਤੇ ਗਰੀਨ ਕਾਰਡ ਨੂੰ ਸਿਰਫ਼ ਇੱਕ ਸਨਮਾਨ ਮੰਨਦਿਆਂ, ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸਰਵਿਸ ਨੇ ਸਾਫ਼ ਕਰ ਦਿੱਤਾ ਕਿ ਜੇਕਰ ਕੋਈ ਵੀ ਵਿਦੇਸ਼ੀ ਨਾਗਰਿਕ ਅਮਰੀਕੀ ਕਾਨੂੰਨਾਂ ਦੀ ਉਲੰਘਣਾ ਕਰਦਾ ਹੈ, ਜਿਵੇਂ ਕਿ ਹਿੰਸਾ ਨੂੰ ਉਤਸ਼ਾਹਿਤ ਕਰਦਾ, ਅੱਤਵਾਦ ਦਾ ਸਮਰਥਨ ਕਰਦਾ ਜਾਂ ਗੰਭੀਰ ਅਪਰਾਧਾਂ ਵਿੱਚ ਸ਼ਾਮਲ ਹੁੰਦਾ ਹੈ, ਤਾਂ ਉਸ ਦਾ ਵੀਜ਼ਾ ਜਾਂ ਗਰੀਨ ਕਾਰਡ ਤੁਰੰਤ ਰੱਦ ਕਰ ਦਿੱਤਾ ਜਾਵੇਗਾ। ਇਹ ਚਿਤਾਵਨੀ ਖਾਸਕਰ ਭਾਰਤੀਆਂ ਲਈ ਵੀ ਚਿੰਤਾ ਦਾ ਵਿਸ਼ਾ ਬਣ ਸਕਦੀ ਹੈ, ਜਿਹੜੇ ਵੱਡੀ ਗਿਣਤੀ ਵਿੱਚ ਅਮਰੀਕਾ ਜਾਣ ਦੀ ਉਮੀਦ ਰੱਖਦੇ ਹਨ।ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸਰਵਿਸ ਨੇ ਆਪਣੀ ਐਕਸ ਪੋਸਟ ਵਿੱਚ ਸਪਸ਼ਟ ਸ਼ਬਦਾਂ ਵਿੱਚ ਕਿਹਾ, "ਅਮਰੀਕਾ ਆਉਣਾ ਤੇ ਵੀਜ਼ਾ ਜਾਂ ਗਰੀਨ ਕਾਰਡ ਹਾਸਲ ਕਰਨਾ ਕੋਈ ਹੱਕ ਨਹੀਂ, ਸਗੋਂ ਸਨਮਾਨ ਹੈ। ਜੇਕਰ ਤੁਸੀਂ ਅਮਰੀਕੀ ਕਾਨੂੰਨਾਂ ਦਾ ਸਤਿਕਾਰ ਨਹੀਂ ਕਰਦੇ, ਹਿੰਸਾ ਜਾਂ ਅੱਤਵਾਦ ਨੂੰ ਸਮਰਥਨ ਦਿੰਦੇ ਹੋ, ਤਾਂ ਤੁਹਾਡਾ ਅਮਰੀਕਾ ਵਿੱਚ ਰਹਿਣ ਦਾ ਕੋਈ ਹੱਕ ਨਹੀਂ।" ਇਸ ਨੀਤੀ ਨੂੰ 'ਕੈਚ ਐਂਡ ਰਿਵੋਕ' ਨੀਤੀ ਦੇ ਨਾਂਅ ਨਾਲ ਜਾਰੀ ਕੀਤਾ ਗਿਆ ਹੈ, ਜਿਸ ਦਾ ਮਕਸਦ ਕਾਨੂੰਨ ਤੋੜਨ ਵਾਲੇ ਅਪ੍ਰਵਾਸੀਆਂ 'ਤੇ ਸਖਤੀ ਕਰਨਾ ਹੈ।

### ਸੋਸ਼ਲ ਮੀਡੀਆ ਪ੍ਰੋਫਾਈਲ ਦੀ ਜਾਣਕਾਰੀ ਜ਼ਰੂਰੀ

ਅਮਰੀਕੀ ਵੀਜ਼ਾ ਲਈ ਅਰਜ਼ੀ ਦੇਣ ਵਾਲਿਆਂ ਨੂੰ ਹੁਣ ਪਿਛਲੇ ਪੰਜ ਸਾਲਾਂ ਦੌਰਾਨ ਵਰਤੇ ਗਏ ਸੋਸ਼ਲ ਮੀਡੀਆ ਅਕਾਊਂਟਸ ਦੇ ਯੂਜ਼ਰਨੇਮ ਅਤੇ ਹੈਂਡਲ ਦੀ ਪੂਰੀ ਜਾਣਕਾਰੀ ਦੇਣੀ ਪਵੇਗੀ। ਸ਼ੋਸ਼ਲ ਮੀਡੀਆ ਵਿੱਚ ਫ਼ੇਸਬੁੱਕ, ਐਕਸ, ਲਿੰਕਡਇਨ ਅਤੇ ਟਿੱਕਟਾਕ ਵਰਗੇ ਪਲੇਟਫਾਰਮ ਸ਼ਾਮਲ ਹਨ। ਟਰੰਪ ਪ੍ਰਸ਼ਾਸਨ ਨੇ ਹੋਰ ਵੀ ਸਖ਼ਤ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ ਹਨ, ਖ਼ਾਸ ਕਰਕੇ ਅਮਰੀਕੀ ਯੂਨੀਵਰਸਿਟੀਆਂ ਵਿੱਚ ਫ਼ਲਸਤੀਨ ਪੱਖੀ ਵਿਰੋਧ ਪ੍ਰਦਰਸ਼ਨਾਂ ਵਿੱਚ ਵਾਧੇ ਤੋਂ ਬਾਅਦ ਭਾਰਤ ਸਥਿਤ ਅਮਰੀਕੀ ਦੂਤਘਰ ਨੇ ਸਪਸ਼ਟ ਕੀਤਾ ਹੈ ਕਿ ਜੇਕਰ ਕੋਈ ਅਰਜ਼ੀਕਾਰ ਇਹ ਜਾਣਕਾਰੀ ਨਹੀਂ ਦਿੰਦਾ ਜਾਂ ਗਲਤ ਜਾਣਕਾਰੀ ਦਿੰਦਾ ਹੈ, ਤਾਂ ਉਸ ਦੀ ਵੀਜ਼ਾ ਅਰਜ਼ੀ ਰੱਦ ਹੋ ਸਕਦੀ ਹੈ, ਸਗੋਂ ਭਵਿੱਖ ਵਿੱਚ ਅਮਰੀਕੀ ਵੀਜ਼ਾ ਲਈ ਪਾਬੰਦੀ ਵੀ ਲੱਗ ਸਕਦੀ ਹੈ।23 ਜੂਨ ਨੂੰ ਅਮਰੀਕੀ ਦੂਤਘਰ ਨੇ ਐਫ, ਐਮ ਅਤੇ ਜੇ ਵੀਜ਼ਾ ਅਰਜ਼ੀਕਾਰਾਂ ਨੂੰ ਸੋਸ਼ਲ ਮੀਡੀਆ ਅਕਾਊਂਟਸ ਦੀ ਪ੍ਰਾਈਵੇਸੀ ਸੈਟਿੰਗ ਨੂੰ 'ਪਬਲਿਕ' ਕਰਨ ਦੀ ਸਲਾਹ ਦਿੱਤੀ, ਤਾਂ ਜੋ ਜਾਂਚ ਪ੍ਰਕਿਰਿਆ ਵਿੱਚ ਅਸਾਨੀ ਹੋ ਸਕੇ। ਇਹ ਨਿਯਮ ਵਿਦਿਆਰਥੀ ਵੀਜ਼ਿਆਂ (ਐਫ, ਐਮ) ਅਤੇ ਐਕਸਚੇਂਜ ਵਿਜ਼ਿਟਰ ਵੀਜ਼ਿਆਂ (ਜੇ) ਲਈ ਖਾਸ ਤੌਰ 'ਤੇ ਲਾਗੂ ਹੁੰਦੇ ਹਨ।

ਦੂਤਘਰ ਨੇ ਸਪਸ਼ਟ ਕੀਤਾ ਕਿ ਵੀਜ਼ਾ ਅਰਜ਼ੀਆਂ 'ਤੇ ਦਿੱਤੀ ਸਾਰੀ ਜਾਣਕਾਰੀ, ਖਾਸਕਰ ਸੋਸ਼ਲ ਮੀਡੀਆ ਸਬੰਧੀ, ਨੂੰ ਰਾਸ਼ਟਰੀ ਸੁਰੱਖਿਆ ਦੇ ਮੱਦੇਨਜ਼ਰ ਜਾਂਚਿਆ ਜਾਵੇਗਾ।

ਅਮਰੀਕੀ ਮੀਡੀਆ, ਜਿਵੇਂ ਕਿ ਨਿਊਯਾਰਕ ਟਾਈਮਜ਼, ਸੀਐਨਐਨ, ਵਾਸ਼ਿੰਗਟਨ ਪੋਸਟ ਅਤੇ ਰਾਇਟਰਜ਼ ਨੇ ਇਸ ਸਖਤ ਨੀਤੀ ਨੂੰ ਪ੍ਰਮੁੱਖਤਾ ਨਾਲ ਵਿਸ਼ਲੇਸ਼ਣ ਕੀਤਾ ਹੈ। ਨਿਊਯਾਰਕ ਟਾਈਮਜ਼ ਨੇ ਰਿਪੋਰਟ ਕੀਤਾ ਕਿ ਟਰੰਪ ਪ੍ਰਸ਼ਾਸਨ ਦੀ 'ਕੈਚ ਐਂਡ ਰਿਵੋਕ' ਨੀਤੀ ਦਾ ਮਕਸਦ ਅਮਰੀਕੀ ਸੁਰੱਖਿਆ ਨੂੰ ਮਜ਼ਬੂਤ ਕਰਨਾ ਹੈ, ਪਰ ਇਸ ਨਾਲ ਅਪ੍ਰਵਾਸੀਆਂ, ਖਾਸਕਰ ਭਾਰਤੀਆਂ, ਵਿੱਚ ਅਸੁਰੱਖਿਆ ਦੀ ਭਾਵਨਾ ਵਧ ਸਕਦੀ ਹੈ। ਸੀਐਨਐਨ ਨੇ ਜ਼ੋਰ ਦੇ ਕੇ ਕਿਹਾ ਕਿ ਸੋਸ਼ਲ ਮੀਡੀਆ ਜਾਣਕਾਰੀ ਦੀ ਮੰਗ ਅਪ੍ਰਵਾਸੀਆਂ ਦੀ ਨਿੱਜਤਾ 'ਤੇ ਸਵਾਲ ਖੜ੍ਹੇ ਕਰ ਸਕਦੀ ਹੈ। ਵਾਸ਼ਿੰਗਟਨ ਪੋਸਟ ਨੇ ਲਿਖਿਆ ਕਿ ਇਹ ਨੀਤੀਆਂ ਅਮਰੀਕੀ ਕਾਨੂੰਨਾਂ ਦੀ ਪਾਲਣਾ ਨੂੰ ਸਖਤੀ ਨਾਲ ਲਾਗੂ ਕਰਨ ਦੀ ਕੋਸ਼ਿਸ਼ ਹਨ, ਪਰ ਇਸ ਨਾਲ ਵੀਜ਼ਾ ਅਰਜ਼ੀਕਾਰਾਂ ਦੀ ਪ੍ਰਕਿਰਿਆ ਹੋਰ ਜਟਿਲ ਹੋ ਜਾਵੇਗੀ।

ਰਾਇਟਰਜ਼ ਨੇ ਚਿਤਾਵਨੀ ਦਿੱਤੀ ਕਿ ਭਾਰਤੀ ਵਿਦਿਆਰਥੀਆਂ ਅਤੇ ਪੇਸ਼ੇਵਰਾਂ, ਜੋ ਅਮਰੀਕਾ ਵਿੱਚ ਪੜ੍ਹਾਈ ਜਾਂ ਨੌਕਰੀ ਲਈ ਜਾਂਦੇ ਹਨ, ਨੂੰ ਸੋਸ਼ਲ ਮੀਡੀਆ 'ਤੇ ਆਪਣੀਆਂ ਗਤੀਵਿਧੀਆਂ ਨੂੰ ਸੰਭਾਲਕੇ ਪਾਉਣਾ ਪਵੇਗਾ ਭਾਰਤੀਆਂ ਲਈ ਇਸ ਦਾ ਅਸਰ ਗੰਭੀਰ ਹੋ ਸਕਦਾ ਹੈ। ਵੀਜ਼ਾ ਅਰਜ਼ੀਆਂ ਦੀ ਜਾਂਚ ਪ੍ਰਕਿਰਿਆ ਹੁਣ ਹੋਰ ਸਖਤ ਹੋਵੇਗੀ, ਅਤੇ ਸੋਸ਼ਲ ਮੀਡੀਆ 'ਤੇ ਕੀਤੀ ਕੋਈ ਵੀ ਗਲਤ ਪੋਸਟ ਜਾਂ ਟਿੱਪਣੀ ਵੀਜ਼ਾ ਰੱਦ ਹੋਣ ਦਾ ਕਾਰਨ ਬਣ ਸਕਦੀ ਹੈ। ਇਸ ਨਾਲ ਖਾਸਕਰ ਵਿਦਿਆਰਥੀਆਂ ਅਤੇ ਐਚ-1ਬੀ ਵੀਜ਼ਾ ਅਰਜ਼ੀਕਾਰਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

### ਭਾਰਤ ਸਰਕਾਰ ਦਾ ਪ੍ਰਤੀਕਰਮ: ਯੋਗਤਾ ਦੇ ਅਧਾਰ 'ਤੇ ਵੀਜ਼ਾ ਦੀ ਮੰਗ

ਭਾਰਤ ਸਰਕਾਰ ਨੇ ਅਮਰੀਕੀ ਦੂਤਘਰ ਦੇ ਇਨ੍ਹਾਂ ਨਿਰਦੇਸ਼ਾਂ 'ਤੇ ਸੰਜਮ ਨਾਲ ਪ੍ਰਤੀਕਰਮ ਦਿੱਤਾ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜਾਇਸਵਾਲ ਨੇ ਕਿਹਾ ਕਿ ਵੀਜ਼ਾ ਅਤੇ ਇਮੀਗ੍ਰੇਸ਼ਨ ਮਾਮਲੇ ਕਿਸੇ ਵੀ ਦੇਸ਼ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਹਨ, ਪਰ ਭਾਰਤੀ ਨਾਗਰਿਕਾਂ ਦੀਆਂ ਵੀਜ਼ਾ ਅਰਜ਼ੀਆਂ ਦਾ ਮੁਲਾਂਕਣ ਯੋਗਤਾ ਦੇ ਅਧਾਰ 'ਤੇ ਹੋਣਾ ਚਾਹੀਦਾ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਭਾਰਤ ਅਮਰੀਕੀ ਅਧਿਕਾਰੀਆਂ ਨਾਲ ਗੱਲਬਾਤ ਜਾਰੀ ਰੱਖੇਗਾ, ਤਾਂ ਜੋ ਭਾਰਤੀ ਨਾਗਰਿਕਾਂ ਦੇ ਹਿੱਤਾਂ ਦੀ ਰਾਖੀ ਕੀਤੀ ਜਾ ਸਕੇ। ਜਾਇਸਵਾਲ ਨੇ ਅਮਰੀਕੀ ਐਡਵਾਇਜ਼ਰੀ ਨੂੰ ਲੈਵਲ 2 'ਤੇ ਸਥਿਰ ਦੱਸਿਆ ਅਤੇ ਕਿਹਾ ਕਿ ਇਸ ਵਿੱਚ ਕੋਈ ਬਦਲਾਅ ਨਹੀਂ ਹੋਇਆ। ਉਨ੍ਹਾਂ ਨੇ ਭਾਰਤ-ਅਮਰੀਕਾ ਸਬੰਧਾਂ ਨੂੰ 21ਵੀਂ ਸਦੀ ਦੀ ਸਭ ਤੋਂ ਮਹੱਤਵਪੂਰਨ ਸਾਂਝੇਦਾਰੀ ਕਰਾਰ ਦਿੱਤਾ, ਜੋ ਦੋਹਾਂ ਦੇਸ਼ਾਂ ਦੇ ਸਾਂਝੇ ਹਿੱਤਾਂ 'ਤੇ ਅਧਾਰਿਤ ਹੈ।

---

### -ਮਾਮਲਾ ਕੋਲਕਾਤਾ ਦੀ ਕਾਨੂੰਨ ਦੀ ਵਿਦਿਆਰਥਣ ਨਾਲ ਹੋਏ ਸਮੂਹਿਕ ਬਲਾਤਕਾਰ ਦਾ-

# ਬਲਾਤਕਾਰ ਦੀ ਦੂਜੀ ਮੈਡੀਕਲ ਰਿਪੋਰਟ ਆਈ ਸਾਹਮਣੇ; ਕਈ ਹੈਰਾਨ ਕਰਨ ਵਾਲੇ ਖ਼ੁਲਾਸੇ ਹੋਏ

ਕੋਲਕਾਤਾ-ਕੋਲਕਾਤਾ ਦੇ ਦੱਖਣੀ ਕਲਕੱਤਾ ਲਾਅ ਕਾਲਜ ਵਿੱਚ ਇੱਕ ਵਿਦਿਆਰਥਣ ਨਾਲ ਹੋਏ ਸਮੂਹਿਕ ਜਬਰ ਜਨਾਹ ਦੇ ਮਾਮਲੇ ਵਿੱਚ, ਪੀੜਤਾ ਦੀ ਦੂਜੀ ਮੈਡੀਕਲ ਰਿਪੋਰਟ ਵਿੱਚ ਵੀ ਜਬਰ ਜਨਾਹ ਦੀ ਪੁਸ਼ਟੀ ਹੋਈ ਹੈ। ਦੂਜੀ ਜਾਂਚ ਰਿਪੋਰਟ ਕਲਕੱਤਾ ਮੈਡੀਕਲ ਕਾਲਜ ਅਤੇ ਹਸਪਤਾਲ ਦੇ ਫੋਰੈਂਸਿਕ ਮੈਡੀਸਨ ਅਤੇ ਗਾਇਨੀਕੋਲੋਜਿਸਟਾਂ ਦੁਆਰਾ ਕੀਤੀ ਗਈ ਸੀ। ਪਹਿਲੀ ਰਿਪੋਰਟ ਨੈਸ਼ਨਲ ਮੈਡੀਕਲ ਕਾਲਜ ਅਤੇ ਹਸਪਤਾਲ ਦੁਆਰਾ ਕੀਤੀ ਗਈ ਸੀ। ਬਾਇਓਕੈਮੀਕਲ ਜਾਂਚ ਲਈ ਸਰੀਰ ਦੇ ਵੱਖ-ਵੱਖ ਹਿੱਸਿਆਂ ਤੋਂ ਦੁਬਾਰਾ ਨਮੂਨੇ ਇਕੱਠੇ ਕੀਤੇ ਗਏ। ਪੀੜਤ ਦੇ ਨਹੁੰਆਂ ਅਤੇ ਸਿਰ ਦੇ ਵੱਖ-ਵੱਖ ਹਿੱਸਿਆਂ ਦੀ ਵੀ ਜਾਂਚ ਕੀਤੀ ਗਈ।

ਦੂਜੀ ਮੈਡੀਕਲ ਰਿਪੋਰਟ ਵਿੱਚ ਕੀ ਹੈ ?- ਕਲਕੱਤਾ ਮੈਡੀਕਲ ਕਾਲਜ ਅਤੇ ਹਸਪਤਾਲ ਦੇ ਸੂਤਰਾਂ ਅਨੁਸਾਰ, ਦੂਜੀ ਮੈਡੀਕਲ ਰਿਪੋਰਟ ਵਿੱਚ ਗੁਪਤ ਅੰਗਾਂ ਦੇ ਅੰਦਰ ਸੱਟਾਂ ਦਾ ਖੁਲਾਸਾ ਹੋਇਆ ਹੈ। ਛਾਤੀ ਅਤੇ ਗਰਦਨ ਦੇ ਵੱਖ-ਵੱਖ ਹਿੱਸਿਆਂ ਵਿੱਚ ਸੱਟਾਂ ਹਨ। ਪੀੜਤਾ ਦੇ ਸਰੀਰ 'ਤੇ ਜਿਨਸੀ ਸ਼ੋਸ਼ਣ ਦੇ ਕਾਫ਼ੀ ਸਬੂਤ ਮਿਲੇ ਹਨ। ਇਸ ਤੋਂ ਇਲਾਵਾ ਹਾਕੀ ਸਟਿੱਕ, ਕੱਪੜੇ ਸਮੇਤ ਜ਼ਬਤ ਕੀਤੀਆਂ ਗਈਆਂ ਕਈ ਚੀਜ਼ਾਂ ਨੂੰ ਫੋਰੈਂਸਿਕ ਜਾਂਚ ਲਈ ਭੇਜਿਆ ਗਿਆ ਹੈ।

ਤਿੰਨੋਂ ਮੁਲਜ਼ਮ ਤੇ ਇੱਕ ਸੁਰੱਖਿਆ ਗਾਰਡ ਗ੍ਰਿਫ਼ਤਾਰ-ਤੁਹਾਨੂੰ ਦੱਸ ਦੇਈਏ ਕਿ ਲਾਅ ਕਾਲਜ ਦੇ ਸਾਬਕਾ ਵਿਦਿਆਰਥੀ ਮਨੋਜੀਤ ਮਿਸ਼ਰਾ, ਜਿਸਨੂੰ ਤ੍ਰਿਣਮੂਲ ਕਾਂਗਰਸ ਦਾ ਵਰਕਰ ਦੱਸਿਆ ਜਾਂਦਾ ਹੈ, ਨੇ ਦੋ ਸੀਨੀਅਰ ਵਿਦਿਆਰਥੀਆਂ ਪ੍ਰਮਿਤ ਮੁਖਰਜੀ ਅਤੇ ਜ਼ੈਬ ਅਹਿਮਦ ਨਾਲ ਮਿਲ ਕੇ 25 ਜੂਨ ਦੀ ਰਾਤ ਨੂੰ ਸੰਸਥਾ ਦੇ ਸੁਰੱਖਿਆ ਕਰਮਚਾਰੀਆਂ ਦੇ ਕਮਰੇ ਵਿੱਚ ਇਸ ਘਟਨਾ ਨੂੰ ਅੰਜਾਮ ਦਿੱਤਾ ਸੀ। ਇਸ ਘਟਨਾ ਵਿੱਚ ਤਿੰਨੋਂ ਮੁਲਜ਼ਮਾਂ ਅਤੇ ਇੱਕ ਸੁਰੱਖਿਆ ਗਾਰਡ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਜਨਹਿੱਤ ਪਟੀਸ਼ਨ ਦੀ ਇਜਾਜ਼ਤ ਦਿੱਤੀ ਗਈ-ਕਲਕੱਤਾ ਹਾਈ ਕੋਰਟ ਨੇ ਸੋਮਵਾਰ ਨੂੰ ਤਿੰਨ ਵਕੀਲਾਂ ਨੂੰ ਇੱਕ ਕਾਲਜ ਵਿਦਿਆਰਥਣ ਨਾਲ ਹੋਏ ਸਮੂਹਿਕ ਜਬਰ ਜਨਾਹ ਮਾਮਲੇ ਵਿੱਚ ਵੱਖ-ਵੱਖ ਜਨਹਿੱਤ ਪਟੀਸ਼ਨਾਂ ਦਾਇਰ ਕਰਨ ਦੀ ਇਜਾਜ਼ਤ ਦੇ ਦਿੱਤੀ। ਵਕੀਲ ਅਦਾਲਤ ਦੀ ਨਿਗਰਾਨੀ ਹੇਠ ਜਾਂਚ ਅਤੇ ਬੰਗਾਲ ਦੇ ਕਾਲਜਾਂ ਵਿੱਚ ਸੁਰੱਖਿਆ ਯਕੀਨੀ ਬਣਾਉਣ ਲਈ ਕਦਮ ਚੁੱਕਣ ਦੀ ਬੇਨਤੀ ਕਰ ਰਹੇ ਹਨ। ਅਦਾਲਤ ਵਿੱਚ ਪਟੀਸ਼ਨ ਦਾਇਰ ਕਰਨ ਵਾਲੇ ਵਕੀਲਾਂ ਵਿੱਚੋਂ ਇੱਕ ਨੇ ਕਿਹਾ ਕਿ ਇਸ ਮਾਮਲੇ ਦੀ ਸੁਣਵਾਈ ਇਸ ਹਫ਼ਤੇ ਦੇ ਅੰਤ ਵਿੱਚ ਹੋਣ ਦੀ ਸੰਭਾਵਨਾ ਹੈ।

ਮੁਲਜ਼ਮਾਂ ਨੇ ਸੁਰੱਖਿਆ ਗਾਰਡ ਦਾ ਫ਼ੋਨ ਖੋਹ ਲਿਆ ਸੀ-ਸਮੂਹਿਕ ਜਬਰ ਜਨਾਹ ਦੀ ਘਟਨਾ ਦੀ ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਮੁਲਜ਼ਮ ਨੇ ਸੁਰੱਖਿਆ ਗਾਰਡ ਦਾ ਫ਼ੋਨ ਖੋਹਿਆ ਸੀ। ਪੁਲਿਸ ਨੇ 17 ਵਿਦਿਆਰਥੀਆਂ ਦੀ ਸੂਚੀ ਤਿਆਰ ਕੀਤੀ ਹੈ ਜੋ ਘਟਨਾ ਵਾਲੇ ਦਿਨ ਦੁਪਹਿਰ ਨੂੰ ਕਾਲਜ ਵਿੱਚ ਮੌਜੂਦ ਸਨ। ਇਨ੍ਹਾਂ ਵਿਦਿਆਰਥੀਆਂ ਤੋਂ ਪੁੱਛਗਿੱਛ ਕੀਤੀ ਜਾਵੇਗੀ।

# ਪੰਜਾਬ ਆਲੂ ਇੰਡਸਟਰੀ ਵਿਚ ਗੁਜਰਾਤ ਦੇ ਮੁਕਾਬਲੇ ਕਿਉਂ ਪਛੜਿਆ ?

**✪ ਗੁਜਰਾਤ ਦੀ ਆਲੂ ਕ੍ਰਾਂਤੀ : ਹਾਈ-ਟੈਕ ਪ੍ਰੋਸੈਸਿੰਗ ਅਤੇ ਕੰਟਰੈਕਟ ਫਾਰਮਿੰਗ ਨਾਲ ਗੁਜਰਾਤ ਗਲੋਬਲ ਮੋਹਰੀ ✪ ਪੰਜਾਬ ਬੁਨਿਆਦੀ ਢਾਂਚੇ ਵਿਚ ਪਛੜਿਆ, ਪੰਜਾਬ ਸਰਹੱਦੀ ਵਪਾਰ ਵਿਚ ਅਟਕਿਆ**

ਗੁਜਰਾਤ ਨੇ ਆਲੂ ਫਸਲ ਨੂੰ ਇੱਕ ਗਲੋਬਲ ਉਦਯੋਗ ਦਾ ਰੂਪ ਦੇ ਦਿੱਤਾ ਹੈ। ਮਹਿਸਾਣਾ ਅਤੇ ਬਨਾਸਕਾਂਠਾ ਵਰਗੇ ਜ਼ਿਲ੍ਹਿਆਂ ਵਿੱਚ ਹਾਈ-ਟੈਕ ਪ੍ਰੋਸੈਸਿੰਗ ਪਲਾਂਟਸ, ਕੋਲਡ ਸਟੋਰੇਜ ਸੁਵਿਧਾਵਾਂ ਅਤੇ ਕੰਟਰੈਕਟ ਫਾਰਮਿੰਗ ਨੇ ਆਲੂ ਨੂੰ ਨਵੀਂ ਪਛਾਣ ਦਿੱਤੀ ਹੈ। ਇਹ ਸਫਲਤਾ ਸਿਰਫ਼ ਖੇਤੀ ਦੀ ਨਹੀਂ, ਸਗੋਂ ਵਿਗਿਆਨ, ਉਦਯੋਗ ਅਤੇ ਨੀਤੀਆਂ ਦੇ ਸੁਮੇਲ ਦੀ ਕਹਾਣੀ ਹੈ। ਗੁਜਰਾਤ ਦੀ ਠੰਡੀ ਸਰਦੀਆਂ, ਰੇਤਲੀ ਮਿੱਟੀ ਅਤੇ ਘੱਟ ਨਮੀ ਨੇ ਪ੍ਰੋਸੈਸਿੰਗ-ਗਰੇਡ ਆਲੂਆਂ ਲਈ ਮੁਫ਼ੀਦ ਮਾਹੌਲ ਬਣਾਇਆ ਹੈ। ਨਾਲ ਹੀ, ਸੈਂਟਰਲ ਪੋਟੇਟੋ ਰਿਸਰਚ ਇੰਸਟੀਚਿਊਟ ਵਰਗੀਆਂ ਸੰਸਥਾਵਾਂ ਨੇ ਚਿਪਸੋਨਾ ਅਤੇ ਫ੍ਰਾਈਸੋਨਾ ਵਰਗੀਆਂ ਕਿਸਮਾਂ ਵਿਕਸਤ ਕਰਕੇ ਇਸ ਕ੍ਰਾਂਤੀ ਨੂੰ ਹੁਲਾਰਾ ਦਿੱਤਾ। ਹਾਈਫਨ ਫੂਡਜ਼ ਅਤੇ ਇਸਕਾਨ ਬਾਲਾਜੀ ਵਰਗੀਆਂ ਕੰਪਨੀਆਂ ਨੇ ਨਿਵੇਸ਼, ਨਵੀਨਤਮ ਤਕਨੀਕ ਅਤੇ ਕਿਸਾਨਾਂ ਨਾਲ ਸਾਂਝੇਦਾਰੀ ਨਾਲ ਇਸ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਪਹੁੰਚਾਇਆ। ਪਰ ਸਵਾਲ ਇਹ ਹੈ ਕਿ ਪੰਜਾਬ, ਜੋ ਖੇਤੀ ਦਾ ਮੋਹਰੀ ਸੂਬਾ ਹੈ, ਪਰ ਗੁਜਰਾਤ ਮੁਕਾਬਲੇ ਵਿੱਚ ਕਿਉਂ ਪਛੜ ਰਿਹਾ ਹੈ ?



> ਪੰਜਾਬ ਟਾਈਮਜ ਅਨੁਸਾਰ ਹੁਣ ਤਕ ਪੰਜਾਬ ਦੀਆਂ ਸਰਕਾਰਾਂ ਦਾ ਧਿਆਨ ਸਿਆਸੀ ਮੁੱਦਿਆਂ, ਸਬਸਿਡੀਆਂ ਅਤੇ ਚੋਣ-ਕੇਂਦਰਿਤ ਨੀਤੀਆਂ 'ਤੇ ਜ਼ਿਆਦਾ ਰਿਹਾ। ਖੇਤੀ ਉਦਯੋਗ ਨੂੰ ਆਧੁਨਿਕ ਬਣਾਉਣ, ਪ੍ਰੋਸੈਸਿੰਗ ਪਲਾਂਟਸ ਲਗਾਉਣ ਜਾਂ ਨਿਰਯਾਤ-ਕੇਂਦਰਿਤ ਨੀਤੀਆਂ ਬਣਾਉਣ ਵੱਲ ਘੱਟ ਉੱਦਮ ਹੋਇਆ। ਗੁਜਰਾਤ ਨੇ ਮਾਡਲ ਕੰਟਰੈਕਟ ਫਾਰਮਿੰਗ ਐਕਟ ਅਤੇ ਪੀਐਮ-ਕਿਸਾਨ ਸੰਪਦਾ ਯੋਜਨਾ ਵਰਗੀਆਂ ਸਕੀਮਾਂ ਦਾ ਲਾਭ ਉਠਾਇਆ, ਪਰ ਪੰਜਾਬ ਵਿੱਚ ਅਜਿਹੀਆਂ ਪਹਿਲਕਦਮੀਆਂ ਅਜੇ ਮੰਦਗਤੀ ਹਨ। ਪੰਜਾਬ ਦੇ ਕਿਸਾਨਾਂ ਨੂੰ ਪ੍ਰੋਸੈਸਿੰਗ-ਗਰੇਡ ਆਲੂਆਂ ਦੀਆਂ ਨਵੀਆਂ ਕਿਸਮਾਂ (ਜਿਵੇਂ ਫ੍ਰਾਈਸੋਨਾ) ਅਤੇ ਆਧੁਨਿਕ ਖੇਤੀ ਤਕਨੀਕਾਂ ਬਾਰੇ ਜਾਗਰੂਕਤਾ ਅਤੇ ਸਿਖਲਾਈ ਦੀ ਘਾਟ ਹੈ।

ਪੰਜਾਬ ਦੀ ਖੇਤੀ ਨੂੰ ਦੇਸ਼ ਦਾ ਅੰਨਦਾਤਾ ਮੰਨਿਆ ਜਾਂਦਾ ਹੈ, ਪਰ ਆਲੂ ਪ੍ਰੋਸੈਸਿੰਗ ਅਤੇ ਖੇਤੀ ਉਦਯੋਗ ਦੇ ਮਾਮਲੇ ਵਿੱਚ ਇਹ ਸੂਬਾ ਗੁਜਰਾਤ ਤੋਂ ਕਾਫੀ ਪਿੱਛੇ ਹੈ। ਪਹਿਲੀ ਵੱਡੀ ਰੁਕਾਵਟ ਹੈ ਬੁਨਿਆਦੀ ਢਾਂਚੇ ਦੀ ਕਮੀ। ਗੁਜਰਾਤ ਵਿੱਚ 1,500 ਤੋਂ ਵੱਧ ਕੋਲਡ ਸਟੋਰੇਜ ਸਹੂਲਤਾਂ ਹਨ, ਜਦਕਿ ਪੰਜਾਬ ਵਿੱਚ ਅਜਿਹੀਆਂ ਸਹੂਲਤਾਂ ਦੀ ਗਿਣਤੀ ਅਤੇ ਗੁਣਵੱਤਾ ਕਾਫੀ ਸੀਮਤ ਹੈ। ਦੂਜਾ, ਕੰਟਰੈਕਟ ਫਾਰਮਿੰਗ ਦਾ ਮਾਡਲ ਪੰਜਾਬ ਵਿੱਚ ਅਜੇ ਪੂਰੀ ਤਰ੍ਹਾਂ ਅਪਣਾਇਆ ਨਹੀਂ ਗਿਆ।

ਗੁਜਰਾਤ ਵਿੱਚ ਕਿਸਾਨਾਂ ਨੂੰ ਕੰਪਨੀਆਂ ਤੋਂ ਬੀਜ, ਸਲਾਹ ਅਤੇ ਖਰੀਦ ਦੀ ਗਰੰਟੀ ਮਿਲਦੀ ਹੈ, ਜਦਕਿ ਪੰਜਾਬ ਵਿੱਚ ਕਿਸਾਨ ਅਜੇ ਵੀ ਮੰਡੀਆਂ 'ਤੇ ਨਿਰਭਰ ਹਨ, ਜਿੱਥੇ ਕੀਮਤਾਂ ਵਿੱਚ ਅਸਥਿਰਤਾ ਰਹਿੰਦੀ ਹੈ। ਤੀਜਾ, ਪ੍ਰੋਸੈਸਿੰਗ ਤਕਨੀਕ ਅਤੇ ਨਿਵੇਸ਼ ਦੀ ਘਾਟ। ਗੁਜਰਾਤ ਵਿੱਚ ਹਾਈਫਨ ਵਰਗੀਆਂ ਕੰਪਨੀਆਂ ਨੇ ਯੂਰਪੀਅਨ ਮਸ਼ੀਨਰੀ ਅਤੇ ਵਿਸ਼ਵ ਵਿਆਪੀ ਮੰਡੀਆਂ ਦੀ ਮੰਗ ਨੂੰ ਸਮਝਦਿਆਂ ਵੱਡਾ ਨਿਵੇਸ਼ ਕੀਤਾ, ਪਰ ਪੰਜਾਬ ਵਿੱਚ ਅਜਿਹੇ ਉੱਦਮ ਅਜੇ ਸੀਮਤ ਹਨ। ਚੌਥਾ, ਮੌਸਮੀ ਅਤੇ ਮਿੱਟੀ ਦੀ ਅਨੁਕੂਲਤਾ ਦੀ ਘਾਟ ਹੈ। ਗੁਜਰਾਤ ਦੀ ਮਿੱਟੀ ਤੇ ਮੌਸਮ ਪ੍ਰੋਸੈਸਿੰਗ-ਗਰੇਡ ਆਲੂਆਂ ਲਈ ਜ਼ਿਆਦਾ ਅਨੁਕੂਲ ਹੈ, ਜਦਕਿ ਪੰਜਾਬ ਦੀ ਜ਼ਮੀਨ ਗੰਨੇ ਅਤੇ ਝੋਨੇ ਵਰਗੀਆਂ ਫਸਲਾਂ ਲਈ ਜ਼ਿਆਦਾ ਜਾਣੀ ਜਾਂਦੀ ਹੈ।

ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਨੇ ਖੇਤੀ ਉਦਯੋਗ ਦੇ ਮੁੱਦੇ ਨੂੰ ਗੰਭੀਰਤਾ ਨਾਲ ਨਹੀਂ ਉਠਾਇਆ। ਜਦੋਂ ਗੁਜਰਾਤ ਨੇ ਮਾਡਲ ਕੰਟਰੈਕਟ ਫਾਰਮਿੰਗ ਐਕਟ ਅਤੇ ਪੀਐਮ-ਕਿਸਾਨ ਸੰਪਦਾ ਯੋਜਨਾ ਵਰਗੀਆਂ ਨੀਤੀਆਂ ਨੂੰ ਅਪਣਾ ਕੇ ਖੇਤੀ ਨੂੰ ਉਦਯੋਗ ਨਾਲ ਜੋੜਿਆ, ਪੰਜਾਬ ਵਿੱਚ ਅਜਿਹੀਆਂ ਪਹਿਲਕਦਮੀਆਂ ਦੀ ਕਮੀ ਰਹੀ। ਪੰਜਾਬ ਦੀਆਂ ਸਰਕਾਰਾਂ ਅਤੇ ਰਾਜਨੀਤਕ ਪਾਰਟੀਆਂ ਦਾ ਧਿਆਨ ਜ਼ਿਆਦਾਤਰ ਝੋਨੇ-ਕਣਕ ਦੇ ਚੱਕਰ ਅਤੇ ਸਬਸਿਡੀਆਂ 'ਤੇ ਰਿਹਾ, ਜਿਸ ਕਾਰਨ ਆਲੂ ਵਰਗੀਆਂ ਵਿਭਿੰਨ ਫਸਲਾਂ ਅਤੇ ਪ੍ਰੋਸੈਸਿੰਗ ਉਦਯੋਗ ਨੂੰ ਉਤਸ਼ਾਹ ਨਹੀਂ ਮਿਲਿਆ। ਕਿਸਾਨ ਅੰਦੋਲਨਾਂ ਦੇ ਬਾਵਜੂਦ, ਕੰਟਰੈਕਟ ਫਾਰਮਿੰਗ ਅਤੇ ਪ੍ਰੋਸੈਸਿੰਗ ਨੂੰ ਲੈ ਕੇ ਸਰਕਾਰ ਅਤੇ ਕਿਸਾਨ ਜਥੇਬੰਦੀਆਂ ਵਿੱਚ ਸਹਿਮਤੀ ਦੀ ਘਾਟ ਰਹੀ ਹੈ। ਨਤੀਜੇ ਵਜੋਂ, ਪੰਜਾਬ ਦੇ ਕਿਸਾਨ ਅਜੇ ਵੀ ਪੁਰਾਣੇ ਢੰਗ-ਤਰੀਕਿਆਂ 'ਤੇ ਨਿਰਭਰ ਹਨ, ਜਦਕਿ ਗੁਜਰਾਤ ਦੇ ਕਿਸਾਨ ਨਵੀਂ ਤਕਨੀਕ ਅਤੇ ਗਰੰਟੀਸ਼ੁਦਾ ਮੁਨਾਫੇ ਦਾ ਲਾਭ ਉਠਾ ਰਹੇ ਹਨ।

ਗੁਜਰਾਤ ਦੀ ਆਲੂ ਇੰਡਸਟਰੀ ਨੇ ਨਾ ਸਿਰਫ਼ ਘਰੇਲੂ ਮੰਗ ਪੂਰੀ ਕੀਤੀ, ਸਗੋਂ ਜਪਾਨ, ਆਸਟਰੇਲੀਆ, ਯੂਏਈ ਅਤੇ ਮਾਰੀਸ਼ਸ ਵਰਗੇ ਦੇਸ਼ਾਂ ਨੂੰ ਵੀ ਨਿਰਯਾਤ ਸ਼ੁਰੂ ਕੀਤਾ ਹੈ। 2023 ਵਿੱਚ, ਭਾਰਤ ਨੇ ਸਿਰਫ਼ 55 ਟਨ ਫ੍ਰੋਜ਼ਨ ਆਲੂ ਉਤਪਾਦ ਆਯਾਤ ਕੀਤੇ, ਜੋ 2010-11 ਦੇ 7,800 ਟਨ ਦੇ ਮੁਕਾਬਲੇ ਨਾਮਮਾਤਰ ਹੈ। ਗੁਜਰਾਤ ਦੀਆਂ ਕੰਪਨੀਆਂ ਜਿਵੇਂ ਹਾਈਫਨ ਅਤੇ ਇਸਕਾਨ ਬਾਲਾਜੀ ਨੇ ਵਿਸ਼ਵ ਵਿਆਪੀ ਮੰਡੀਆਂ ਵਿੱਚ ਭਾਰਤੀ ਫ੍ਰੋਜ਼ਨ ਫਰਾਈਜ਼ ਨੂੰ ਸਥਾਪਤ ਕੀਤਾ।

ਦੂਜੇ ਪਾਸੇ, ਪੰਜਾਬ ਵਿੱਚ ਵਪਾਰ ਦੀ ਸੰਭਾਵਨਾ ਸਰਹੱਦ ਪਾਰ ਵਪਾਰ (ਖਾਸਕਰ ਪਾਕਿਸਤਾਨ ਨਾਲ) 'ਤੇ ਨਿਰਭਰ ਕਰਦੀ ਹੈ, ਪਰ ਸਿਆਸੀ ਅਤੇ ਸੁਰੱਖਿਆ ਮੁੱਦਿਆਂ ਕਾਰਨ ਅਟਾਰੀ-ਵਾਹਗਾ ਸਰਹੱਦ ਰਾਹੀਂ ਵਪਾਰ ਭਾਰਤ ਤੇ ਪਾਕਿ ਤਣਾਅ ਕਾਰਣ ਸੀਮਤ ਹੈ। ਪੰਜਾਬ ਦੀਆਂ ਸਿਆਸੀ ਪਾਰਟੀਆਂ ਨੇ ਵਪਾਰ ਲਈ ਵਾਘਾ ਤੇ ਹੁਸੈਨੀਵਾਲਾ ਬਾਰਡਰ ਖੋਲਣ ਬਾਰੇ ਅਵਾਜ਼ ਨਹੀਂ ਉਠਾਈ। ਇਸ ਤੋਂ ਬਿਨਾਂ ਖੇਤੀ ਵਿਕਾਸ ਤੇ ਖੇਤੀ ਇੰਡਸਟਰੀ ਸੰਭਵ ਨਹੀਂ। ਪੰਜਾਬ ਦੀ ਜ਼ਮੀਨ ਅਤੇ ਖੇਤੀ ਸਮਰੱਥਾ ਦੇ ਬਾਵਜੂਦ, ਪ੍ਰੋਸੈਸਿੰਗ ਪਲਾਂਟਸ ਅਤੇ ਨਿਰਯਾਤ-ਕੇਂਦਰਿਤ ਨੀਤੀਆਂ ਦੀ ਕਮੀ ਨੇ ਇਸ ਨੂੰ ਪਿੱਛੇ ਰੱਖਿਆ। ਇਹ ਵਿਤਕਰਾ ਸਿਰਫ਼ ਸਰਕਾਰੀ ਨੀਤੀਆਂ ਦੀ ਅਣਦੇਖੀ ਜਾਂ ਪ੍ਰੋਸੈਸਿੰਗ ਉਦਯੋਗ ਵਿੱਚ ਨਿਵੇਸ਼ ਦੀ ਘਾਟ ਦਾ ਨਤੀਜਾ ਨਹੀਂ, ਸਗੋਂ ਖੇਤੀ ਨੂੰ ਆਧੁਨਿਕ ਉਦਯੋਗ ਨਾਲ ਜੋੜਨ ਦੀ ਦੂਰਦਰਸ਼ਤਾ ਦੀ ਕਮੀ ਵੀ ਹੈ।

2024 ਦੇ ਅੰਕੜਿਆਂ ਮੁਤਾਬਕ, ਭਾਰਤ ਵਿੱਚ 8,600 ਕੋਲਡ ਸਟੋਰੇਜ ਸਹੂਲਤਾਂ ਹਨ, ਪਰ ਪੰਜਾਬ ਦਾ ਹਿੱਸਾ ਗੁਜਰਾਤ (1,500 ਸੁਵਿਧਾਵਾਂ) ਦੇ ਮੁਕਾਬਲੇ ਬਹੁਤ ਘੱਟ ਹੈ। ਸਰਕਾਰੀ ਨੀਤੀਆਂ ਨੇ ਆਧੁਨਿਕ, ਮਲਟੀ-ਕਰੋਪ ਕੋਲਡ ਸਟੋਰੇਜ ਨੂੰ ਉਤਸ਼ਾਹਿਤ ਕਰਨ ਦੀ ਬਜਾਏ ਪੁਰਾਣੀਆਂ ਸਹੂਲਤਾਂ 'ਤੇ ਨਿਰਭਰਤਾ ਬਣਾਈ ਰੱਖੀ।

ਗੁਜਰਾਤ ਦੀ ਆਲੂ ਕ੍ਰਾਂਤੀ ਪੰਜਾਬ ਲਈ ਇੱਕ ਸਬਕ ਹੈ। ਪੰਜਾਬ ਨੂੰ ਚਾਹੀਦਾ ਹੈ ਕਿ ਉਹ ਕੰਟਰੈਕਟ ਫਾਰਮਿੰਗ ਨੂੰ ਉਤਸ਼ਾਹਿਤ ਕਰੇ, ਕੋਲਡ ਸਟੋਰੇਜ ਅਤੇ ਪ੍ਰੋਸੈਸਿੰਗ ਯੂਨਿਟਸ ਵਿੱਚ ਨਿਵੇਸ਼ ਵਧਾਏ, ਅਤੇ ਸਰਕਾਰੀ ਨੀਤੀਆਂ ਨੂੰ ਵਿਸ਼ਵਵਿਆਪੀ ਮੰਡੀਆਂ ਦੀਆਂ ਮੰਗਾਂ ਨਾਲ ਜੋੜੇ।

ਪੰਜਾਬ ਦੇ ਕਿਸਾਨਾਂ ਨੂੰ ਨਵੀਆਂ ਕਿਸਮਾਂ ਅਤੇ ਤਕਨੀਕਾਂ ਦੀ ਸਿਖਲਾਈ ਦੇਣ ਦੀ ਜ਼ਰੂਰਤ ਹੈ। ਸਰਕਾਰ ਅਤੇ ਰਾਜਨੀਤਕ ਪਾਰਟੀਆਂ ਨੂੰ ਚਾਹੀਦਾ ਹੈ ਕਿ ਉਹ ਝੋਨੇ-ਕਣਕ ਦੇ ਚੱਕਰ ਤੋਂ ਬਾਹਰ ਨਿਕਲ ਕੇ ਵਿਭਿੰਨ ਫਸਲਾਂ ਅਤੇ ਉਦਯੋਗਿਕ ਸੰਭਾਵਨਾਵਾਂ 'ਤੇ ਧਿਆਨ ਦੇਣ।

## ਲੁਧਿਆਣਾ ਵਿਚ ਨਸ਼ਾ ਤਸਕਰਾਂ 'ਤੇ ਸਖਤ ਕਾਰਵਾਈ

# ਦੋ ਮਕਾਨ ਬੁਲਡੋਜ਼ਰ ਨਾਲ ਢਾਹੇ



ਲੁਧਿਆਣਾ-ਪੰਜਾਬ ਸਰਕਾਰ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਲੁਧਿਆਣਾ ਵਿੱਚ ਦੋ ਬਦਨਾਮ ਨਸ਼ਾ ਤਸਕਰਾਂ ਦੇ ਮਕਾਨ ਬੁਲਡੋਜ਼ਰ ਨਾਲ ਢਾਹ ਦਿੱਤੇ ਹਨ। ਪਹਿਲੀ ਕਾਰਵਾਈ ਅਮਰਪੁਰ ਸਥਿਤ ਗੁਰਪਾਲ ਦੇ ਚਾਰ ਮੰਜ਼ਿਲਾ ਮਕਾਨ 'ਤੇ ਕੀਤੀ ਗਈ, ਜਿਸ ਦੇ ਵਿਰੁੱਧ ਐੱਨ ਡੀ ਪੀ ਐੱਸ ਐਕਟ ਅਧੀਨ ਨੌਂ ਮਾਮਲੇ ਦਰਜ ਹਨ। ਗੁਰਪਾਲ 2014 ਤੋਂ ਨਸ਼ਾ ਤਸਕਰੀ ਵਿਚ ਸ਼ਾਮਲ ਹੈ ਅਤੇ ਕਾਰਵਾਈ ਦੀ ਭਿਣਕ ਮਿਲਦੇ ਹੀ ਹਿਮਾਚਲ ਫਰਾਰ ਹੋ ਗਿਆ। ਦੂਜੀ ਕਾਰਵਾਈ ਲੋਹਾਰਾ ਪਿੰਡ ਵਿਚ ਮਹਿਲਾ ਨਸ਼ਾ ਤਸਕਰ ਰਾਜਿੰਦਰ ਕੌਰ ਉਰਫ ਰੋਜ਼ੀ ਦੇ ਮਕਾਨ 'ਤੇ ਹੋਈ, ਜੋ ਜੇਲ ਵਿਚ ਬੰਦ ਹੈ। ਉਸ ਦੇ ਵਿਰੁੱਧ ਦੋ ਅਪਰਾਧਕ ਮਾਮਲੇ ਦਰਜ ਹਨ।

# ਮਹੀਨਾਵਾਰ ਕਿਸਮਤ ਦੇ ਸਿਤਾਰੇ

## ਜੁਲਾਈ ਮਹੀਨਾ 2025

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)** ਰਿਸ਼ਤੇਦਾਰਾਂ ਨਾਲ ਮੇਲ-ਜੋਲ ਹੋਵੇਗਾ। ਮਾਤਾ-ਪਿਤਾ ਦੀ ਮਦਦ ਮਿਲੇਗੀ। ਪਰਿਵਾਰ ਵਿੱਚ ਸੁੱਖ-ਸਾਧਨਾਂ 'ਤੇ ਖਰਚ ਹੋਵੇਗਾ। ਜ਼ਿਆਦਾਤਰ ਸਮਾਂ ਆਲਸ ਵਿੱਚ ਬੀਤੇਗਾ। ਆਰਾਮ ਘੱਟ ਅਤੇ ਸੰਘਰਸ਼ ਜ਼ਿਆਦਾ ਰਹੇਗਾ। ਕੰਮ ਵਿੱਚ ਦੇਰੀ ਅਤੇ ਰੁਕਾਵਟਾਂ ਪੈਦਾ ਹੋ ਸਕਦੀਆਂ ਹਨ। ਸਿਹਤ ਵਿੱਚ ਖਰਾਬੀ ਅਤੇ ਸਰੀਰਕ ਕਸ਼ਟ ਦੇ ਯੋਗ ਹਨ। ਲੈਣ-ਦੇਣ ਦੇ ਮਸਲੇ 'ਤੇ ਸਾਵਧਾਨੀ ਵਰਤੋ। ਗੁਰੂ ਘਰ ਪਰਿਵਾਰ ਸਮੇਤ ਜਾ ਕੇ ਬਰਤਨ ਸਾਫ ਕਰਨ ਦੀ ਸੇਵਾ ਕਰੋ, ਕਮਾਈ ਵਿੱਚ ਬਰਕਤ ਹੋਵੇਗੀ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)** ਇਸ ਮਹੀਨੇ ਧਨ ਦਾ ਨੁਕਸਾਨ ਅਤੇ ਬਣਦੇ ਕੰਮਾਂ ਵਿੱਚ ਅੜਚਣਾਂ ਪੈਦਾ ਹੋਣਗੀਆਂ। ਸਰੀਰਕ ਕਸ਼ਟ, ਗੁਪਤ ਚਿੰਤਾ, ਬੇਲੋੜਾ ਸਫਰ ਅਤੇ ਪ੍ਰੇਸ਼ਾਨੀ ਹੋਵੇਗੀ। ਇਸ ਦੇ ਬਾਵਜੂਦ ਕੋਈ ਖੁਸ਼ੀ ਦੀ ਖਬਰ ਵੀ ਮਿਲੇਗੀ, ਜਿਸ ਨਾਲ ਪਰਿਵਾਰਕ ਮਾਹੌਲ ਖੁਸ਼ਨੁਮਾ ਹੋ ਜਾਵੇਗਾ। ਵਿੱਦਿਆਰਥੀਆਂ ਨੂੰ ਵਿਸ਼ੇਸ਼ ਸਫਲਤਾ ਲਈ ਸਖਤ ਮਿਹਨਤ ਦੀ ਲੋੜ ਹੈ। ਹਾਲਾਤਾਂ ਤੋਂ ਘਬਰਾ ਕੇ ਕਿਸੇ ਤਾਂਤਰਿਕ ਜਾਂ ਬਾਬਿਆਂ ਦੇ ਚੱਕਰ ਵਿੱਚ ਨਾ ਫਸੋ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)** ਮੌਜੂਦਾ ਸਮੇਂ ਵਿੱਚ ਆਰਥਿਕ ਯੋਜਨਾ ਵਿੱਚ ਪ੍ਰੇਸ਼ਾਨੀ ਤੇ ਰੁਕਾਵਟਾਂ ਨਾਲ ਮਾਨਸਿਕ ਤਣਾਅ ਰਹੇਗਾ। ਘਰ ਵਿੱਚ ਫਜ਼ੂਲ ਦੀਆਂ ਉਲਝਣਾਂ ਪੈਦਾ ਹੋਣਗੀਆਂ। ਮਹੀਨੇ ਦੇ ਅੱਧ ਵਿੱਚ ਧਨ ਲਾਭ ਦੇ ਸਾਧਨਾਂ ਵਿੱਚ ਵਾਧਾ, ਪਰ ਨਾਲ ਖਰਚ ਵੀ ਵਧਣਗੇ। ਹਿੰਮਤ ਨਾਲ ਕੰਮ ਕਰਨ 'ਤੇ ਹੀ ਲਾਭ ਅਤੇ ਸਫਲਤਾ ਮਿਲੇਗੀ। ਮਨੋਰੰਜਨ ਵੱਲ ਰੁਝਾਨ ਵਧੇਗਾ। ਘਰ ਵਿੱਚ ਕੋਈ ਸ਼ੁੱਭ ਕੰਮ ਹੋਵੇਗਾ। ਵਧੇਰੇ ਧਨ ਖਰਚ ਨਾਲ ਮੁਸ਼ਕਲਾਂ ਆਉਣਗੀਆਂ। ਹਮੇਸ਼ਾ ਆਪਣੀ ਚਾਦਰ ਦੇਖ ਕੇ ਹੀ ਪੈਰ ਪਸਾਰੋ, ਆਰਥਿਕ ਉਲਝਣਾਂ ਤੋਂ ਬਚੇ ਰਹੋਗੇ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)** ਨੌਕਰੀ ਅਤੇ ਵਪਾਰ ਆਦਿ ਵਿੱਚ ਪ੍ਰੇਸ਼ਾਨੀ ਅਤੇ ਧਨ ਦਾ ਲੈਣ-ਦੇਣ ਕਰਦੇ ਵੇਲੇ ਵੀ ਫਜ਼ੂਲ ਦਾ ਝਗੜਾ ਹੋਣ ਦੇ ਯੋਗ ਹਨ। ਭੈਣਾਂ-ਭਰਾਵਾਂ ਨਾਲ ਮਨਮੁਟਾਵ ਹੋਵੇਗਾ। ਗੁੱਸਾ ਜਿਆਦਾ ਹੋਣ ਨਾਲ ਧਨ ਦਾ ਨੁਕਸਾਨ ਵੀ ਹੋਵੇਗਾ। ਇਸ ਸਮੇਂ ਦੌਰਾਨ ਸਰੀਰਕ ਕਸ਼ਟ ਦੇ ਵੀ ਯੋਗ ਹਨ। ਨਵੇਂ ਕੰਮਾਂ ਅਤੇ ਸਾਂਝੇਦਾਰੀ ਦੇ ਕੰਮਾਂ ਤੋਂ ਨੁਕਸਾਨ ਹੋਵੇਗਾ। ਇਕੱਠ ਬਣਾ ਕੇ ਰੱਖਣ ਲਈ ਮਿਹਨਤ ਅਤੇ ਯੋਜਨਾ ਨਾਲ ਚੱਲਣ ਦੀ ਲੋੜ ਹੈ। ਵੱਡਿਆਂ ਦਾ ਮਾਣ ਸਤਿਕਾਰ ਕਰੋ ਅਤੇ ਛੋਟਿਆਂ ਨੂੰ ਪਿਆਰ ਦਿਉ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)** ਮਹੀਨੇ ਦੇ ਸ਼ੁਰੂ ਵਿੱਚ ਫਜ਼ੂਲ ਦੀ ਚਿੰਤਾ ਅਤੇ ਤਣਾਅ ਰਹੇਗਾ। ਪਰਿਵਾਰ ਵਿੱਚ ਸੁਖਦ ਮਾਹੌਲ ਲਈ ਸੰਘਰਸ਼ ਕਰਨਾ ਪਵੇਗਾ। ਤਰੱਕੀ ਅਤੇ ਧਨ ਲਾਭ ਦੇ ਮੌਕੇ ਮਿਲਣਗੇ। ਦੇਸ਼-ਵਿਦੇਸ਼ ਸਬੰਧੀ ਯਾਤਰਾ ਦੀ ਯੋਜਨਾ ਬਣੇਗੀ। ਭਵਿੱਖ ਵਿੱਚ ਯੋਜਨਾਵਾਂ ਨੂੰ ਕਾਰਜ ਰੂਪ ਦੇਣ ਵਿੱਚ ਜ਼ਿਆਦਾ ਸਮਾਂ ਬੀਤੇਗਾ। ਸਵਾਰੀ ਆਦਿ ਤੋਂ ਸੱਟ ਲੱਗਣ ਦਾ ਡਰ ਰਹੇਗਾ। ਸਿਹਤ ਸਬੰਧੀ ਸੁਚੇਤ ਰਹਿਣ ਦੀ ਲੋੜ ਹੈ। ਰੋਜ਼ਾਨਾ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਰਹੇਗਾ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)** ਰੋਜ਼ਾਨਾ ਦੇ ਜਰੂਰੀ ਕੰਮਾਂ ਵਿੱਚ ਤਰੱਕੀ ਹੋਵੇਗੀ। ਵਪਾਰ ਨੂੰ ਵਧਾਉਣ ਵਿੱਚ ਦੋਸਤਾਂ ਅਤੇ ਰਿਸ਼ਤੇਦਾਰਾਂ ਦੀ ਮਦਦ ਮਿਲੇਗੀ। ਧਰਮ-ਕਰਮ ਵੱਲ ਰੁਝਾਨ ਹੋਵੇਗਾ। ਸਮਾਜ ਵਿੱਚ ਮਾਣ-ਇੱਜ਼ਤ ਵਧੇਗਾ ਅਤੇ ਪਰਿਵਾਰ ਵਿੱਚ ਸ਼ੁੱਭ ਕੰਮਾਂ 'ਤੇ ਖਰਚ ਹੋਵੇਗਾ। ਮਹੀਨੇ ਦੇ ਅਖੀਰ ਵਿੱਚ ਕਾਰੋਬਾਰ ਵਿੱਚ ਤਬਦੀਲੀ ਦਾ ਵਿਚਾਰ ਬਣੇਗਾ। ਕਿਸੇ ਖਾਸ ਦੋਸਤ ਨਾਲ ਮੇਲ ਹੋਵੇਗਾ। ਸਿਹਤ ਸਬੰਧੀ ਖਾਸ ਤੌਰ 'ਤੇ ਸਾਵਧਾਨੀ ਵਰਤਣ ਦੀ ਲੋੜ ਹੈ। ਮਾਤਾ-ਪਿਤਾ ਕੋਲ ਬੈਠ ਕੇ ਪਰਿਵਾਰ ਦੀਆਂ ਗੱਲਾਂ ਸਾਂਝੀਆਂ ਕਰੋ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)** ਇਸ ਸਮੇਂ ਸਿਹਤ ਸਬੰਧੀ ਪ੍ਰੇਸ਼ਾਨੀਆਂ ਦੇ ਯੋਗ ਹਨ। ਉਲਝਣਾਂ ਅਤੇ ਸਮੱਸਿਆਵਾਂ ਰਹਿਣਗੀਆਂ। ਇਸ ਲਈ ਕਿਸੇ ਨਾਲ ਫਜ਼ੂਲ ਦੀ ਬਹਿਸ ਨਾ ਕਰੋ। ਯਾਤਰਾ ਵਿੱਚ ਲੈਣ-ਦੇਣ ਧਿਆਨ ਨਾਲ ਕਰਨ ਦੀ ਲੋੜ ਹੈ। ਧਨ ਲਾਭ ਦੇ ਮੌਕੇ ਤਾਂ ਮਿਲਣਗੇ ਪਰ ਨੁਕਸਾਨ ਦਾ ਵੀ ਯੋਗ ਹੈ। ਕਿਸੇ 'ਤੇ ਜਰੂਰਤ ਤੋਂ ਜ਼ਿਆਦਾ ਵਿਸ਼ਵਾਸ ਕਰਨਾ ਨੁਕਸਾਨਦਾਇਕ ਹੋ ਸਕਦਾ ਹੈ। ਜ਼ਿੰਦਗੀ ਨੂੰ ਚੰਗੀ ਤਰ੍ਹਾਂ ਜਿਊਣਾ ਹੈ ਤਾਂ ਆਪਣੀ ਸੋਚ ਨੂੰ ਹਮੇਸ਼ਾ ਸਾਕਾਰਾਤਮਕ ਰੱਖੋ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)** ਇਸ ਮਹੀਨੇ ਗੁਜ਼ਾਰੇ ਯੋਗ ਆਮਦਨ ਦੇ ਵਸੀਲੇ ਬਣਦੇ ਰਹਿਣਗੇ। ਕੰਮ-ਕਾਰ ਵਿੱਚ ਵਾਧਾ ਅਤੇ ਆਯਾਤ-ਨਿਰਯਾਤ ਕੰਮਾਂ ਦੀ ਯੋਜਨਾ ਬਣੇਗੀ। ਪਰਿਵਾਰ ਵਿੱਚ ਸ਼ੱਕ ਅਤੇ ਫਜ਼ੂਲ ਦੇ ਖਰਚਾਂ ਕਰਕੇ ਤਣਾਅ ਰਹੇਗਾ। ਲੈਣ-ਦੇਣ ਕਰਦੇ ਸਮੇਂ ਧੋਖਾ ਮਿਲਣ ਦੀ ਸੰਭਾਵਨਾ ਹੈ। ਸੰਤਾਨ ਵੱਲੋਂ ਸ਼ੁੱਭ ਸਮਾਚਾਰ ਮਿਲੇਗਾ। ਧਰਮ-ਕਰਮ ਵਿੱਚ ਰੁਚੀ ਵਧੇਗੀ। ਸਿਹਤ ਸਬੰਧੀ ਵਿਕਾਰ ਪੈਦਾ ਹੋਣ ਦੇ ਯੋਗ ਹਨ। ਅਚਾਨਕ ਯਾਤਰਾ ਦਾ ਵੀ ਯੋਗ ਹੈ। ਆਪਣੇ ਬੱਚਿਆਂ ਨਾਲ ਇਕ ਘੰਟਾ ਜਰੂਰ ਪਰਿਵਾਰ ਦੀਆਂ ਗੱਲਾਂ-ਬਾਤਾਂ ਕਰੋ, ਰਿਸ਼ਤੇ ਮਜ਼ਬੂਤ ਹੋਣਗੇ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)** ਬਹੁਤ ਸੰਘਰਸ਼ ਭਰੇ ਹਾਲਾਤਾਂ ਤੋਂ ਗੁਜ਼ਰਨਾ ਪਵੇਗਾ। ਵਪਾਰ, ਨੌਕਰੀ ਵਿੱਚ ਰੁਕਾਵਟਾਂ ਪੈਦਾ ਹੋਣਗੀਆਂ। ਘਰੇਲੂ ਉਲਝਣਾਂ ਵਧੱਦੀਆਂ-ਘੱਟਦੀਆਂ ਰਹਿਣਗੀਆਂ। ਦੁਸ਼ਮਣ ਤੰਗ ਕਰਨਗੇ। ਸਾਂਝੇਦਾਰੀ ਦੇ ਕਾਰਜਾਂ ਵਿੱਚ ਨੁਕਸਾਨ ਹੋਵੇਗਾ। ਆਮਦਨ ਘੱਟ ਅਤੇ ਖਰਚ ਜ਼ਿਆਦਾ ਰਹੇਗਾ। ਆਲਸ ਦੇ ਕਾਰਨ ਕੰਮ ਰੁੱਕ ਜਾਣਗੇ। ਕਿਸੇ ਦੇ ਨਾਲ ਬਹਿਸ-ਬਾਜ਼ੀ ਨਾ ਕਰੋ, ਨੁਕਸਾਨ ਹੋ ਸਕਦੈ। ਮਨ ਅੰਦਰ ਪ੍ਰਮਾਤਮਾ ਨੂੰ ਯਾਦ ਕਰੋ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)** ਰੁਕਾਵਟਾਂ ਦੇ ਬਾਵਜੂਦ ਕਾਰਜ ਸਿੱਧੀ ਹੋਵੇਗੀ। ਲਾਭ ਦੇ ਰਸਤੇ ਖੁੱਲ੍ਹਣਗੇ। ਅਚਾਨਕ ਸਫਲਤਾ ਨਾਲ ਦੁਸ਼ਮਣਾਂ ਦੀ ਪ੍ਰੇਸ਼ਾਨੀ ਵਧੇਗੀ। ਧਨ ਲਾਭ, ਬੰਧੂ ਮਿਲਾਪ, ਇਸਤਰੀ ਸੁੱਖ ਅਤੇ ਸ਼ੁੱਭ ਖਬਰ ਮਿਲੇਗੀ। ਸਿਹਤ ਵਿੱਚ ਸੁਧਾਰ ਹੋਵੇਗਾ। ਨਵੇਂ ਕੰਮ ਦੀ ਯੋਜਨਾ ਬਣੇਗੀ। ਦੋਸਤਾਂ-ਮਿੱਤਰਾਂ ਦੀ ਮਦਦ ਨਾਲ ਆਸ ਮੁਤਾਬਕ ਕਾਮਯਾਬੀ ਮਿਲਣ ਦੇ ਯੋਗ ਹਨ। ਸੰਤਾਨ ਪੱਖੋਂ ਸ਼ੁੱਭ ਸੂਚਨਾ ਮਿਲੇਗੀ। ਮਾਤਾ-ਪਿਤਾ ਨੂੰ ਗੁਰ-ਦੁਆਰਾ ਸਾਹਿਬ ਜ਼ਰੂਰ ਲੈ ਕੇ ਜਾਉ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)** ਕੰਮ ਦੇ ਖੇਤਰ ਵਿੱਚ ਰੁਝਾਨ ਵਧੇਗਾ। ਬਹੁਤ ਜ਼ਿਆਦਾ ਮਿਹਨਤ ਤੋਂ ਬਾਅਦ ਆਸ ਮੁਤਾਬਕ ਲਾਭ ਪ੍ਰਾਪਤ ਨਹੀਂ ਹੋਵੇਗਾ। ਵਪਾਰ ਵਿੱਚ ਉੱਨਤੀ ਦੇ ਕੁਝ ਮੌਕੇ ਮਿਲਣਗੇ, ਪਰ ਘਰੇਲੂ ਉਲਝਣਾਂ ਦੇ ਕਾਰਨ ਅਸ਼ਾਂਤੀ ਰਹੇਗੀ। ਕਿਸੇ ਨਜ਼ਦੀਕੀ ਮਿੱਤਰ ਤੋਂ ਧੋਖਾ ਮਿਲਣ ਦੇ ਸੰਕੇਤ ਹਨ। ਪਰਿਵਾਰ ਵੱਲੋਂ ਮਦਦ ਘੱਟ ਪ੍ਰਾਪਤ ਹੋਵੇਗੀ। ਇਸ ਸਮੇਂ ਕਿਸੇ ਪਿਆਰੇ ਮਿੱਤਰ ਵੱਲੋਂ ਖੁਸ਼ੀ ਮਿਲੇਗੀ। ਖਰਚ ਵਿੱਚ ਵੀ ਵਾਧਾ ਹੋਵੇਗਾ। ਕਿਸੇ ਦੀ ਨਿੰਦਾ ਚੁਗਲੀ ਤੋਂ ਆਪਣੇ ਆਪ ਨੂੰ ਦੂਰ ਰੱਖੋ, ਹਮੇਸ਼ਾ ਆਪਣੇ ਕੰਮ ਨਾਲ ਮਤਲਬ ਰੱਖੋ, ਸਮਾਜ ਵਿੱਚ ਮਾਣ-ਇੱਜ਼ਤ ਵਧੇਗਾ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)** ਇਹ ਮਹੀਨਾ ਮਿਲਿਆ-ਜੁਲਿਆ ਫਲ ਦੇਵੇਗਾ। ਸਮੇਂ ਦੀ ਜ਼ਿਆਦਾ ਤੋਂ ਜ਼ਿਆਦਾ ਠੀਕ ਵਰਤੋਂ ਕਰੋ। ਘਰ-ਪਰਿਵਾਰ ਵੱਲੋਂ ਅਚਾਨਕ ਖੁਸ਼ੀ ਦੀ ਸੂਚਨਾ ਮਿਲੇਗੀ। ਕੱਪੜੇ, ਸਵਾਰੀ ਆਦਿ ਸੁੱਖ-ਸਾਧਨਾਂ ਵਿੱਚ ਵਾਧਾ ਹੋਵੇਗਾ। ਕਿਸੇ ਖਾਸ ਆਦਮੀ ਵੱਲੋਂ ਤੋਹਫਾ ਮਿਲਣ ਦਾ ਯੋਗ ਹੈ। ਨਵੇਂ ਰਿਸ਼ਤੇਦਾਰਾਂ ਨਾਲ ਮੇਲ-ਜੋਲ ਹੋਵੇਗਾ, ਪਰ ਸਾਵਧਾਨ ਰਹਿਣ ਦੀ ਵੀ ਲੋੜ ਹੈ। ਘਰ ਵਿੱਚ ਸੁੱਖ-ਸਾਧਨਾਂ ਵਿੱਚ ਵਾਧਾ ਹੋਵੇਗਾ। ਪ੍ਰਮਾਤਮਾਂ ਨੇ ਸਾਨੂੰ ਅਨੇਕਾਂ ਦਾਤਾਂ ਬਖ਼ਸ਼ੀਆਂ ਹਨ, ਹਰ ਰੋਜ਼ ਹਰ ਪਲ ਉਸ ਦਾ ਸ਼ੁਕਰੀਆ ਅਦਾ ਕਰੋ, ਮਨ ਪ੍ਰਸੰਨ ਰਹੇਗਾ।

* * * * * * *


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਉਟਿੰਗ ਸੁਈਟ


ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।

ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ!



ਸਵ: ਸ੍ਰ. ਉਮਰਾਓ ਅਟਵਾਲ

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

KINGSWAY BANQUETING SUITE

270-272 BATH ROAD, HOUNSLOW, MIDDLESEX, TW4 7DF.

(OPP. HOUNSLOW WEST TUBE STATION)

TEL: 020 8570 8351

Email: Kingswaylondon@icloud.com, www.kingswaybanqueting.com


## ਕੈਨੇਡਾ ਦੇ ਬੀਚ ਤੋਂ ਮਿਲਿਆ ਪੰਜ ਫੁੱਟ ਲੰਬਾ ਸੱਪ

ਵੈਨਕੂਵਰ-(ਮਲਕੀਤ ਸਿੰਘ )-ਕੈਨੇਡਾ ਦੇ ਬ੍ਰਿਟਿਸ਼ ਕਲੰਬੀਆ ਸੂਬੇ ਦੇ ਕੋਮੈਕਸ ਟਾਪੂ ਨੇੜਲੇ ਮਰੈਕਲ ਬੀਚ ਪ੍ਰਾਂਤ ਪਾਰਕ ਚ ਜੰਗਲਾਤ ਵਿਭਾਗ ਦੇ ਮੁਲਾਜ਼ਮਾਂ ਨੂੰ ਇੱਕ ਪੰਜ ਫੁੱਟ ਸੱਪ ਮਿਲਿਆ ਹੈ। ਇਹ ਸੱਪ ਬੋਆ ਬਤਰੀ ਜਾਤੀ ਨਾਲ ਸੰਬੰਧਿਤ ਹੈ। ਫਿਲਹਾਲ ਇਸ ਦੀ ਦੇਖਭਾਲ ਲਈ ਪਸ਼ੂ ਕਲਿਆਣ ਸੰਸਥਾ ਦੇ ਹਵਾਲੇ ਕਰ ਦਿੱਤਾ ਗਿਆ ਹੈ। ਜੰਗਲਾਤ ਅਧਿਕਾਰੀਆਂ ਵੱਲੋਂ ਇਸ ਸਬੰਧੀ ਹੋਰ ਖੋਜ ਕੀਤੀ ਜਾ ਰਹੀ ਹੈ।



ਪੰਜ ਫੁੱਟ ਲੰਬੇ ਸੱਪ ਨਾਲ ਜੰਗਲਾਤ ਕਰਮਚਾਰੀ

# ਸਿੰਘ ਸਭਾ ਲੰਡਨ ਈਸਟ ਸਪੋਰਟਸ ਕਲੱਬ ਵੱਲੋਂ

## ਬਾਰਕਿੰਗ ਕਬੱਡੀ ਟੂਰਨਾਮੈਂਟ 6 ਜੁਲਾਈ 2025 ਐਤਵਾਰ ਨੂੰ

# BARKING KABADDI TOURNAMENT

## @ ORCHARD PLAYING FIELD (GOODMAYES PARK EXTENSION) GOODMAYES LANE, IG3 9PW


ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ ॥

ਖੇਡ ਪ੍ਰੇਮੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗੁਰਦੁਆਰਾ ਸਿੰਘ ਸਭਾ ਲੰਡਨ ਈਸਟ ਬਾਰਕਿੰਗ ਅਤੇ ਸੈਵਨ ਕਿੰਗਜ਼ ਦੇ ਸਹਿਯੋਗ ਨਾਲ ਅਤੇ **ਇੰਗਲੈਂਡ ਕਬੱਡੀ ਫੈਡਰੇਸ਼ਨ ਯੂ ਕੇ** ਦੇ ਨਿਯਮਾਂ ਅਨੁਸਾਰ ਦਿਨ ਐਤਵਾਰ 6 ਜੁਲਾਈ 2025 ਨੂੰ ਬਾਰਕਿੰਗ ਕਬੱਡੀ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ। ਇਹ ਤੁਹਾਡਾ ਸਾਰਿਆਂ ਦਾ ਸਾਂਝਾ ਟੂਰਨਾਮੈਂਟ ਹੈ। ਆਪ ਸਭ ਹੁੰਮ-ਹੁੰਮਾ ਕੇ ਪੁੱਜੋ ਤੇ ਟੂਰਨਾਮੈਂਟ ਦੀਆਂ ਰੌਣਕਾਂ ਵਧਾਓ।

**NO ALCOHOL IS PERMITTED**

### ਗਰਾਊਂਡ ਵਿੱਚ ਆਉਣ ਦੇ ਜ਼ਰੂਰੀ ਨਿਯਮ:

ਕਬੱਡੀ ਗਰਾਊਂਡ ਵਿੱਚ ਜਾਣ ਲਈ ਹਰ ਇਕ ਨੂੰ 15 ਪੌਂਡ ਦੀ ਟਿਕਟ ਲੈਣੀ ਲਾਜ਼ਮੀ ਹੈ। ਟੂਰਨਾਮੈਂਟ ਕਬੱਡੀ ਫੈਡਰੇਸ਼ਨ ਯੂਕੇ ਦੇ ਅਸੂਲਾਂ ਮੁਤਾਬਿਕ ਉਨ੍ਹਾਂ ਦੇ ਸਹਿਯੋਗ ਨਾਲ ਹੋ ਰਿਹਾ ਹੈ। ਕਬੱਡੀ ਫੈਡਰੇਸ਼ਨ ਨੂੰ ਬੇਨਤੀ ਹੈ ਕਿ ਅਸੀਂ ਗਰਾਊਂਡ ਜੋ ਬੁੱਕ ਕੀਤੀ ਹੈ, ਉਸ ਦਾ ਸਮਾਂ 8 ਵਜੇ ਤੋਂ 6 ਵਜੇ ਤੱਕ ਹੈ । ਅਸੀਂ ਆਪ ਜੀ ਨੂੰ ਬੇਨਤੀ ਕਰਦੇ ਹਾਂ ਕਿ ਮੈਚ 6:00 ਵਜੇ ਤੋਂ ਪਹਿਲਾਂ- ਪਹਿਲਾਂ ਖਤਮ ਹੋਣੇ ਚਾਹੀਦੇ ਹਨ।



ਅਮਰੀਕ ਸਿੰਘ ਬੋਪਾਰਾਏ

ਕਬੱਡੀ ਪ੍ਰਮੋਟਰ ਅਮਰੀਕ ਸਿੰਘ ਬੋਪਾਰਾਏ ਅਤੇ ਜਰਨੈਲ ਸਿੰਘ ਜੈਲਾ ਦਾ ਗੋਲਡ ਮੈਡਲਾਂ ਨਾਲ ਸਨਮਾਨ ਕੀਤਾ ਜਾਵੇਗਾ।

**ਟੂਰਨਾਮੈਂਟ ਦੇ ਬੈਸਟ ਜਾਫੀ ਅਤੇ ਬੈਸਟ ਧਾਵੀ ਨੂੰ £1100 – ਗਿਆਰਾਂ ਸੌ ਪੌਂਡ ਨਾਲ ਹਰੇਕ ਦਾ ਸਨਮਾਨ ਕੀਤਾ ਜਾਵੇਗਾ**



ਜਰਨੈਲ ਸਿੰਘ ਜੈਲਾ

**NOTE : ENTRY £15 PER PERSON**

* Toilets will be available in the Kabaddi ground car park and they should be used properly.

### GROUP-A ਬਾਰਕਿੰਗ ਟੂਰਨਾਮੈਂਟ ਦੀਆਂ ਟਾਈਆਂ

**Pool - A**
- BARKING / GRAVESEND KC vs ST WOLVERHAMPTON / MEDWAY KC — 4th Match 12:15pm
- BIRMINGHAM / COVENTRY KC vs TELFORD Kabaddi Club — 6th Match 13:25pm
- 8th Match 14:45pm

**Pool - B**
- HAYES / DERBY KC vs ERITH, WOOLWICH / SOUTHALL KC — 3rd Match 11:40pm
- LEICESTER / BRADFORD KC vs SLOUGH / ICKENHAM KC — 5th Match 12:50pm
- 7th Match 14:00pm

10th Match Final 17:00 PM

### GROUP - B

- ERITH WOOLWICH KC (B TEAM) vs MIDLAND TIGERS KC (B TEAM) — 1st Match 10:30am
- MAUR CLUB KC (B TEAM) vs BABA DEEP SINGH JI (B TEAM) — 2nd Match 11:05am
- 9th Match 15:30pm B TEAM Final

### ਸਿੰਘ ਸਭਾ ਲੰਡਨ ਈਸਟ ਸਪੋਰਟਸ ਕਲੱਬ ਦੇ ਸਹਿਯੋਗੀ ਸੱਜਣ: KABADDI ORGANISERS & SUPPORTERS:

Lember Singh Ladhar, Amrik Singh Boparai, Ajmer Singh Mela, Major Singh Bassi, Pinda Bharoli, Rana Padda, Mandeep Binning, B & K Builders, RGB, Sukhbir Thind (Thind Building Services) + Jaspal Khinda (Khinda Developments) + Jaspal Thind (SK Construction LTD) + Sukhwinder Singh (Sukh Staircase), Mandeep + Manjinder Binning (Concrete Singh), Boota Nijjer, Dalbag + Rajwinder (Brit Shopfronts) + Rana Padda, Parmjeet Kahlon + Dev Dhaliwal + Gill (B&G Double Glazing) + Rai Brothers Digger Hire + Balkar Singh (Bobby Builders) + Jagroop Singh (JN Shopfronts) + Kulwant (Mistri GB LTD, Gursharan & Daljit Kooner (Continental Ice Cream), Rajwinder Raja (Ilford Building Supplies), Mela Singh Maan, Surjit + Gopi Toot (LSF Commercial), Shergill Construction Ltd, Malkeet (Woodstyle) + Binder Powadra, Gurpal Oppal, Sarbjit-Sabie (Thind Developments Limited), Brothers Fish Bar, Daljit Johal, Jas Batth, Chinnder Gill + Kulvir Sidhu + Shamsher, Parmjit Hayer (Loughton), Gurmit + Jasvir Ark + Gurjit + Maninder, Banka + Teja Singh, Thames Building Supplies, Junior Team SSLE, Gogi Builder, Brother Builders, Jas Roofer, Aman + Prince, Singhsburys, Hardeep Tung (City Plumbing), Paul Chigwell (Imperial Double Glazing), KC Plumbing, Gurjant Singh (Essex Builder), Paul Johal + Kuljeet Johal, Birra + Raj Sanger, Maninder Kahira + Manjit Cheema, RAF Group, Jim Singh + Gurjit Singh (Holiday Inn Express Harlow), SP + Mandeep (Rising Construction), Major Sandhu, Sky Plumbing, Balwinder Singh + Sodhi Singh (BK Skips), Baljit Sandhu + Mela Mattu, Major Builders Supplies, Natt Builders, Paul Waraich, Sarpanch Builders, Major Singh Bassi, AS Demolition Groundworks, Rashpal Pawar, Gurjant Singh, Diljit Dhillon, Sandhu Scaffolding, Surinder Singh Mudhar, Chima Builders Merchants, H&S building Solutions, VNR Windows, Satnam Singh Sandhu, Sodhi Singh (Golden Construction), Manjit Singh, Lovepreet, Baljinder Khosa, Romy, Bittu + Manjinder (Sabi), Harjit Sanghera, Raman Builder, Gary Atwal (Kingsway Tanddori of Hounslow), Baljit Shergill (Skylark), Gurinder Singh (Right Build), Balraj Sidhu, Gurj Bajwa, Lakeside Double Glazing, Manjit Builder, Gurdev + Mohinder Johal, Sukha Ghag, Ganta Lidhar, Rana (Delmonte Glazing), Dalbag Singh Dhillon, Narinder Singh Sahota, Kuldeep S Biringh, Kuldeep + Subba (Shergill Builders), Raghbir Lally (Singh UK Couriers), Pawan Sharma, Kuldeep Chahal, Surinder + Parmjit Singh (Mutti Builders), Jaswinder Singh Sandhu, Amar Panesar, Surinder Chima, Rajan, Mika Boparai, Gopi Randahwa (Gopi Carpets), Rajj Dhaliwal, Raj Digger, Gurdip Singh Hundal, Santokh Nandra, Rik Chokkar, DC Cheema, Bal Builder, Daljit Punia, Yaadwinder Singh, Ranjit Singh Builder, Bittu (Apna Pind), Ice Cream (Billa), Bhinda Builder, Punjabi Rasoi, Gurjeet Sandhu, J.Singh Fair Deal Builders Ltd, Gurtej Singh UK NRI Solutions LTD, Gurjinder Kahlon, Jasvir Singh Uppal, Pardeep Singh Johal, Raja Sahota, Charanjit + Singara Singh (Gurshan Construction), Manjinder Singh (Euro Boiler), Rainham Windows, Amrit Singh (Grays), Kulwinder Singh (KS Scaffolding), Major Singh (BBS1 Construction LTD), Avtar Gakhal, Lucky Bajwa, Harry Dhillon, Harnek Atwal, Jeeta Singh (Dawlish Construction), Iqbaldeep Singh (IDS Solicitors)

### ==== ਸੇਵਾਦਾਰ: ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਲੰਡਨ ਈਸਟ ====

ਪ੍ਰਧਾਨ – ਸਤਨਾਮ ਸਿੰਘ ਸੰਧੂ, ਮੀਤ ਪ੍ਰਧਾਨ – ਗੁਰਦੀਪ ਸਿੰਘ ਹੁੰਦਲ, ਸਾਬਕਾ ਪ੍ਰਧਾਨ – ਮੇਜਰ ਸਿੰਘ ਬਾਸੀ

ਜਾਰੀ ਕਰਤਾ

## GURDWARA SINGH SABHA LONDON EAST

100 North Street, Barking, Essex IG11 8JD. TEL: 020 8594 3940

722-730 High Rd. Seven Kings, Ilford, Essex IG3 8SX. Tel: 020 8598 1817

== ਟੂਰਨਾਮੈਂਟ ਸਬੰਧੀ ਵਧੇਰੇ ਜਾਣਕਾਰੀ ਲਈ ਹੇਠ ਲਿਖੇ ਪ੍ਰਬੰਧਕਾਂ ਨਾਲ ਸੰਪਰਕ ਕਰੋ ਜੀ:==

AJMER S. MELA - 07904 999879, PINDA SINGH: 07949 016213, RANA S PADDA 07950 507363

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਸੰਵਿਧਾਨ ਅਨੁਸਾਰ ਇਲੈਕਸ਼ਨ ਕਰਵਾਉਣ ਲਈ



ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਪਾਰਕ ਐਵੇਨਿਊ, ਸਾਊਥਾਲ

## ਨਵੀਂ ਮੈਂਬਰਸ਼ਿੱਪ ਬਨਾਉਣ ਸਬੰਧੀ ਜ਼ਰੂਰੀ ਸੂਚਨਾ

## ਮੈਂਬਰਸ਼ਿੱਪ ਰਜਿਸਟ੍ਰੇਸ਼ਨ ਦਾ ਸਥਾਨ ਤੇ ਸਮਾਂ:

**ਸਥਾਨ: ਸ੍ਰੀ ਗੁਰੂ ਸਿੰਘ ਸਭਾ ਸਾਊਥਹਾਲ, 2-8 ਪਾਰਕ ਐਵੇਨਿਊ, ਸਾਊਥਹਾਲ, UB1 3AG.**

**ਤਰੀਕਾਂ: ਸੋਮਵਾਰ 30 ਜੂਨ 2025 ਤੋਂ ਐਤਵਾਰ 03 ਅਗਸਤ 2025 ਤੱਕ**

**ਸਮਾਂ: ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ**



ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰੂ ਨਾਨਕ ਰੋਡ, ਸਾਊਥਾਲ

## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਮੈਂਬਰ ਬਣਨ ਲਈ ਜ਼ਰੂਰੀ ਸੂਚਨਾ

ਸਮੂਹ ਸੰਗਤ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਸਾਨੂੰ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਸੰਵਿਧਾਨ ਅਨੁਸਾਰ ਇਲੈਕਸ਼ਨ ਕਰਵਾਉਣ ਲਈ ਮੈਂਬਰਸ਼ਿਪ ਅਤੇ ਇਲੈਕਸ਼ਨ ਕਮੇਟੀ (MEC) ਵਜੋਂ ਨਿਯੁਕਤ ਕੀਤਾ ਗਿਆ ਹੈ।

MEC ਦੇ ਮੈਂਬਰਾਂ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਸਭਾ ਦੇ ਮੈਂਬਰਸ਼ਿਪ ਰਜਿਸਟਰ (ਜਿਸ ਵਿੱਚ ਮੈਂਬਰਾਂ ਦੇ ਨਾਮ ਦਰਜ ਕੀਤੇ ਜਾਂਦੇ ਹਨ) ਨੂੰ ਤਿਆਰ ਕਰਨ, ਨਵੇਂ ਮੈਂਬਰਾਂ ਦੀ ਭਰਤੀ ਕਰਨ, ਉਨ੍ਹਾਂ ਦੀ ਜਾਂਚ-ਪੜਤਾਲ ਕਰਨ ਅਤੇ ਇਲੈਕਸ਼ਨ ਦੇ ਪ੍ਰਬੰਧ ਅਤੇ ਸੁਪਰਵਿਜ਼ਨ ਦੇ ਕੰਮਕਾਜ ਨੂੰ ਵੀ ਚੰਗੇ ਤਰੀਕੇ ਨਾਲ ਚਲਾਉਣ।

ਸੰਵਿਧਾਨ ਦੇ ਪੈਰਾ 26 ਇਲੈਕਸ਼ਨ ਨੋਟਿਸ ਦੇ ਅਨੁਸਾਰ, ਨਵੀਂ ਐਗਜ਼ੈਕਟਿਵ ਕਮੇਟੀ ਦੀ ਇਲੈਕਸ਼ਨ ਲਈ ਵੋਟਿੰਗ ਐਤਵਾਰ 5 ਅਕਤੂਬਰ 2025 ਨੂੰ ਖ਼ਾਲਸਾ ਪ੍ਰਾਇਮਰੀ ਸਕੂਲ, ਨੌਰਵੁੱਡ ਗ੍ਰੀਨ, UB2 4LA ਵਿਖੇ ਹੋਵੇਗੀ। ਇਹ ਇਲੈਕਸ਼ਨ ਡੈਮੋਕਰੇਸੀ ਕਾਉਂਟਸ ਲਿਮਟਿਡ ਦੇ ਇਨਡਿਪੈਂਡੈਂਟ ਇਲੈਕਸ਼ਨ ਸੁਪਰਵਾਈਜ਼ਰਾਂ ਦੀ ਨਿਗਰਾਨੀ ਹੇਠ ਸਵੇਰੇ 8 ਵਜੇ ਤੋਂ ਰਾਤ 8 ਵਜੇ ਤੱਕ ਹੋਵੇਗੀ।

ਇਸ ਇਲੈਕਸ਼ਨ ਵਿੱਚ ਵੋਟ ਪਾਉਣ ਦਾ ਹੱਕ ਲੈਣ ਲਈ ਤੁਹਾਡਾ ਲਾਈਫ ਮੈਂਬਰ ਜਾਂ ਓਰਡੀਨਰੀ ਮੈਂਬਰ ਵਜੋਂ ਰਜਿਸਟਰ ਹੋਣਾ ਜ਼ਰੂਰੀ ਹੈ। ਇਸ ਕਰਕੇ ਵੋਟ ਦਾ ਅਧਿਕਾਰ ਲੈਣ ਲਈ ਤੁਸੀਂ ਪਰਸਨਲ ਤੌਰ 'ਤੇ ਹੇਠ ਲਿਖੇ ਸਥਾਨ, ਤਰੀਕ ਅਤੇ ਟਾਈਮ 'ਤੇ ਲਾਈਫ ਮੈਂਬਰ ਜਾਂ ਓਰਡੀਨਰੀ ਮੈਂਬਰ ਵਜੋਂ ਰਜਿਸਟ੍ਰੇਸ਼ਨ ਕਰਵਾ ਸਕਦੇ ਹੋ:

### ਮੈਂਬਰਸ਼ਿਪ ਰਜਿਸਟ੍ਰੇਸ਼ਨ ਦਾ ਸਥਾਨ ਤੇ ਟਾਈਮ:

✶ ਸਥਾਨ: ਸ੍ਰੀ ਗੁਰੂ ਸਿੰਘ ਸਭਾ ਸਾਊਥਹਾਲ,
2-8 ਪਾਰਕ ਐਵੇਨਿਊ, ਸਾਊਥਹਾਲ, UB1 3AG

✶ ਤਰੀਕਾਂ: ਸੋਮਵਾਰ 30 ਜੂਨ 2025 ਤੋਂ ਐਤਵਾਰ 03 ਅਗਸਤ 2025

✶ ਟਾਈਮ: ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ

ਸੰਵਿਧਾਨ ਦੇ ਪੈਰਾ 26.1.iii ਦੇ ਅਨੁਸਾਰ, ਉਹੀ ਵਿਅਕਤੀ ਵੋਟ ਪਾਉਣ ਦੇ ਹੱਕਦਾਰ ਹੋਣਗੇ ਜਿਨ੍ਹਾਂ ਦੇ ਨਾਮ ਇਲੈਕਸ਼ਨ ਤੋਂ ਪਹਿਲਾਂ ਵਾਲੇ ਮਹੀਨੇ ਦੀ ਇਕ ਤਰੀਕ ਨੂੰ ਮੈਂਬਰਸ਼ਿਪ ਰਜਿਸਟਰ ਵਿੱਚ ਦਰਜ ਹੋਣਗੇ।

ਜੇਕਰ ਤੁਸੀਂ ਮੈਂਬਰ ਬਣਨਾ ਚਾਹੁੰਦੇ ਹੋ ਤਾਂ ਤੁਹਾਨੂੰ ਸੂਚੀ ਨੰਬਰ 1 ਵਿੱਚ ਦਿੱਤੇ ਹੋਏ ਡਾਕੂਮੈਂਟਸ ਅਨੁਸਾਰ ਆਪਣੀ ਅਡੈਂਟਿਟੀ ਅਤੇ ਐਡਰੈੱਸ ਦਾ ਸਬੂਤ ਦੇਣਾ ਪਵੇਗਾ। ਤੁਹਾਨੂੰ ਇਕ ਐਪਲੀਕੇਸ਼ਨ ਫਾਰਮ ਭਰਨਾ, ਡੈਕਲਾਰੇਸ਼ਨ (ਘੋਸ਼ਣਾ ਪੱਤਰ) ਦੇਣਾ ਅਤੇ ਬਣਦੀ ਮੈਂਬਰਸ਼ਿਪ ਫੀਸ ਭਰਨੀ ਪਵੇਗੀ (ਜਿਵੇਂ ਕਿ ਸੂਚੀ ਨੰਬਰ 1 ਵਿੱਚ ਦਰਜ ਹੈ)।

ਹਰੇਕ ਵੈਰੀਫਾਈਡ ਮੈਂਬਰ ਨੂੰ ਇਕ ਮੈਂਬਰਸ਼ਿਪ ਕਾਰਡ ਦਿੱਤਾ ਜਾਵੇਗਾ। ਵੋਟ ਪਾਉਣ ਸਮੇਂ ਤੁਹਾਨੂੰ ਆਪਣਾ ਵੈਲਿਡ ਮੈਂਬਰਸ਼ਿਪ ਕਾਰਡ ਖੁਦ ਦਿਖਾਉਣਾ ਪਵੇਗਾ। ਜੇਕਰ ਤੁਸੀਂ ਕਾਰਡ ਗੁਆ ਲੈਂਦੇ ਹੋ ਜਾਂ ਉਹ ਕਿਸੇ ਵੀ ਤਰ੍ਹਾਂ ਖਰਾਬ (ਡੈਮੇਜਡ) ਹੋ ਜਾਂਦਾ ਹੈ ਤਾਂ ਤੁਸੀਂ ਇਲੈਕਸ਼ਨ ਤੋਂ ਘੱਟੋ-ਘੱਟ 7 ਦਿਨ ਪਹਿਲਾਂ ਗੁਰਦੁਆਰਾ ਸਾਹਿਬ ਦੇ ਦਫ਼ਤਰ ਤੋਂ £1.00 ਦੀ ਕੀਮਤ 'ਤੇ ਨਵਾਂ ਕਾਰਡ ਲੈ ਸਕਦੇ ਹੋ।

ਜੇਕਰ ਤੁਸੀਂ ਇਲੈਕਸ਼ਨ ਵਿੱਚ ਕੈਂਡੀਡੇਟ ਬਣਨਾ ਚਾਹੁੰਦੇ ਹੋ ਤਾਂ ਤੁਹਾਨੂੰ ਇਕ ਆਫੀਸ਼ੀਅਲੀ ਨੌਮੀਨੇਸ਼ਨ ਫਾਰਮ ਕੰਪਲੀਟ ਰੂਪ ਵਿੱਚ ਭਰ ਕੇ ਦੇਣਾ ਪਵੇਗਾ ਜਿਸ 'ਤੇ ਇਕ ਪਰਪੋਜ਼ਰ ਅਤੇ ਇਕ ਸਮਰਥਕ ਦੇ ਦਸਤਖਤ ਹੋਣ। ਇਹ ਫਾਰਮ 20 ਅਗਸਤ 2025 ਨੂੰ ਸ਼ਾਮ 5 ਵਜੇ ਤੱਕ ਇਕ ਸੀਲਬੰਦ ਲਿਫਾਫੇ ਵਿੱਚ ਮੈਂਬਰਸ਼ਿਪ ਅਤੇ ਚੋਣ ਕਮੇਟੀ (MEC) ਦੇ ਚੇਅਰਮੈਨ ਸ. ਮਨਜੀਤ ਸਿੰਘ ਬੁੱਟਰ ਤੱਕ ਹਰ ਹਾਲਤ ਵਿੱਚ ਪਹੁੰਚਾਉਣਾ ਪਵੇਗਾ।

ਤੁਹਾਨੂੰ ਕੈਂਡੀਡੇਟ ਵਜੋਂ ਮਨਜ਼ੂਰੀ ਤਾਂ ਹੀ ਮਿਲੇਗੀ ਜੇਕਰ ਤੁਸੀਂ, ਤੁਹਾਡੇ ਪਰਪੋਜ਼ਰ ਅਤੇ ਸਮਰਥਕ – ਤਿੰਨਾਂ ਦੇ ਨਾਮ ਮੈਂਬਰਸ਼ਿਪ ਰਜਿਸਟਰ ਵਿੱਚ ਦਰਜ ਹੋਣਗੇ। ਨਾਲ ਹੀ ਤੁਹਾਨੂੰ:

ਸਭਾ ਦੇ ਦਫ਼ਤਰ ਰਾਹੀਂ ਭਰਿਆ ਹੋਇਆ ਇਕ ਤਸੱਲੀਬਖਸ਼ ਤਰੀਕੇ ਨਾਲ ਜਾਂਚ ਕੇ ਡੀ ਬੀ ਐਸ ਚੈੱਕ ਅਤੇ ਦੀਵਾਲੀਆਪਨ ਸਬੰਧੀ ਇਨਕੁਆਰੀਆਂ ਜੋ ਕਿ ਸਭਾ ਦੇ ਦਫ਼ਤਰ ਰਾਹੀਂ ਮੁਕੰਮਲ ਕੀਤੀਆਂ ਹੋਣ, ਵੀ ਜਮ੍ਹਾਂ ਕਰਾਉਣੀਆਂ ਪੈਣਗੀਆਂ।

**ਮੈਂਬਰਸ਼ਿਪ ਅਤੇ ਇਲੈਕਸ਼ਨ ਕਮੇਟੀ (MEC) ਵੱਲੋਂ ਸਾਈਨ ਕੀਤੇ ਗਏ:**

ਮਨਜੀਤ ਸਿੰਘ ਬੁੱਟਰ (MEC ਦੇ ਚੇਅਰਮੈਨ), ਕਮੇਟੀ ਦੇ ਹੋਰ ਮੈਂਬਰ: ਗੁਰਪ੍ਰਤਾਪ ਸਿੰਘ ਢਿੱਲੋਂ, ਅਮਰਦੀਪ ਸਿੰਘ ਦੋਸਾਂਝ

## ਸੂਚੀ ਨੰਬਰ 1 – ਪਛਾਣ (ਅਡੈਂਟਿਟੀ) ਅਤੇ ਰਿਹਾਇਸ਼ (ਰੈਜ਼ੀਡੈਂਸ) ਸਬੰਧੀ ਜ਼ਰੂਰੀ ਸਬੂਤ

### ਯੂ ਕੇ ਵਿੱਚ ਰਹਿਣ ਦਾ ਹੱਕ:

1) ਜਿਨ੍ਹਾਂ ਕੋਲ ਬ੍ਰਿਟਿਸ਼ ਅਤੇ ਆਇਰਿਸ਼ ਪਾਸਪੋਰਟ ਹੋਣ : ਮੌਜੂਦਾ ਜਾਂ ਐਕਸਪਾਇਰ ਹੋ ਚੁੱਕਾ ਪਾਸਪੋਰਟ, ਜਿਸ ਤੋਂ ਇਹ ਸਾਬਤ ਹੁੰਦਾ ਹੈ ਕਿ ਵਿਅਕਤੀ ਬ੍ਰਿਟਿਸ਼ ਸਿਟੀਜ਼ਨ ਹੈ ਜਾਂ ਯੂਕੇ ਅਤੇ ਉਨ੍ਹਾਂ ਕਲੋਨੀਆਂ ਦਾ ਸਿਟੀਜਨ ਹੈ, ਜਿਨ੍ਹਾਂ ਨੂੰ ਯੂਕੇ ਵਿੱਚ ਰਹਿਣ ਦਾ ਹੱਕ ਹੈ।

ਪਾਸਪੋਰਟ ਜਾਂ ਪਾਸਪੋਰਟ ਕਾਰਡ (ਚਾਹੇ ਉਹ ਮੌਜੂਦਾ ਹੋਵੇ ਜਾਂ ਐਕਸਪਾਇਰ ਹੋ ਚੁੱਕਾ ਹੋਵੇ) ਜਿਸ ਵਿੱਚ ਇਹ ਸਾਬਤ ਹੁੰਦਾ ਹੋਵੇ ਕਿ ਵਿਅਕਤੀ ਇਕ ਆਇਰਿਸ਼ ਸਿਟੀਜਨ ਹੈ।

2) ਹੋਰ ਕਿਸੇ ਦੇਸ਼ ਦੇ ਪਾਸਪੋਰਟ ਰੱਖਣ ਵਾਲੇ ਵਿਅਕਤੀ (ਸੈਟਲਡ ਸਟੇਟਸ ਵਾਲੇ ਈ ਯੂ ਪਾਸਪੋਰਟ ਵਾਲਿਆਂ ਸਮੇਤ)

ਉਹ ਪਾਸਪੋਰਟ ਜਾਂ ਨੈਸ਼ਨਲ ਅਡੈਂਟਿਟੀ ਕਾਰਡ ਜਾਂ ਬਾਇਓਮੈਟ੍ਰਿਕ ਰੈਜ਼ੀਡੈਂਸ ਕਾਰਡ/ਪਰਮਿਟ ਜੋ ਤੁਸੀਂ ਆਪਣਾ ਈ-ਵੀਜ਼ਾ ਅਕਾਊਂਟ ਬਣਾਉਣ ਲਈ ਵਰਤਿਆ ਸੀ। ਤੁਸੀਂ ਤੁਹਾਡੀ ਹਾਜ਼ਰੀ ਵਿੱਚ ਰਜਿਸਟ੍ਰੇਸ਼ਨ ਸਮੇਂ, ਤੁਹਾਡੇ ਇਮੀਗ੍ਰੇਸ਼ਨ ਸਟੇਟਸ ਨੂੰ ਚੈਕ ਕਰਨ ਲਈ www.gov.uk/view-prove-immigration-status ਸਰਵਿਸ ਦੀ ਵਰਤੋਂ ਕਰਾਂਗੇ।

ਐਡਰੈੱਸ ਦੇ ਸਬੂਤ (ਹੇਠਾਂ ਦਿੱਤੇ ਵਿੱਚੋਂ ਕੋਈ 2 ਡਾਕੂਮੈਂਟਸ) ਜੋ ਤੁਹਾਡੀ ਮੈਂਬਰਸ਼ਿਪ ਐਪਲੀਕੇਸ਼ਨ ਤੋਂ ਪਹਿਲੇ 4 ਮਹੀਨਿਆਂ ਵਿੱਚ ਬਣੇ ਹੋਣ:

1. ਕਰੰਟ ਕੌਂਸਲ ਟੈਕਸ ਬਿੱਲ।
2. ਯੂਟੀਲਿਟੀ ਬਿੱਲ (ਮੋਬਾਇਲ ਫੋਨ ਬਿੱਲ ਨਹੀਂ)।
3. ਇਲੈਕਟੋਰਲ ਵੋਟਰ ਰਜਿਸਟ੍ਰੇਸ਼ਨ (ਪੋਲਿੰਗ ਕਾਰਡ)।
4. ਯੂਕੇ ਦਾ ਪ੍ਰਵੀਜ਼ਨਲ ਜਾਂ ਫੁਲ ਡਰਾਇਵਿੰਗ ਲਾਇਸੰਸ (ਸਿਰਫ਼ ਕਾਰਡ)।
5. ਬੈਂਕ ਸਟੇਟਮੈਂਟ।
6. ਤੁਹਾਡੇ ਕਾਲਜ ਜਾਂ ਯੂਨੀਵਰਸਿਟੀ ਦਾ ਲੈਟਰ।
7. ਮੋਰਟਗੇਜ਼ ਸਟੇਟਮੈਂਟ।
8. ਐਨ.ਐਚ.ਐੱਸ. ਕਾਰਡ ਜਾ ਐਨ.ਐਚ.ਐੱਸ. ਦਾ ਆਫੀਸ਼ੀਅਲ ਲੈਟਰ।
9. ਟੈਕਸ ਸਬੰਧੀ ਡਾਕੂਮੈਂਟ – ਐਚ.ਐਮ.ਆਰ.ਸੀ. ਜਾਂ ਬੈਨੀਫਿਟ ਅਥਾਰਟੀ ਦਾ ਲੈਟਰ।

### ਮੈਂਬਰ ਬਣਨ ਦੀ ਫੀਸ:

ਓਰਡੀਨਰੀ ਮੈਂਬਰਸ਼ਿਪ: 5 ਪੌਂਡ। ਲਾਈਫ ਵਾਸਤੇ: 101 ਪੌਂਡ। 65 ਸਾਲ ਤੋਂ ਵੱਧ ਉਮਰ ਵਾਲਿਆਂ ਲਈ: ਫ੍ਰੀ ਲਾਈਫ ਮੈਂਬਰਸ਼ਿਪ।

### ਡੈਕਲਾਰੇਸ਼ਨ ਦੀਆਂ ਸ਼ਰਤਾਂ:

1. ਇਕ ਸਤੰਬਰ 2025 ਤੱਕ ਉਮਰ ਘੱਟੋ-ਘੱਟ 18 ਸਾਲ ਹੋਵੇ।
2. ਤੁਸੀਂ ਸਿੱਖ ਹੋ ਅਤੇ ਕਿਸੇ ਹੋਰ ਧਰਮ ਜਾਂ ਕਿਸੇ ਵੀ ਐਸੀ ਸੰਪਰਦਾ ਜੋ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪਾਬੰਦੀਸ਼ੁਦਾ ਹੋਵੇ, ਵਿੱਚ ਤੁਹਾਡਾ ਨਾ ਤਾਂ ਕੋਈ ਵਿਸ਼ਵਾਸ ਹੋਵੇ ਅਤੇ ਨਾ ਹੀ ਤੁਸੀਂ ਉਨ੍ਹਾਂ ਨੂੰ ਮੰਨਦੇ ਹੋਵੋ।
3. ਤੁਹਾਡੇ ਨਾਮ ਦੇ ਪਿੱਛੇ ਸਿੰਘ ਜਾਂ ਕੌਰ ਲੱਗਦਾ ਹੋਵੇ।
4. ਤੁਹਾਡਾ ਪੂਰਾ ਅਤੇ ਦ੍ਰਿੜ੍ਹ ਵਿਸ਼ਵਾਸ ਕੇਵਲ ਦਸ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਹੋਣਾ ਚਾਹੀਦਾ ਹੈ।
5. ਤੁਸੀਂ ਲੰਡਨ ਦੇ ਈਲਿੰਗ, ਹੈਰੋ, ਹਾਉਂਸਲੋ ਜਾਂ ਹਿਲਿੰਗਡਨ ਵਿੱਚੋਂ ਕਿਸੇ ਇਕ ਬੋਰੋ ਵਿੱਚ ਪਰਮਾਨੈਂਟ ਤੌਰ 'ਤੇ ਰਹਿੰਦੇ ਹੋਵੋ।
6. ਤੁਹਾਨੂੰ ਲੀਗਲ ਰੂਪ ਵਿੱਚ ਯੂਕੇ ਅੰਦਰ ਪਰਮਾਨੈਂਟ ਰਹਿਣ ਦੀ ਇਜਾਜ਼ਤ ਹੋਵੇ, ਤੁਹਾਨੂੰ ਇਮੀਗ੍ਰੇਸ਼ਨ ਕੰਟਰੋਲ ਤੋਂ ਛੋਟ ਹੋਵੇ ਅਤੇ ਤੁਸੀਂ ਅਣਮਿਥੇ ਸਮੇਂ ਲਈ ਯੂਕੇ ਵਿਚ ਰਹਿ ਸਕਦੇ ਹੋ (ਭਾਵ ਕਿ ਤੁਸੀਂ ਯੂਕੇ ਵਿੱਚ ਟੈਂਪਰੇਰੀ ਜਾਂ ਟਾਈਮ ਲਿਮਟਿਡ ਵੀਜ਼ੇ ਉੱਪਰ ਨਾ ਰਹਿ ਰਹੇ ਹੋਵੋ)।
7. ਤੁਸੀਂ ਸਭਾ ਦੇ ਸੰਵਿਧਾਨ ਅਤੇ ਹਰੇਕ ਨਿਯਮ ਨੂੰ ਮੰਨਣ ਦਾ ਵਾਅਦਾ ਕਰਦੇ ਹੋ।
8. ਤੁਹਾਡੇ ਵੱਲੋਂ ਦਿੱਤੀ ਸਾਰੀ ਜਾਣਕਾਰੀ ਸੱਚੀ ਅਤੇ ਠੀਕ ਹੈ।
9. ਤੁਸੀਂ ਇਸ ਗੱਲ ਨਾਲ ਸਹਿਮਤ ਹੋ ਕਿ ਜੇ ਤੁਸੀਂ ਕੋਈ ਗਲਤ ਜਾਣਕਾਰੀ ਦਿੱਤੀ ਹੋਵੇ ਤਾਂ ਤੁਹਾਡੀ ਮੈਂਬਰਸ਼ਿਪ ਆਪਣੇ-ਆਪ ਰੱਦ ਹੋ ਜਾਵੇਗੀ ਅਤੇ ਤੁਹਾਨੂੰ ਭਵਿੱਖ ਵਿੱਚ ਸਭਾ ਦੀ ਮੈਂਬਰਸ਼ਿਪ ਤੋਂ ਵੀ ਵਾਂਝਾ ਰੱਖਿਆ ਜਾ ਸਕਦਾ ਹੈ।
10. ਤੁਸੀਂ ਇਸ ਗੱਲ ਨਾਲ ਸਹਿਮਤ ਹੋ ਕਿ ਤੁਹਾਡਾ ਨਾਮ ਅਤੇ ਐਡਰੈੱਸ ਸਭਾ ਦੀਆਂ ਚੋਣਾਂ ਲੜ ਰਹੇ ਕੈਂਡੀਡੇਟ ਨਾਲ ਸ਼ੇਅਰ ਕੀਤਾ ਜਾ ਸਕਦਾ ਹੈ।
11. ਤੁਸੀਂ ਆਪਣੀ ਮਰਜ਼ੀ ਨਾਲ ਸਹਿਮਤ ਹੋ ਕਿ ਤੁਹਾਡੇ ਵੱਲੋਂ ਦਿੱਤੀ ਜਾਣਕਾਰੀ ਜਾਂ ਅਡੈਂਟਿਟੀ ਅਤੇ ਐਡਰੈੱਸ ਨੂੰ ਵੈਰੀਫਾਈ ਤੇ ਚੈੱਕ ਕਰਨ ਲਈ ਇਕ ਜਾਂ ਵੱਧ ਕ੍ਰੈਡਿਟ ਰੈਫਰੈਂਸ ਏਜੰਸੀਆਂ ਕੋਲ ਤੁਹਾਡੀ ਜਾਣਕਾਰੀ ਜਾਂ ਡਾਕੂਮੈਂਟਸ ਸ਼ੇਅਰ ਕੀਤੇ ਜਾ ਸਕਦੇ ਹਨ।
12. ਤਸੀਂ www.sgsss.org/data 'ਤੇ ਦਿੱਤੀ ਗਈ ਅਤੇ ਸਮੇਂ-ਸਮੇਂ 'ਤੇ ਅਮੈਨਡਿਡ ਜਾਂ ਅੱਪਡੇਟ ਕੀਤੀ ਜਾਣ ਵਾਲੀ ਸਭਾ ਦੀ GDPR ਨੀਤੀ ਨੂੰ ਮਨਜ਼ੂਰ ਕਰਦੇ ਹੋ।

**ਨੋਟ:- ਇਹ ਪੰਜਾਬੀ ਨੋਟਿਸ ਸਿਰਫ ਜਾਣਕਾਰੀ ਲਈ ਦਿੱਤਾ ਗਿਆ ਹੈ। ਅੰਗਰੇਜ਼ੀ ਨੋਟਿਸ ਹੀ ਸਰਕਾਰੀ ਅਤੇ ਕਾਨੂੰਨੀ ਤੌਰ 'ਤੇ ਮੰਨਿਆ ਜਾਵੇਗਾ।**

*NOTE:- This translated Panjabi notice has been provided for information purposes only. In the event of any discrepancy, the signed English version shall serve as the official and legally binding notice.*

**ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ**

2-8 Park Avenue, Southall, Middlesex, UB1 3AG, Tel: 020 8574 8901 Fax: 020 8574 8902

**GURDWARA SRI GURU SINGH SABHA SOUTHALL**

Guru Nanak Road, Southall, Middlesex, UB2 4NP, Tel: 020 8574 4311 Fax: 020 8574 8902

## ਮਾਮਲਾ ਵੀਐਚਪੀ ਦੇ ਨੇਤਾ ਵਿਕਾਸ ਪ੍ਰਭਾਕਰ ਦੀ ਹੱਤਿਆ ਨਾਲ ਸਬੰਧਤ

# ਖਾਲਿਸਤਾਨੀ ਹਿੰਸਕ ਨੈੱਟਵਰਕ ਕਾਰਣ ਐੱਨਆਈਏ ਨੇ ਪੰਜਾਬ ਹਰਿਆਣਾ ਤੇ ਯੂਪੀ ਵਿਚ ਮਾਰੇ ਛਾਪੇ

ਨਵੀਂ ਦਿੱਲੀ-ਕੌਮੀ ਜਾਂਚ ਏਜੰਸੀ (ਐਨਆਈਏ) ਨੇ ਬੀਤੇ ਦਿਨੀਂ ਖਾਲਿਸਤਾਨੀ ਹਿੰਸਕ ਨੈੱਟਵਰਕ ਦੀ ਜਾਂਚ ਲਈ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਵਿੱਚ 18 ਥਾਵਾਂ ’ਤੇ ਮਾਰੇ ਛਾਪਿਆਂ ਦੌਰਾਨ ਮੋਬਾਈਲ, ਡਿਜੀਟਲ ਡਿਵਾਈਸ ਅਤੇ ਭੜਕਾਊ ਸਮੱਗਰੀ ਜ਼ਬਤ ਕੀਤੀ ਹੈ।

ਜਾਂਚ ਏਜੰਸੀ ਵੱਲੋਂ ਜਾਰੀ ਬਿਆਨ ਅਨੁਸਾਰ ਪਾਬੰਦੀਸ਼ੁਦਾ ਜਥੇਬੰਦੀ ਬੱਬਰ ਖਾਲਸਾ ਇੰਟਰਨੈਸ਼ਨਲ (ਬੀਕੇਆਈ) ਦੇ ਸੰਚਾਲਕ ਕੁਲਬੀਰ ਸਿੱਧੂ, ਅਮਰੀਕਾ ਸਥਿਤ ਗੈਂਗਸਟਰ ਮਨੀਸ਼ ਉਰਫ਼ ਕਾਕਾ ਰਾਣਾ ਅਤੇ ਭਾਰਤ ਅਤੇ ਹੋਰ ਕਈ ਦੇਸ਼ਾਂ ਵਿੱਚ ਸਥਿਤ ਉਨ੍ਹਾਂ ਦੇ ਨੈੱਟਵਰਕ ਨਾਲ ਜੁੜੇ ਸ਼ੱਕੀ ਵਿਅਕਤੀਆਂ ਦੇ ਟਿਕਾਣਿਆਂ ’ਤੇ ਛਾਪੇ ਮਾਰੇ ਗਏ।

ਸਿੱਧੂ, ਮੂਲ ਰੂਪ ਵਿੱਚ ਹਰਿਆਣਾ ਦੇ ਯਮੁਨਾਨਗਰ ਦਾ ਰਹਿਣ ਵਾਲਾ ਹੈ ਅਤੇ ਇਸ ਸਮੇਂ ਜਰਮਨੀ ਵਿੱਚ ਹੈ ਅਤੇ ਨਾਮਜ਼ਦ ਖਾੜਕੂ ਅਤੇ ਬੀਕੇਆਈ ਮੁਖੀ ਵਧਾਵਾ ਸਿੰਘ ਬੱਬਰ ਦਾ ਮੁੱਖ ਸਾਥੀ ਹੈ।

ਸਿੱਧੂ ਅਪਰੈਲ 2024 ਵਿੱਚ ਪੰਜਾਬ ਦੇ ਨੰਗਲ ਵਿੱਚ ਵਿਸ਼ਵ ਹਿੰਦੂ ਪ੍ਰੀਸ਼ਦ (ਵੀਐਚਪੀ) ਦੇ ਨੇਤਾ ਵਿਕਾਸ ਪ੍ਰਭਾਕਰ ਦੀ ਹੱਤਿਆ ਨਾਲ ਸਬੰਧਤ ਐਨਆਈਏ ਕੇਸ ਵਿੱਚ ਵੀ ਮੁਲਜ਼ਮ ਹੈ।

ਇਹ ਛਾਪੇ ਪੰਜਾਬ ਦੇ ਸਾਬਕਾ ਮੰਤਰੀ ਮਨੋਰੰਜਨ ਕਾਲੀਆ ਦੇ ਘਰ ’ਤੇ ਹਾਲ ਹੀ



ਵਿੱਚ ਹੋਏ ਗ੍ਰਨੇਡ ਹਮਲੇ ਦੀ ਐੱਨਆਈਏ ਜਾਂਚ ਦੀ ਕੜੀ ਵਜੋਂ ਮਾਰੇ ਗਏ ਸਨ। ਬਿਆਨ ਵਿਚ ਕਿਹਾ ਗਿਆ, “ਜਲੰਧਰ ਵਿੱਚ ਪੰਜਾਬ ਦੇ ਸਾਬਕਾ ਮੰਤਰੀ ਦੇ ਘਰ ’ਤੇ ਦਹਿਸ਼ਤੀ ਹਮਲਾ 7 ਅਪਰੈਲ 2025 ਦੀ ਰਾਤ ਨੂੰ ਮੁਲਜ਼ਮ ਸੈਦੁਲ ਅਮੀਨ ਵੱਲੋਂ ਕੀਤਾ ਗਿਆ ਸੀ, ਜਿਸ ਨੂੰ ਪੰਜਾਬ ਪੁਲੀਸ ਨੇ 12 ਅਪਰੈਲ ਨੂੰ ਗ੍ਰਿਫਤਾਰ ਕੀਤਾ ਸੀ।”

ਪੰਜਾਬ ਵਿਚ ਹੁਸ਼ਿਆਰਪੁਰ, ਗੁਰਦਾਸਪੁਰ, ਤਰਨ ਤਾਰਨ ਤੇ ਮਾਨਸਾ ਜ਼ਿਲ੍ਹਿਆਂ ਜਦੋਂਕਿ ਹਰਿਆਣਾ ਵਿਚ ਕੁਰੂਕਸ਼ੇਤਰ, ਯਮੁਨਾਨਗਰ, ਕਰਨਾਲ ਤੇ ਅੰਬਾਲਾ ਜ਼ਿਲ੍ਹਿਆਂ ਵਿਚ ਐੱਨਆਈਏ ਦੀ ਟੀਮ ਨੇ ਛਾਪੇ ਮਾਰੇ। ਇਸ ਦੇ ਨਾਲ ਹੀ ਯੂਪੀ ਦੇ ਅਮਰੋਹਾ ਜ਼ਿਲ੍ਹੇ ਵਿਚ ਛਾਪੇ ਮਾਰ ਗਏ।

# ਸਹੁਰੇ ਨੇ ਸਿਰ ਉਪਰ ਰਾਡ ਮਾਰ ਕੇ ਨੂੰਹ ਦੀ ਕੀਤੀ ਹੱਤਿਆ, ਕਰੈਕਟਰ ’ਤੇ ਕਰਦਾ ਸੀ ਸ਼ੱਕ

ਮੋਗਾ-ਮੋਗਾ ਦੇ ਹਲਕਾ ਧਰਮਕੋਟ ਅਧੀਨ ਆਉਂਦੇ ਪਿੰਡ ਬਲਖੰਡੀ ਵਿਖੇ ਸਹੁਰੇ ਵਲੋਂ ਆਪਣੀ ਨੂੰਹ ਦੇ ਸਿਰ ਵਿਚ ਰਾਡ ਮਾਰ ਕੇ ਕਤਲ ਕਰ ਦਿੱਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।



ਜਾਣਕਾਰੀ ਮੁਤਾਬਿਕ ਇਸ ਸੰਬੰਧੀ ਥਾਣਾ ਧਰਮਕੋਟ ਦੇ ਡੀ.ਐਸ.ਪੀ. ਰਮਨਦੀਪ ਸਿੰਘ ਨੇ ਦੱਸਿਆ ਕਿ ਬੀਤੇ ਦਿਨ ਬਲਜੀਤ ਸਿੰਘ ਵਾਸੀ ਫਿੱਡੇ ਕਲਾਂ ਜ਼ਿਲ੍ਹਾ ਫ਼ਰੀਦਕੋਟ ਨੇ ਥਾਣਾ ਕੋਟ ਈਸੇ ਖਾਂ ਦੇ ਮੁੱਖ ਅ਼ਫਸਰ ਇੰਸਪੈਕਟਰ ਗੁਰਵਿੰਦਰ ਸਿੰਘ ਨੂੰ ਲਿਖਤੀ ਸ਼ਿਕਾਇਤ ਦਰਜ ਕਰਵਾਈ ਕਿ ਉਸ ਦੀ ਲੜਕੀ ਲਵਪ੍ਰੀਤ ਕੌਰ ਦੀ ਸ਼ਾਦੀ ਬਲਖੰਡੀ ਨਿਵਾਸੀ ਸਤਵਿੰਦਰ ਸਿੰਘ ਨਾਲ ਹੋਈ ਸੀ ਅਤੇ ਉਹ ਆਪਣੀ ਬੇਟੀ ਲਵਪ੍ਰੀਤ ਕੌਰ ਨੂੰ ਮਿਲਣ ਲਈ ਆਇਆ ਸੀ ਤਾਂ ਉਸ ਦੀ ਬੇਟੀ ਲਵਪ੍ਰੀਤ ਕੌਰ ਅਤੇ ਉਸ ਦੇ ਸਹੁਰੇ ਜਸਪਾਲ ਸਿੰਘ ਵਿਚਕਾਰ ਕਿਸੇ ਗੱਲ ਨੂੰ ਲੈ ਕੇ ਤਕਰਾਰ ਹੋ ਗਿਆ ਤੇ ਵੇਖਦੇ ਹੀ ਉਸ ਨੇ ਲੋਹੇ ਦੀ ਰਾਡ ਉਸ ਦੇ ਸਿਰਫ਼ ਵਿਚ ਮਾਰੀ ਜਿਸ ਦੌਰਾਨ ਲਵਪ੍ਰੀਤ ਕੌਰ ਦੀ ਮੌਤ ਹੋ ਗਈ। ਇੰਸਪੈਕਟਰ ਗੁਰਵਿੰਦਰ ਸਿੰਘ ਵਲੋਂ ਕੀਤੀ ਜਾਂਚ ਤੋਂ ਬਾਅਦ ਘਟਨਾ ਨੂੰ ਅੰਜਾਮ ਦੇਣ ਵਾਲੇ ਜਸਪਾਲ ਸਿੰਘ ਸਿੰਘ ਨੂੰ ਗ੍ਰਿ਼ਫਤਾਰ ਕਰਕੇ ਉਸ ਖ਼ਿਲਾ਼ਫ ਥਾਣਾ ਕੋਟ ਈਸੇ ਖਾਂ ਵਿਖੇ ਮਾਮਲਾ ਦਰਜ ਕਰ ਲਿਆ ਗਿਆ। ਡੀ.ਐਸ.ਪੀ. ਰਮਨਦੀਪ ਸਿੰਘ ਨੇ ਦੱਸਿਆ ਕਿ ਕਤਲ ਦੀ ਵਜ੍ਹਾ ਰੰਜਸ਼ ਇਹ ਹੈ ਕਿ ਜਸਪਾਲ ਸਿੰਘ ਆਪਣੀ ਨੂੰਹ ਲਵਪ੍ਰੀਤ ਕੌਰ ਦੇ ਚਰਿੱਤਰ ’ਤੇ ਸ਼ੱਕ ਕਰਦਾ ਸੀ।

# ✶ ਮਿੰਨੀ ਕਹਾਣੀਆਂ ✶

## ਬਹੁਤ ਦੂਰ

ਕਰਨੈਲ ਸਿੰਘ ਚੜ੍ਹਦੇ ਸੂਰਜ ਦੀ ਲਾਲੀ ਵੱਲ ਟਿਕਟਿਕੀ ਲਗਾਈ ਪਤਾ ਨਹੀਂ ਕਿਹੜੀਆਂ ਡੂੰਘੀਆਂ ਸੋਚਾਂ ਵਿੱਚ ਡੁੱਬਿਆ ਪਿਆ ਸੀ। ਉਹ ਰੋਜ਼ਾਨਾ ਦੀ ਤਰ੍ਹਾਂ ਅੱਜ ਵੀ ਸਵੇਰ ਦੀ ਸੈਰ ਕਰਨ ਮਗਰੋਂ ਕੈਲਗਰੀ ਦੇ ਪਾਰਕ ਵਿੱਚ ਇਕਾਂਤ ਚਿੱਤ ਹੋ ਕੇ ਬੈਠਾ ਹੋਇਆ ਸੀ।

“ਬਾਈ ਜੀ !! ਸਤਿ ਸ੍ਰੀ ਅਕਾਲ ਜੀ।” ਅਚਨਚੇਤ ਪਿੱਛੋਂ ਆਈ ਗੜਕਦੀ ਆਵਾਜ਼ ਨੇ ਕਰਨੈਲ ਦਾ ਸਾਰਾ ਅੰਤਰ ਧਿਆਨ ਭੰਗ ਕਰ ਦਿੱਤਾ ਅਤੇ ਉਹ ਮੋੜਵਾਂ ਜਵਾਬ ਦਿੰਦਾ ਬੋਲਿਆ, “ਸਤਿ ਸ੍ਰੀ ਅਕਾਲ ਜੀ, ਸਾਸ ਰੀ ਕਾਲ।”

“ਬਾਈ ਜੀ !! ਮੈਂ ਗੁਰਨਾਮ ਸਿੰਘ ਮੋਗੇ ਤੋਂ !! ਮਖਿਆ ਬਾਈ ਜੀ ‘ਕੱਲੇ ਈ ਬੈਠੇ ਵਾ, ਹੋਰ ਸੁਣਾਓ !! ਕਿਹੜਾ ਇਲਾਕਾ ਜੀ ਆਪਣਾ ?” ਗੁਰਨਾਮ ਇੱਕੋ ਸਾਹੇ ਬਹੁਤ ਕੁਝ ਬਿਆਨ ਕਰ ਗਿਆ।

“ਭਾਅ ਜੀ !! ਅੰਬਰਸਰ ਲਾਗਿਓਂ ਪਿੱਛਾ ਐ ਜੀ ਅਸਾਡਾ,” ਕਰਨੈਲ ਬੋਲਿਆ।

“ਕੁਸ਼ ਵੀ ਐ ਬਾਈ ਜੀ, ਆਪਾਂ ਤਾਂ ਕਨੇਡਾ ਆ ਕੇ ਸਵਰਗ ’ਚ ਆ ਗਏ ਆਂ। ਸ਼ੁਕਰ ਐ ਦਾਤੇ ਦਾ ਜੀਹਨੇ ਇਹ ਭਾਗਾਂ ਆਲ਼ੀ ਧਰਤੀ ਦੇ ਦਰਸ਼ਨ ਕਰਵਾ ਦਿੱਤੇ,” ਗੁਰਨਾਮ ਖ਼ੁਸ਼ੀ ’ਚ ਖੀਵਾ ਹੋਇਆ ਬੋਲੀ ਜਾ ਰਿਹਾ ਸੀ।

“ਭਾਅ ਜੀ !! ਆਪੋ ਆਪਣੀ ਥਾਂ ਸਭ ਸਵਰਗ ਹੀ ਹੁੰਦੇ ਐ। ਹੁਣ ਤਾਂ ਕਹਿੰਦੇ ਆ ਕਿ ਪੰਜਾਬ ਵੀ ਬਹੁਤ ਬਦਲ ਗਿਆ ਐ। ਭਲਾ ਓਥੇ ਕਿੰਨੀ ਕੁ ਤਰੱਕੀ ਹੋ ਗਈ ਐ ?” ਕਰਨੈਲ ਨੇ ਪੁੱਛਿਆ।

“ਸਵਾਹ ਤਰੱਕੀ ਹੋ ਗਈ !! ਓਹੀ ਬਾਹਾਂ-ਕੁਹਾੜੀ ਐ। ਨਾ ਤੁਸੀਂ ਨਹੀਂ ਗਏ ਕਦੇ ਪੰਜਾਬ ? ਨਾਲ਼ੇ ਅੱਜ-ਕੱਲ੍ਹ ਜਾਣਾ ਕੀ ਔਖਾ ਵਾ ! ਹੁਣ ਤਾਂ ਇਉਂ ਲੱਗਦਾ ਜਿਵੇਂ ਪੰਜਾਬ ਆਹ ਖੜ੍ਹਾ ਹੋਵੇ। ਆਪਾਂ ਤਾਂ ਹਰ ਛਿਮਾਹੀ ਗੇੜਾ ਮਾਰ ਆਈਦਾ,” ਗੁਰਨਾਮ ਆਪਣੇ ਆਪ ਕਈ ਸਵਾਲ ਜਵਾਬ ਕਰ ਗਿਆ।

“ਭਾਅ ਜੀ ਜੇ ਸੱਚ ਪੁੱਛੋ, ਮੈਥੋਂ ਤਾਂ ਪੰਜਾਬ ਹੁਣ ਬਹੁਤ ਹੀ ਦੂਰ ਹੋ ਗਿਆ,” ਇਹ ਆਖਦਿਆਂ ਕਰਨੈਲ ਅੱਖਾਂ ਭਰ ਆਇਆ।

“ਨਾ !! ਤੁਹਾਡਾ ਕਿਹੜਾ ਵੀਜ਼ਾ ਨਹੀਂ ਲੱਗਦਾ !! ਭਾਵੇਂ ਅਗਲੇ ਹ.ਫਤੇ ਪੰਜਾਬ ਚਲੇ ਜਾਓ,” ਗੁਰਨਾਮ ਨੇ ਉਤਸੁਕਤਾ ਨਾਲ ਕਿਹਾ। ਇਹ ਸੁਣ ਕੇ ਕਰਨੈਲ ਅੱਖਾਂ ਪੂੰਝਦਾ ਬੋਲਿਆ, “ਉਹ ਤਾਂ ਤੁਹਾਡੀ ਗੱਲ ਠੀਕ ਐ, ਪਰ ਮੈਂ ਤਾਂ ਕਿੰਨੇ ਸਾਲ ਪਹਿਲਾਂ ਹੀ ਓਥੋਂ ਆਪਣੀ ਸਾਰੀ ਜ਼ਮੀਨ-ਜਾਇਦਾਦ ਵੇਚ ਆਇਆ ਸੀ। ਹੁਣ ਜਾਵਾਂ ਕਿੱਥੇ ? ਹੁਣ ਤਾਂ ਪੰਜਾਬ ਬਹੁਤ ਦੂਰ ਹੋ ਗਿਆ, ਭਰਾਵਾ !! ਮੈਥੋਂ ਤਾਂ ਬਹੁਤ ਦੂਰ ਹੋ ਗਿਆ।”

- ਮਾਸਟਰ ਸੁਖਵਿੰਦਰ ਦਾਨਗੜ੍ਹ

## ਔਨਲਾਈਨ ਆਰਡਰ

“ਦੋ ਮਹੀਨੇ ਤੋਂ ਉੱਪਰ ਹੋ ਗਏ ਹਨ ਕੁਝ ਸੁਆਦੀ ਖਾਧੇ ਹੋਏ। ਮੰਮੀ ਵੀ ਕੀ ਕਰਨ ! ਇੱਕ ਤਾਂ ਲੌਕਡਾਊਨ ਕਰਕੇ ਸਾਰਾ ਸਾਮਾਨ ਵੀ ਨਹੀਂ ਮਿਲ ਰਿਹਾ। ਦੂਜਾ ਬਾਜ਼ਾਰ ਦੇ ਖਾਣੇ ਵਾਲਾ ਸੁਆਦ ਵੀ ਕਿੱਥੇ ਬਣ ਸਕਦਾ ਏ ਭਲਾ ? ਸ਼ੁਕਰ ਹੈ ਕਿ ਹੁਣ ਕੁਝ ਰਾਹਤ ਮਿਲਣ ’ਤੇ ਔਨਲਾਈਨ ਆਰਡਰ ਕਰ ਸਕਦੇ ਹਾਂ।” ਲੌਕਡਾਊਨ ਦੌਰਾਨ ਵੱਡੇ ਵੀਰ ਨੇ ਕਿਹਾ। “ਮੈਂ ਤਾਂ ਟਿੱਕੀ ਬਰਗਰ ਖਾਵਾਂਗਾ। ਪਰ ਵੀਰ ਜੀ, ਤੁਸੀਂ ਮੰਮੀ ਨੂੰ ਦੱਸੇ ਬਿਨਾਂ ਹੀ ਆਰਡਰ ਕਰ ਦਿਓ। ਨਹੀਂ ਤਾਂ ਉਹ ਨਾਰਾਜ਼ ਹੋ ਜਾਣਗੇ। ਚਲੋ, ਮੈਨੂੰ ਮੰਮੀ ਬੁਲਾ ਰਹੇ ਹਨ। ਮੈਂ ਉਨ੍ਹਾਂ ਦੀ ਗੱਲ ਸੁਣ ਕੇ ਆਉਂਦਾ ਹਾਂ।”

“ਹਾਂ ਜੀ ਮੰਮੀ, ਤੁਸੀਂ ਮੈਨੂੰ ਬੁਲਾਇਆ ਏ ?” “ਹਾਂ ਜੀ ਬੇਟਾ, ਮੈਂ ਅੱਜ ਤੁਹਾਡੇ ਲਈ ਟਿੱਕੀਆਂ ਬਣਾਉਣ ਬਾਰੇ ਸੋਚ ਰਹੀ ਸੀ। ਬਹੁਤ ਦਿਨਾਂ ਤੋਂ ਤੁਸੀਂ ਕੁਝ ਅਲੱਗ ਦਾ ਖਾਣ ਲਈ ਕਹਿ ਰਹੇ ਸੀ। ਮੈਂ ਬਾਜ਼ਾਰ ਵਾਂਗ ਸੁਆਦੀ ਟਿੱਕੀਆਂ ਬਣਾਉਣ ਲਈ ਰੈਸਪੀ ਪੜ੍ਹੀ ਹੈ। ਇਸ ਲਈ ਮੈਨੂੰ ਤੁਹਾਡੀ ਸਹਾਇਤਾ ਦੀ ਲੋੜ ਏ।”

“ਹਾਂ ਜੀ ਮੰਮੀ ਦੱਸੋ ?”

“ਬੇਟਾ, ਮੇਰੀ ਨਿਗਾਹ ਘਟ ਗਈ ਏ। ਇਸ ਲਈ ਔਹ ਸੂਜੀ ਨੂੰ ਪਲੇਟ ਵਿੱਚ ਪਾ ਕੇ ਦੇਖੋ ਉਸ ਵਿੱਚ ‘ਜੀਅ’ ਤਾਂ ਨਹੀਂ ਹਨ।”

“ਮੰਮੀ, ਇਸ ਵਿੱਚ ਤਾਂ ਬਹੁਤ ਜ਼ਿਆਦਾ ਬਰੀਕ ਸੁੰਡ ਹਨ। ਇਸ ਨੂੰ ਸੁੱਟਣਾ ਹੀ ਠੀਕ ਰਹੇਗਾ।”

“ਠੀਕ ਹੈ ਬੇਟਾ, ਇਸ ਨੂੰ ਕੂੜਾਦਾਨ ਵਿੱਚ ਸੁੱਟ ਦਿਉ। ਇਸੇ ਲਈ ਹੀ ਮੈਂ ਬਾਹਰ ਦੇ ਖਾਣੇ ਤੋਂ ਮਨ੍ਹਾਂ ਕਰਦੀ ਰਹਿੰਦੀ ਹਾਂ। ਉਹ ਪਤਾ ਨਹੀਂ ਖਰਾਬ ਚੀਜ਼ਾਂ ਸੁੱਟਦੇ ਵੀ ਹੋਣਗੇ ਜਾਂ ਨਹੀਂ !”

“ਓ… ਮੰਮੀ ਮੈਂ ਆਇਆ।”

“ਵੀਰ ਜੀ ! ਵੀਰ ਜੀ ! ਆਰਡਰ ! ਜਲਦੀ ਫ਼ੋਨ ਦਿਉ। ਮੈਂ ਅੱਜ ਦਾ ਆਰਡਰ ਕੈਂਸਲ ਕਰਨਾ ਹੈ।” - ਜਗਨਾ ਨੰਬਰਦਾਰ

## ਸੋਚ


‘ਮੈਂ ਕਿਹਾ ਜੀ, ਸੁਣਦੇ ਹੋ।’ ਰਸੋਈ ’ਚੋਂ ਆਪਣੀ ਪਤਨੀ ਦੀ ਆਵਾਜ਼ ਸੁਣ ਕੇ ਮੈਂ ਤ੍ਰਭਕ ਗਿਆ ਸੀ, ਕਰਵਾਚੌਥ ਦੇ ਵਰਤ ਸਬੰਧੀ ਲਿਆਂਦੇ ਸਾਮਾਨ ’ਚ ਕਿਤੇ ਮੇਰੇ ਤੋਂ ਕੋਈ ਗੜਬੜ ਤਾਂ ਨਹੀਂ ਹੋ ਗਈ। ਰਸੋਈ ਵਿਚ ਪਹੁੰਚਿਆ ਤਾਂ ਉਹ ਸੱਚਮੁੱਚ ਹੀ ਵਰਤ ਵਾਲੇ ਸਾਮਾਨ ਦਾ ਲਿ.ਫਾ.ਫਾ ਚੁੱਕੀ ਖੜ੍ਹੀ ਸੀ। ਇਹ ਸਭ ਦੇਖ ਕੇ ਮੈਂ ਆਪ ਮੁਹਾਰੇ ਹੀ ਬੋਲ ਉੱਠਿਆ, ‘ਹੁਣ ਕੀ ਰਹਿ ਗਿਆ ਲਿਆਉਣ ਵਾਲਾ, ਯਾਰ ! ਇਕ ਵਾਰ ਕਿਉਂ ਨਹੀਂ ਦੱਸਦੀ ਹੁੰਦੀ।’ ਪਤਨੀ ਨੇ ਮੁਸਕਰਾਉਂਦਿਆਂ ਕਿਹਾ, ‘ਕੁਝ ਨਹੀਂ ਰਿਹਾ ਜੀ, ਮੈਂ ਕਹਿੰਦੀ ਹਾਂ ਆਹ ਜੋ ਸਾਮਾਨ ਹੈ, ਉਹ ਆਪਾਂ ਗੁਆਂਢ ’ਚ ਰਹਿੰਦੀ .ਗਰੀਬਣੀ ਤੇਜੋ ਨੂੰ ਦੇ ਆਈਏ, ਉਸ ਦੇ ਜਵਾਕ ਖਾ ਲੈਣਗੇ, ਅਸੀਸਾਂ ਦੇਊਗੀ। ਵਰਤ ਤਾਂ ਮੈਂ ਸਿਰਫ਼ ਗਰਮ ਪਾਣੀ ਪੀ ਕੇ ਰੱਖਿਆ ਹੈ, ਮੇਰੇ ਵਰਤ ਰੱਖਣ ਨਾਲ ਤੁਹਾਡੀ ਉਮਰ ਲੰਮੀ ਹੋਵੇ ਜਾਂ ਨਾ ਹੋਵੇ, ਪਰ ਮੇਰਾ ਯਕੀਨ ਹੈ ਉਨ੍ਹਾਂ ਦੀਆਂ ਅਸੀਸਾਂ ਬੇਕਾਰ ਨਹੀਂ ਜਾਣਗੀਆਂ।’ ਆਪਣੀ ਪਤਨੀ ਦੀ ਇਸ ਬਦਲੀ ਹੋਈ ਸੋਚ ਤੋਂ ਮੈਂ ਹੈਰਾਨ ਸੀ, ਪਰ ਅੰਦਰੋਂ ਬੇਹੱਦ ਖ਼ੁਸ਼ ਸੀ।

- ਡਾ. ਗੁਰਤੇਜ ਸਿੰਘ

# ਜੂਨ 1716, ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਨੂੰ ਸਮਰਪਿਤ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਲੇਖਕ - ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477





## ਦੂਜੀ ਕਿਸ਼ਤ

ਪਹਿਲਾਂ ਉਨ੍ਹਾਂ ਦੇ ਇਕ ਧੜੇ ਨੂੰ ਆਪਣੇ ਨਾਲ ਜੋੜ ਕੇ ਦੂਜੇ ਧੜੇ ਨੂੰ ਖ਼ਤਮ ਕਰ ਦਿੱਤਾ ਜਾਵੇ ਅਤੇ ਬਾਅਦ ਵਿੱਚ ਦੂਜੇ ਧੜੇ ਦਾ ਵੀ ਉਹ ਹੀ ਹਸ਼ਰ ਕੀਤਾ ਜਾਵੇ।

ਫਰੱਖਸੀਅਰ ਨੂੰ ਅਬੱਦੁਸ ਸਮੱਦ ਖਾਨ ਅਤੇ ਉਸ ਦੇ ਸਾਥ ਜਰਨੈਲਾਂ ਦੀ ਇਹ ਸਲਾਹ ਪਸੰਦ ਆਈ, ਇਸ ਕੁਟਿਲ ਨੀਤੀ ਨੂੰ ਅਮਲ ਵਿੱਚ ਲਿਆਉਣ ਲਈ ਉਨ੍ਹਾਂ ਨੇ ਬੰਦਾ ਸਿੰਘ ਬਹਾਦਰ ਦੇ ਖਿਲਾਫ ਸਿੱਖਾਂ ਵਿੱਚੋਂ ਹੀ ਐਸੇ ਸਿੱਖ ਲੱਭਣੇ ਸ਼ੁਰੂ ਕਰ ਦਿੱਤੇ ਜਿਹੜੇ ਬੰਦਾ ਸਿੰਘ ਬਹਾਦਰ ਨੂੰ ਹਰਾਉਣ ਲਈ ਸਰਕਾਰ ਨਾਲ ਮਿਲ ਕੇ ਚੱਲ ਸਕਦੇ ਹੋਣ ਅਤੇ ਦੂਜੀ ਚਾਲ ਇਹ ਚੱਲੀ ਕਿ ਮੁਸਲਮਾਨਾਂ ਨੂੰ ਜਹਾਦ ਦੇ ਨਾਂ ਹੇਠ ਖ਼ਾਲਸਾ ਰਾਜ ਦੇ ਵਿਰੁੱਧ ਲੜਣ ਲਈ ਲਾਮਬੰਦ ਕਰਨਾ ਸ਼ੁਰੂ ਕਰ ਦਿੱਤਾ। ਸਿੱਟੇ ਵਜੋਂ ਦੋਹਾਂ ਹੀ ਮੁਹਾਦਾਂ ਤੋਂ ਮੁਗ਼ਲ ਸ਼ਾਹੀ ਨੇ ਬੰਦਾ ਸਿੰਘ ਬਹਾਦਰ ਅਤੇ ਖ਼ਾਲਸਾ ਰਾਜ ਦੇ ਖਿਲਾਫ ਮੁਹਿੰਮ ਛੇੜ ਦਿੱਤੀ।

ਸਿੱਖਾਂ ਵਿੱਚੋਂ ਇਕ ਮੁਤਬੰਨਾ ਪੁੱਤਰ ਕਹੇ ਜਾਣ ਵਾਲਾ ਅਜੀਤ ਸਿੰਘ ਨੂੰ ਬੰਦਾ ਸਿੰਘ ਬਹਾਦਰ ਦੇ ਖਿਲਾਫ ਸਿੱਖ ਨੇਤਾ ਦੇ ਤੌਰ 'ਤੇ ਖੜਾ ਕੀਤਾ ਗਿਆ। ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਅਸਲ ਸਾਹਿਬਜ਼ਾਦਾ ਬਣਾ ਕੇ ਪੇਸ਼ ਕੀਤਾ ਗਿਆ ਸੀ, ਮਾਤਾ ਸੁੰਦਰ ਕੌਰ ਜੀ ਦਾ ਨਾਮ ਵੀ ਇਸ ਨਾਲ ਜੋੜਿਆ ਗਿਆ ਸੀ। ਹੋ ਸਕਦਾ ਹੈ ਮਾਤਾ ਜੀ ਨੂੰ ਇਸ ਸਾਜਿਸ਼ ਦਾ ਕੋਈ ਪਤਾ ਵੀ ਨਾ ਹੋਵੇ। ਪੰਜ ਮੈਂਬਰੀ ਖ਼ਾਲਸਾ ਦੇ ਦੋ ਮੈਂਬਰਾਂ ਬਾਵਾ ਵਿਨੋਦ ਸਿੰਘ ਅਤੇ ਬਾਵਾ ਕਾਹਨ ਸਿੰਘ ਨੂੰ ਵੀ ਤੋੜ ਲਿਆ ਗਿਆ। ਇਨ੍ਹਾਂ ਦੋਹਾਂ ਮੈਂਬਰਾਂ ਨੂੰ ਗੁਰੂ ਅੰਗਦ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਦੀ ਵੰਸ਼ ਵਿੱਚੋਂ ਹੋਣ ਵਾਲੇ ਤ੍ਰਿਹਣ-ਭੱਲੇ ਸਾਹਿਬਜ਼ਾਦੇ ਕਹਿ ਕੇ ਲੋਕਾਂ ਵਿੱਚ ਵਡਿਆਇਆ ਗਿਆ ਸੀ। ਇਸ ਧੜੇ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਅਸਲ ਖ਼ਾਲਸਾ (ਤੱਤ ਖ਼ਾਲਸਾ) ਕਿਹਾ ਗਿਆ, ਬੰਦਾ ਸਿੰਘ ਬਹਾਦਰ ਨੂੰ ਨਕਲੀ ਖ਼ਾਲਸਾ (ਬੰਦਈ ਖ਼ਾਲਸਾ) ਕਿਹਾ ਜਾਣ ਲੱਗ ਪਿਆ ਅਤੇ ਬੰਦਾ ਸਿੰਘ ਬਹਾਦਰ ਬਾਰੇ ਹੋਰ ਵੀ ਬਹੁਤ ਕੂੜ ਪ੍ਰਚਾਰ ਕੀਤਾ ਗਿਆ, ਰਤਨ ਸਿੰਘ ਭੰਗੂ ਦੀ ਲਿਖਤ ਪ੍ਰਾਚੀਨ ਪੰਥ ਪ੍ਰਕਾਸ਼ ਵਿੱਚ ਇਸ ਦਾ ਵਿਸਥਾਰ ਵੀ ਦਿੱਤਾ ਹੋਇਆ ਹੈ। ਰਤਨ ਸਿੰਘ ਭੰਗੂ ਦੀ ਇਹ ਲਿਖਤ ਪੜ੍ਹ ਕੇ ਕਈ ਸੱਜਣ ਟਪਲਾ ਵੀ ਖਾ ਜਾਂਦੇ ਹਨ ਕਿ ਸ਼ਾਇਦ ਰਤਨ ਸਿੰਘ ਭੰਗੂ ਨੇ ਬੰਦਾ ਸਿੰਘ ਬਹਾਦਰ ਬਾਰੇ ਜਾਣ ਬੁੱਝ ਕੇ ਗ਼ਲਤ-ਬਿਆਨੀ ਕੀਤੀ ਹੈ, ਪਰ ਹਕੀਕਤ ਵਿੱਚ ਐਸਾ ਨਹੀਂ ਹੈ ਕਿਉਂਕਿ ਰਤਨ ਸਿੰਘ ਭੰਗੂ ਨੇ ਤਾਂ ਬੰਦਾ ਸਿੰਘ ਬਹਾਦਰ ਬਾਰੇ ਜੋ ਉਸ ਦੇ ਵਿਰੋਧੀਆ ਵੱਲੋਂ ਅਫ਼ਵਾਹਾਂ ਫੈਲਾਈਆਂ ਗਈਆਂ ਸਨ, ਉਹ ਜਿਵੇਂ ਉਸ ਨੇ ਸੁਣੀਆਂ ਲਿਖ ਦਿੱਤੀਆਂ, ਪਰ ਇਸ ਦਾ ਇਹ ਭਾਵ ਨਹੀਂ ਲੈਣਾ ਚਾਹੀਦਾ ਕਿ ਰਤਨ ਸਿੰਘ ਭੰਗੂ ਬੰਦਾ ਸਿੰਘ ਬਹਾਦਰ ਬਾਰੇ ਵਿਰੋਧੀਆਂ ਵੱਲੋਂ ਉਡਾਈਆਂ ਹੋਈਆਂ ਅਫ਼ਵਾਹਾਂ ਨੂੰ ਸੱਚ ਮੰਨਦਾ ਹੈ।

ਦਿੱਲੀ ਦੇ ਬਾਦਸ਼ਾਹ ਫਰੱਖਸੀਅਰ ਅਤੇ ਲਾਹੌਰ ਦੇ ਸੂਬੇਦਾਰ ਅਬੱਦੁਸ ਸਮੱਦ ਖਾਂ ਦੀ ਕੁਟਿਲ ਨੀਤੀ ਦਾ ਬੰਦਾ ਸਿੰਘ ਬਹਾਦਰ ਨੂੰ ਉਦੋਂ ਪਤਾ ਲੱਗਾ, ਜਦੋਂ ਉਸ ਦੇ ਸਾਥੀ ਬਾਵਾ ਵਿਨੋਦ ਸਿੰਘ ਅਤੇ ਬਾਵਾ ਕਾਹਨ ਸਿੰਘ ਮੁਗਲੀਆ ਹਕੂਮਤ ਨਾਲ ਮਿਲ ਗਏ ਅਤੇ ਉਨ੍ਹਾਂ ਦੀ ਡਿਊਟੀ ਸੀ ਕਿ ਉਹ ਸਿੱਖ ਸੰਗਤਾਂ ਨੂੰ ਪੇਂਡੂ ਖੇਤਰਾਂ ਵਿੱਚ ਬੰਦਾ ਸਿੰਘ ਬਹਾਦਰ ਦੇ ਹੱਕ ਵਿੱਚ ਨਾ ਉਠਣ ਦੇਣ ਅਤੇ 30 ਦੇ ਲਗਪਗ ਹਿੰਦੂ ਰਾਜੇ ਵੀ ਬੰਦਾ ਸਿੰਘ ਬਹਾਦਰ ਦੇ ਵਿਰੁੱਧ ਮੁਗਲੀਆ ਹਕੂਮਤ ਵੱਲੋਂ ਹੋ ਕੇ ਲੜੇ।

17 ਅਪ੍ਰੈਲ, 1715 ਨੂੰ ਜੰਗ ਦੀ ਸ਼ੁਰੂਆਤ ਕੀਤੀ ਗਈ। ਪਹਿਲੀ ਗਹਿਗੱਚ ਲੜਾਈ ਕੋਟ ਮਿਰਜ਼ਾ ਖ਼ਾਨ ਵਿਖੇ ਹੋਈ। ਇਥੇ ਸਿੰਘ ਜਾਨਾਂ ਤੋੜ ਕੇ ਲੜੇ, ਪਰ ਪਿੱਛੇ ਹੱਟਣਾ ਪਿਆ। ਸਾਰੇ ਪਾਸਿਉਂ ਸਿੰਘ ਜਥੇ ਜ਼ਖ਼ਮੀ ਹੋਏ ਸ਼ੇਰਾਂ ਵਾਂਗ ਪਿੱਛੇ ਹੱਟ ਗਏ ਸਨ। ਆਖਰ ਗੁਰਦਾਸ ਨੰਗਲ ਦੀ ਗੜ੍ਹੀ ਵਿੱਚ ਘਿਰ ਗਏ, ਗੜ੍ਹੀ ਦਾ ਘੇਰਾ ਲਗਪਗ ਅੱਠ ਮਹੀਨੇ ਰਿਹਾ, ਗੜ੍ਹੀ ਦੇ ਅੰਦਰੋਂ ਰਾਸ਼ਨ ਪਾਣੀ ਵੀ ਮੁੱਕ ਗਿਆ ਅਤੇ ਗੋਲੀ ਸਿੱਕਾ ਵੀ ਖ਼ਤਮ ਹੋ ਗਿਆ ਅਤੇ ਮੁਗ਼ਲ ਫੌਜਾਂ ਨੇ ਵੀ ਇਹ ਭਾਂਪ ਲਿਆ ਕਿ ਹੁਣ ਗੜ੍ਹੀ ਦੇ ਅੰਦਰੋਂ ਕੋਈ ਵੀ ਹਿੱਲਜੁਲ ਨਹੀਂ ਹੋ ਰਹੀ ਤਾਂ ਉਨ੍ਹਾਂ ਨੇ ਗੜ੍ਹੀ ਦਾ ਦਰਵਾਜ਼ਾ ਤੋੜ ਦਿੱਤਾ। ਅੱਠ ਮਹੀਨਿਆਂ ਤੋਂ ਭੁੱਖੇ ਭਾਣੇ ਬਿਮਾਰ ਸਿੰਘਾਂ ਨੂੰ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਅਤੇ ਬੰਦਾ ਸਿੰਘ ਬਹਾਦਰ ਨੂੰ ਗ੍ਰਿਫ਼ਤਾਰ ਕਰ ਲਿਆ।

ਕੁਝ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਬੰਦਾ ਸਿੰਘ ਬਹਾਦਰ ਨੇ ਗੜ੍ਹੀ ਦਾ ਦਰਵਾ-ਜਾ ਖੋਲ੍ਹ ਕੇ ਦੁਸ਼ਮਣ ਉੱਤੇ ਹਮਲਾ ਕਰ ਦਿੱਤਾ। ਦੁਸ਼ਮਣ ਦੀ ਫੌਜ ਦੀ ਗਿਣਤੀ ਬਹੁਤ ਜ਼ਿਆਦਾ ਸੀ ਅਤੇ ਉਹ ਤਾਜ਼ਾ-ਦਮ ਵੀ ਸਨ। ਦੂਜੇ ਪਾਸੇ ਬੰਦਾ ਸਿੰਘ ਬਹਾਦਰ ਦੇ ਬਹੁਤ ਥੋੜ੍ਹੇ ਜਿਹੇ ਸਾਥੀ ਹੀ ਬਚੇ ਸਨ ਅਤੇ ਉਹ ਵੀ ਭੁੱਖ ਤੇ ਬਿਮਾਰੀ ਨਾਲ ਨਿਢਾਲ ਹੋ ਚੁੱਕੇ ਸਨ ਅਤੇ ਬੰਦਾ ਸਿੰਘ ਬਹਾਦਰ ਦੇ ਗ੍ਰਿਫ਼ਤਾਰ ਹੋਣ ਦਾ ਮੁੱਖ ਕਾਰਨ ਉਸ ਦੇ ਸਾਥੀ ਬਾਵਾ ਵਿਨੋਦ ਸਿੰਘ, ਬਾਵਾ ਕਾਹਨ ਸਿੰਘ ਵੱਲੋਂ ਕੀਤੀ ਗਈ ਗੱਦਾਰੀ ਸੀ। ਉਨ੍ਹਾਂ ਦੀ ਗੱਦਾਰੀ ਕਰਕੇ ਹੀ ਬੰਦਾ ਸਿੰਘ ਬਹਾਦਰ ਆਪਣੇ ਗਿਣਤੀ ਦੇ ਸਾਥੀਆਂ ਸਮੇਤ ਗੁਰਦਾਸ ਨੰਗਲ ਦੀ ਗੜ੍ਹੀ ਵਿੱਚ ਘਿਰਿਆ ਸੀ।

ਦਸੰਬਰ ਦੇ ਅਖ਼ੀਰ ਵਿੱਚ ਬੰਦਾ ਸਿੰਘ ਬਹਾਦਰ ਤੇ ਉਸ ਦੇ ਦੂਸਰੇ ਕੈਦੀ ਸਾਥੀਆਂ ਨੂੰ ਲਾਹੌਰ ਲਿਆਂਦਾ ਗਿਆ, ਮੁਗ਼ਲ ਹਾਕਮਾਂ ਦੀ ਨਿਗਰਾਨੀ ਹੇਠ ਲਾਹੌਰ ਤੋਂ ਜਦੋਂ ਇਹ ਕੈਦੀਆਂ ਦਾ ਕਾਫ਼ਲਾ ਦਿੱਲੀ ਨੂੰ ਰਵਾਨਾ ਹੋਇਆ ਤਾਂ ਰਸਤੇ ਵਿੱਚੋਂ ਕਈ ਬੇਗੁਨਾਹ ਸਿੱਖ ਵੀ ਕੈਦ ਕਰ ਕੇ ਕਾਫ਼ਲੇ ਦੇ ਨਾਲ ਤੋਰ ਲਏ ਗਏ। ਇਹ ਸਮੁੱਚਾ ਕਾਫ਼ਲਾ ਬੜੇ ਹੀ ਸਖ਼ਤ ਫੌਜੀ ਪਹਿਰੇ ਹੇਠ 27 ਫ਼ਰਵਰੀ 1716 ਨੂੰ ਦਿੱਲੀ ਦੇ ਆਗਰਾਬਾਦ ਦਰਵਾਜੇ ਕੋਲ ਪੁੱਜਿਆ। 27 ਫ਼ਰਵਰੀ 1716 ਨੂੰ ਇਸ ਸਮੁੱਚੇ ਕਾਫ਼ਲੇ ਨੂੰ ਜਲੂਸ ਦੀ ਸ਼ਕਲ ਵਿੱਚ ਦਿੱਲੀ ਦੇ ਬਜ਼ਾਰਾਂ ਵਿੱਚੋਂ ਦੀ ਲਿਜਾਇਆ ਗਿਆ।

ਬੰਦਾ ਸਿੰਘ ਬਹਾਦਰ ਅਤੇ ਉਸ ਦੇ 17 ਸੀਨੀਅਰ ਸਾਥੀਆਂ ਨੂੰ ਤ੍ਰਿਕੋਲੀਆ ਕਿਲੇ ਦੀ ਕੈਦ ਵਿੱਚ ਬੰਦ ਕਰ ਦਿੱਤਾ ਗਿਆ ਸੀ, ਜਦੋਂ ਕਿ ਉਸ ਦੇ ਸਾਥੀ 740 ਸਿੰਘਾਂ ਨੂੰ ਅਲੱਗ ਕਿਲੇ ਵਿੱਚ ਰੱਖਿਆ ਗਿਆ ਅਤੇ ਮਗਰੋਂ 100 ਸਿੰਘਾਂ ਦੇ ਜਥੇ ਨੂੰ ਹਰ ਰੋਜ਼ ਕਤਲ ਕੀਤਾ ਜਾਂਦਾ। 10 ਮਾਰਚ ਨੂੰ ਦੋ ਅੰਗ੍ਰੇਜ਼ ਸਫ਼ੀਰਾਂ ਜੋਹਨ ਸਰਮਨ ਅਤੇ ਐਡਵਡ ਸਟੀਫਨਸਨ ਨੇ ਆਪਣੇ ਅੱਖੀਂ ਇਸ ਕਤਲੇਆਮ ਨੂੰ ਦੇਖਿਆ ਅਤੇ ਉਨ੍ਹਾਂ ਨੇ ਕਲਕੱਤੇ ਵਿਖੇ ਆਪਣੇ ਬੌਸ ਨੂੰ ਲਿਖੀ ਚਿੱਠੀ ਵਿੱਚ ਇਸ ਬਾਰੇ ਵਿਸਥਾਰ ਪੂਰਵਕ ਦੱਸਿਆ ਸੀ। ਉਨ੍ਹਾਂ ਕੰਪਨੀ ਨੂੰ ਲਿਖੀ ਚਿੱਠੀ ਵਿੱਚ ਅੰਕਿਤ ਕੀਤਾ ਕਿ ਜਿਸ ਧੀਰਜ ਨਾਲ ਉਹ ਆਪਣੀ ਤਕਦੀਰ ਨੂੰ ਪ੍ਰਵਾਣ ਕਰਦੇ ਸਨ ਇਹ ਵੱਡੇ ਮਾਅਰਕੇ ਦੀ ਗੱਲ ਹੈ। ਅੰਤ ਤੀਕ ਕੋਈ ਵੀ ਅਜਿਹੀ ਜਾਣਕਾਰੀ ਨਹੀਂ ਮਿਲੀ ਕਿ ਜਿਸ ਵਿੱਚ ਉਨ੍ਹਾਂ ਵਿੱਚੋਂ ਕਿਸੇ ਇਕ ਨੇ ਵੀ ਆਪਣੇ ਧਰਮ ਨੂੰ ਤਿਆਗਿਆ ਹੋਵੇ। ਇਨ੍ਹਾਂ ਕਤਲਾਂ ਵਿੱਚ ਇਕ ਸਿੱਖ ਨੌਜਵਾਨ ਦੇ ਦ੍ਰਿੜ੍ਹ ਇਰਾਦੇ ਦੀ ਗੱਲ ਵੀ ਅੱਖੀਂ ਵੇਖਣ ਵਾਲੇ ਲੇਖਕਾਂ ਨੇ ਲਿਖੀ ਹੈ ਕਿ ਉਸ ਸਿੱਖ ਨੌਜਵਾਨ ਦੀ ਮਾਤਾ ਨੇ ਕਿਹਾ ਹੈ ਕਿ ਮੇਰਾ ਪੁੱਤਰ ਸਿੱਖ ਨਹੀਂ ਇਸ ਕਰਕੇ ਉਸ ਨੂੰ ਛੱਡ ਦਿੱਤਾ ਜਾਵੇ। ਜਦ ਉਸ ਨੌਜਵਾਨ ਨੂੰ ਪੁੱਛਿਆ ਗਿਆ ਕਿ ਜੇ ਤੂੰ ਮੰਨ ਲਵੇਂ ਕਿ ਤੂੰ ਸਿੱਖ ਨਹੀਂ ਹਿੰਦੂ ਹੈਂ, ਤਾਂ ਤੈਨੂੰ ਛੱਡ ਦਿੱਤਾ ਜਾਵੇਗਾ। ਪਰ ਉਸ ਸਿੱਖ ਨੌਜਵਾਨ ਨੇ ਦ੍ਰਿੜ੍ਹ ਇਰਾਦੇ ਨਾਲ ਕਿਹਾ ਕਿ ਉਹ ਗੁਰੂ ਗੋਬਿੰਦ ਸਿੰਘ ਜੀ ਦਾ ਸਿੱਖ ਹੈ, ਹਿੰਦੂ ਨਹੀਂ। ਇਸ ਕਰਕੇ ਉਸ ਨੂੰ ਉਸ ਦੇ ਸਾਥੀਆਂ ਨਾਲ ਕਤਲ ਕਰ ਦਿੱਤਾ ਗਿਆ।

ਇਨ੍ਹਾਂ 740 ਸਿੰਘਾਂ ਦੇ ਕਤਲ ਤੋਂ ਬਾਅਦ ਵਾਰੀ ਆਈ ਬੰਦਾ ਸਿੰਘ ਬਹਾਦਰ ਅਤੇ ਉਸ ਦੇ ਸਾਥੀ ਸਿੱਖ ਜਰਨੈਲਾਂ ਦੀ। ਬੰਦਾ ਸਿੰਘ ਬਹਾਦਰ ਦੇ ਸਾਹਮਣੇ ਹੀ ਮਹਿਰੌਲੀ ਵਿਖੇ ਖ਼ੁਆਜਾ ਕੁਤਬ-ਦੀਨ ਬਖ਼ਤਿਆਰ ਕਾਕੀ ਦੀ ਮਜ਼ਾਰ ਦੇ ਨਜ਼ਦੀਕ ਉਸ ਦੇ ਸੀਨੀਅਰ ਸਾਥੀਆਂ ਭਾਈ ਬਾਜ ਸਿੰਘ, ਭਾਈ ਆਲੀ ਸਿੰਘ, ਭਾਈ ਮਾਲੀ ਸਿੰਘ, ਭਾਈ ਫ਼ਤਹਿ ਸਿੰਘ, ਭਾਈ ਗੁਲਾਬ ਸਿੰਘ ਆਦਿ ਨੂੰ ਸ਼ਹੀਦ ਕੀਤਾ ਗਿਆ। ਇਨ੍ਹਾਂ ਸ਼ਹਾਦਤਾਂ ਤੋਂ ਮਗਰੋਂ ਬੰਦਾ ਸਿੰਘ ਬਹਾਦਰ ਨੂੰ ਸਿਦਕ ਤੋਂ ਡੁਲਾਉਣ ਲਈ ਉਸ ਦੇ ਚਾਰ ਸਾਲ ਦੇ ਪੁੱਤਰ ਅਜੈ ਸਿੰਘ ਦਾ ਕਾਲਜਾ ਕੱਢ ਕੇ ਬੰਦਾ ਸਿੰਘ ਬਹਾਦਰ ਦੇ ਮੂੰਹ ਵਿੱਚ ਤੁੰਨਣ ਦੀ ਕੋਸ਼ਿਸ਼ ਕੀਤੀ ਗਈ ਅਤੇ ਬੰਦਾ ਸਿੰਘ ਬਹਾਦਰ ਦਾ ਮਾਸ ਜੰਬੂਰਾਂ ਨਾਲ ਨੋਚਿਆ ਗਿਆ। ਫਿਰ ਉਸ ਦਾ ਖੱਬਾ ਪੈਰ ਵੱਢ ਦਿੱਤਾ ਗਿਆ, ਉਸ ਦੇ ਪਿੱਛੋਂ ਉਸ ਦੇ ਦੋਨੋਂ ਹੱਥ ਵੱਢ ਕੇ ਵੱਖ-ਵੱਖ ਕਰ ਦਿੱਤੇ ਗਏ ਤੇ ਅੰਤ ਵਿੱਚ ਦੋਨੋਂ ਅੱਖਾਂ ਕੱਢ ਕੇ ਸ਼ਹੀਦ ਕਰ ਦਿੱਤਾ ਗਿਆ। ਇਹ ਸ਼ਹੀਦੀ 9 ਜੂਨ 1716 ਨੂੰ ਹੋਈ। ਬੰਦਾ ਸਿੰਘ ਬਹਾਦਰ ਆਖ਼ਰੀ ਸਾਹ ਤੱਕ ਸਿੱਖੀ ਸਿਦਕ ਵਿੱਚ ਅਡੋਲ ਅਤੇ ਵਾਹਿਗੁਰੂ ਦੀ ਰਜ਼ਾ ਵਿੱਚ ਰਿਹਾ।

ਗੁਰੂ ਗੋਬਿੰਦ ਸਿੰਘ ਵੱਲੋਂ ਥਾਪਿਆ ਪੰਥ ਖ਼ਾਲਸੇ ਦਾ ਪਹਿਲਾ ਜਰਨੈਲ ਬੰਦਾ ਸਿੰਘ ਬਹਾਦਰ ਹੀ ਸੀ, ਜਿਸ ਨੇ ਸਿੰਘਾਂ ਨੂੰ ਨਿਰੋਲ ਅਤੇ ਅਡੋਲ ਕੌਮੀਅਤ ਦਾ ਸਬਕ ਪੜ੍ਹਾਇਆ ਅਤੇ ਖ਼ਾਲਸੇ ਨੂੰ ਹੱਸ-ਹੱਸ ਕਰਦੇ ਆਪਾ ਵਾਰ ਦੇਣਾ ਸਿਖਾਇਆ। ਇਸ ਮਹਾਨ ਸ਼ਹਾਦਤ ਦੀ ਪਵਿੱਤਰ ਉਦਾਹਰਣ ਦਾ ਖ਼ਿਆਲ ਹੀ ਸਿੰਘਾਂ ਦੇ ਮਨਾਂ ਨੂੰ ਚੜ੍ਹਦੀਆਂ ਕਲਾਂ ਵਿੱਚ ਲਿਜਾਣ ਲਈ ਸਹਾਇਤਾ ਕਰਦਾ ਹੈ। ਇਹ ਬੰਦਾ ਸਿੰਘ ਬਹਾਦਰ ਹੀ ਸੀ, ਜਿਸ ਦੇ ਰਾਹੀਂ ਖ਼ਾਲਸੇ ਦੀਆਂ ਜਿੱਤਾਂ ਦਾ ਰਸਤਾ ਖੁੱਲ੍ਹਾ। ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦੀ ਨਾਦੀ ਸੰਤਾਨ ਖ਼ਾਲਸੇ ਨੇ ਸੁਤੰਤਰਤਾ ਦੀ ਜੋ ਚੰਗਿਆੜੀ ਸੁਲਗਾਈ ਸੀ, ਬਾਬਾ ਬੰਦਾ ਸਿੰਘ ਬਹਾਦਰ ਨੇ ਉਸ ਨੂੰ ਐਸੀ ਹਵਾ ਝੱਲੀ, ਜੋ ਬੁਝਾਈ ਨਾ ਜਾ ਸਕੀ, ਸਗੋਂ ਭਾਂਬੜ ਵਾਂਗ ਮੱਚ ਉੱਠੀ ਅਤੇ ਪੰਜਾਬ ਨੂੰ ਮੁਗ਼ਲਾਂ ਅਤੇ ਅਫ਼ਗਾਨਾਂ ਕੋਲੋਂ ਅਜ਼ਾਦ ਕਰਵਾ ਕੇ ਹੀ ਠੰਢੀ ਹੋਈ। ਖ਼ਾਲਸੇ ਦੀ ਸਾਜਨਾ 1699 ਈ: ਤੋਂ ਪੂਰੇ 100 ਸਾਲ ਬਾਅਦ ਖ਼ਾਲਸੇ ਨੇ ਅਣਵੰਡੇ ਪੰਜਾਬ ਨੂੰ ਅਫ਼ਗਾਨਾਂ ਦੇ ਪੰਜੇ ਵਿੱਚੋਂ ਅਜ਼ਾਦ ਕਰਵਾ ਕੇ ਲਾਹੌਰ ਦੇ ਤਖ਼ਤ ਉੱਤੇ ਖ਼ਾਲਸਾਈ ਨਿਸ਼ਾਨ ਝੁਲਾ ਦਿੱਤਾ ਅਤੇ ਸਤਲੁੱਜ ਤੋਂ ਲੈ ਕੇ ਦਰ੍ਹਾ ਖ਼ੈਬਰ ਤੱਕ ਤੇ ਤਿੱਬਤ ਤੋਂ ਲੈ ਕੇ ਸਿੰਧ ਤੱਕ ਸਿੱਖ ਕੌਮ ਨੇ ਸਿੱਖ ਰਾਜ ਸਥਾਪਿਤ ਕੀਤਾ। ਬੰਦਾ ਸਿੰਘ ਬਹਾਦਰ ਦੀ ਮਹਾਨ ਸ਼ਹਾਦਤ ਨੂੰ ਕੋਟਿ-ਕੋਟ ਪ੍ਰਣਾਮ।

**(ਸਮਾਪਤ)**

– ਲੇਖਕ –
ਗਿ: ਗੁਰਬਖ਼ਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743




# ਗੁਰੁ ਅੰਗਦ ਗੁਰ ਅੰਗੁ ਤੇ

**ਕਿਸ਼ਤ 40**

**ਵਾਪਸ ਖਡੂਰ ਸਾਹਿਬ**

ਦੀਵਾਨ ਦੀ ਸਮਾਪਤੀ ਉਪਰੰਤ ਲੰਗਰ ਛਕਿਆ। ਤਦ ਨੂੰ ਖਡੂਰ ਦੇ ਭੁੱਲੜ ਜ਼ਿਮੀਦਾਰ ਵੀ ਪਹੁੰਚ ਗਏ। ਹੱਥ ਜੋੜ ਵਾਰ-ਵਾਰ ਸਾਹਿਬ ਜੀ ਪਾਸੋਂ ਕੀਤੀ ਭੁੱਲ ਦੀ ਮੁਆਫ਼ੀ ਮੰਗੀ ਅਰ ਖਡੂਰ ਵਾਪਸ ਮੁੜਨ ਲਈ ਜ਼ੋਰ ਪਾਇਆ।

'ਸ਼ਰਣਿ ਪਰੇ ਹਮ ਰਾਹਕ ਸਾਰੇ।(ਅਸੀਂ ਸਾਰੇ ਜ਼ਿਮੀਂਦਾਰ ਤੁਹਾਡੀ ਸ਼ਰਣ ਵਿਚ ਹਾਂ)
ਛਿਮਹੁ ਗੁਰੂ ਤੁਮ ਮਹਦ ਉਦਾਰੇ'।(ਆਪ ਜੀ ਮਹਾਨ ਹੋ ਸਾਨੂੰ ਮੁਆਫ਼ ਕਰ ਦਿਉ)

ਬਖ਼ਸ਼ਿੰਦ ਸਤਿਗੁਰਾਂ ਉਨ੍ਹਾਂ ਨੂੰ ਵੀ ਸਮਝਾਇਆ:
'ਹਮ ਤੋ ਜਹਿਂ ਬੈਠਹਿਂ ਹਰਖਾਵਹਿਂ।( ਅਸੀਂ ਤਾਂ ਜਿਥੇ ਵੀ ਬੈਠੀਏ ਆਨੰਦ ਹੀ ਹੈ)
ਕਿਤਿ ਤੇ ਪਾਇ ਨ ਕਿਤਹੁੰ ਗਵਾਵਹਿਂ।(ਕਿਸੇ ਥਾਂ ਤੇ ਸਾਡਾ ਨਾ ਵੱਧਦਾ ਹੈ ਨ ਘਟਦਾ)
ਹਾਨ ਲਾਭ ਹਮਰੇ ਕਿਮ ਨਾਂਹੀ। (ਸਾਡੇ ਲਈ ਕੁਝ ਲਾਭ ਜਾਂ ਹਾਨ ਨਹੀਂ)
ਮੰਗਲ ਹੈ ਇਸ ਜੰਗਲ ਮਾਂਹੀ'।12॥ (ਇਸ ਜੰਗਲ ਵਿਚ ਵੀ ਮੰਗਲ ਹੀ ਹੈ')

ਇਹ ਸਭ ਸੁਣ ਕੇ ਉਨ੍ਹਾਂ ਨੂੰ ਬਹੁਤ ਲੱਜਾ ਆਈ ਅਰ ਬੇਨਤੀ ਕੀਤੀ ਕਿ ਪਾਤਸ਼ਾਹ ਜੀ ਸਾਡੀਆਂ ਭੁੱਲਾਂ ਖਿਮਾ ਕਰ ਕੇ ਸਾਡੇ ਨਾਲ ਆਪਣੇ ਅਸਥਾਨ 'ਤੇ ਚੱਲੋ।

ਗੁਰਦੇਵ ਜੀ ਨੇ ਉਨ੍ਹਾਂ ਨੂੰ ਹੋਰ ਸਮਝਾਇਆ ਕਿ ਇਹ ਠੀਕ ਹੈ ਕਿ ਜੋਗੀ ਨੇ ਤੁਹਾਨੂੰ ਸਾਡੇ ਵਿਰੁੱਧ ਉਕਸਾਇਆ ਤਾਂ ਇਸ ਵਿਚ ਆਪਣੀ ਭੁੱਲ ਹੈ। ਤੁਸੀਂ ਉਸ ਦੇ ਮਗਰ ਕਿਉਂ ਲੱਗੇ? ਤੁਹਾਨੂੰ ਸੁਚੇਤ ਹੋਣਾ ਚਾਹੀਦਾ ਸੀ। ਫਿਰ ਜਦੋਂ ਤੁਸੀਂ ਮੀਂਹ ਦੇ ਲਾਲਚ ਵਿਚ ਉਸ ਨੂੰ ਖੇਤਾਂ ਵਿਚ ਧੂ-ਧੂ ਕੇ ਮਾਰ ਦਿੱਤਾ, ਅਜੇਹਾ ਕਰਨਾ ਹੋਰ ਵੀ ਵੱਡੀ ਭੁੱਲ ਹੈ। ਇਸ ਤਰਹ ਜੋਗੀ ਨਾਲ ਬਹੁਤ ਧਾਧਾ ਹੋਇਆ ਹੈ। ਅਸੀਂ ਚਾਹੁੰਦੇ ਹਾਂ ਕਿ ਖਡੂਰ ਵਿਚ ਸਾਰਿਆਂ ਵੱਲੋਂ ਪਸਚਾਤਾਪ ਵਜੋਂ ਖ਼ਾਸ ਇਕੱਠ ਕਰ ਕੇ ਉਸ ਦੇ ਭਲੇ ਲਈ ਅਰਦਾਸ ਕੀਤੀ ਜਾਵੇ। ਇਸ ਬਚਨ ਸਨਮੁਖ ਸਾਰਿਆਂ ਨੇ ਸੀਸ ਨਿਵਾਇਆ ਤਾਂ ਹਜ਼ੂਰ ਨੇ ਵਾਪਸ ਜਾਣ ਲਈ ਸੰਮਤੀ ਦੇ ਦਿੱਤੀ ਅਰ ਸਾਰਿਆਂ ਨੇ ਵਾਪਸ ਚਾਲੇ ਪਾਏ।

ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਅਨੁਸਾਰ ਭੱਟ ਕਲ੍ਹਸਹਾਰ ਜੀ ਠੀਕ ਕਹਿ ਰਹੇ ਹਨ ਕਿ ਹਜ਼ੂਰ ਪਾਤਸ਼ਾਹ ਕਰਨ ਕਾਰਨ ਸਮਰਥ ਸਦਾ ਸਮਾਨ/ਸਹਜ ਅਵਸਥਾ ਵਿਚ ਵਿਚਰਦੇ ਹਨ ਅਰ ਜਿਵੇਂ ਫ਼ਲ ਨਾਲ ਭਰਪੂਰ ਰੁੱਖ (ਧਰਤੀ ਵੱਲ) ਝੁਕਦਾ ਹੈ, (ਲੋਕਾਂ ਨੂੰ ਸੁਖ ਦੇਣ ਲਾਈ ਆਪ) ਕਸ਼ਟ ਝੱਲਦਾ ਹੈ, ਆਪ ਜੀ ਵੀ (ਹੇ ਗੁਰੂ ਪਾਤਸ਼ਾਹ!) ਅਜਿਹੀ ਹੀ ਨਿਰਮਲ ਵਿਚਾਰਧਾਰਾ (ਨਿਮਰਤਾ, ਵੱਡੀ ਜੀਰਾਂਦ ਅਤੇ ਪਰਉਪਕਾਰ) ਵਾਲੇ ਹੋ।

ਸਦਾ ਅਕਲ ਲਿਵ ਰਹੈ
ਕਰਨ ਸਿਉ ਇਛਾ ਚਾਰਹ॥
ਦ੍ਰੁਮ ਸਪੂਰ ਜਿਉ ਨਿਵੈ
ਖਵੈ ਕਸ ਬਿਮਲ ਬੀਚਾਰਹ॥..6॥
ਗੁ.ਗ੍ਰ.ਸਾ. ਪੰਨਾ 1392

**ਭਾਈ ਨੰਦ ਲਾਲ ਜੀ ਅਨੁਸਾਰ:**

ਵਜੂਦਸ਼ ਹਮਾ ਫ਼ਜ਼ਲ-ਓ ਫ਼ੈਜ਼-ਇ ਕਰੀਮ, ਜ਼ਿ ਹੱਕ ਆਮਦੋ ਹਮ ਬ-ਹੱਕ ਮੁਸਤਕੀਮ॥57॥

ਗੰਜਨਾਮਹ (ਉਸ (ਸ੍ਰੀ ਗੁਰੂ ਅੰਗਦ ਦੇਵ ਜੀ) ਦੀ ਸਮੁੱਚੀ ਹੋਂਦ-ਹਸਤੀ ਦਇਆਲੂ ਵਾਹਿਗੁਰੂ ਦੀ ਬਖ਼ਸ਼ਸ਼ ਦਾ ਮੁਜੱਸਮਾ ਹੈ, ਉਹ ਸੱਚ-ਸਰੂਪ ਵਾਹਿਗੁਰੂ ਦਾ ਪਠਾਇਆ (ਭੇਜਿਆ) ਹੋਇਆ ਆਇਆ ਹੈ ਅਤੇ ਪੂਰਨ ਦ੍ਰਿੜਤਾ ਨਾਲ 'ਸੱਚ' ਤੇ ਕਾਇਮ ਹੈ।) ਭਾਈ ਜੋਗਿੰਦਰ ਸਿੰਘ ਤਲਵਾੜਾ

ਸਮਾਂ ਪਾ ਕੇ ਸੰਗਤ ਨੇ ਇਥੇ ਸ਼ਾਨਦਾਰ ਸਥਾਨ 'ਗੁ. ਖ਼ਾਨ ਛਾਪਰੀ ਸਾਹਿਬ' ਬਣਾਇਆ। ਪੰਚਮ ਪਾਤਸ਼ਾਹ ਜੀ ਨੇ ਇਥੇ ਭਾਈ ਖੀਉ ਦੇ ਸਪੁੱਤਰ ਭਾਈ ਹੇਮੇ ਨੂੰ ਦਰਸ਼ਨ ਦੇ ਕੇ ਨਿਵਾਜਿਆ ਅਰ 'ਭਲੀ ਸੁਹਾਵੀ ਛਾਪਰੀ, ਬਸਤਾ ਤੂਟੀ ਝੁੰਪੜੀ ਅਰ ਜਿਥੈ ਨਾਮੁ ਜਪੀਐ' ਆਦਿ ਸ਼ਬਦ ਉਚਾਰਨ ਕੀਤੇ। ਇਥੇ ਦੂਜੇ, ਤੀਜੇ, ਪੰਜਵੇਂ ਅਰ ਛੇਵੇਂ ਪਾਤਸ਼ਾਹ ਜੀ ਨੇ ਚਰਨ ਪਾਏ।

**ਭਰੋਵਾਲ/ਭੈਰੋਪੁਰ ਦੇ ਖੀਉ ਭੱਲਾ**

ਜਦੋਂ ਇਕ ਦਮ ਵਾਪਸੀ ਦਾ ਫ਼ੈਸਲਾ ਹੋ ਗਿਆ ਤਾਂ ਭਰੋਵਾਲ ਨਗਰ ਜੋ ਇਥੋਂ ਥੋੜੀ ਦੂਰੀ 'ਤੇ ਹੀ ਸਥਿਤ ਹੈ, ਦੇ ਨੌਜੁਆਨ ਵਸਨੀਕ ਖੀਉ ਨੇ ਬੇਨਤੀ ਕੀਤੀ ਕਿ ਪਾਤਸ਼ਾਹ ਮੇਰੀ ਇੱਛਾ ਹੈ ਕਿ ਖਡੂਰ ਜਾਣ ਤੋਂ ਪਹਿਲਾਂ ਆਪ ਜੀ ਸੰਗਤਾਂ ਸਹਿਤ ਦਾਸ ਦੇ ਘਰ ਚਰਨ ਪਾ ਕੇ ਪੱਵਿਤਰ ਕਰੋ। ਹਜ਼ੂਰ ਨੇ ਪ੍ਰਵਾਨਗੀ ਦੇ ਦਿੱਤੀ, ਸੋ, ਖਡੂਰ ਸਿੱਧੇ ਜਾਣ ਦੀ ਬਜਾਇ ਆਪ ਜੀ ਨੇ ਸੰਗਤ ਸਹਿਤ ਭਰੋਵਾਲ ਦਾ ਰੁਖ਼ ਕੀਤਾ।

ਉਨ੍ਹਾਂ ਸਮਿਆਂ ਵਿਚ ਸੁਨੇਹਾ ਭੇਜਣ ਲਈ ਅਜੋਕੇ ਸਾਧਨ ਫ਼ੋਨ ਆਦਿਕ ਤਾਂ ਸਨ ਨਹੀਂ ਅਰ ਭਾਈ ਖੀਉ ਵੀ ਹਜ਼ੂਰ ਦੇ ਨਾਲ ਜਥੇ ਵਿਚ ਸਨ, ਇਸ ਲਈ ਪਿੰਡ ਪਹੁੰਚ ਕੇ ਹੀ ਲੰਗਰ ਦੀ ਤਿਆਰੀ ਦਾ ਸਾਰਾ ਆਹਰ ਕੀਤਾ ਗਿਆ। ਪ੍ਰਵਾਰ ਨੂੰ ਕਹਿ ਕੇ ਖੀਰ ਦੇ ਖੁਲ੍ਹੇ ਗੱਫੇ ਤਿਆਰ ਕੀਤੇ ਗਏ। ਪਤਾ ਲਗਣ 'ਤੇ ਨਗਰ ਦੇ ਹੋਰ ਵਸਨੀਕ ਹਜ਼ੂਰ ਦੇ ਦਰਸ਼ਨ ਕਰਨ ਆਏ ਅਰ ਬਚਨ-ਬਿਲਾਸ ਹੁੰਦੇ ਰਹੇ। ਭੱਲਾ ਪ੍ਰਵਾਰ ਦੇ ਇਸ ਪ੍ਰੇਮੀ ਦੰਪਤੀ ਨੇ ਆਪਣੇ ਹੱਥੀਂ ਬੜੇ ਚਾਅ ਨਾਲ ਸੇਵਾ ਕੀਤੀ। ਸਤਿਗੁਰੂ ਜੀ ਅਤੇ ਸੰਗਤਾਂ ਦੇ ਚਰਨ ਧੋਤੇ, ਫਿਰ ਹੱਥ ਧੁਆਏ ਅਰ ਥਾਲ ਅਗੇ ਟਿਕਾ ਕੇ, ਵਿਚ ਖੰਡ ਵਾਲੀ ਖਿਆਲੀ ਖੀਰ ਪਰੋਸੀ ਜੋ ਸਾਰੀ ਸੰਗਤ ਨੇ ਬਹੁਤ ਪਿਆਰ ਨਾਲ ਛਕੀ। ਪ੍ਰਸੰਨ ਹੋ ਕੇ ਗੁਰੂ ਸਾਹਿਬ ਨੇ ਭਾਈ ਖੀਉ ਨੂੰ ਲੋਕ-ਪ੍ਰਲੋਕ ਦੇ ਸੁੱਖ ਅਰ ਨਾਮ-ਬਾਣੀ ਨਾਲ ਪਿਆਰ ਬਣੇ ਰਹਿਣ ਦੇ ਬਚਨ ਕੀਤੇ। ਇਹ ਸਾਰਾ ਕੁਝ ਵੇਖ ਕੇ ਖਡੂਰ ਨਿਵਾਸੀ ਜੋ ਨਾਲ ਚੱਲ ਰਹੇ ਸਨ, ਬਹੁਤ ਪ੍ਰਭਾਵਿਤ ਹੋਏ। ਥੋੜੇ ਸਮੇਂ ਵਿਚ ਹੀ ਇਥੋਂ ਖਡੂਰ ਸਾਹਿਬ ਨੂੰ ਚਾਲੇ ਪਾਏ ਗਏ।

..ਸੰਤਾਨ ਪਰਜੰਤ ਸੁਖੀ ਤਿਸ ਕੀਆ।
ਤਹਾ ਤੇ ਸਤਿਗੁਰ ਗਏ ਖਡੂਰ।
ਜਪ ਤਪ ਸੰਜਮ ਲੇ ਭਰਪੂਰ।48॥ ਮ.ਪ੍ਰ.

ਸਾਰੀ ਸੰਗਤ ਪ੍ਰਸ਼ਾਦ ਛਕ ਕੇ ਪ੍ਰਸੰਨ ਹੋਈ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਉਸ ਦੀ ਯਾਚਨਾ ਪਰ ਅਸ਼ੀਰਬਾਦ ਦਿੱਤੀ-ਸੁਖੀ ਰਹੋ, ਧਨ ਧਾਮ ਸੰਤਾਨ ਸਹਿਤ ਫਲੋ ਫੁਲੋ-। ਦੱਸਦੇ ਹਨ ਕਿ ਇਸ ਤੋਂ ਮਗਰੋਂ ਖੀਉ ਦੇ ਘਰ ਸੰਤਾਨ (ਭਾਈ ਹੇਮਾ) ਹੋਈ ਤੇ ਵਧਿਆ ਫਲਿਆ, ਪਹਿਲੋਂ ਇਸ ਦੇ ਸੰਤਾਨ ਨਹੀਂ ਸੀ। ਅਸ਼ਟਗੁਰ ਚਮਤਕਾਰ, ਭਾਈ ਵੀਰ ਸਿੰਘ ਜੀ

ਆਉਣ ਵਾਲੇ ਸਮੇਂ ਵਿਚ ਇਸ ਸੱਜਣ ਨੇ ਆਪਣੇ ਘਰ ਨੂੰ ਕੇਂਦਰ ਬਣਾ ਕੇ ਸਿੱਖੀ ਦਾ ਪ੍ਰਚਾਰ ਕੀਤਾ। ਇਥੇ ਤੀਜੇ ਅਰ ਚਉਥੇ ਪਾਤਸ਼ਾਹ ਜੀ ਨੇ ਵੀ ਚਰਨ ਪਾਏ। ਅੱਜ ਕੱਲ ਇਸ ਅਸਥਾਨ 'ਤੇ ਸੰਗਤਾਂ ਦੇ ਉੱਦਮ ਨਾਲ ਬਹੁਤ ਸ਼ਾਨਦਾਰ ਗੁਰਦੁਆਰਾ ਗੁਰੂਆਣਾ, ਭਰੋਵਾਲ ਬਣਿਆ ਹੋਇਆ ਹੈ। ਇਹ ਭਾਈ ਸਾਹਿਬ ਗੁ. ਖਾਨ ਛਾਪਰੀ ਸਾਹਿਬ ਦੀ ਸੇਵਾ ਵੀ ਸੰਭਾਲਦੇ ਰਹੇ।

ਬਖ਼ਸ਼ਿੰਦ ਸਤਿਗੁਰੂ ਵਾਪਸ ਪਹੁੰਚ ਕੇ ਸਭਨਾਂ ਨੂੰ ਬਹੁਤ ਪਿਆਰ ਨਾਲ ਮਿਲੇ। ਕੁਝ ਦਿਨਾਂ ਵਿਚ ਇਕ ਵਿਸ਼ੇਸ਼ ਇਕੱਠ ਕੀਤਾ ਅਰ ਜੋਗੀ ਨਾਲ ਵਾਪਰੀ ਘਟਨਾ ਦਾ ਸਭਨਾਂ ਨਾਲ ਦੁੱਖ ਸਾਂਝਾ ਕੀਤਾ। ਸਰਬੱਤ ਦੇ ਭਲੇ ਦੀ ਅਰਦਾਸ ਕਰ ਕੇ ਸਭਨਾਂ ਵੱਲੋਂ ਤਿਆਰ ਹੋਇਆ ਲੰਗਰ ਵਰਤਾਇਆ। ਅਜਿਹਾ ਪਿਆਰ ਵਾਲਾ ਯਤਨ ਹੋਣ ਨਾਲ ਕਿਸੇ ਪ੍ਰਕਾਰ ਦੀ ਆਪਸੀ ਕੁੜੱਤਣ ਪੈਦਾ ਹੋਣ ਦੀ ਕੋਈ ਥਾਂ ਨਾ ਰਹੀ।

ਸੱਤਾ ਜੀ ਅਨੁਸਾਰ ਹਜ਼ੂਰ ਦੀ ਸ਼ਖ਼ਸੀਅਤ ਦਾ ਕੋਈ ਸਾਨੀ ਨਹੀਂ ਹੈ:

ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ॥
ਜਪੁ ਤਪੁ ਸੰਜਮੁ ਨਾਲਿ ਤੁਧੁ ਹੋਰੁ ਮੁਚੁ ਗਰੂਰੁ॥
ਲਬੁ ਵਿਣਾਹੇ ਮਾਣਸਾ ਜਿਉ ਪਾਣੀ ਬੂਰੁ॥
ਵਰ੍ਹਿਐ ਦਰਗਹ ਗੁਰੂ ਕੀ ਕੁਦਰਤੀ ਨੂਰੁ॥
ਜਿਤੁ ਸੁ ਹਾਥ ਨ ਲਭਈ ਤੂੰ ਓਹੁ ਠਰੂਰੁ॥
ਨਉਨਿਧਿ ਨਾਮੁ ਨਿਧਾਨੁ ਹੈ ਤੁਧੁ ਵਿਚਿ ਭਰਪੂਰੁ॥
ਨਿੰਦਾ ਤੇਰੀ ਜੋ ਕਰੇ ਸੋ ਵੰਞੈ ਚੂਰੁ॥
ਨੇੜੈ ਦਿਸੈ ਮਾਤਲੋਕ ਤੁਧੁ ਸੁਝੈ ਦੂਰੁ॥
ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ॥5॥
ਗੁ.ਗ੍ਰ.ਸਾ. ਪੰਨਾ 967



ਗੁਰੂ ਅੰਗਦ ਦੇਵ ਜੀ

**ਦਾਤਾ ਜੀ ਦਾ ਵਿਆਹ**

ਦਾਤਾ ਜੀ ਦਾ ਰਿਸ਼ਤਾ ਤਹਿ ਹੋਇਆਂ ਕਰੀਬ 4 ਸਾਲ ਹੋ ਗਏ ਸਨ, ਸਤਿਗੁਰਾਂ ਚਾਹਿਆ ਜੋ ਹੁਣ ਵਿਆਹ ਵੀ ਹੋ ਜਾਣਾ ਚਾਹੀਦਾ ਹੈ ਸੋ, ਦੂਜੇ ਪ੍ਰਵਾਰ ਦੀ ਸੰਮਤੀ ਨਾਲ ਫੱਗਣ 1605 ਬਿ./1548 ਈ. ਨੂੰ ਦਾਤਾ ਜੀ ਦਾ ਵਿਆਹ ਹੋ ਗਿਆ।

ਦਾਤੂ ਜੀ ਦਾ ਤਬ ਬਿਆਹੁ ਰਚਾਇਆ।
ਕਰਿ ਬਿਆਹੁ ਘਰਿ ਫਾਗਨ ਆਇਆ।
ਸੰਮਤ ਸੋਲਾ ਸੈ ਪੰਜ ਬੀਤੇ।
ਕਉਤਕ ਭਏ ਤਬ ਹੀ ਤੇ।113।2॥
ਬੰਸਾਵਲੀਨਾਮਾ


## ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਪੀਟਰਬਰੋ ਵਿਖੇ ਧਾਰਮਿਕ ਸੇਵਾਦਾਰ ਦੀ ਤੁਰੰਤ ਲੋੜ ਹੈ

ਪੀਟਰਬਰੋ ਗੁਰਦੁਆਰਾ ਸਾਹਿਬ ਵਿਖੇ ਧਾਰਮਿਕ ਸੇਵਾਦਾਰ ਦੀ ਤੁਰੰਤ ਲੋੜ ਹੈ, ਕੰਮ ਦਾ ਵੇਰਵਾ, ਯੋਗਤਾ ਅਤੇ ਸ਼ਰਤਾਂ ਹੇਠਾਂ ਲਿਖੇ ਅਨੁਸਾਰ ਹਨ: **ਸਥਾਨ:-** ਪੀਟਰਬਰੋ ਵਿਖੇ
**ਮੁੱਖ ਕੰਮ:-** ਸਵੇਰੇ ਸ਼ਾਮ ਕੀਰਤਨ ਕਰਨਾ, ਨਿੱਤਨੇਮ, ਸੁਖਮਨੀ ਸਾਹਿਬ ਦਾ ਪਾਠ ਕਰਨਾ ਅਤੇ ਅਖੰਡ ਪਾਠ ਕਰਨ ਜਾਣਦਾ ਹੋਵੇ।
**ਸਮਾਂ:-** ਦੋ ਸਾਲ ਲਈ ਸਵੇਰੇ ਸ਼ਾਮ ਸੇਵਾ, (ਕੰਮ 28 ਘੰਟੇ ਪ੍ਰਤੀ ਹਫ਼ਤਾ)।
ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਵਧੀਆ ਤਨਖਾਹ ਅਤੇ ਰਿਹਾਇਸ਼ ਦਾ ਪ੍ਰਬੰਧ ਹੈ।
**ਸ਼ਰਤਾਂ:-** ਕੀਰਤਨ ਕਰਨ ਦੇ ਯੋਗ ਹੋਵੇ ਅਤੇ ਧਾਰਮਿਕ ਕਾਰਜਾਂ ਸਬੰਧੀ ਹੋਰ ਡਿਊਟੀਆਂ ਵੀ ਕਰ ਸਕਦਾ ਹੋਵੇ, ਰਸੋਈ ਵਿੱਚ ਪ੍ਰਸ਼ਾਦ ਬਨਾਉਣ ਦੀ ਸੇਵਾ ਵੀ ਕਰ ਸਕਦਾ ਹੋਵੇ। ਪੰਜਾਬੀ ਜ਼ਰੂਰ ਪੜ੍ਹ ਅਤੇ ਬੋਲ ਸਕਦਾ ਹੋਵੇ। ਸੋਹਣਾ ਤਜ਼ਰਬਾ ਹੋਣਾ ਜ਼ਰੂਰੀ ਹੈ। ਜੇ ਕੋਈ ਸਿੰਘ ਪਹਿਲਾਂ ਹੀ ਯੂ ਕੇ ਵਿਚ ਆਇਆ ਹੋਵੇ ਉਸ ਨੂੰ ਪਹਿਲ ਦਿੱਤੀ ਜਾ ਸਕਦੀ ਹੈ। ਯੂ ਕੇ ਵਿੱਚ ਕਾਨੂੰਨੀ ਤੌਰ 'ਤੇ ਕੰਮ ਕਰਨ ਦੀ ਇਜਾਜ਼ਤ ਹੋਣੀ ਜ਼ਰੂਰੀ ਹੈ।
**ਬੰਦ ਹੋਣ ਦੀ ਤਾਰੀਕ:-** ਗਿਆਨਵਾਨ ਅਤੇ ਤਜ਼ਰਬੇਕਾਰ ਬਿਨੈਕਾਰ ਹੇਠਾਂ ਦਿੱਤੇ ਪਤੇ 'ਤੇ ਲਿਖਤੀ ਅਰਜ਼ੀਆਂ 25 ਜੁਲਾਈ 2025 ਤੋਂ ਪਹਿਲਾਂ ਭੇਜਣ ਦੀ ਕ੍ਰਿਪਾ ਕਰਨ। ਜਾਂ ਅਮਰੀਕ ਸਿੰਘ ਨੂੰ ਈਮੇਲ ਰਾਹੀਂ ਭੇਜੋ।

## Vacancy for (Tier - 5) Religious worker

**Main Duties:** Performing Kirtan (Hymn Singing), Nitnem, Sukhmani Sahib Paath, Akhand Paath Kirtan in Morning and Evening.
**Location: Peterborough.**
**Duration & Remuneration: 24 months. Attractive Salary will be according to UK employment Law. Job related accomodation shall be provided.**
**Requirements:** Should be able to perform Kirtan and carry out other religious activities as listed in main duties. Must be able to carryout making Parsaad. Must read and speak Punjabi. Must have sufficient experience. Work reference required from previous employer. Must have right to work in U.K.

*Candidates with knowledge and experience Please apply with 'cv' to*
**Email:sangha.amrik@btinternet.com *before 25th July 2025***

**SRI GURU SINGH SABHA GURDWARA, PETERBOROUGH**
**NEWARK ROAD, PETERBOROUGH, PE1 5XS, U.K.**
***For Information contact:* Amrik Singh Sangha: 07979 706505**

# 1699 ਦੀ ਵੈਸਾਖੀ ਇੱਕ ਅਲੌਕਿਕ ਸਫ਼ਰ
## ਨਿਰਮਲ ਪੰਥ ਤੋਂ ਖਾਲਸਾ ਪੰਥ ਤੱਕ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ-7

ਡਾ: ਕਿਰਨਪ੍ਰੀਤ ਕੌਰ ਬਾਠ



**ਗੁਰੂ ਅਮਰਦਾਸ ਸਾਹਿਬ ਦਾ ਗੁਰੂ ਨਾਨਕ ਸਾਹਿਬ ਦੇ ਘਰ ਨਾਲ਼ ਪਹਿਲੀ ਵਾਰ ਮਿਲਾਪ ਬੀਬੀ ਅਮਰੋ ਕਾਰਨ ਹੁੰਦਾ ਹੈ। ਬੀਬੀ ਅਮਰੋ ਜੀ ਗੁਰੂ ਅੰਗਦ ਸਾਹਿਬ ਦੀ ਸਪੁੱਤਰੀ ਸਨ ਅਤੇ ਗੁਰੂ ਅਮਰਦਾਸ ਦੇ ਭਤੀਜ-ਨੂੰਹ ਸਨ। ਬੀਬੀ ਜੀ ਜਦ ਬਾਣੀ ਪੜ੍ਹ ਰਹੇ ਸਨ ਤਾਂ ਗੁਰੂ ਅਮਰਦਾਸ ਓਹਨਾਂ ਨੂੰ ਪੁੱਛਦੇ ਹਨ ਕਿ ਇਹ ਤੁਸੀਂ ਕੀ ਪੜ੍ਹ ਰਹੇ ਹੋ, ਜਵਾਬ ਆਉਂਦਾ ਹੈ ਕਿ ਇਹ ਗੁਰੂ ਨਾਨਕ ਦੀ ਬਾਣੀ ਹੈ। ਅਮਰਦਾਸ ਸਾਹਿਬ ਓਹਨਾਂ ਨੂੰ ਬੇਨਤੀ ਕਰਦੇ ਹਨ ਅਤੇ ਗੁਰੂ ਅੰਗਦ ਸਾਹਿਬ ਦੀ ਸ਼ਰਨ ਜਾ ਕੇ ਸਾਰੀ ਉਮਰ ਗੁਰੂ ਨਾਨਕ ਸਾਹਿਬ ਦੇ ਘਰ ਦੇ ਲੇਖੇ ਲਾ ਦਿੰਦੇ ਹਨ। ਹੁਣ ਇਹ ਘਟਨਾ ਤਕਰੀਬਨ ਆਪਾਂ ਸਭ ਨੂੰ ਪਤਾ ਹੈ ਪਰ ਜੋ ਸਮਝਣ ਅਤੇ ਵਿਚਾਰਨ ਵਾਲੀ ਗੱਲ ਹੈ, ਉਹ ਇਹ ਹੈ ਕਿ ਜਿੱਥੇ ਅੱਜ ਵੀ ਸਮਾਜ ਵਿੱਚ ਕੁੜੀ ਵਾਲਿਆਂ ਨੂੰ ਛੋਟਾ ਸਮਝਿਆ ਜਾਂਦਾ ਹੈ, ਜਿੱਥੇ ਅੱਜ ਵੀ ਰਿਸ਼ਤੇਦਾਰੀ ਵਿੱਚ 'ਮੈਂ ਵੱਡਾ' ਵਾਲ਼ੀ ਦੌੜ ਭਾਰੂ ਹੈ, ਓਥੇ ਗੁਰੂ ਸਾਹਿਬ ਨੇ ਓਸ ਵੇਲੇ ਆਪਣੀ ਨੂੰਹ ਦੇ ਪਿਤਾ ਨੂੰ ਗੁਰੂ ਧਾਰ ਰਿਸ਼ਤਿਆਂ ਵਿੱਚ ਵੱਡੇ ਛੋਟੇ ਦੀ ਵੰਡ ਨੂੰ ਵੀ ਪੂਰੀ ਤਰ੍ਹਾਂ ਨਾਲ਼ ਨਕਾਰ ਦਿੱਤਾ।**

ਜ਼ਰਾ ਸੋਚੋ ਕਿ ਓਸ ਵੇਲੇ ਜਦ ਔਰਤ ਘੁੰਡ ਵਿੱਚ ਹੀ ਰਿਹਾ ਕਰਦੀ ਸੀ ਅਤੇ ਆਪਣੇ ਘਰ ਦੇ ਜੀਆਂ ਤੋਂ ਬਿਨਾ ਹੋਰ ਕਿਸੇ ਨਾਲ਼ ਵੀ ਗੱਲ ਕਰਨ ਤੋਂ ਸੰਕੋਚਦੀ ਸੀ, ਮਾਤਾ ਖੀਵੀ ਜੀ ਸੰਗਤਾਂ ਦਾ ਸਵਾਗਤ ਆਪ ਕਰਦੇ ਹਨ ਅਤੇ ਓਹਨਾਂ ਨੂੰ ਲੰਗਰ-ਪ੍ਰਸ਼ਾਦਾ ਵੀ ਆਪ ਛਕਾਉਂਦੇ ਹਨ। ਲੰਗਰ ਦਾ ਪੂਰਾ ਬੰਦੋਬਸਤ ਅਤੇ ਫ਼ੈਸਲਾ ਮਾਤਾ ਖੀਵੀ ਜੀ ਦਾ ਹੀ ਹੈ। ਪੂਰੇ ਗੁਰੂ ਗ੍ਰੰਥ ਸਾਹਿਬ ਵਿੱਚ ਕਿਸੇ ਵਿਅਕਤੀ ਵਿਸ਼ੇਸ਼ ਦਾ ਨਾਂ ਲੈ ਕੇ ਕਾਰਜ ਦਰਜ ਨਹੀਂ ਕੀਤਾ ਗਿਆ, ਪਰ ਮਾਤਾ ਖੀਵੀ ਜੀ ਦੀ ਇਸ ਦੇਣ ਨੂੰ ਬਾਕਾਇਦਾ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤਾ ਗਿਆ ਹੈ:

ਬਲਵੰਡ ਖੀਵੀ ਨੇਕ ਜਨ  
ਜਿਸੁ ਬਹੁਤੀ ਛਾਉ ਪਤ੍ਰਾਲੀ ॥  
ਲੰਗਰਿ ਦਉਲਤਿ ਵੰਡੀਐ  
ਰਸੁ ਅੰਮ੍ਰਿਤੁ ਖੀਰਿ ਘਿਆਲੀ ॥  
(ਅੰਗ 967)

ਔਰਤ ਨੂੰ ਅਧੀਨ ਰੱਖਣ ਦੀ, ਉਸ ਦੀ ਅਵਾਜ਼ ਦਬਾਉਣ ਦੀ, ਉਸ ਨੂੰ ਘੁੰਡ ਵਿੱਚ ਰੱਖਣ ਦੀ ਸੋਚ ਵੀ ਭੈਅ ਵਿੱਚੋਂ ਹੀ ਉਪਜੀ ਹੈ। ਤਾਕਤ ਦੇ ਹਰ ਢਾਂਚੇ ਨੂੰ ਆਪਣੇ ਕਾਬੂ ਹੇਠ ਰੱਖਣ ਦੀ ਆਦਮੀ ਦੀ ਲਾਲਸਾ ਨੇ ਹੀ ਇਸ ਡਰ ਨੂੰ ਵੀ ਜਨਮ ਦਿੱਤਾ ਹੈ ਕਿ ਜੇਕਰ ਔਰਤ ਨੂੰ ਬਰਾਬਰੀ ਦਾ ਅਧਿਕਾਰ ਹੋਇਆ ਤਾਂ ਘਰ ਦੇ ਅੰਦਰ ਬਣਿਆ ਉਸ ਦਾ ਰਾਜ ਕਦੇ ਵੀ ਜਾ ਸਕਦਾ ਹੈ। ਗੁਰੂ ਨਾਨਕ ਸਾਹਿਬ ਨੇ ਜਿਸ ਨਿਰਭਉ ਪੰਥ ਦੀ ਸਿਰ-ਜਣਾ ਕੀਤੀ, ਓਸ ਵਿੱਚ ਇੱਕ ਗੱਲ ਚਿੱਟੇ ਦਿਨ ਵਾਂਗ ਸਾਫ਼ ਸੀ :

ਭੈ ਕਾਹੂ ਕਉ ਦੇਤ ਨਹਿ  
ਨਹਿ ਭੈ ਮਾਨਤ ਆਨ ॥  
(ਅੰਗ 1427)

ਇਸੇ ਫਲਸਫੇ ਉੱਤੇ ਚੱਲਦਿਆਂ ਗੁਰੂ ਨਾਨਕ ਸਾਹਿਬ ਦੇ ਘਰ ਨੇ ਔਰਤ ਨੂੰ ਕਦੇ ਵੀ ਦਰਕਿਨਾਰ ਨਹੀਂ ਕੀਤਾ ਸਗੋਂ ਔਰਤ ਦੀ ਭੂਮਿਕਾ ਇੱਕ ਗੁਰਸਿੱਖ ਵਜੋਂ ਅਹਿਮ ਰਹੀ ਹੈ। ਗੁਰੂ ਅੰਗਦ ਸਾਹਿਬ ਦੀ ਧਰਮ-ਪਤਨੀ ਵੱਲੋਂ ਲੰਗਰ ਦੀ ਸੰਸਥਾ ਨੂੰ ਰੂਪ-ਰੇਖਾ ਦੇਣਾ ਇਸੇ ਬਰਾਬਰਤਾ ਦੀ ਸਿੱਖਿਆ ਗੁਰਸਿੱਖਾਂ ਨੂੰ ਅਮਲੀ ਰੂਪ ਵਿੱਚ ਦੇਣਾ ਸੀ।

**ਤੀਸਰੇ ਨਾਨਕ ਗੁਰੂ ਅਮਰਦਾਸ ਸਾਹਿਬ**

ਗੁਰੂ ਅੰਗਦ ਸਾਹਿਬ ਹਲੇਮੀ ਰਾਜ ਦੇ ਵਾਰਿਸ ਗੁਰੂ ਅਮਰਦਾਸ ਜੀ ਨੂੰ ਥਾਪਦੇ ਹਨ। ਬੇਸ਼ੱਕ ਓਹਨਾਂ ਦੇ ਆਪਣੇ ਪੁੱਤਰ ਇਸ ਗੱਲ ਦਾ ਵਿਰੋਧ ਕਰਦੇ ਹਨ, ਪਰ ਗੁਰੂ ਅੰਗਦ ਸਾਹਿਬ ਇਹ ਸਿੱਧ ਕਰ ਦਿੰਦੇ ਹਨ ਕਿ ਸਿੱਖੀ ਤੁਹਾਡੇ ਜਨਮ ਤੋਂ ਨਿਰਧਾਰਿਤ ਨਹੀਂ ਹੁੰਦੀ, ਸਿੱਖੀ ਕਮਾਉਣੀ ਪੈਂਦੀ ਹੈ। ਜੋ ਸਿੱਖੀ ਕਮਾਵੇਗਾ, ਚਾਹੇ ਉਹ ਕਿਤੇ ਵੀ ਜੰਮਿਆ ਕਿਉਂ ਨਾ ਹੋਵੇ, ਉਹ ਗੁਰੂ ਨਾਨਕ ਸਾਹਿਬ ਦੇ ਘਰ ਪ੍ਰਵਾਨ ਹੋ ਜਾਵੇਗਾ ਅਤੇ ਜੋ ਸਿੱਖੀ ਨਹੀਂ ਕਮਾਵੇਗਾ, ਉਹ ਚਾਹੇ ਗੁਰੂ ਦੇ ਘਰ ਹੀ ਕਿਉਂ ਨਾ ਜੰਮਿਆ ਹੋਵੇ, ਉਹ ਪ੍ਰਵਾਨ ਨਹੀਂ ਚੜ੍ਹੇਗਾ। ਗੁਰੂ ਨਾਨਕ ਸਾਹਿਬ ਦੇ ਨਿਰਭਉ-ਨਿਰਵੈਰ ਦੇ ਸਿਧਾਂਤ ਨੂੰ ਅਮਲੀ ਤੌਰ ਉੱਤੇ ਗੁਰਸਿੱਖਾਂ ਨੂੰ ਪ੍ਰਤੱਖ ਵਿਖਾ, ਗੁਰੂ ਅੰਗਦ ਸਾਹਿਬ ਨੇ ਇਹ ਨਿਸਚਿਤ ਕਰ ਦਿੱਤਾ ਕਿ ਜੋ ਉਪਦੇਸ ਗੁਰੂ ਨਾਨਕ ਸਾਹਿਬ ਦੇ ਘਰ ਦਾ ਹੈ, ਉਸ ਉਪਦੇਸ, ਉਸ ਸਿਧਾਂਤ ਤੋਂ ਕੋਈ ਵੀ ਬਾਹਰ ਨਹੀਂ, ਗੁਰੂ ਵੀ ਨਹੀਂ। ਜੋ ਕੋਈ ਵੀ ਇਸ ਸਿਧਾਂਤ ਨੂੰ ਜੀਅ ਜਾਵੇਗਾ ਉਹ ਗੁਰੂ ਨਾਨਕ ਸਾਹਿਬ ਦੇ ਦਰ ਪ੍ਰਵਾਨ ਹੈ, ਇਸ ਤੋਂ ਬਿਨਾ ਹੋਰ ਕੋਈ ਹੀਲਾ ਨਹੀਂ ਹੈ। ਦੁਨਿਆਵੀ ਰਾਜ ਅਤੇ ਹਲੇਮੀ ਰਾਜ ਦੀ ਵਿਲੱਖਣਤਾ ਇਹ ਵੀ ਹੈ ਕਿ ਹਲੇਮੀ ਰਾਜ ਦੈਵੀ ਸਿਧਾਂਤ ਉੱਤੇ ਕੰਮ ਕਰਦਾ ਹੈ ਪਰ ਦੁਨਿਆਵੀ ਰਾਜ ਲੌਕਿਕ ਸਿਧਾਂਤ ਉੱਤੇ। ਲੌਕਿਕ ਸਿਧਾਂਤ ਤਹਿਤ ਰਾਜਾ ਹਰ ਹਾਲ ਆਪਣੇ ਪੁੱਤਰ ਨੂੰ ਰਾਜ ਦਿੰਦਾ ਹੈ, ਕਿਉਂਕਿ ਦੁਨਿਆਵੀ ਰਾਜ ਵਿਰਾਸਤੀ ਹੁੰਦੇ ਹਨ, ਹਲੇਮੀ ਰਾਜ ਤਾਂ 'ਤਖਤਿ ਬਹੈ ਤਖਤੈ ਕੀ ਲਾਇਕ' ਦੇ ਸਿਧਾਂਤ ਨੂੰ ਦ੍ਰਿੜ੍ਹ ਕਰਦਾ ਹੈ, ਇੱਥੇ ਰਾਜਾ ਓਹੀ ਹੋਵੇਗਾ ਜੋ ਰਾਜ ਦੇ ਯੋਗ ਹੋਵੇਗਾ, ਸਿੱਖੀ ਵਿਰਾਸਤ ਵਿੱਚ ਨਹੀਂ ਮਿਲਦੀ, ਕਮਾਈ ਜਾਂਦੀ ਹੈ ।

ਸਾਡੇ ਕੋਲੋਂ ਇਹ ਵੀ ਵੱਡੀ ਭੁੱਲ ਹੋਈ ਕਿ ਅਸੀਂ ਆਪਣੇ ਗੁਰਦੁਆਰਿਆਂ ਦੇ ਪ੍ਰਬੰਧਕ ਵੀ ਓਹਨਾਂ ਨੂੰ ਲਾ ਦਿੱਤਾ ਜੋ ਸਿੱਖੀ ਕਮਾ ਨਹੀਂ ਸਕੇ, ਜਾਂ ਇੰਝ ਕਹਿ ਲਓ ਕਿ ਨਿੱਜੀ ਮੁਫ਼ਾਦਾਂ ਕਾਰਨ ਕਮਾਈ ਨਹੀਂ। ਉਹ ਅੱਗੋਂ ਆਪਣੇ ਧੀਆਂ-ਪੁੱਤਰਾਂ ਨੂੰ ਸੇਵਾ ਦੇ ਜਾਂਦੇ ਹਨ। ਜਦੋਂ ਸਾਡੇ ਗੁਰੂ ਨੇ ਆਪਣੇ ਪੁੱਤਰ ਨਹੀਂ ਬਖ਼ਸ਼ੇ ਤਾਂ ਅਸੀਂ ਇਹ ਮਨਮਰਜੀ ਆਪ ਕਿਵੇਂ ਕਰ ਲਈ।

1699 ਦੀ ਵੈਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਾਹਿਬ ਦੇ ਚਾਰੇ ਪੁੱਤਰ ਓਥੇ ਹੀ ਸਨ ਪਰ 'ਪਿਆਰੇ' ਓਹੀ ਬਣੇ, ਜਿਨ੍ਹਾਂ ਸੀਸ ਭੇਟ ਕੀਤੇ। ਗੁਰੂ ਸਾਹਿਬ ਦੇ ਸਾਹਿਬਜ਼ਾਦਿਆਂ ਨੇ ਰਣ ਦੇ ਮੈਦਾਨ ਵਿੱਚ, ਸਰਹੰਦ ਦੀ ਦੀਵਾਰ ਵਿੱਚ, ਆਪਣੀ ਕਮਾਈ ਸਿੱਧ ਕੀਤੀ, ਇਸੇ ਲਈ ਉਹ ਸਿੱਖੀ ਦਾ ਥੰਮ ਹੋ ਗਏ। ਪਰ ਕਿਸੇ ਵੀ ਤਰੀਕੇ ਨਾਲ਼ ਓਹਨਾਂ ਚਾਰਾਂ ਨੂੰ 'ਪਿਆਰੇ' ਨਹੀਂ ਕਿਹਾ ਜਾ ਸਕਦਾ। ਏਹੀ ਗੁਰੂ ਨਾਨਕ ਸਾਹਿਬ ਦੇ ਘਰ ਦਾ ਸਿਧਾਂਤ ਹੈ। ਤੁਹਾਡੀ ਕਮਾਈ ਹੀ ਗੁਰੂ ਸਾਹਮਣੇ ਤੁਹਾਡਾ ਥਾਂ ਨਿਰਧਾਰਿਤ ਕਰੇਗੀ। ਚੁਸਤ-ਚਲਾਕੀਆਂ ਨਾਲ਼ ਹੋ ਸਕਦਾ ਹੈ ਕਿ ਤੁਸੀਂ ਕਿਸੇ ਇਮਾਰਤ ਦੇ ਪ੍ਰਬੰਧਕ ਬਣ ਜਾਓ ਪਰ ਗੁਰਦੁਆਰੇ ਦੇ ਪ੍ਰਬੰਧਕ ਬਣਨ ਲਈ ਲਾਜ਼ਮੀ ਹੈ ਕਿ ਗੁਰੂ ਤੁਹਾਨੂੰ ਸਵੀਕਾਰੇ, ਗੁਰੂ ਨੇ ਸਪਸ਼ਟ ਕਿਹਾ ਹੈ :

ਜਾਤਿ ਜਨਮੁ ਨਹ ਪੂਛੀਐ  
ਸਚ ਘਰੁ ਲੇਹੁ ਬਤਾਇ ॥  
ਸਾ ਜਾਤਿ ਸਾ ਪਤਿ ਹੈ  
ਜੇਹੇ ਕਰਮ ਕਮਾਇ ॥  
(ਅੰਗ 1330 )


ਗੁਰੂ ਨੇ ਇਸ ਅਧਾਰ 'ਤੇ ਕਿ ਤੁਸੀਂ ਸਿੱਖਾਂ ਦੇ ਘਰ ਜਨਮੇ ਹੋ, ਤੁਹਾਨੂੰ ਨਹੀਂ ਅਪਨਾਉਣਾ। ਉਸ ਨੇ ਤੁਹਾਡੇ ਕਰਮ ਵੇਖਣੇ ਨੇ। ਅੱਜ ਸਾਡੇ ਕਰਮਾਂ ਵਿੱਚੋਂ, ਵਿਹਾਰ ਵਿੱਚੋਂ, ਬੋਲਚਾਲ ਵਿੱਚੋਂ ਸਿੱਖੀ ਨਹੀਂ ਝਲਕਦੀ। ਸ਼ਾਇਦ ਇਸੇ ਲਈ ਅਸੀਂ 1699 ਵਾਲ਼ੀ ਵੈਸਾਖੀ ਯਾਦ ਰੱਖਣ ਦੇ ਕਾਬਿਲ ਨਹੀਂ ਰਹੇ। ਉਹ ਵੈਸਾਖੀ ਸਾਨੂੰ ਓਦੋਂ ਹੀ ਯਾਦ ਆਵੇਗੀ ਜਦੋਂ ਅਸੀਂ ਗੁਰੂ ਆਸ਼ੇ ਅਨੁਸਾਰ ਆਪਣੇ ਆਪ ਨੂੰ ਢਾਲ਼ਣ ਦੀ ਕੋਸ਼ਿਸ਼ ਕਰਾਂਗੇ।

ਗੁਰੂ ਅੰਗਦ ਸਾਹਿਬ ਵੱਲੋਂ ਸ਼ੁਰੂ ਕੀਤੇ ਕਾਰਜਾਂ ਨੂੰ ਪੂਰਾ ਕਰਨ ਦੇ ਨਾਲ਼-ਨਾਲ਼ ਗੁਰੂ ਅਮਰਦਾਸ ਸਾਹਿਬ ਦੇ ਜ਼ਿੰਮੇ ਗੁਰਮੁਖ ਦੀ ਘਾੜਤ ਘੜਨੀ ਵੀ ਆਈ ਹੈ।

ਜਾਤ, ਉਮਰ, ਰਿਸ਼ਤੇ ਦੇ ਹੰਕਾਰ ਤੋਂ ਮੁਕਤ ਕਰ ਨਿਰਵੈਰ ਹੋਣ ਦਾ ਅਭਿਆਸ ਕਰਵਾਉਣਾ :

ਗੁਰੂ ਅਮਰਦਾਸ ਸਾਹਿਬ ਦਾ ਗੁਰੂ ਨਾਨਕ ਸਾਹਿਬ ਦੇ ਘਰ ਨਾਲ਼ ਪਹਿਲੀ ਵਾਰ ਮਿਲਾਪ ਬੀਬੀ ਅਮਰੋ ਕਾਰਨ ਹੁੰਦਾ ਹੈ। ਬੀਬੀ ਅਮਰੋ ਜੀ ਗੁਰੂ ਅੰਗਦ ਸਾਹਿਬ ਦੀ ਸਪੁੱਤਰੀ ਸਨ ਅਤੇ ਗੁਰੂ ਅਮਰਦਾਸ ਦੇ ਭਤੀਜ-ਨੂੰਹ ਸਨ। ਬੀਬੀ ਜੀ ਜਦ ਬਾਣੀ ਪੜ੍ਹ ਰਹੇ ਸਨ ਤਾਂ ਗੁਰੂ ਅਮਰਦਾਸ ਓਹਨਾਂ ਨੂੰ ਪੁੱਛਦੇ ਹਨ ਕਿ ਇਹ ਤੁਸੀਂ ਕੀ ਪੜ੍ਹ ਰਹੇ ਹੋ, ਜਵਾਬ ਆਉਂਦਾ ਹੈ ਕਿ ਇਹ ਗੁਰੂ ਨਾਨਕ ਦੀ ਬਾਣੀ ਹੈ। ਅਮਰਦਾਸ ਸਾਹਿਬ ਓਹਨਾਂ ਨੂੰ ਬੇਨਤੀ ਕਰਦੇ ਹਨ ਅਤੇ ਗੁਰੂ ਅੰਗਦ ਸਾਹਿਬ ਦੀ ਸ਼ਰਨ ਜਾ ਕੇ ਸਾਰੀ ਉਮਰ ਗੁਰੂ ਨਾਨਕ ਸਾਹਿਬ ਦੇ ਘਰ ਦੇ ਲੇਖੇ ਲਾ ਦਿੰਦੇ ਹਨ। ਹੁਣ ਇਹ ਘਟਨਾ ਤਕਰੀਬਨ ਆਪਾਂ ਸਭ ਨੂੰ ਪਤਾ ਹੈ ਪਰ ਜੋ ਸਮਝਣ ਅਤੇ ਵਿਚਾਰਨ ਵਾਲ਼ੀ ਗੱਲ ਹੈ, ਉਹ ਇਹ ਹੈ ਕਿ ਜਿੱਥੇ ਅੱਜ ਵੀ ਸਮਾਜ ਵਿੱਚ ਕੁੜੀ ਵਾਲਿਆਂ ਨੂੰ ਛੋਟਾ ਸਮਝਿਆ ਜਾਂਦਾ ਹੈ, ਜਿੱਥੇ ਅੱਜ ਵੀ ਰਿਸ਼ਤੇਦਾਰੀ ਵਿੱਚ 'ਮੈਂ ਵੱਡਾ' ਵਾਲ਼ੀ ਦੌੜ ਭਾਰੂ ਹੈ, ਓਥੇ ਗੁਰੂ ਸਾਹਿਬ ਨੇ ਓਸ ਵੇਲੇ ਆਪਣੀ ਨੂੰਹ ਦੇ ਪਿਤਾ ਨੂੰ ਗੁਰੂ ਧਾਰ ਰਿਸ਼ਤਿਆਂ ਵਿੱਚ ਵੱਡੇ ਛੋਟੇ ਦੀ ਵੰਡ ਨੂੰ ਵੀ ਪੂਰੀ ਤਰ੍ਹਾਂ ਨਾਲ਼ ਨਕਾਰ ਦਿੱਤਾ।

ਇਸ ਪੂਰੇ ਵਰਤਾਰੇ ਨਾਲ਼ ਓਹਨਾਂ




ਗੁਰਸਿੱਖਾਂ ਨੂੰ ਇਹ ਸੂਝ ਦੇ ਦਿੱਤੀ ਕਿ ਕੋਈ ਜਾਤ, ਉਮਰ ਜਾਂ ਰਿਸ਼ਤੇ ਨਾਲ਼ ਨਹੀਂ ਗਿਆਨ ਨਾਲ਼ ਵੱਡਾ ਹੁੰਦਾ ਹੈ। ਸੁੱਚਾ ਗਿਆਨ ਜਿੱਥੋਂ ਵੀ ਮਿਲੇ ਲੈਣ ਤੋਂ ਸੰਕੋਚ ਨਾ ਕਰੋ। ਸੁੱਚਾ ਗਿਆਨ ਹੀ ਮੱਤ ਉੱਚੀ ਰੱਖ ਸਕਦਾ ਹੈ ਪਰ ਜੇਕਰ ਗਿਆਨ ਨਾਲ਼ ਕਿਸੇ ਤਰ੍ਹਾਂ ਦਾ ਕੋਈ ਹੰਕਾਰ ਆ ਜਾਵੇ ਤਾਂ ਉਹ ਗਿਆਨ ਵੀ ਮਿੱਟੀ ਹੋ ਜਾਂਦਾ ਹੈ ਇਸੇ ਲਈ ਓਹਨਾਂ ਨੇ ਆਪਣੇ ਸਿੱਖਾਂ ਨੂੰ ਅਮਲੀ ਰੂਪ ਵਿੱਚ ਇਹ ਸਿਧਾਂਤ ਦ੍ਰਿੜ੍ਹ ਕਰਵਾਇਆ ਕਿ ਸਿੱਖ ਸਮਾਜ ਅੰਦਰ ਕਿਸੇ ਤਰ੍ਹਾਂ ਦੀ ਵੀ ਵੱਡੇ-ਛੋਟੇ ਦੀ ਵੰਡੀ ਕਬੂਲ ਨਹੀਂ।

**ਨਿਸ਼ਕਾਮ ਸੇਵਾ**

ਤਾਕਤ ਕਿਸੇ ਤਰ੍ਹਾਂ ਦੀ ਵੀ ਹੋਵੇ ਮਨ ਵਿੱਚ ਹੰਕਾਰ ਪੈਦਾ ਕਰਦੀ ਹੀ ਹੈ। ਇਸੇ ਲਈ ਜ਼ਰੂਰੀ ਸੀ ਕਿ ਇਹ ਲੋਕਾਈ ਜੋ ਸਦੀਆਂ ਦੇ ਜ਼ੁਲਮ ਤੋਂ ਬਾਅਦ ਆਪਣਾ-ਆਪ ਪਛਾਣ ਰਹੀ ਸੀ ਅਤੇ ਸਰੀਰਕ ਅਤੇ ਆਤਮਿਕ ਬਲ਼ ਹਾਸਿਲ ਕਰ, ਇੱਕ ਨਵੇਂ ਉਤਸ਼ਾਹ ਅਤੇ ਆਤਮ-ਵਿਸ਼ਵਾਸ ਨਾਲ਼ ਭਰ ਰਹੀ ਸੀ; ਉਸ ਨੂੰ 'ਮਨ ਨੀਵਾਂ, ਮੱਤ ਉੱਚੀ' ਦਾ ਸਿਧਾਂਤ ਦ੍ਰਿੜ੍ਹ ਕਰਵਾਇਆ ਜਾਏ। ਉਸ ਤੋਂ ਬਿਨਾ ਨਿਰਵੈਰ-ਨਿਰਭਉ ਹੋਣਾ ਸੰਭਵ ਨਹੀਂ। ਇਹ ਓਦੋਂ ਹੀ ਸੰਭਵ ਹੈ ਜਦੋਂ ਮਨ ਹੰਕਾਰ ਅਤੇ ਹਉਮੈ ਤੋਂ ਮੁਕਤ ਹੋਵੇ। ਗੁਰੂ ਅਮਰਦਾਸ ਜੀ ਨੇ ਆਪਣੇ ਕੁੜਮ ਨੂੰ ਗੁਰੂ ਧਾਰ ਕੇ ਇਹ ਤਾਂ ਸਿੱਧ ਕਰ ਦਿੱਤਾ ਸੀ ਕਿ ਰਿਸ਼ਤਿਆਂ ਵਿੱਚ ਵੀ ਵੱਡੇ-ਛੋਟੇ ਦਾ ਹੰਕਾਰ ਨਹੀਂ ਹੋਣਾ ਚਾਹੀਦਾ ਪਰ ਹੁਣ ਵੇਲਾ ਸੀ ਸਿੱਖਾਂ ਨੂੰ ਇਹ ਸਮਝਾਉਣ ਦਾ ਕਿ ਸੇਵਾ ਦਾ ਕਿਹੜਾ ਰੂਪ ਗੁਰੂ ਨਾਨਕ ਸਾਹਿਬ ਦੇ ਘਰ ਪ੍ਰਵਾਨ ਹੋਵੇਗਾ। ਬੇਸ਼ੱਕ ਭਗਤੀ ਅਤੇ ਸੇਵਾ ਇਨਸਾਨ ਨੂੰ ਗੁਰੂ ਪਰਮਾਤਮਾ ਦੇ ਬਹੁਤ ਕੋਲ਼ ਲੈ ਜਾਂਦੀ ਹੈ ਪਰ ਜੇਕਰ ਇਸ ਵਿੱਚ ਮੈਂ ਰਹਿ ਜਾਵੇ ਤਾਂ ਉਹ ਸਾਰੀ ਕਮਾਈ ਨੂੰ ਨਿਗਲ ਜਾਂਦੀ ਹੈ। ਮਿਥਿਆਸ ਵਿੱਚ ਕਈ ਤਰ੍ਹਾਂ ਦੀਆਂ ਉਦਾਹਰਣਾਂ ਸ਼ਾਮਿਲ ਹਨ। ਕਈ ਰਿਸ਼ੀ-ਮੁਨੀ ਸਾਲਾਂ ਦੇ ਸਾਲ ਲਾ ਕੇ ਰਿੱਧੀਆਂ-ਸਿੱਧੀਆਂ ਹਾਸਲ ਕਰਦੇ ਸਨ ਪਰ ਕੋਈ ਇੱਕ ਘਟਨਾ ਐਸੀ ਹੁੰਦੀ, ਜਿਸ ਨਾਲ਼ ਉਹ ਗੁੱਸੇ ਵਿੱਚ ਸਾਹਮਣੇ ਵਾਲੇ ਨੂੰ ਸ਼ਰਾਪ ਦੇ ਦਿੰਦੇ ਅਤੇ ਓਹਨਾਂ ਦੀਆਂ ਸਾਰੀਆਂ ਸਿੱਧੀਆਂ ਚਲੇ ਜਾਇਆ ਕਰਦਿਆਂ। ਇਹਨਾਂ ਮਿੱਥ ਕਹਾਣੀਆਂ ਵਿੱਚ ਕਿੰਨੀ ਕ ਸੱਚਾਈ ਹੈ,

ਚਲਦਾ.....

ਲੜੀਵਾਰ ਨਾਵਲ

ਸ਼ਿਵਚਰਨ ਜੱਗੀ (ਕੁੱਸਾ)



ਫੋਨ : 07853 317 891

Email: jaggikussa@yahoo.de



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ 31

# ਇੱਕ ਮੇਰੀ ਅੱਖ ਕਾਸ਼ਣੀ...

**ਹਸਪਤਾਲ ਦੇ ਅੰਦਰ ਇੱਕ ਤਰ੍ਹਾਂ ਨਾਲ "ਹਾਲ-ਦੁਹਾਈ" ਮੱਚੀ ਹੋਈ ਸੀ। ਕਿਸੇ ਦੇ ਆਕਸੀਜ਼ਨ ਲੱਗੀ ਹੋਈ ਸੀ। ਕਿਸੇ ਦਾ ਦਮੇਂ ਕਾਰਨ ਸਾਹ ਘੁੱਟਿਆ ਹੋਇਆ ਸੀ। ਕੋਈ ਬੁਰੀ ਤਰ੍ਹਾਂ ਖੰਘ ਰਿਹਾ ਸੀ। ਮਹਾਂਮਾਰੀ ਦੀ ਡਰਾਈ ਅਤੇ ਸਤਾਈ ਦੁਨੀਆਂ "ਤਰਾਸ-ਤਰਾਸ" ਕਰ ਰਹੀ ਸੀ। ਭੰਗੜੇ ਅਤੇ ਲੁੱਡੀਆਂ ਪਾਉਂਦੀ ਦੁਨੀਆਂ ਨੂੰ ਇਸ ਮਹਾਂਮਾਰੀ ਨੇ ਅੰਦਰ ਵਾੜ ਦਿੱਤਾ ਸੀ। ਵੱਡੇ-ਵੱਡੇ ਲੋਕਾਂ ਦੇ "ਅਫ਼ਰੇਵੇਂ" ਇੱਕ ਪਲ ਵਿੱਚ ਲਾਹ ਦਿੱਤੇ ਸਨ।**

**-"ਤੁਹਾਨੂੰ ਡਾਕਟਰ ਸਾਅਬ ਨੇ ਸੱਦਿਐ ਸਰਦਾਰ ਜੀ...!" ਕਿਸੇ ਨਰਸ ਨੇ ਆ ਕੇ ਆਪਣੀ ਵੰਝਲੀ ਵਰਗੀ ਅਵਾਜ਼ ਵਿੱਚ ਪ੍ਰੇਮ ਸਿੰਘ ਨੂੰ ਕਿਹਾ, ਜੋ ਉਸ ਨੇ ਸਿਰ ਹਿਲਾ ਕੇ ਮੰਨ ਲਿਆ।**




## ਕਾਂਡ 15

-"ਆਪਣੇ ਕੁੱਤੇ ਨੂੰ ਵੀ ਅੰਦਰ ਸੱਦ ਲਓ, ਬੜਾ ਸਿਆਣਾ ਲੱਗਦੈ...!"

-"ਆਜਾ ਦਰਵੇਸ਼..! ਅੰਦਰ ਆ ਜਾ...!" ਅਵਾਜ਼ ਸੁਣ ਕੇ ਦਰਵੇਸ਼ ਅੰਦਰ ਆ ਗਿਆ।

-"ਆਓ ਸਰਦਾਰ ਜੀ, ਬੈਠੋ...!" ਸੈਕਟਰੀ ਨੇ ਅਦਬ ਕੀਤਾ। ਉਸ ਨੂੰ ਪਤਾ ਸੀ ਕਿ ਮਜਬੂਰੀ ਦਾ ਮਾਰਿਆ ਬੱਕਰਾ ਹਲਾਲ ਹੋਣ ਲਈ ਸਿਰ ਝੁਕਾਈ ਬੈਠਾ ਸੀ।

-"ਬੈਠਣ ਦਾ ਸਮਾਂ ਨੀ ਸੈਕਟਰੀ ਜੀ...! ਮਰੀਜ਼ ਦੀ ਹਾਲਤ ਬੜੀ ਨਾਜ਼ੁਕ ਹੁੰਦੀ ਜਾਂਦੀ ਐ, ਕਿਤੇ ਉਹ ਨਾ ਹੋਵੇ ਬਈ...!"

-"ਨਹੀਂ, ਇਉਂ ਹੋਣ ਦਿੰਨੇ ਆਂ...?"

-"ਜੋ ਕਰਨੈਂ, ਜਲਦੀ ਹੁਕਮ ਕਰੋ..!"

-"ਇੱਕ ਆਮ ਬੈੱਡ ਦੀ ਫ਼ੀਸ ਪੰਜ ਲੱਖ, ਤੇ ਖ਼ਾਸ ਬੈੱਡ ਦੀ ਕੀਮਤ ਸੱਤ ਲੱਖ ਐ ਜਨਾਬ, ਔਰ ਹਾਂ...!"

-"ਦੱਸੋ...!"

-"ਦੁਆਈਆਂ ਦਾ ਤੇ ਵੈਂਟੀਲੇਟਰ ਦਾ ਖਰਚਾ ਤੁਹਾਡਾ..!"

-"ਆਮ ਤੇ ਖ਼ਾਸ ਬੈੱਡ 'ਚ ਫ਼ਰਕ ਵੀ ਦੱਸ ਦਿਓ, ਮਹਾਰਾਜ..?"

-"ਆਮ ਬੰਦਾ ਤਾਂ ਸਾਰੇ ਮਰੀਜ਼ਾਂ ਦੇ ਵਿੱਚ ਡਾਹੇ ਬੈੱਡ 'ਤੇ ਪਊਗਾ, ਤੇ ਖ਼ਾਸ ਬੈੱਡ ਵਾਲ਼ੇ ਨੂੰ ਟੁਆਇਲਟ, ਬਾਥਰੂਮ ਤੇ ਏਅਰਕੰਡੀਸ਼ਨਡ ਕਮਰਾ ਦਿੱਤਾ ਜਾਊਗਾ, ਆਉਣ ਜਾਣ ਤੇ ਮਿਲਣ ਗਿਲਣ ਵਾਲ਼ੇ ਬੰਦੇ ਨੂੰ ਬੈਠਣ ਉਠਣ ਦੀ ਵੀ ਵਿਸ਼ੇਸ਼ ਸਹੂਲਤ ਹੋਊਗੀ...!"

-"ਇਹਦਾ ਮਤਲਬ ਤੁਹਾਡੇ ਕੋਲ਼ ਦੋ ਬੈੱਡ ਤਾਂ ਖਾਲੀ ਸੀਗ੍ਹੇ...? ਬੈੱਡ ਨਾ ਹੋਣ ਦੇ ਬਹਾਨੇ ਈ ਬਣਾਉਂਦੇ ਸੀ..?"

-"ਖਾਲੀ ਕਰਵਾਉਣੇ ਪੈਣੇ ਨੇ ਜੀ...!" ਸੈਕਟਰੀ ਜਿਵੇਂ ਗਿੱਚੀ ਤੋਂ ਫੜਿਆ ਗਿਆ ਸੀ।

-"ਉਹ ਕਿਵੇਂ...? ਕਿਸੇ ਨੂੰ ਮਾਰ ਕੇ..? ਜਾਂ ਜ਼ਬਰਦਸਤੀ ਧੱਕੇ ਨਾਲ਼ ਛੁੱਟੀ ਦੇ ਕੇ...?"

-"........!" ਸੈਕਟਰੀ ਚੁੱਪ ਵੱਟ ਗਿਆ। ਉਸ ਨੂੰ ਚੱਜ ਦਾ ਕੋਈ ਉੱਤਰ ਨਾ ਔੜਿਆ।

-"ਚਲੋ ਇਹਨਾਂ ਗੱਲਾਂ ਨੂੰ ਛੱਡੋ, ਸਾਡੇ ਮਰੀਜ਼ ਦਾ ਆਮ ਬੈੱਡ ਦਾ ਈ ਪ੍ਰਬੰਧ ਕਰ ਦਿਓ, ਆਹ ਫੜੋ ਪੇਸ਼ਗੀ, ਤੇ ਬਾਕੀ ਰਕਮ ਮੈਂ ਲੈ ਕੇ ਆਇਆ..!"

ਚੰਦ ਸਿਉਂ ਨੂੰ ਹਸਪਤਾਲ਼ ਵਿੱਚ ਦਾਖਲ ਕਰ ਲਿਆ ਗਿਆ।

ਹਸਪਤਾਲ਼ ਦੇ ਅੰਦਰ ਇੱਕ ਤਰ੍ਹਾਂ ਨਾਲ਼ "ਹਾਲ-ਦੁਹਾਈ" ਮੱਚੀ ਹੋਈ ਸੀ। ਕਿਸੇ ਦੇ ਆਕਸੀਜ਼ਨ ਲੱਗੀ ਹੋਈ ਸੀ। ਕਿਸੇ ਦਾ ਦਮੇਂ ਕਾਰਨ ਸਾਹ ਘੁੱਟਿਆ ਹੋਇਆ ਸੀ। ਕੋਈ ਬੁਰੀ ਤਰ੍ਹਾਂ ਖੰਘ ਰਿਹਾ ਸੀ। ਮਹਾਂਮਾਰੀ ਦੀ ਡਰਾਈ ਅਤੇ ਸਤਾਈ ਦੁਨੀਆਂ "ਤਰਾਸ-ਤਰਾਸ" ਕਰ ਰਹੀ ਸੀ। ਭੰਗੜੇ ਅਤੇ ਲੁੱਡੀਆਂ ਪਾਉਂਦੀ ਦੁਨੀਆਂ ਨੂੰ ਇਸ ਮਹਾਂਮਾਰੀ ਨੇ ਅੰਦਰ ਵਾੜ ਦਿੱਤਾ ਸੀ। ਵੱਡੇ-ਵੱਡੇ ਲੋਕਾਂ ਦੇ "ਅਫ਼ਰੇਵੇਂ" ਇੱਕ ਪਲ ਵਿੱਚ ਲਾਹ ਦਿੱਤੇ ਸਨ।

-"ਤੁਹਾਨੂੰ ਡਾਕਟਰ ਸਾਅਬ ਨੇ ਸੱਦਿਐ ਸਰਦਾਰ ਜੀ...!" ਕਿਸੇ ਨਰਸ ਨੇ ਆ ਕੇ ਆਪਣੀ ਵੰਝਲੀ ਵਰਗੀ ਅਵਾਜ਼ ਵਿੱਚ ਪ੍ਰੇਮ ਸਿੰਘ ਨੂੰ ਕਿਹਾ, ਜੋ ਉਸ ਨੇ ਸਿਰ ਹਿਲਾ ਕੇ ਮੰਨ ਲਿਆ।

-"ਹੁਣ ਫ਼ੇਰ ਪੈਸੇ ਮੰਗਣਗੇ, ਹਰਾਮਜ਼ਾਦੇ...!" ਬਾਲੀ ਖਿਝੀ ਪਈ ਸੀ।

-"ਫ਼ਿਕਰ ਕਿਉਂ ਕਰਦੀ ਐਂ...? ਮੈਂ ਹੈਗਾਂ...!" ਪ੍ਰੇਮ ਸਿਉਂ ਸ਼ਾਂਤ ਸੀ, "ਬੰਦੇ ਨਾਲ਼ੋਂ ਪੈਸਾ ਚੰਗੈ...?"

-".........!" ਬਾਲੀ ਚੁੱਪ ਹੋ ਗਈ। ਚੰਦ ਸਿਉਂ ਦੇ ਆਕਸੀਜ਼ਨ ਲੱਗੀ ਹੋਈ ਸੀ। ਉਸ ਦਾ ਖਿਤਿਕਿਆ ਸਾਹ ਹੁਣ ਆਕਸੀਜ਼ਨ ਲੱਗੀ ਹੋਣ ਕਾਰਨ ਕੁਝ 'ਟਿਕਾਣੇ' ਸੀ। ਉਹ ਅਰਧ ਬੇਹੋਸ਼ੀ ਜਿਹੀ ਹਾਲਤ ਵਿੱਚ ਅੱਖਾਂ ਮੀਟੀ ਪਿਆ ਸੀ।

-"ਆਓ ਜੀ ਸਰਦਾਰ ਜੀ, ਬੈਠੋ...!" ਡਾਕਟਰ ਖ਼ੁਸ਼ ਹੋ ਗਿਆ।

-"ਚੰਦ ਸਿੰਘ ਜੀ ਦੀ ਦੁਆਈ ਤੁਹਾਨੂੰ ਆਪ ਜਾ ਕੇ ਲਿਆਉਣੀ ਪਊ...!"

-"ਕਿੱਥੋਂ ਜਨਾਬ..?"

-"ਆਹ ਚੱਕੋ ਨੰਬਰ ਤੇ ਇਹਨਾਂ ਨੂੰ ਕਾਲ ਕਰੋ, ਦੁਆਈ ਮਿਲ਼ ਜਾਊਗੀ...!"

ਪ੍ਰੇਮ ਸਿਉਂ ਨੇ ਨੰਬਰ ਵਾਲ਼ੀ ਚਿੱਟ ਫੜ ਲਈ।

-"ਜਦੋਂ ਦੁਆਈ ਮਿਲ਼ ਗਈ, ਲਿਆ ਕੇ ਸਾਨੂੰ ਦੇ ਦਿਓ...!"

-"ਠੀਕ ਜੀ...!" ਬਾਹਰ ਆ ਕੇ ਉਸ ਨੇ ਡਾਕਟਰ ਦੇ ਦਿੱਤੇ ਨੰਬਰ 'ਤੇ ਫ਼ੋਨ ਮਿਲ਼ਾ ਲਿਆ।

-"ਦੁਆਈ ਦਾ ਸਟਾਕ ਖ਼ਤਮ ਐਂ, ਭਾਅ ਜੀ...!" ਓਧਰੋਂ ਕਿਸੇ ਨੇ ਰੁੱਖੇ ਜਿਹੇ ਲਹਿਜੇ ਵਿੱਚ ਕਿਹਾ ਅਤੇ ਫ਼ੋਨ ਕੱਟ ਦਿੱਤਾ।

ਪ੍ਰੇਮ ਸਿਉਂ ਪ੍ਰੇਸ਼ਾਨ ਹੋ ਉਠਿਆ। ਹੋਰ ਤਾਂ ਉਸ ਨੂੰ ਕੁਛ ਸੁੱਝਿਆ ਨਾ, ਉਹ ਮੁੜ ਡਾਕਟਰ ਕੋਲ਼ ਆ ਗਿਆ।

-"ਉਹ ਤਾਂ ਕਹਿੰਦੇ ਸਟਾਕ ਖ਼ਤਮ ਐਂ, ਡਾਕਟਰ ਸਾਅਬ..!" ਬੜੀ ਅਵਾਜ਼ਾਰੀ ਵਿੱਚ ਪ੍ਰੇਮ ਸਿਉਂ ਨੇ ਦੱਸਿਆ।

-"ਸਰਦਾਰ ਜੀ, ਦੁਆਈ ਤੁਹਾਨੂੰ ਏਥੋਂ ਈ ਮਿਲਣੀ ਐਂ, ਫ਼ੋਨ ਕਰ ਕੇ ਉਹਨਾਂ ਦੀ ਜਾਨ ਖਾਈ ਚੱਲੋ..!" ਡਾਕਟਰ ਨੇ ਵੀ ਭੌਣ ਤੋਂ ਲਾਹ ਦਿੱਤੀ।

-"ਡਾਕਟਰ ਸਾਅਬ, ਤੁਸੀਂ ਮਾੜੀ ਜੀ ਸ਼ਿਫ਼ਾਰਸ਼ ਸਿੱਟ ਦਿੰਦੇ, ਕੰਮ ਸੌਖਾ ਹੋ ਜਾਂਦਾ...? ਸੰਨ੍ਹੇ ਸੰਨ੍ਹ ਬੰਦਾ ਈ ਨਾ ਗੁਆ ਲਈਏ..?"

-"ਡੁੱਬੀ ਤਾਂ ਤਾਂ, ਜੇ ਸਾਹ ਨਾ ਆਇਆ...! ਸਾਡੀ ਕਿਹੜਾ ਕੰਜਰ ਮੰਨਦੇ ਆ..? ਏਸੇ ਲਈ ਤਾਂ ਥੋਨੂੰ ਤਕਲੀਫ਼ ਦਿੱਤੀ ਆ, ਸਰਦਾਰ ਜੀ..!" ਪ੍ਰੇਮ ਸਿਉਂ ਦਿਲ ਢਾਹੀ ਬਾਹਰ ਆ ਗਿਆ ਅਤੇ ਆ ਕੇ ਬੈਂਚ 'ਤੇ ਬੈਠਾ ਨਹੀਂ, ਇੱਕ ਤਰ੍ਹਾਂ ਨਾਲ਼ ਡਿੱਗ ਪਿਆ।

-"ਸਰਦਾਰ ਜੀ ਠੀਕ ਹੋ...?" ਦਿਨ ਵਾਲ਼ਾ ਕੰਪਾਊਂਡਰ ਸਾਹਮਣੇ ਖੜ੍ਹਾ ਸੀ। ਉਸ ਨੂੰ ਦੇਖ ਕੇ ਪ੍ਰੇਮ ਸਿਉਂ ਸੂਰਜਮੁਖੀ ਦੇ ਫੁੱਲ ਵਾਂਗ ਖਿੜ ਉਠਿਆ।

-"ਓਏ ਆ ਬਈ ਸ਼ੇਰਾ...! ਤੇਰੇ ਬਿਨਾ ਖੁੰਬੀ ਨੀ ਨਿਕਲ਼ਣੀ, ਮੇਰਾ ਮਸਲ ਹੱਲ ਕਰਵਾ...!" ਆਖ ਕੇ ਪ੍ਰੇਮ ਸਿਉਂ ਨੇ ਸਾਰੀ ਮੁਸ਼ਕਿਲ ਦੱਸੀ ਤਾਂ ਕੰਪਾਊਂਡਰ ਕੌੜਾ ਜਿਹਾ ਹੱਸ ਪਿਆ।

-"ਇਹ ਸਾਰਾ ਡਰਾਮਾ ਰਲ਼ ਮਿਲ਼ ਕੇ ਖੇਡਿਆ ਜਾ ਰਿਹੈ, ਸਰਦਾਰ ਜੀ...!"

-"ਓਹ ਕਿਵੇਂ...?"

-"ਇਸ ਕੁੱਤੇ ਦੇ ਹੱਡ ਡਾਕਟਰ ਨੇ ਜਿਸ ਕੈਮਿਸਟ ਦਾ ਨੰਬਰ ਦਿੱਤੈ, ਰਿਸ਼ਤੇ ਵਿੱਚੋਂ ਉਹ ਇਸ ਡਾਕਟਰ ਦਾ ਸਕਾ ਸਾਲ਼ਾ ਲੱਗਦੈ..! ਜਿਹੜੀਆਂ ਜਾਹਲ਼ੀ ਮਰੀਜ਼ਾਂ ਦੇ ਨਾਂ 'ਤੇ ਦੁਆਈਆਂ ਮੁਹੱਈਆ ਹੋਈਐਂ, ਉਹ ਇਹਦੇ ਸਾਲ਼ੇ ਦੀ ਦੁਕਾਨ 'ਤੇ ਚਲੀਆਂ ਜਾਂਦੀਐਂ, ਤੇ ਉਹ ਜਨਾਬ ਪੰਜ ਹਜ਼ਾਰ ਵਾਲ਼ੀ ਦੁਆਈ ਅੱਸੀ ਪੱਚਾਸੀ ਹਜ਼ਾਰ ਦੀ ਵੇਚਦੈ, ਤੇ ਉਸ ਦਾ ਅੱਧਾ ਹਿੱਸਾ ਡਾਕਟਰ ਨੂੰ ਆ ਜਾਂਦੈ...!" ਆਖ ਕੇ ਕੰਪਾਊਂਡਰ ਨੇ ਸਰਦਾਰ ਜੀ ਦੇ ਹੋਸ਼ ਉਡਾ ਦਿੱਤੇ।

-"ਇਹ ਰੱਬ ਤੋਂ ਨੀ ਡਰਦੇ...?"

-"ਥੋਡੇ ਸਾਹਮਣੇ ਈ ਐ, ਦੇਖਲੋ ਰੱਬ ਤੋਂ ਕਿੰਨੇ ਕੁ ਡਰਦੇ ਆ...?"

-"ਜਾਨ ਤਾਂ ਇੱਕ ਦਿਨ ਆਖਰ ਓਸ ਰੱਬ ਨੂੰ ਈ ਦੇਣੀ ਆਂ...!"

-"ਮੌਤ ਇਹਨਾਂ ਨੂੰ ਕਿੱਥੇ ਯਾਦ ਐ, ਸਰਦਾਰ ਜੀ...? ਇਹ ਤਾਂ ਰੱਬ ਨੂੰ ਵੀ ਧੂਤੂ ਈ ਦੱਸਦੇ ਆ...! ਰਾਤ ਨੂੰ ਜਦੋਂ ਇਹਨਾਂ ਦਾ ਪੈੱਗ ਸ਼ੈੱਗ ਲੱਗਿਆ ਹੁੰਦੈ, ਓਦੋਂ ਇਹਨਾਂ ਦੀਆਂ ਗੱਲਾਂ ਸੁਣਨ ਆਲ਼ੀਆਂ ਹੁੰਦੀਐਂ, ਰਾਣੀ ਖਾਂ ਦੇ ਸਾਲ਼ੇ ਬਣੇ ਬੈਠੇ ਹੁੰਦੇ ਐ...!"

-"ਜੁਆਨਾਂ ਤੂੰ ਮੱਦਦ ਕਰ ਕੋਈ, ਦੁਆਈ ਤਾਂ ਮਰੀਜ਼ ਨੂੰ ਦੇਣੀ ਐਂ...!"

-"ਇਹਨਾਂ ਨੇ ਕਿਸੇ ਦੀ ਨੀ ਮੰਨਣੀ, ਸਰਦਾਰ ਜੀ..! ਜਦੋਂ ਵੀ ਓਸ ਕੰਜਰ ਨੇ ਫ਼ੋਨ ਚੱਕਿਆ, ਤੁਸੀਂ ਕਹਿ ਦਿਓ ਕਿ ਪੈਸੇ ਦੀ ਪ੍ਰਵਾਹ ਨੀ, ਬੱਸ ਦੁਆਈ ਪੈਦਾ ਕਰ ਦਿਓ...! ਪੈਦਾ ਇਹਨਾਂ ਨੇ ਕੀ ਕਰਨੀ ਆਂ...? ਦੁਆਈ ਇਹਨਾਂ ਕੋਲ਼ ਵਾਧੂ ਪਈ ਐ, ਬੱਸ ਪੈਸਾ ਵੱਢਣ ਦੇ ਮਾਰੇ ਨਖਰੇ ਕਰ ਕੇ ਦਿਖਾਉਂਦੇ ਐ...!" ਅਣਮੰਨੇ ਜਿਹੇ ਮਨ ਨਾਲ਼ ਪ੍ਰੇਮ ਸਿਉਂ ਨੇ ਮੁੜ ਫ਼ੋਨ ਮਿਲ਼ਾ ਲਿਆ।

-"ਦੇਖੋ ਜੁਆਨ, ਪੈਸੇ ਦੀ ਪ੍ਰਵਾਹ ਨਾ ਮੰਨੋਂ, ਪਰ ਸਾਡੇ ਮਰੀਜ਼ ਨੂੰ ਤੁਰੰਤ ਦੁਆਈ ਚਾਹੀਦੀ ਐ, ਕਿਰਪਾ ਕਰ ਕੇ ਦੁਆਈ ਦਾ ਪ੍ਰਬੰਧ ਕਰੋ...!"

-"ਦੁਆਈ ਹੈ ਨੀ ਜਨਾਬ, ਕਿੱਥੋਂ ਹੱਡ ਵੱਢ ਦੇਈਏ...?" ਓਧਰੋਂ ਫ਼ਿਰ ਖੁਰਦਰੀ ਜਿਹੀ ਅਵਾਜ਼ ਆਈ।

-"ਜਿੰਨਾਂ ਮਰਜ਼ੀ ਪੈਸਾ ਲੱਗ ਜੇ, ਪਰ ਦੁਆਈ ਦਾ ਪ੍ਰਬੰਧ ਕਰੋ ਕਿਰਪਾ ਕਰ ਕੇ, ਸਾਡਾ ਮਰੀਜ਼ ਖ਼ਤਰੇ 'ਚ ਐ...!"

-"ਤੁਸੀਂ ਇੱਕ ਘੰਟੇ ਬਾਅਦ ਫ਼ੋਨ ਕਰੋ...!" ਤੇ ਉਸ ਨੇ ਫ਼ਿਰ ਫ਼ੋਨ ਕੱਟ ਦਿੱਤਾ।

-"ਦੁਆਈ ਏਸੇ ਹਰਾਮਖ਼ੋਰ ਨੇ ਈ ਦੇਣੀ ਐਂ, ਤੇ ਦੁਆਈ ਹੈ ਵੀ ਬਾਧੂ, ਸਰਦਾਰ ਜੀ..! ਬੱਸ ਨਖ਼ਰਾ ਕਰ ਕੇ ਭਾਰੇ ਹੁੰਦੇ ਐ, ਜਿੰਨਾ ਚਿਰ ਲੋੜਵੰਦ ਬੰਦੇ ਦੀ ਭਿਆਂ ਨੀ ਬੋਲਦੀ, ਇਹ ਸਿੱਧੇ ਨੀ ਤੁਰਦੇ..! ਤੁਸੀਂ ਇਹਨਾਂ ਦਾ ਖਹਿੜਾ ਨਾ ਛੱਡੋ, ਦੁਆਈ ਏਥੋਂ ਈ ਮਿਲਣੀ ਆਂ...!"

-"ਰੱਬ ਭਲੀ ਕਰੇ, ਇਹਨੂੰ ਕਹਿੰਦੇ ਆ ਕਲਯੁੱਗ...!"

ਇੱਕ ਘੰਟਾ ਪ੍ਰੇਮ ਸਿਉਂ ਨੂੰ ਮਸਾਂ ਬੀਤਿਆ।

ਪੂਰੇ ਘੰਟੇ ਬਾਅਦ ਉਹਨਾਂ ਨੇ ਫ਼ੋਨ ਫ਼ਿਰ ਮਿਲ਼ਾ ਲਿਆ।

-"ਪੰਦਰਾਂ ਮਿੰਟਾਂ ਵਿੱਚ ਤੁਸੀਂ ਟੈਂਕ ਵਾਲ਼ੇ ਚੌਂਕ 'ਚ ਆਜੋ ਤੇ ਦੁਆਈ ਲੈਜੋ...! ਤੇ ਪੈਸੇ ਨਾਲ਼ ਲੈ ਕੇ ਆਇਓ...!"

-"ਕਿੰਨੇ ਪੈਸੇ ਜੀ...?"

-"ਅੱਸੀ ਹਜ਼ਾਰ ਤਿੰਨ ਸੌ ਪਚੱਨਵੇਂ ਰੁਪਈਏ...!"

-"ਦੁਆਈ ਤਾਂ ਕਹਿੰਦੇ ਪੰਜ ਕੁ ਹਜ਼ਾਰ ਦੀ ਐ, ਜਨਾਬ...!"

ਚਲਦਾ...

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!
-ਸੰਪਾਦਕ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**617. ਗਿਆਨ ਦੀ ਵਿਚਾਰ ਕਿਹਨੇ ਕੀਤੀ ਤੇ ਕਿਉਂ ਕਰਨੀ ਚਾਹੀਦੀ ਹੈ?**

ਜਿਹਨਾਂ ਦੇ ਪੱਲੇ ਪੁੰਨ ਕਰਮ ਹੁੰਦੇ ਹਨ ਉਹ (ਬ੍ਰਹਮ) ਗਿਆਨ ਦੀ ਵਿਚਾਰ ਕਰਦੇ ਹਨ। "ਜਿਨਾ ਪੋਤੈ ਪੁੰਨੁ ਸੇ ਗਿਆਨ ਬੀਚਾਰੀ ॥ ਅੰਗ 160" । ਦੇਵਤੇ, ਮਨੁੱਖ, ਵਿਰਕਤ, ਕਰਮ ਕਾਂਡੀ ਨੱਚਦੇ ਹਨ, ਭਾਵ ਇਹਨਾਂ ਨੂੰ ਮਾਇਆ ਨਚਾਉਂਦੀ ਹੈ, ਜਦ ਕਿ ਮੁਨੀ (ਭਗਤ/ਸੇਵਕ) ਜਨ ਗਿਆਨ ਦੀ ਵਿਚਾਰ ਕਰਦੇ ਹਨ । "ਸੁਰਿ ਨਰ ਵਿਰਤਿ ਪਖਿ ਕਰਮੀ ਨਾਚੇ ਮੁਨਿ ਜਨ ਗਿਆਨ ਬੀਚਾਰੀ॥ ਅੰਗ 506" । ਜਪੁ ਬਾਣੀ 'ਚ ਸਤਿਗੁਰੂ ਨਾਨਕ ਦੇਵ ਜੀ ਸਾਨੂੰ ਦੱਸਦੇ ਹਨ ਕਿ ਅਣਗਿਣਤ ਭਗਤ ਪ੍ਰਭੂ ਦੇ ਗੁਣਾਂ ਤੇ ਗਿਆਨ ਦੀ ਵਿਚਾਰ ਕਰਦੇ ਹਨ । "ਅਸੰਖ ਭਗਤ ਗੁਣ ਗਿਆਨ ਵੀਚਾਰ ॥ ਅੰਗ 4" । ਸਿਧ ਗੋਸਟਿ 'ਚ ਸਤਿਗੁਰੂ ਨਾਨਕ ਦੇਵ ਜੀ ਸਿੱਧਾਂ ਨੂੰ ਉਪਦੇਸ਼ ਕਰਦੇ ਹਨ ਕਿ ਪ੍ਰਭੂ ਦੇ ਨਾਮ 'ਚ ਰੱਤਿਆਂ ਪ੍ਰਭੂ ਦੇ ਗੁਣਾਂ ਤੇ ਗਿਆਨ ਦੀ ਵਿਚਾਰ ਹੁੰਦੀ ਹੈ । "ਨਾਮਿ ਰਤੇ ਗੁਣ ਗਿਆਨ ਬੀਚਾਰੁ ॥ ਅੰਗ 941" । ਗਿਆਨ ਵਿਚਾਰ ਦੀ ਇੰਨੀ ਮਹਾਨਤਾ ਹੈ ਕਿ ਕਬੀਰ ਜੀ ਫਿਟਕਾਰ ਪਾਉਂਦੇ ਹੋਏ ਕਹਿੰਦੇ ਹਨ ਕਿ (ੳ) ਜਿਸ ਕੁਲ ਵਿਚ ਪੁਤ ਨੇ (ਬ੍ਰਹਮ) ਗਿਆਨ ਦੀ ਵਿਚਾਰ ਨਹੀਂ ਕੀਤੀ, ਉਸਦੀ ਮਾਂ ਵਿਧਵਾ ਕਿਉਂ ਨਹੀਂ ਹੋ ਗਈ ? "ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥ ਬਿਧਵਾ ਕਸ ਨ ਭਈ ਮਹਤਾਰੀ ॥1॥ ਅੰਗ 328" । ਅਤੇ (ਅ) ਕਮਲਿਆ ਤੂੰ ਗਿਆਨ ਵਿਚਾਰ ਦੀ ਪ੍ਰਾਪਤੀ ਨਹੀਂ ਕੀਤੀ, ਆਪਣਾ (ਅਮੋਲਕ ਮਨੁੱਖਾ) ਜਨਮ ਵਿਅਰਥ ਗੁਆ ਲਿਆ ਹੈ । "ਬਾਵਰੇ ਤੈ ਗਿਆਨ ਬੀਚਾਰੁ ਨ ਪਾਇਆ ॥ ਬਿਰਥਾ ਜਨਮੁ ਗਵਾਇਆ॥ ਅੰਗ 793" ॥ ਕਬੀਰ ਜੀ ਮਸ਼ਵਰਾ ਦਿੰਦੇ ਹਨ ਕਿ ਮਨ ਨੂੰ ਸਮਝਾਉਣ ਲਈ ਕੁਛ ਕੁ ਗਿਆਨ ਦੀ ਪੜ੍ਹਾਈ ਕਰਨੀ ਚਾਹੀਦੀ ਹੈ । "ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ ॥5॥ ਅੰਗ 340" । ਅਰਥਾਤ ਕੁਛ ਗਿਆਨ ਹਾਸਿਲ ਕਰਨਾ ਚਾਹੀਦਾ ਹੈ । ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਗੁਰੂ ਅਨੁਸਾਰੀ ਗਿਆਨ ਦੀ ਵਿਚਾਰ ਕਰਕੇ ਮਾਇਆ ਮੋਹ ਤੋਂ ਸੁਚੇਤ ਰਹਿੰਦੇ ਹਨ । "ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ ॥ ਅੰਗ 160" । ਪਿਛਲੇ ਕਰਮਾਂ ਕਰਕੇ ਗਿਆਨ ਦੀ ਵਿਚਾਰ ਤੋਂ ਬਿਨਾ ਆਦਮੀ ਕਦੇ ਉਤਸ਼ਾਹ 'ਚ ਹੁੰਦਾ ਹੈ ਤੇ ਕਦੇ ਨਿਘਾਰ ਵਿਚ; ਭਾਵ ਸਮ ਆਵਸਥਾ 'ਚ ਨਹੀਂ ਰਹਿੰਦਾ/ਮਨ ਟਿਕਦਾ ਨਹੀਂ । "ਕਿਰਤੁ ਪਇਆ ਅਧ ਊਰਧੀ ਬਿਨੁ ਗਿਆਨ ਬੀਚਾਰਾ ॥ ਅੰਗ 228" । ਉਸਨੂੰ ਹੀ ਸਹਿਜ ਅਵਸਥਾ 'ਚ ਮਸਤ ਕਿਹਾ ਜਾਂਦਾ ਹੈ, ਜੋ ਰਾਮ ਨਾਮ ਦਾ ਰਸ ਪੀਂਦਾ ਹੈ ਤੇ ਗਿਆਨ ਦੀ ਵਿਚਾਰ ਕਰਦਾ ਹੈ । "ਉਆ ਕਉ ਕਹੀਐ ਸਹਜ ਮਤਵਾਰਾ ॥ ਪੀਵਤ ਰਾਮ ਰਸੁ ਗਿਆਨ ਬੀਚਾਰਾ ॥1॥ ਰਹਾਉ ॥ ਅੰਗ 328" । ਮੂਰਖ ਮਨਮੁਖ (ਮਾਇਆ ਦੇ) ਰਸ ਚੂਸਦਾ ਹੈ । ਉਸਦੀ ਫਾਹੀ ਪ੍ਰਭੂ ਦੇ ਗੁਣਾਂ ਤੇ ਗਿਆਨ ਦੀ ਵਿਚਾਰ ਕਰਨ ਨਾ਼ਲ ਹੀ ਛੁੱਟ ਸਕਦੀ ਹੈ । "ਰਸਿ ਚੂਗਹਿ ਮਨਮੁਖਿ ਗਾਵਾਰਿ ॥ ਫਾਥੀ ਛੂਟਹਿ ਗੁਣ ਗਿਆਨ ਬੀਚਾਰਿ ॥5॥ ਅੰਗ 1275" । ਸਤਿਗੁਰੂ ਨਾਨਕ ਦੇਵ ਜੀ ਦੱਸਦੇ ਹਨ ਕਿ ਕੋਈ ਵਿਰਲਾ ਗਿਆਨ ਦੀ ਵਿਚਾਰ ਕਰਨ ਵਾ਼ਲਾ ਹੁੰਦਾ ਹੈ, ਜੋ ਕਿ ਆਪਾ ਭਾਵ (ਹਉਮੈ) ਗੁਆ ਕੇ ਅਮਰਾ (ਚੌਥਾ) ਪਦ ਪ੍ਰਾਪਤ ਕਰਦਾ ਹੈ; ਭਾਵ ਮਾਇਆ ਦੇ ਤਿੰਨ ਗੁਣਾਂ ਤੋਂ ਉੱਪਰ ਉੱਠ ਜਾਂਦਾ ਹੈ/ਜੰਮਣ ਮਰਨ ਤੋਂ ਛੁਟਕਾਰਾ ਪਾ ਲੈਂਦਾ ਹੈ । "ਅਮਰਾ ਪਦੁ ਪਾਇਆ ਆਪੁ ਗਵਾਇਆ ਵਿਰਲਾ ਗਿਆਨ ਵੀਚਾਰੀ ॥ ਅੰਗ 688" ।

**618. ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਗੁਰਬਾਣੀ ਵਾਰੇ ਕੀ ਲਿਖਿਆ ਹੈ?**

ਗੁਰਬਾਣੀ ਨੂੰ ਛੋਟੇ ਅੱਖਰਾਂ ਵਿਚ 'ਬਾਣੀ' ਕਰਕੇ ਵੀ ਸੰਬੋਧਨ ਕੀਤਾ ਗਿਆ ਹੈ । ਪਹਿਲੀ ਵਾਰ ਜਪੁ ਵਿਚ ਅੰਗ 4 ਤੇ । ਬਾਣੀ ਦਾ ਅਰਥ ਬੋਲੀ ਹੁੰਦਾ ਹੈ । ਇੱਥੇ ਆਪਾਂ ਬਾਣੀ ਲਫਜ਼ ਜਿੱਥੇ ਗੁਰਬਾਣੀ ਲਈ ਵਰਤਿਆ ਗਿਆ ਹੈ ਜਾਂ ਸੱਚੀ ਬਾਣੀ (ਸਚਾ ਸਬਦੁ ਸਚੀ ਹੈ ਬਾਣੀ ॥ ਅੰਗ 424" ।) ਜਾਂ ਨਿਰਮਲ ਬਾਣੀ ਜਾਂ ਅਨਹਦ (ਲਗਾਤਾਰ ਬਿਨਾ ਕਿਸੇ ਟਕਰਾ ਦੇ ਪੈਦਾ ਹੋਈ) ਬਾਣੀ ਲਈ ਜਾਂ ਅੰਮ੍ਰਿਤ ਬਾਣੀ ਜਾਂ ਉੱਤਮ ਬਾਣੀ ਜਾਂ ਰੂੜੀ ਬਾਣੀ ਕਰਕੇ ਵਰਤਿਆ ਹੈ ਉਸਦੀ ਵਿਚਾਰ ਹੀ ਕਰਾਂਗੇ । ਗੁਰਬਾਣੀ ਤੇ ਸੁੰਦਰ ਗੁਰਵਾਕਾਂ 'ਚੋਂ ਕੁਛ ਸੁੰਦਰ ਗੁਰਵਾਕ ਹਨ: "ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ॥ ਅੰਗ 515" । ਅਰਥਾਤ ਪ੍ਰਭੂ ਦੀ ਸਿਫਤ ਸਲਾਹ ਦੀ ਬਾਣੀ (ਉਸ ਪ੍ਰਭੂ ਵਾਂਗ) ਨਿਰ ਆਕਾਰ ਹੈ; ਜਿਸ ਦੇ ਬਰਾਬਰ ਦਾ ਹੋਰ ਕੋਈ ਨਹੀਂ ਹੈ । ਗੁਰਬਾਣੀ ਗੁਰੂ ਹੈ (ਜੋ ਉਪਦੇਸ਼ ਗੁਰੂ ਦਿੰਦਾ ਹੈ ਉਹੀ ਗੁਰਬਾਣੀ ਦਿੰਦੀ ਹੈ); ਬਾਣੀ ਵਿਚ ਅੰਮ੍ਰਿਤ ਨਾਮ ਪਾਇਆ ਗਿਆ ਹੈ । ਜੋ ਗੁਰਬਾਣੀ ਕਹੇ ਉਹੀ ਸੇਵਕ ਸਿੱਖ ਮੰਨੇ ਤਾਂ ਨਿਸ਼ਚਿਤ ਹੀ ਗੁਰੂ ਉਸਦਾ ਸੰਸਾਰ ਸਮੁੰਦਰ ਤੋਂ ਪਾਰ ਉਤਾਰਾ ਕਰ ਦੇਵੇਗਾ । "ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥ ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥5॥ ਅੰਗ 982" । "ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ ॥1॥ ਅੰਗ 67" । ਅਰਥਾਤ ਗੁਰਬਾਣੀ ਇਸ ਸੰਸਾਰ ਵਿਚ (ਅਗਿਆਨਤਾ ਦਾ ਹਨੇਰਾ ਦੂਰ ਕਰਨ ਲਈ ਗਿਆਨ ਰੂਪੀ) ਚਾਨਣ ਹੈ ਤੇ ਪ੍ਰਭੂ ਕਿਰਪਾ ਨਾ਼ਲ ਮਨ ਵਿਚ ਆ ਕੇ ਵਸ ਜਾਂਦੀ ਹੈ । ਇਹ ਬਾਣੀ ਧੁਰੋਂ (ਪਰਮੇਸ਼ਰ ਤੋਂ) ਆਈ ਹੈ । "ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥ ਅੰਗ 627" । ਅਤੇ "ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥ ਅੰਗ 722" । ਅਤੇ "ਤੇਰੀਆ ਖਾਣੀ ਤੇਰੀਆ ਬਾਣੀ ॥ ਅੰਗ 115" । ਅਤੇ ਜਿਸ ਪ੍ਰਭੂ ਦੀ ਇਹ ਬਾਣੀ ਹੈ ਉਸੇ ਵਿਚ ਹੀ ਇਹ ਸਮਾ ਜਾਂਦੀ ਹੈ । "ਜਿਸ ਕੀ ਬਾਣੀ ਤਿਸੁ ਮਾਹਿ ਸਮਾਣੀ ॥ ਅੰਗ 160" ।

ਸਤਿਗੁਰੂ ਜੀ ਦਾਸਾ ਭਾਵ'ਚ ਬਚਨ ਕਰਦੇ ਹਨ ਕਿ ਉਹ ਸਾਹਿਬ ਦੇ ਭਾਣੇ 'ਚ ਬੋਲਦੇ ਹਨ ਤੇ ਪਰਮੇਸ਼ਰ ਦੀ ਬਾਣੀ ਨੂੰ ਉਚਾਰਦੇ ਹਨ । "ਬੋਲੇ ਸਾਹਿਬ ਕੈ ਭਾਣੈ॥ ਦਾਸੁ ਬਾਣੀ ਬ੍ਰਹਮੁ ਵਖਾਣੈ ॥ ਅੰਗ 629"।

ਬਾਕੀ ਹਿਸਾ ਅਗਲੇ ਹਫ਼ਤੇ

## ਪੱਤਰਕਾਰ ਨੂੰ ਕੁੱਤੇ ਦੀ ਤਰਾਂ ਬਾਹਰ ਸੁੱਟ ਦਿਓ- ਟਰੰਪ , ਸੀ ਐਨ ਐਨ ਵੱਲੋਂ ਰਾਸ਼ਟਰਪਤੀ ਦੀ ਸਖਤ ਅਲੋਚਨਾ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਸੀ ਐਨ ਐਨ ਨੇ ਉਸ ਦੀ ਕੌਮੀ ਸੁਰੱਖਿਆ ਬਾਰੇ ਪੱਤਰਕਾਰ ਨਤਾਸ਼ਾ ਬਰਟਰੰਡ ਬਾਰੇ ਵਰਤੀ ਗਈ ਸ਼ਬਦਾਵਲੀ ਨੂੰ ਲੈ ਕੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਖਤ ਅਲੋਚਨਾ ਕੀਤੀ ਹੈ। ਇਜ਼ਰਾਈਲ ਤੇ ਇਰਾਨ ਵਿਚਾਲੇ ਟਕਰਾਅ ਬਾਰੇ ਨਤਾਸ਼ਾ ਬਰਟਰੰਡ ਦੀ ਰਿਪੋਰਟਿੰਗ ਤੋਂ ਖਫ਼ਾ ਟਰੰਪ ਨੇ ਸੋਸ਼ਲ ਮੀਡੀਆ ਟਰੁੱਥ ਉਪਰ ਲਿਖਿਆ ਹੈ ਕਿ ਨਤਾਸ਼ਾ ਬਰਟਰੰਡ ਨੂੰ ਨੌਕਰੀ ਤੋਂ ਕੱਢ ਦੇਣਾ ਚਾਹੀਦਾ ਹੈ , ਮੈ ਉਸ ਵੱਲੋਂ ਪਿਛਲੇ 3 ਦਿਨਾਂ ਤੋਂ ਘੜੀਆਂ ਜਾ ਰਹੀਆਂ ਫਰਜੀ ਖਬਰਾਂ ਵੇਖੀਆਂ ਹਨ। ਉਸ ਵਿਰੁੱਧ ਤੁਰੰਤ ਕਾਰਵਾਈ ਕਰਕੇ ਕੁੱਤੇ ਦੀ ਤਰਾਂ ਬਾਹਰ ਸੁੱਟ ਦਿਓ ਟਰੰਪ ਨੇ ਕਿਹਾ ਹੈ ਕਿ ਉਸ ਨੇ ਯਮਲੋਕ ਕਹਾਣੀ ਤੋਂ ਲੈਪਟਾਪ ਉਪਰ ਝੂਠ ਬੋਲਿਆ ਹੈ। ਹੁਣ ਉਸ ਨੇ ਪ੍ਰਮਾਣੂ ਟਿਕਾਣਿਆਂ ਬਾਰੇ ਝੂਠ ਬੋਲ ਕੇ ਸਾਡੇ ਦੇਸ਼ ਭਗਤ ਪਾਇਲਟਾਂ ਦੇ ਅਕਸ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕੀਤੀ ਹੈ ਜਦ ਕਿ ਉਨਾਂ ਨੇ ਮਹਾਨ ਕੰਮ ਕੀਤਾ ਹੈ। ਇਥੇ ਜਿਕਰਯੋਗ ਹੈ ਕਿ ਬਰਟਰੰਡ ਤੇ ਸੀ ਐਨ ਐਨ ਨੇ ਇਸ ਹਫਤੇ ਦੇ ਸ਼ੁਰੂ ਵਿਚ ਪ੍ਰਸਾਰਿਤ ਇਕ ਰਿਪੋਰਟ ਵਿਚ ਕਿਹਾ ਸੀ ਕਿ ਅਮਰੀਕਾ ਵੱਲੋਂ ਇਰਾਨ ਦੇ ਜੋ 3 ਪ੍ਰਮਾਣੂ ਟਿਕਾਣਿਆਂ ਤੇ ਹਮਲਾ ਕੀਤਾ ਗਿਆ ਹੈ ਉਸ ਹਮਲੇ ਵਿੱਚ ਪ੍ਰਮਾਣੂ ਟਿਕਾਣੇ ਤਬਾਹ ਨਹੀਂ ਹੋਏ।ਇਨਾਂ ਹਮਲਿਆਂ ਨਾਲ ਇਰਾਨ ਦਾ ਪ੍ਰਮਾਣੂ ਪ੍ਰੋਗਰਾਮ ਕੁਝ ਮਹੀਨੇ ਪਿਛੇ ਜਰੂਰ ਪਿਆ ਹੈ। ਇਸ ਰਿਪੋਰਟ ਤੋਂ ਖਫ਼ਾ ਟਰੰਪ ਨੇ ਬਰਟਰੰਡ ਬਾਰੇ ਵਿਵਾਦਤ ਗੱਲਾਂ ਕੀਤੀਆਂ ਹਨ।

ਪੰਜਾਬ ਟਾਈਮਜ਼
PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME.............................................................................
ADDRESS.........................................................................
..............................................POST CODE..............................
TEL...................................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***
PANJAB TIMES BRIDLE GATE LANE, ALVASTON, DERBY, DE24 0QW, U.K.
or call on / WHATSAPP NO : 07966 388 388
*www.panjabtimes.uk Email: Panjabtimes@aol.com*

ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ । ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ । ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ । ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ ।

ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:
ਜਾਣਕਾਰੀ ਲਈ ਸੰਪਰਕ: M: 07966 388 388

# ਸ਼੍ਰੋਮਣੀ ਸ਼ਹੀਦ ਭਾਈ ਮਨੀ ਸਿੰਘ ਦੀ ਕੁਰਬਾਨੀ ਨੂੰ ਯਾਦ ਕਰਦਿਆਂ

(9 ਜੁਲਾਈ)
ਸ਼ਹੀਦੀ ਦਿਵਸ
'ਤੇ ਵਿਸ਼ੇਸ਼



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com



ਗੁਰੂ ਘਰ ਦੇ ਅਨਿਨ ਗੁਰਸਿੱਖ ਸ਼੍ਰੋਮਣੀ ਵਿਦਵਾਨ ਤੇ ਸ਼੍ਰੋਮਣੀ ਸ਼ਹੀਦ ਭਾਈ ਮਨੀ ਸਿੰਘ ਨੇ ਦਮਦਮਾ ਸਾਹਿਬ (ਤਲਵੰਡੀ ਸਾਬੋ) ਦੀ ਧਰਤੀ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਸੰਪੂਰਨਤਾ ਦੇਣ ਸਮੇਂ ਲਿਖਾਰੀ ਵਜੋਂ ਜਿਹੜਾ ਕਾਰਜ ਕੀਤਾ, ਉਹ ਇਤਿਹਾਸਕ ਵੀ ਹੈ ਅਤੇ ਵਿਲੱਖਣ ਵੀ ਹੈ। ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਹਾਜ਼ਰੀ ਵਿੱਚ ਜਿਥੇ ਪਾਵਨ ਬੀੜ ਨੂੰ ਲਿਖਣ ਦਾ ਕਾਰਜ ਕੀਤਾ, ਉਥੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਾਵਨ ਬਾਣੀ ਵੀ ਦਰਜ ਕੀਤੀ। ਭਾਈ ਸਾਹਿਬ ਨੂੰ 9 ਜੁਲਾਈ, 1734 ਈ: ਨੂੰ ਲਾਹੌਰ ਦੇ ਨਖਾਸ ਚੌਂਕ ਵਿੱਚ ਸ਼ਹੀਦ ਕੀਤਾ ਗਿਆ। ਇਤਿਹਾਸ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਭਾਈ ਸਾਹਿਬ ਗੁਰੂ ਘਰ ਦੇ ਇਕ ਮਹਾਨ ਸਿਦਕੀ ਸਿੱਖ ਹੋਣ ਦੇ ਨਾਲ-ਨਾਲ ਨੇਮੀ, ਪ੍ਰੇਮੀ ਤੇ ਸ਼ਰਧਾਵਾਨ ਵਿਦਵਾਨ ਵੀ ਸਨ। ਭਾਈ ਸਾਹਿਬ ਨੇ ਸਮੇਂ-ਸਮੇਂ ਜੰਗਾਂ-ਯੁੱਧਾਂ ਵਿੱਚ ਜੰਗੀ ਕਰਤਵ ਵੀ ਦਿਖਾਏ। ਸਮਾਂ ਆਉਣ 'ਤੇ ਗੁਰਬਾਣੀ ਦੇ ਅਰਥ ਕਥਾ ਵਿਆਖਿਆ ਅਤੇ ਪ੍ਰਵਚਨਾਂ ਦੁਆਰਾ ਵੀ ਸਿੱਖ ਧਰਮ ਦੀ ਫਿਲਾਸਫੀ, ਸਿਧਾਂਤਾਂ ਅਤੇ ਪਰੰਪਰਾਵਾਂ ਦਾ ਪ੍ਰਚਾਰ ਕੀਤਾ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਵਜੋਂ ਵੀ ਸੇਵਾ ਨਿਭਾਈ। ਸਿੱਖ ਧਰਮ ਦੀ ਮਰਿਯਾਦਾ ਅਤੇ ਸਿਧਾਂਤਾਂ ਨੂੰ ਕਾਇਮ ਰੱਖਣ ਲਈ ਬੰਦ-ਬੰਦ ਕਟਵਾਉਣ ਤੋਂ ਵੀ ਸੰਕੋਚ ਨਹੀਂ ਕੀਤਾ। ਇਤਿਹਾਸਕ ਹਵਾਲਿਆਂ ਮੁਤਾਬਕ ਬੰਦਈ ਅਤੇ ਤੱਤ ਖ਼ਾਲਸੇ ਦੇ ਝਗੜੇ ਨੂੰ ਬੜੀ ਸੂਝ-ਬੂਝ ਨਾਲ ਨਿਬੇੜਨ ਵਿੱਚ ਮਹਾਨ ਯੋਗਦਾਨ ਪਾਇਆ। ਸਿੱਖ ਵਿਦਵਾਨ ਵਜੋਂ ਭਾਈ ਸਾਹਿਬ ਵੱਲੋਂ ਲਿਖੀਆਂ ਦੋ ਮਹਾਨ ਪੁਸਤਕਾਂ ਜਨਮਸਾਖੀ (ਗਿਆਨ ਰਤਨਾਵਲੀ) ਅਤੇ ਸਿੱਖਾਂ ਦੀ ਭਗਤ ਮਾਲਾ (ਭਗਤ ਰਤਨਾਵਲੀ) ਸਿੱਖ ਜਗਤ ਵਿੱਚ ਸ਼ਰਧਾ ਨਾਲ ਪੜ੍ਹੀਆਂ ਜਾਂਦੀਆਂ ਹਨ।

ਸ਼ਹੀਦ ਭਾਈ ਮਨੀ ਸਿੰਘ ਨੂੰ ਸਿੱਖ ਇਤਿਹਾਸ ਦੇ ਵੱਖ-ਵੱਖ ਸਰੋਤਾਂ ਮੁਤਾਬਿਕ ਕਿਸੇ ਨੇ ਪਰਮਾਰ ਰਾਜਪੂਤ, ਕਿਸੇ ਨੇ ਕੰਬੋਜ ਅਤੇ ਕਿਸੇ ਨੇ ਦੁਲਟ ਜੱਟ ਦੱਸਿਆ ਹੈ। ਇਤਿਹਾਸਕ ਹਵਾਲਿਆਂ ਮੁਤਾਬਿਕ ਆਪ ਦਾ ਜਨਮ ਭਾਈ ਮਾਈ ਦਾਸ ਦੇ ਗ੍ਰਹਿ ਵਿਖੇ ਮਾਤਾ ਮਧਰੀ ਜੀ ਦੀ ਕੁੱਖ ਤੋਂ ਹੋਇਆ। ਜਦੋਂ ਆਪ 13 ਸਾਲ ਦੇ ਸਨ ਤਾਂ ਆਪਣੇ ਪਿਤਾ ਦੇ ਨਾਲ ਕੀਰਤਪੁਰ ਸਾਹਿਬ ਵਿਖੇ ਸੱਤਵੇਂ ਪਾਤਸ਼ਾਹ ਗੁਰੂ ਹਰਿ ਰਾਏ ਸਾਹਿਬ ਦੇ ਦਰਸ਼ਨਾਂ ਨੂੰ ਆਏ। ਦੋ ਸਾਲ ਤੱਕ ਆਪ ਗੁਰੂ ਹਰਿ ਰਾਏ ਸਾਹਿਬ ਦੀ ਸੰਗਤ ਵਿੱਚ ਵਿਚਰੇ। ਇਸ ਤੋਂ ਪਿੱਛੋਂ ਆਪ ਜੀ ਦੇ ਪਿਤਾ ਜੀ ਆਪ ਜੀ ਨੂੰ ਸ਼ਾਦੀ ਕਰਨ ਲਈ ਵਾਪਸ ਲੈ ਗਏ। ਆਪ ਜੀ ਦੀ ਸ਼ਾਦੀ ਭਾਈ ਲੱਖੀ ਸ਼ਾਹ ਵਣਜਾਰਾ ਦੀ ਸਪੁੱਤਰੀ ਬੀਬੀ ਸੀਤੋ ਦੇਵੀ ਨਾਲ ਹੋਈ ਦੱਸੀ ਜਾਂਦੀ ਹੈ। ਵਿਆਹ ਤੋਂ ਕੁਝ ਸਮਾਂ ਪਿੱਛੋਂ ਆਪ ਦੁਬਾਰਾ ਫਿਰ ਆਪਣੇ ਦੋ ਭਾਈਆਂ ਭਾਈ ਜੇਠਾ ਜੀ ਅਤੇ ਭਾਈ ਦਿਆਲਾ ਜੀ ਨਾਲ ਕੀਰਤਪੁਰ ਸਾਹਿਬ ਆ ਗਏ। ਕਈ ਇਤਿਹਾਸਕਾਰਾਂ ਮੁਤਾਬਕ ਭਾਈ ਸਾਹਿਬ ਅੱਠਵੇਂ ਪਾਤਸ਼ਾਹ ਨਾਲ ਦਿੱਲੀ ਵੀ ਗਏ ਅਤੇ ਨੌਵੇਂ ਪਾਤਸ਼ਾਹ ਨਾਲ ਬਾਬਾ ਬਕਾਲਾ ਸਾਹਿਬ ਵਿਖੇ ਵੀ ਗਏ ਸਨ। ਨੌਵੇਂ ਪਾਤਸ਼ਾਹ ਜੀ ਦੀ ਸ਼ਹਾਦਤ ਤੋਂ ਬਾਅਦ ਆਪ ਜੀ ਦਸ਼ਮੇਸ਼ ਪਿਤਾ ਜੀ ਪਾਸ ਆ ਗਏ। ਦੱਸਵੇਂ ਪਾਤਸ਼ਾਹ ਦੇ ਹੁਕਮ ਮੁਤਾਬਕ ਹਰ ਸਮੇਂ ਜੰਗਾਂ ਯੁੱਧਾਂ ਵਿੱਚ ਆਪਣਾ ਯੋਗਦਾਨ ਪਾਉਂਦੇ ਰਹੇ। ਇਸ ਤਰ੍ਹਾਂ ਸੱਤਵੇਂ ਪਾਤਸ਼ਾਹ ਤੋਂ ਲੈ ਕੇ ਦੱਸਵੇਂ ਪਾਤਸ਼ਾਹ ਤੱਕ ਆਪ ਜੀ ਗੁਰੂ ਘਰ ਦੇ ਅੰਗ-ਸੰਗ ਰਹਿ ਕੇ ਸੇਵਾ ਨਿਭਾਉਂਦੇ ਰਹੇ। ਇਤਿਹਾਸਕ ਹਵਾਲਿਆਂ ਅਨੁਸਾਰ 30 ਮਾਰਚ, 1699 ਈ: ਦੀ ਵਿਸਾਖੀ ਵਾਲੇ ਦਿਨ ਖ਼ਾਲਸਾ ਸਾਜਨਾ ਸਮੇਂ ਆਪ ਜੀ ਨੇ ਆਪਣੇ ਪੰਜ ਪੁੱਤਰਾਂ ਭਾਈ ਬਚਿੱਤਰ ਸਿੰਘ, ਭਾਈ ਉਦੈ ਸਿੰਘ, ਭਾਈ ਅਨਿਨ ਸਿੰਘ, ਭਾਈ ਅਜਬ ਸਿਘ ਅਤੇ ਭਾਈ ਅਜਾਇਬ ਸਿੰਘ ਨੂੰ ਨਾਲ ਲੈ ਕੇ ਦਸਮ ਪਾਤਸ਼ਾਹ ਜੀ ਦੀ ਸੇਵਾ ਵਿੱਚ ਹਾਜ਼ਰ ਹੋਏ ਅਤੇ ਸਾਰਿਆਂ ਨੇ ਇਕੱਠਿਆਂ ਖੰਡੇ ਬਾਟੇ ਦੀ ਪਾਹੁਲ ਪ੍ਰਾਪਤ ਕੀਤੀ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਦੀ ਸੇਵਾ ਆਪ ਨੂੰ ਸੋਢੀ ਹਰਿ ਜੀ ਦੇ ਅਕਾਲ ਚਲਾਣੇ ਤੋਂ ਪਿੱਛੋਂ ਸੰਭਾਲੀ। ਇਤਿਹਾਸਕ ਹਵਾਲਿਆਂ ਮੁਤਾਬਕ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਦੌਰਾਨ ਆਪ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਜਿਹੜਾ ਯੋਗਦਾਨ ਪਾਇਆ, ਉਸ ਦੀ ਮਿਸਾਲ ਕਿਤੇ ਨਹੀਂ ਮਿਲਦੀ। ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਵੇਲੇ ਆਪ ਦਸਮ ਪਾਤਸ਼ਾਹ ਜੀ ਦੇ ਨਾਲ ਹੀ ਸਨ। ਸਰਸਾ ਨਦੀ ਦੇ ਪਵਿੱਤਰ ਵਿਛੋੜੇ ਸਮੇਂ ਨਦੀ ਪਾਰ ਕਰਨ ਦੇ ਵਕਤ ਸਰਬੰਸਦਾਨੀ ਪਿਤਾ ਜੇ ਦੇ ਆਪਣੇ ਮਹਿਲ (ਧਰਮ ਸੁਪਤਨੀਆਂ) ਨੂੰ ਭਾਈ ਮਨੀ ਸਿੰਘ ਜੀ ਨਾਲ ਦਿੱਲੀ ਭੇਜਿਆ। ਦੱਸਿਆ ਜਾਂਦਾ ਹੈ ਜਦੋਂ ਦਸਮ ਪਿਤਾ ਜੀ ਦਮਦਮਾ ਸਾਹਿਬ ਪਹੁੰਚੇ ਤਾਂ ਭਾਈ ਮਨੀ ਸਿੰਘ ਦਿੱਲੀ ਤੋਂ ਦਮਦਮਾ ਸਾਹਿਬ ਪਹੁੰਚ ਗਏ। ਇਥੇ ਭਾਈ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਦੀ ਸੇਵਾ ਨਿਭਾਈ। ਗੁਰੂ ਸਾਹਿਬ ਨੇ ਇਸ ਪਾਵਨ ਅਸਥਾਨ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬਾਣੀ ਨੂੰ ਅਰਥਾਂ ਸਹਿਤ ਵਿਚਾਰਿਆ। ਅਰਥ ਸਰਵਣ ਕਰਨ ਸਮੇਂ 48 ਮਹਾਨ ਵਿਦਵਾਨਾਂ ਵਿੱਚ ਭਾਈ ਮਨੀ ਸਿੰਘ ਅਤੇ ਬਾਬਾ ਦੀਪ ਸਿੰਘ ਵੀ ਸ਼ਾਮਿਲ ਸਨ। ਦਸਮ ਪਿਤਾ ਜੀ ਨੇ ਇਨ੍ਹਾਂ ਦੋਵੇਂ ਪਿਆਰੇ ਗੁਰਸਿੱਖਾਂ ਨੂੰ ਗੁਰਬਾਣੀ ਦੇ ਅਰਥਾਂ ਨੂੰ ਜਾਰੀ ਰੱਖਣ ਦੇ ਆਦੇਸ਼ ਦਿਤੇ। ਪੜ੍ਹਨ-ਪੜ੍ਹਾਉਣ ਦਾ ਮਹਾਨ ਕਾਰਜ ਇਨ੍ਹਾਂ ਦੋਵਾਂ ਆਦਰਸ਼ ਜੀਵਨ ਵਾਲੇ ਗੁਰੂ ਪਿਆਰਿਆਂ ਨੇ ਸ਼ਹਾਦਤ ਦਾ ਜਾਮ ਪੀਣ ਤੱਕ ਨਿਭਾਇਆ, ਜੋ ਹੁਣ ਤੱਕ ਨਿਰੰਤਰ ਚੱਲ ਰਿਹਾ ਹੈ। ਦਸਮ ਪਾਤਸ਼ਾਹ ਨੇ ਇਨ੍ਹਾਂ ਦੋਵਾਂ ਕਹਿਣੀ ਤੇ ਕਰਣੀ ਦੇ ਪੂਰੇ ਗੁਰਸਿੱਖਾਂ ਨੂੰ ਗੁਰਬਾਣੀ ਦੇ ਅਰਥਾਂ ਦੀ ਟੀਕਾ ਪ੍ਰਣਾਲੀ ਨੂੰ ਜਾਰੀ ਰੱਖਣ ਦੇ ਆਦੇਸ਼ ਦਿੱਤੇ।

ਜਦੋਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੱਖਣ ਵੱਲ ਚਲੇ ਗਏ ਤਾਂ ਭਾਈ ਮਨੀ ਸਿੰਘ ਅੰਮ੍ਰਿਤਸਰ ਦੀ ਪਾਵਨ ਧਰਤੀ 'ਤੇ ਪੁੱਜ ਗਏ। ਦੀਵਾਲੀ ਅਤੇ ਵਿਸਾਖੀ ਦੇ ਪਾਵਨ ਅਵਸਰਾਂ 'ਤੇ ਕਰ (ਟੈਕਸ) ਨਾ ਦੇ ਸਕਣ ਕਾਰਨ ਲਾਹੌਰ ਦੀ ਹਕੂਮਤ ਨੇ ਭਾਈ ਸਾਹਿਬ ਨੂੰ ਗ੍ਰਿਫ਼ਤਾਰ ਕਰ ਲਿਆ।

ਭਾਈ ਸਾਹਿਬ ਨੇ ਹਕੂਮਤ ਵੱਲੋਂ ਜਬਰੀ ਧਰਮ ਤਬਦੀਲ ਕਰਨ ਦੀਆਂ ਸਾਰੀਆਂ ਪੇਸ਼ਕਸ਼ਾਂ ਨੂੰ ਪੂਰੀ ਤਰ੍ਹਾਂ ਠੁਕਰਾ ਦਿੱਤਾ ਤਾਂ ਜ਼ਕਰੀਆ ਖਾਨ ਨੇ ਬੰਦ-ਬੰਦ ਕੱਟ ਕੇ ਸ਼ਹੀਦ ਕਰਨ ਦਾ ਹੁਕਮ ਸੁਣਾ ਦਿੱਤਾ। ਇਸ ਤਰ੍ਹਾਂ ਭਾਈ ਸਾਹਿਬ ਨੇ ਸਿੱਖੀ ਸਿਦਕ ਨਿਭਾਉਂਦਿਆਂ ਸ਼ਹਾਦਤ ਤਾਂ ਪ੍ਰਾਪਤ ਕਰ ਲਈ ਪਰ ਸਿੱਖ ਸਿਧਾਂਤਾਂ, ਰਵਾਇਤਾਂ ਅਤੇ ਮਰਿਯਾਦਾ ਨੂੰ ਕਾਇਮ ਰੱਖਣ ਲਈ ਆਪਾ ਵਾਰ ਦਿੱਤਾ। ਸ਼ਹੀਦ ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਹਮੇਸ਼ਾਂ ਲਈ ਕੌਮ ਦੇ ਮਰਜੀਵੜਿਆਂ ਨੂੰ ਚਾਨਣ ਮੁਨਾਰੇ ਵਾਂਗ ਰੁਸ਼ਨਾਉਂਦੀ ਰਹੀ ਹੈ ਅਤੇ ਰੁਸ਼ਨਾਉਂਦੀ ਰਹੇਗੀ। ਸ਼ਹੀਦ ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਨੂੰ ਸਾਡਾ ਪ੍ਰਣਾਮ।

## ਨਾਨਕਸਰ ਗੁਰਦੁਆਰਾ, ਕਵੈਂਟਰੀ ਵਿਖੇ ਧਾਰਮਿਕ ਸੇਵਾਦਾਰ (ਲਾਂਗਰੀ) ਦੀ ਲੋੜ ਹੈ

**ਨਾਨਕਸਰ ਗੁਰਦੁਆਰਾ ਗੁਰ ਸਿੱਖ ਟੈਂਪਲ ਕਵੈਂਟਰੀ ਵਿਖੇ ਧਾਰਮਿਕ ਸੇਵਾਦਾਰ ਇੱਕ ਲਾਂਗਰੀ ਦੀ ਤੁਰੰਤ ਲੋੜ ਹੈ।**

**ਨੌਕਰੀ ਦਾ ਮਕਸਦ:** ਸਿੱਖ ਧਰਮ ਦੇ ਨਿਯਮਾਂ ਅਨੁਸਾਰ ਗੁਰਦੁਆਰਾ ਸਾਹਿਬ ਵਿਖੇ ਮੁੱਖ ਕੰਮ ਲਾਂਗਰੀ ਵਜੋਂ ਡਿਊਟੀ ਕਰਨਾ ਹੈ ਜਿਸ ਵਿੱਚ ਸ਼ਾਮਲ ਹੈ ਤਿੰਨ ਵਕਤ ਸ਼ਾਕਾਹਾਰੀ ਭੋਜਨ ਤਿਆਰ ਕਰਨਾ, ਨਿਤਨੇਮ, ਸੁਖਮਨੀ ਸਾਹਿਬ ਪਾਠ, ਅਰਦਾਸ ਅਤੇ ਸੁਖਾਸਨ ਕਰਨ ਦੀਆਂ ਡਿਊਟੀਆਂ ਦੇ ਨਾਲ ਨਾਲ ਗੁਰਦੁਆਰੇ ਦੀਆਂ ਹੋਰ ਆਮ ਡਿਊਟੀਆਂ। ਸਿੱਖ ਮਰਿਆਦਾ ਅਨੁਸਾਰ ਹੋਰ ਸਮਾਗਮਾਂ ਵਿੱਚ ਮੁੱਖ ਗ੍ਰੰਥੀ ਦੀ ਮਦਦ ਕਰਨਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਰੋਜ਼ਾਨਾ ਸਿੱਖ ਅਰਦਾਸ ਦਾ ਪਾਠ ਕਰਨਾ, ਹਫਤਾਵਾਰੀ ਦੀਵਾਨ ਦਾ ਆਯੋਜਨ ਕਰਨਾ ਅਤੇ ਸਿੱਖ ਧਰਮ ਦਾ ਪ੍ਰਚਾਰ ਕਰਨਾ। ਲੋੜ ਅਨੁਸਾਰ ਸੰਗਤ ਦੇ ਘਰਾਂ ਵਿੱਚ ਜਾ ਕੇ ਪਾਠ ਦੀ ਸੇਵਾ ਕਰਨਾ। ਗੁਰੂ ਘਰ ਦੇ ਅੰਦਰ ਸਾਰੇ ਵਿਭਾਗਾਂ ਅਤੇ ਸੰਸਥਾਵਾਂ ਨਾਲ ਮਿਲ ਕੇ ਕੰਮ ਕਰਨਾ। ਗੁਰਦੁਆਰਾ ਕਮੇਟੀ ਦੇ ਨਿਰਦੇਸ਼ਾਂ ਅਨੁਸਾਰ ਦਿੱਤੀਆਂ ਜਾਣ ਵਾਲੀਆਂ ਹੋਰ ਸੇਵਾਵਾਂ ਕਰਨਾ। ਗੁਰਦੁਆਰੇ ਦੀ ਇਮਾਰਤ ਨੂੰ ਜਿੰਦਰੇ ਲਾਉਣ ਤੇ ਖੋਲ੍ਹਣ ਦੀ ਜ਼ਿੰਮੇਵਾਰੀ ਅਤੇ ਇਹ ਸੇਵਾਦਾਰ ਮੁੱਖ ਗ੍ਰੰਥੀ ਦੀ ਸਿਰਫ ਮਦਦ ਕਰਨਗੇ ਪਰ ਖੁਦ ਸੰਗਤ ਦੀ ਅਗਵਾਈ ਨਹੀਂ ਕਰਨਗੇ।

**ਕੰਮ ਦਾ ਵੇਰਵਾ :** ਕੰਮ ਦੇ ਘੰਟੇ: ਪ੍ਰਤੀ ਹਫਤੇ 20 ਘੰਟੇ ਤੋਂ 30 ਘੰਟੇ

**ਤਨਖਾਹ:** ਸਰਕਾਰ ਦੁਆਰਾ ਨਿਯਤ ਕੀਤੀ ਪ੍ਰਤੀ ਘੰਟਾ ਘੱਟੋ-ਘੱਟ ਤਨਖਾਹ ਦਿੱਤੀ ਜਾਵੇਗੀ।

**ਲਾਭ:** ਰਿਹਾਇਸ਼ ਅਤੇ ਖਾਣਾ ਮੁਫਤ ਪ੍ਰਦਾਨ ਕੀਤਾ ਜਾਵੇਗਾ।

**ਲੋੜਾਂ:** ਗੁਰਮੁਖੀ ਪੜ੍ਹਨ ਅਤੇ ਬੋਲਣ ਦੇ ਯੋਗ ਹੋਣਾ ਚਾਹੀਦਾ ਹੈ। ਕਾਫੀ ਤਜ਼ਰਬਾ ਅਤੇ ਅੰਮ੍ਰਿਤਧਾਰੀ ਹੋਣਾ ਲਾਜ਼ਮੀ ਹੈ। ਖਾਸ ਮੌਕਿਆਂ ਲਈ ਵੱਡੀ ਗਿਣਤੀ ਸੰਗਤ ਵਾਸਤੇ ਖਾਣਾ ਤਿਆਰ ਕਰਨ ਦਾ ਤਜ਼ਰਬਾ ਹੋਣਾ ਜ਼ਰੂਰੀ ਹੈ। ਸਮਾਜਿਕ ਅਤੇ ਵਧੀਆ ਗੱਲਬਾਤ ਕਰਨ ਦੀ ਕਾਬਲੀਅਤ।

**ਹੋਰ ਵੇਰਵੇ:** ਬਿਨੈਕਾਰ ਯੂ ਕੇ ਦੇ ਵਸਨੀਕ ਹੋਣ ਜਾਂ ਉਨ੍ਹਾਂ ਕੋਲ ਕੰਮ ਕਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ।

ਚਾਹਵਾਨ ਬਿਨੈਕਾਰ ਵਧੇਰੇ ਜਾਣਕਾਰੀ ਲਈ ਹੇਠਾਂ ਲਿਖੇ ਸੇਵਾਦਾਰਾਂ ਨਾਲ ਸੰਪਰਕ ਕਰ ਸਕਦੇ ਹਨ ਜਾਂ ਅਰਜ਼ੀਆਂ ਅਤੇ ਆਪਣੇ ਵੇਰਵੇ ਹੇਠਾਂ ਦਿੱਤੇ ਈਮੇਲ ਨੂੰ 7 ਜੁਲਾਈ 2025 ਤੋਂ ਪਹਿਲਾਂ ਭੇਜੋ

ਵਧੇਰੇ ਜਾਣਕਾਰੀ ਲਈ: ਬਲਰਾਜ ਸਿੰਘ ਜੌਹਲ – 07899 937663 Tel: 024 7622 0434
or info@nanaksarglobal.com / www.nanaksarglobal.com

**Nanaksar Gurdwara Gursikh Temple**
*UK Registered Charity No. 512089*

224-226 FOLESHILL ROAD, COVENTRY, WEST MIDLANDS CV1 4HW, U.K.

# ਦਿਲਜੀਤ ਦੁਸਾਂਝ ਦੀ "ਸਰਦਾਰ ਜੀ -3"

**ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ.)**



ਵਾਦ ਵਿਵਾਦ ਪਾਕਿਸਤਾਨੀ ਹੀਰੋਇਨ ਦਾ ਨਹੀਂ ਬਲਕਿ ਮੁੱਦੇ ਦੀ ਜੜ੍ਹ ਈਰਖਾ ਦਾ ਸਾੜਾ ਹੈ। ਦਲਜੀਤ ਦੁਸਾਂਝ ਦੀ ਫਿਲਮ "ਸਰਦਾਰ ਜੀ 3" ਪਾਕਿਸਤਾਨੀ ਹੀਰੋਇਨ ਹਾਨੀਆ ਆਮਿਰ ਨੂੰ ਲੈ ਕੇ ਕਥਿਤ ਵਾਦ ਵਿਵਾਦ ਜੋਰਾਂ 'ਤੇ ਹੈ। ਭਾਰਤ ਵਿਚ ਇਹ ਫਿਲਮ ਬੈਨ ਕੀਤੀ ਜਾ ਚੁੱਕੀ ਹੈ ਜਦ ਕਿ ਪੂਰੇ ਵਿਸ਼ਵ ਵਿਚ ਇਹ ਫਿਲਮ ਕੱਲ੍ਹ ਰਿਲੀਜ ਹੋ ਚੁੱਕੀ ਹੈ ਤੇ ਸਿਨੇਮਿਆਂ ਵਿਚ ਚੱਲ ਰਹੀ ਹੈ।

ਵਿਵਾਦ ਇਸ ਗੱਲੋਂ ਸ਼ੁਰੂ ਹੋਇਆ ਕਿ ਇਸ ਫਿਲਮ ਵਿਚ ਹੀਰੋਇਨ ਵਜੋਂ ਪਾਕਿਸਤਾਨੀ ਕਲਾਕਾਰ ਹਾਨੀਆਂ ਆਮਿਰ ਨੂੰ ਕਿਓਂ ਲਿਆ ਗਿਆ? ਦੋਸ਼ ਇਹ ਲਾਇਆ ਗਿਆ ਕਿ ਪਾਕਿਸਤਾਨੀ ਅੱਤਵਾਦੀਆਂ ਨੇ ਬੀਤੀ 22 ਅਪਰੈਲ ਨੂੰ ਕਸ਼ਮੀਰ ਦੇ ਪਹਿਲਗਾਮ ਵਿਚ ਹਮਲਾ ਕਰਕੇ 28 ਭਾਰਤੀ ਸੈਲਾਨੀਆ ਮਾਰ ਮੁਕਾਇਆ ਜਿਸ ਦੇ ਬਹਾਨੇ ਭਾਰਤ ਨੇ ਪਾਕਿਸਤਾਨ ਉੱਤੇ ਬੀਤੀ 7 ਮਈ ਨੂੰ ਹਮਲਾ ਵੀ ਕੀਤਾ।

ਗੱਲ ਨੂੰ ਅੱਗੇ ਤੋਰਦਿਆਂ ਬਾਲੀਵੁੱਡ ਦੇ ਸੁਪਰਸਿੱਧ ਫਿਲਮ ਲੇਖਕ ਤੇ ਗੀਤਕਾਰ ਜਨਾਬ ਜਵੇਦ ਅਖਤਰ ਦਾ ਇਕ ਬਿਆਨ ਇਥੇ ਕਾਬਲੇ ਗੌਰ ਹੈ। ਉਹਨਾ ਦਾ ਕਹਿਣਾ ਹੈ ਕਿ, "ਇਸ ਫਿਲਮ ਨੂੰ ਚੱਲਣ ਦੇਣਾ ਚਾਹੀਦਾ ਹੈ ਕਿਉਕਿ ਜਿਸ ਵੇਲੇ ਫਿਲਮ ਬਣੀ ਹੈ , ਉਸ ਵੇਲੇ ਦੋਵਾਂ ਮੁਲਕਾਂ ਦੇ ਹਾਲਾਤ ਬਿਲਕੁਲ ਨਾਰਮਲ ਸਨ।" ਪਰ ਫਿਲਮ ਨੂੰ ਪੂਰੇ ਭਾਰਤ ਵਿਚ ਬੈਨ ਕਰ ਦਿੱਤਾ ਗਿਆ। ਇਥੇ ਸਵਾਲ ਪੈਦਾ ਇਹ ਹੁੰਦਾ ਹੈ ਕਿ ਹਾਨੀਆ ਆਮਿਰ ਨੇ ਭਾਰਤ ਉਤੇ ਕਿਹੜੀਆਂ ਮਿਜਾਇਲਾਂ ਦਾਗੀਆਂ, ਉਹ ਤਾਂ ਜਿਸ ਤਰਾਂ ਭਾਰਤ ਅਤੇ ਪਾਕਿਸਤਾਨ ਦੇ ਬਾਕੀ ਆਮ ਸ਼ਹਿਰੀ ਹਨ ਤੇ ਉਹਨਾ ਦਾ ਕੋਈ ਕਸੂਰ ਨਹੀਂ ਉਸੇ ਤਰਾਂ ਉਹ ਹੈ।

ਦੂਜੀ ਗੱਲ ਇਹ ਕਿ ਕਲਾਕਾਰਾਂ ਨੂੰ ਸਰਹੱਦਾਂ ਦੀ ਵਲਗਣ ਵਿਚ ਵੰਡਣਾ ਕਿੰਨਾ ਕੁ ਜਾਇਜ ਹੈ? ਮੇਰੀ ਜਾਚੇ ਇਹ ਤਾਂ ਮੂਰਖਤਾ ਦੀ ਇੰਤਹਾ ਹੈ ਤੇ ਭਾਰਤ ਸਰਕਾਰ ਨੇ ਦਲਜੀਤ ਦੀ ਫਿਲਮ ਉੱਤੇ ਬੈਨ ਲਗਾ ਇਹ ਸਭ ਕੁੱਝ ਆਪ ਹੀ ਸਾਬਤ ਕਰ ਦਿੱਤਾ ਹੈ।

ਦਰਅਸਲ ਗੱਲ ਇਹ ਨਹੀਂ ਕਿ ਹਾਨੀਆ ਆਮਿਰ ਨੂੰ ਫਿਲਮ ਦੀ ਹੀਰੋਇਨ ਕਿਓਂ ਬਣਾਇਆ ਗਿਆ, ਬਲਕਿ ਵਿਚਲੀ ਗੱਲ ਇਹ ਹੈ ਕਿ ਦਲਜੀਤ ਦੁਸਾਂਝ ਪੰਜਾਬੀ ਹੈ, ਪੱਗ ਬੰਨ੍ਹਦਾ ਹੈ, ਪੰਜਾਬੀ ਪਹਿਰਾਵਾ ਪਹਿਨਦਾ ਹੈ, ਬਾਲੀਵੁੱਡ ਦਾ ਝੋਲੀ ਚੁੱਕ ਨਹੀਂ, ਇਸ ਸਮੇਂ ਉਹ ਵੱਡਾ ਸਟਾਰ ਹੈ, ਉਸ ਦੇ ਸ਼ੋਆਂ ਵਿਚ ਦਰਸ਼ਕਾਂ ਦੀ ਸੱਖਿਆ ਲੱਖਾਂ ਵਿਚ ਹੁੰਦੀ ਹੈ ਤੇ ਬੌਲੀਵੁੱਡ ਦੇ ਬਹੁਤਿਆਂ ਲੱਠਮਾਰਾਂ ਨੂੰ ਇਹ ਸਭ ਕੁੱਝ ਹਜਮ ਨਹੀਂ ਹੋ ਰਿਹਾ, ਪੰਜਾਬੀ ਪਹਿਰਾਵੇ ਵਿਚ ਸਟੇਜ 'ਤੇ ਜਾ ਕੇ ਜਦ ਉਹ "ਆ ਗਏ ਪੰਜਾਬੀ ਓਏ" ਕਹਿੰਦਾ ਹੈ ਤਾਂ ਬਾਲੀਵੁੱਡ ਦੇ ਵੱਡੇ ਵੱਡੇ ਸਟਾਰਾਂ ਦੀ ਧਰਨ ਹਿੱਲ ਜਾਂਦੀ ਹੈ।

ਕਹਿਣ ਦਾ ਭਾਵ ਇਹ ਹੈ ਕਿ ਅਸਲ ਵਿਚ "ਸਰਦਾਰ ਜੀ 3" ਫਿਲਮ ਦਾ ਮਸਲਾ ਨਹੀਂ, ਬਲਕਿ ਮਸਲਾ ਇਹ ਹੈ ਕਿ ਉਹ ਆਪਣੀਆਂ ਸਟੇਜਾਂ ਉੱਤੇ "ਆ ਗਏ ਪੰਜਾਬੀ ਓਏ" ਦੀ ਬਜਾਏ "ਆ ਗਏ ਭਾਰਤੀ ਓਏ" ਕਿਓਂ ਨਹੀਂ ਬੋਲਦਾ, ਆਪਣੀਆਂ ਬਹੁਤੀਆਂ ਫਿਲਮਾਂ ਸਿੱਖ ਵਿਰਸੇ ਬਾਰੇ ਹੀ ਕਿਓਂ ਬਣਾਉਂਦਾ? ਸਿਰ 'ਤੇ ਪੱਗ ਕਿਓਂ ਬੰਨ੍ਹਦਾ? ਬਾਲੀਵੁੱਡ ਦੇ ਫਿਲਮੀ ਡਾਇਰੈਕਟਰਾਂ ਦਾ ਪਾਣੀ ਕਿਓਂ ਨਹੀਂ ਭਰਦਾ? ਮੀਕਾ ਸਿੰਘ ਤੇ ਗੁਰੂ ਰੰਧਾਵੇ ਵਾਂਗ ਉਹਨਾਂ ਦਾ ਪਿੱਠੂ ਤੇ ਝੋਲੀ ਚੁੱਕ ਕਿਓਂ ਨਹੀਂ ਬਣਦਾ, ਉਹ ਸਿਰਫ ਪੰਜਾਬੀ ਸੱਭਿਆਚਾਰ, ਪੰਜਾਬੀਅਤ ਤੇ ਸਿੱਖ ਵਿਰਸੇ ਨੂੰ ਹੀ ਪਰੋਮੋਟ ਕਿਓਂ ਕਰਦਾ?

ਸੋਚਣ ਵਾਲੀ ਗੱਲ ਇਹ ਵੀ ਹੈ ਕਿ ਜਦੋਂ ਪ੍ਰਧਾਨਮੰਤਰੀ ਨਰਿੰਦਰ ਮੋਦੀ ਉਸ ਨੂੰ ਮਿਲਦਾ ਹੈ ਤਾਂ ਓਹੀ ਦਲਜੀਤ ਦੁਸਾਂਝ ਨਫਰਤੀਆਂ ਵਾਸਤੇ ਚੰਗਾ ਹੁੰਦਾ ਹੈ ! ਜਦੋਂ ਕਿਸਾਨ ਮੋਰਚੇ ਦੀ ਹਿਮਾਇਤ ਕਰਦਾ ਹੈ ਤਾਂ ਉਸ ਨੂੰ ਖਾਲਿਸਤਾਨੀ ਕਿਹਾ ਜਾਂਦਾ ਹੈ।

ਪਹਿਲਗਾਮ ਕਾਂਡ ਕਿਸ ਨੇ ਕਰਵਾਇਆ ਤੇ ਕਿਸ ਨੇ ਕੀਤਾ, ਅਜੇ ਤੱਕ ਇਸ ਦਾ ਖੁਰਾ ਨਹੀਂ ਨੱਪਿਆ ਗਿਆ, ਬਿਨਾ ਕਿਸੇ ਠੋਸ ਅਧਾਰ ਦੇ ਪਾਕਿਸਤਾਨ ਵੱਲ ਉਂਗਲ ਚੁੱਕ ਦਿੱਤੀ ਗਈ, ਹਮਲਾ ਵੀ ਕਰ ਦਿੱਤਾ ਤੇ ਡੋਨਾਲਡ ਟਰੰਪ ਦੀ ਮਾਰਫਤ ਪਾਕਿਸਤਾਨ ਨਾਲ ਜੰਗਬੰਦੀ ਵਾਲਾ ਸਮਝੌਤਾ ਵੀ ਕਰ ਲਿਆ।

ਪੁਲਵਾਮਾ ਵਾਲੇ ਕਾਂਡ ਦਾ ਅੱਜ ਤੱਕ ਕੀ ਬਣਿਆ? ਉੜੀ ਕਾਂਡ ਵਾਸਤੇ ਕੌਣ ਜਿੰਮੇਵਾਰ ਰਿਹਾ? ਦਰਅਸਲ ਲੋਕਾਂ ਦਾ ਧਿਆਨ ਅਸਲ ਮੁੰਦੇ ਤੋਂ ਭਟਕਾਉਣ ਵਾਸਤੇ ਇਸ ਤਰਾਂ ਦੀਆਂ ਬਿਨਾ ਸਿਰ ਪੈਰ ਵਾਲੀਆਂ ਕਾਰਵਾਈਆਂ ਭਾਜਪਾ ਸਰਕਾਰ ਵਲੋਂ ਕਥਿਤ ਰੂਪ ਵਿਚ ਪਹਿਲਾਂ ਵੀ ਕੀਤੀਆਂ ਗਈਆਂ ਤੇ ਹੁਣ ਵੀ ਕੀਤੀਆਂ ਜਾ ਰਹੀਆਂ ਹਨ ਤਾਂ ਕਿ ਸਰਕਾਰ ਲੋਕਾਂ ਦੇ ਅਸਲ ਮਸਲਿਆਂ ਦੀ ਜਵਾਬਦੇਹੀ ਤੋਂ ਬਚਕੇ ਆਪਣੀ ਕੁਰਸੀ ਤੇ ਚੌਧਰ ਨੂੰ ਬਹਾਲ ਰੱਖ ਸਕੇ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਦਲਜੀਤ ਨੇ ਆਪਣੀ ਕਲਾ ਦੇ ਬਲਬੂਤੇ ਆਪਣੇ ਨਾਮ ਦੇ ਨਾਲ ਨਾਲ ਪੰਜਾਬੀਆ ਦਾ ਨਾਮ ਵੀ ਸੰਸਾਰ ਭਰ ਵਿਚ ਫਖਰ ਨਾਲ ਉੱਚਾ ਕੀਤਾ ਹੈ ਤੇ ਇਸ ਦੇ ਨਾਲ ਹੀ ਸਿੱਖਾਂ ਦੀਆਂ ਸੰਸਾਰ ਪੱਧਰ 'ਤੇ ਮਾਨਵਤਾ ਹਿੱਤ ਕੀਤੀਆਂ ਘਾਲਣਾਵਾਂ ਤੇ ਕੁਰਬਾਨੀਆਂ ਨੂੰ ਮੁੜ ਤੋਂ ਲੋਕਾਂ ਦੇ ਧਿਆਨ ਵਿਚ ਲਿਆਦਾ।

ਉਸ ਦੀ ਜਿਸ ਫਿਲਮ ਦਾ ਵਿਰੋਧ ਇਸ ਸਮੇਂ ਕੀਤਾ ਜਾ ਰਿਹਾ, ਉਸ ਦਾ ਉਹ ਸਿਰਫ ਹੀਰੋ ਹੈ, ਪਰੋਡਿਊਸਰ ਜਾਂ ਡਾਇਰੈਕਟਰ ਨਹੀਂ, ਪਰ ਫਿਰ ਵੀ ਟਾਰਗੇਟ ਉਤੇ ਦਲਜੀਤ ਦੁਸਾਂਝ ਹੈ, ਅਜਿਹਾ ਕਿਓਂ? ਇਸ ਦਾ ਸਿੰਧਾ ਜਿਹਾ ਕਾਰਨ ਹੈ ਕਿ ਹੇਟਰਾਂ ਤੋਂ ਉਸ ਦੀ ਪ੍ਰਸਿੱਧੀ ਨਹੀਂ ਝੱਲ ਹੁੰਦੀ ਤੇ ਨਾ ਹੀ ਉਸ ਵਰਗਾ ਪੰਜਾਬੀ ਪੁੱਤਰ ਬਣਿਆ ਜਾਂਦਾ ਹੈ ਤੇ ਜਦੋਂ ਅਜਿਹਾ ਹੋਵੇ ਤਾਂ ਫਿਰ ਅਜਿਹੇ ਸੋਚ ਪੱਖੋਂ ਪਛੜੇ ਹੋਏ ਲੋਕ ਆਪਣਾ ਬਹੁਤਾ ਧਿਆਨ ਸਫਲ ਵਿਅਕਤੀ ਜਾਂ ਕਲਾਕਾਰ ਦੀਆਂ ਨਿਗੋਚਾਂ ਕੱਢਕੇ ਉਹਨਾਂ ਦੀ ਨਿੰਦਿਆ ਕਰਨ ਤੇ ਲੱਤਾਂ ਖਿਚਣ ਵਿਚ ਲਗਾ ਦਿੰਦੇ ਹਨ, ਇਹ ਨਿਗੋਚਾਂ ਬਿਲਕੁਲ ਇਸੇ ਤਰਾਂ ਦੀਆਂ ਹੁੰਦੀਆਂ ਹਨ ਕਿ ਜਿਵੇਂ ਕਿਸੇ ਨੂੰ ਇਹ ਕਹਿ ਦੇਈਏ ਕਿ ਰੋਟੀ ਖਾਂਦਿਆਂ ਉਸ ਦਾ ਮੂੰਹ ਕਿਓਂ ਹਿਲਦਾ ਹੈ,



ਤੁਰਿਆਂ ਜਾਂਦਿਆਂ ਚਾਲ ਦਾ ਰਿਦਮ ਕਿਓਂ ਨਹੀਂ ਬਣਦਾ ਜਾਂ ਫਿਰ ਰੇਵੀਏ ਰੇਵੀਏ ਕਿਓਂ ਨਹੀਂ ਤੁਰਦਾ ਆਦਿ। ਅਜਿਹੇ ਨਫਰਤ ਦੀ ਅੱਗ ਵਿਚ ਸੜੇ ਲੋਕਾਂ ਨੇ ਕਦੇ ਆਪਣੇ ਗਿਰੇਵਾਨ ਚ ਝਾਕ ਕੇ ਨਹੀਂ ਦੇਖਿਆ ਹੁੰਦਾ ਕਿ ਆਪ ਕਿੰਨੇ ਕੁ ਪਾਣੀ ਚ ਖੜ੍ਹੇ ਹਨ !

ਸਰਦਾਰ ਜੀ 3, ਕੱਲ੍ਹ ਜਾਣੀ ਸ਼ੁਕਰਵਾਰ, ਭਾਰਤ ਨੂੰ ਛੱਡਕੇ ਪੂਰੀ ਦੁਨੀਆਂ ਵਿਚ ਰਿਲੀਜ ਹੋ ਚੁੱਕੀ ਹੈ, ਸਾਰੇ ਪਾਸਿਓਂ ਚੰਗੀਆਂ ਖਬਰਾਂ ਆ ਰਹੀਆਂ ਹਨ, ਫਿਲਮ ਨੂੰ ਭਰਪੂਰ ਹੁੰਗਾਰਾ ਮਿਲ ਰਿਹਾ ਹੈ, ਯੋਰਪ, ਇੰਗਲੈਂਡ, ਕਨੇਡਾ, ਆਸਟਰੇਲੀਆ, ਅਮਰੀਕਾ ਆਦਿ ਚ ਵਸਦੇ ਪੰਜਾਬੀਆਂ ਵਿਚ ਇਸ ਫਿਲਮ ਨੂੰ ਦੇਖਣ ਪ੍ਰਤੀ ਬਹੁਤ ਉਤਸ਼ਾਹ ਹੈ ਜੋ ਕਿ ਫਿਲਮ ਵਿਰੋਧੀਆਂ ਦੇ ਮੂੰਹ ਉੱਤੇ ਲਫੇੜਾ ਹੀ ਮੰਨਿਆ ਜਾ ਸਕਦਾ ਹੈ।

ਇਕ ਗੱਲ ਹੋਰ ਜਿਹੜੀ ਬਹੁਤ ਖਾਸ ਰੂਪ ਵਿਚ ਸਾਹਮਣੇ ਆਈ ਹੈ, ਉਹ ਇਹ ਹੈ ਕਿ ਕੁੱਝ ਕੁ ਤੁਅਸਬੀ ਲੋਕਾਂ ਦੇ ਕਥਿਤ ਵਿਰੋਧ ਦੇ ਓਹਲੇ ਹੇਠ ਮੁਲਕ ਦੀ ਸਰਕਾਰ ਅਤੇ ਰਾਜ ਸਰਕਾਰਾਂ ਨੇ ਫਿਲਮ ਵਿਰੁੱਧ ਬੈਨ ਲਗਾ ਕੇ ਆਪਣੀ ਹੀ ਅਕਲ ਦਾ ਜਨਾਜ਼ਾ ਆਪ ਹੀ ਪੂਰੀ ਤਰਾਂ ਕੱਢ ਲਿਆ ਹੈ। ਹਾਨੀਆ ਅਤੇ ਦਲਜੀਤ ਦੋਵੇਂ ਆਪੋ ਆਪਣੇ ਮੁਲਕਾਂ ਦੇ ਸ਼ਹਿਰੀ ਹਨ, ਉਹ ਕਲਾਕਾਰ ਹਨ, ਆਪੋ ਆਪਣੇ ਖੇਤਰਾਂ ਵਿਚ ਪਰਬੁੱਧ ਹਨ , ਉਹਨਾਂ ਨੇ ਆਪਣੀ ਜਿੰਦਗੀ ਵਿਚ ਕੀ ਕਰਨਾ ਹੈ ਜਾਂ ਕੀ ਨਹੀਂ ਕਰਨਾ, ਇਹ ਉਹਨਾਂ ਦਾ ਨਿੱਜੀ ਮਸਲਾ ਹੈ , ਪਰ ਹੈਰਾਨੀ ਇਸ ਗੱਲ ਦੀ ਹੋ ਰਹੀ ਹੈ ਕਿ ਕਈ ਗੁਰੂ ਰੰਧਾਵੇ ਤੇ ਮੀਕਾ ਸਿੰਘ ਵਰਗੇ ਉਹਨਾ ਨੂੰ ਮੁਫਤ ਤੇ ਬਿਨਾ ਮੰਗੀਆਂ ਸਲਾਹਾਂ ਦੇ ਕੇ ਆਪਣਾ ਆਪ ਹੀ ਜਲੂਸ ਕੱਢੀ ਜਾ ਰਹੇ ਹਨ।

ਰਹੀ ਗੱਲ ਸ਼ੋਸ਼ਲ ਮੀਡੀਏ ਦੀ, ਇਸ ਉੱਤੇ ਕਿਸੇ ਨੂੰ ਕੋਈ ਬੰਦਿਸ਼ ਨਹੀਂ, ਹਰ ਕੋਈ ਆਪੋ ਆਪਣੀ ਸੋਚਣੀ ਮੁਤਾਬਿਕ ਪੋਸਟਾਂ ਪਾਈ ਜਾ ਰਿਹਾ ਹੈ, ਆਪਣੀ ਡੱਫਲੀ ਤੇ ਆਪਣਾ ਰਾਗ ਅਲਾਪ ਰਿਹਾ ਹੈ। ਕੁੱਝ ਦਲਜੀਤ ਦੁਸਾਂਝ ਦੇ ਹੱਕ ਚ ਤੇ ਕੁੱਝ ਵਿਰੋਧ ਵਿਚ ਖੜ੍ਹੇ ਹਨ, ਸਭ ਦਾ ਆਪੋ ਆਪਣਾ ਏਜੰਡਾ ਹੈ, ਪਰ ਚੰਗਾ ਇਹ ਹੋਵੇਗਾ ਜੇਕਰ ਧਿਰਬਾਜੀ ਤੋ ਉਪਰ ਉੱਠਕੇ, ਫੈਨਬਾਜੀ ਦੀ ਐਨਕ ਉਤਾਰ ਕੇ ਮਸਲੇ ਦੀ ਜੜ੍ਹ ਨੂੰ ਦੇਖਿਆ ਜਾਵੇ ਤਾਂ ਇਹ ਬਿਲਕੁਲ ਸ਼ਪੱਸ਼ਟ ਹੋ ਜਾਵੇਗਾ ਕਿ ਦਲਜੀਤ ਦੁਸਾਂਝ ਤੇ ਹਾਨੀਆ ਆਮਿਰ ਦੋਵੇਂ ਚੰਗੇ ਕਲਾਕਾਰ ਹਨ, ਸਮਾਜ ਲਈ ਵਧੀਆ ਕਾਰਜ ਕਰ ਰਹੇ ਹਨ , ਸਹੀ ਦਿਸ਼ਾ ਵਿਚ ਆਪਣੀ ਕਲਾ ਦਾ ਪ੍ਰਦਰਸ਼ਨ ਕਰ ਰਹੇ ਹਨ, ਜਿਸ ਕਰਕੇ ਉਹਨਾਂ ਨੂੰ ਹੱਲਾਸ਼ੇਰੀ ਦੇਣੀ ਬਣਦੀ ਹੈ, ਪਰ ਭਾਰਤ ਵਿਚ ਅਜਿਹਾ ਹੋਣਾ ਸੰਭਵ ਨਹੀਂ ਹੈ। ਏਹੀ ਕਾਰਨ ਹੈ ਕਿ ਜਦ ਦਲਜੀਤ ਦੁਸਾਂਝ ਕਿਸਾਨ ਮੋਰਚੇ ਦੇ ਹੱਕ ਚ ਖੜ੍ਹਾ ਹੁੰਦਾ ਹੈ ਤਾਂ ਉਸ ਨੂੰ ਖਾਲਿਸਤਾਨੀ ਅਤੇ ਟੁੱਕੜੇ ਟੁੱਕੜੇ ਗੈਂਗ ਦਾ ਮੈਂਬਰ ਕਿਹਾ ਜਾਂਦਾ ਹੈ, ਜਦੋਂ ਉਹ ਅੰਤਰਰਾਸ਼ਟਰੀ ਕਿਸੇ ਗਾਲਾ ਵਿਚ ਹਿੱਸਾ ਲੈ ਕੇ ਮੁੜਦਾ ਹੈ ਤਾਂ ਦੇਸ਼ ਦਾ ਪ੍ਰਧਾਨ ਮੰਤਰੀ ਉਸ ਨੂੰ ਬਾਹਾਂ ਖਿਲਾਰ ਕੇ ਮਿਲਣ ਦੀ ਇੱਛਾ ਵਿਅਕਤ ਕਰਦਾ ਹੈ, ਪਾਇਲ ਤੇ ਕੰਗਣਾ ਰਣੌਤ ਵਰਗੀਆਂ ਚਵਲ ਔਰਤਾਂ ਆਪਣੀ ਪ੍ਰਸਿੱਧੀ ਵਧਾਉਣ ਵਾਸਤੇ ਉਸ ਨਾਲ ਵਾਦ ਵਿਵਾਦ ਕਰਦੀਆਂ ਹਨ। ਇਥੇ ਰਾਹਤ ਇੰਦੋਰੀ ਦੇ ਇਕ ਸ਼ੇਅਰ ਦਾ ਜਿਕਰ ਕਰਨਾ ਬਹੁਤ ਸਾਰਥਿਕ ਜਾਪਦਾ ਹੈ ਕਿ, "ਹਮਾਰੇ ਮੂੰਹ ਸੇ ਨਿਕਲੇ, ਵੋਹ ਹੀ ਸਦਾਕਤ ਹੈ, ਹਮਾਰੇ ਮੂੰਹ ਮੇ ਤੁਮਹਾਰੀ ਜੁਬਾਨ ਥੋਹੜੀ ਹੈ। ਸਭ ਕਾ ਖੂਨ ਸ਼ਾਮਿਲ ਹੈ, ਜਹਾਂ ਕੀ ਮਿੱਟੀ ਮੇਂ, ਕਿਸੀ ਕੇ ਬਾਪ ਕਾ ਹਿੰਦੁਸਤਾਨ ਥੋਹੜੀ ਹੈ।

ਅੱਜ ਭਾਰਤ ਦੇ ਹਾਲਾਤ ਇਹ ਬਣੇ ਹੋਏ ਹਨ ਕਿ ਕੋਈ ਵੀ ਕੁੱਛ ਵੀ ਬੋਲੀ ਜਾ ਰਿਹਾ ਹੈ, ਕਿਸੇ ਨੂੰ ਵੀ ਦੇਸ਼ ਭਗਤ ਤੇ ਗਦਾਰ ਗਰਦਾਨਿਆ ਐਲਾਨਿਆ ਜਾ ਰਿਹਾ ਹੈ , ਹੋਰ ਵੀ ਹੈਰਾਨੀ ਹੁੰਦੀ ਹੈ ਕਿ ਕਲਾਕਾਰਾਂ ਨੂੰ ਵੀ ਨਹੀਂ ਬਖਸ਼ਿਆ ਜਾ ਰਿਹਾ, ਉਥੇ ਵੀ ਸੇਹ ਦਾ ਤੱਕਲਾ ਗੱਡਿਆ ਜਾ ਰਿਹਾ ਹੈ।

ਮੁਕਦੀ ਗੱਲ ਇਹ ਹੈ ਕਿ "ਸਰਦਾਰ ਜੀ 3" ਦੀ ਟੀਮ ਨੇ ਫਿਲਮ ਵਿਚੋਂ ਹਾਨੀਆ ਆਮਿਰ ਨੂੰ ਨਾ ਬਾਹਰ ਕੱਢਣ ਦਾ ਫੈਸਲਾ ਲਿਆ ਹੈ, ਬੇਸ਼ੱਕ ਫਿਲਮ ਮੇਕਰ ਟੀਮ ਨੇ ਇਹ ਵੱਡਾ ਰਿਸਕ ਲਿਆ ਹੈ, ਪਰ ਇਹ ਨਵੀਂ ਪਿਰਤ ਪਾ ਕੇ ਇਸ ਸਦੀ ਦੇ ਫਿਲਮ ਜਗਤ ਵਿਚ ਜੱਗੋਂ ਤੇਰਰਵੀਂ ਵੀ ਕੀਤੀ ਹੈ ਤੇ ਹੱਥ 'ਤੇ ਸਰੋਂ ਵੀ ਜਮਾਈ ਹੈ। ਫਿਲਮ ਮੇਕਰਾਂ ਨੇ ਫਿਲਮ ਦੇ ਵਿਰੋਧੀਆਂ ਨੂੰ ਮਾਕੂਲ ਜਵਾਬ ਦਿੱਤਾ ਹੈ, ਜਿਸ ਤੋਂ ਇਹ ਸਾਬਤ ਹੋ ਗਿਆ ਕਿ "ਸਰਦਾਰ ਜੀ -3" ਦਾ ਉਸ ਦੇ ਰਿਲੀਜ ਹੋਣ ਤੋਂ ਪਹਿਲਾਂ ਹੀ ਵਿਰੋਧ ਕਰਨ ਵਾਲੇ ਲੋਕ ਅਕਲੋਂ ਪੈਦਲ ਹੀ ਨਹੀਂ ਬਲਕਿ ਮਾਨਸਿਕ ਤੌਰ 'ਤੇ ਅਪਾਹਜ ਵੀ ਹਨ।

ਜਿਹਨਾਂ ਸਰਕਾਰਾਂ ਨੇ ਇਸ ਫਿਲਮ ਉੱਤੇ ਬੈਨ ਆਇਤ ਕੀਤਾ ਹੈ, ਉਹਨਾਂ ਇਹ ਕਾਰਾ ਸਿਆਸੀ ਮੁਫਾਦ ਵਾਸਤੇ ਜਾਂ ਸਿਆਸੀ ਰੋਟੀਆਂ ਸੇਕਣ ਵਾਸਤੇ ਕੀਤਾ ਹੈ। ਪੂਰੇ ਵਿਸ਼ਵਾਸ ਨਾਲ ਕਹਿ ਸਕਦਾਂ ਕਿ ਦਲਜੀਤ ਦੁਸਾਂਝ ਦੀ ਇਹ ਫਿਲਮ ਭਾਰਤ ਵਿਚ ਬੈਨ ਹੋਣ ਦੇ ਬਾਵਜੂਦ ਵੀ ਸੁਪਰ ਹਿੱਟ ਹੋਵੇਗੀ, ਇਸ ਫਿਲਮ ਨੂੰ ਬਹੁਤ ਭਰਵਾਂ ਹੁੰਗਾਰਾ ਮਿਲੇਗਾ ਤੇ ਦਲਜੀਤ ਦੁਸਾਂਝ ਆਪਣੀ ਕਾਮਯਾਬੀ ਦਾ ਇਕ ਹੋਰ ਮੀਲ ਪੱਥਰ ਗੱਡੇਗਾ। ਫੇਰ ਦੁਹਰਾ ਜਾਵਾਂ ਕਿ ਇਹ ਮਸਲਾ ਅਸਲ ਰੂਪ ਵਿਚ ਫਿਲਮ ਦੀ ਪਾਕਿਸਤਾਨੀ ਹੀਰੋਇਨ ਹਾਨੀਆ ਆਮਿਰ ਦਾ ਫਿਲਮ ਵਿੱਚ ਕੰਮ ਕਰਨ ਨਾਲ ਸਬੰਧਿਤ ਨਹੀਂ ਹੈ, ਦਰਅਸਲ ਇਹ ਮਸਲਾ ਦਲਜੀਤ ਨਾਲ ਈਰਖਾ ਕਰਨ ਵਾਲੇ ਤੇ ਦੋਹਾਂ ਮੁਲਕਾਂ ਵਿਚਕਾਰ ਕੁੜੱਤਣ ਪੈਦਾ ਕਰਕੇ ਲਾਹਾ ਲੈਣ ਵਾਲੇ ਸਿਆਸੀ ਗਿੱਧਾ ਵਲੋਂ ਸਿਆਸੀ ਲਾਹਾ ਲੈਣ ਦਾ ਹੈ। ਇਹ ਉਕਤ ਦੋ ਉਹ ਕੁਰੀਤੀਆਂ ਹਨ ਜੋ ਹਰ ਵਸਦੇ ਰਸਦੇ ਸਮਾਜ ਵਿਚ ਸੇਹ ਦਾ ਤੱਕਲਾ ਗੱਡਕੇ ਪਾੜੇ ਪਾਉਂਦੀਆਂ ਹਨ ਤੇ ਨਫਰਤ ਬੀਜਦੀਆਂ ਹਨ। ਰੱਬ ਖੈਰ ਕਰੇ।

**7 ਜੁਲਾਈ – ਜਨਮ ਦਿਹਾੜੇ 'ਤੇ ਵਿਸ਼ੇਸ਼**
**ਭਗਵਾਨ ਸਿੰਘ ਜੌਹਲ**

# ਗੁਰ ਸ਼ਬਦ ਦੇ ਅਭਿਆਸੀ ਜੀਊੜੇ – ਭਾਈ ਸਾਹਿਬ ਭਾਈ ਰਣਧੀਰ ਸਿੰਘ


ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਰੱਬੀ ਰੰਗ ਵਿੱਚ ਰੰਗੀ ਪਵਿੱਤਰ ਆਤਮਾ, ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਗੁਰ-ਸ਼ਬਦ ਦੇ ਅਭਿਆਸੀ ਜੀਊੜੇ ਸਨ। ਅਖੰਡ ਕੀਰਤਨ ਉਨ੍ਹਾਂ ਦੇ ਜੀਵਨ ਦੀ ਆਤਮਿਕ ਖ਼ੁਰਾਕ ਸੀ। ਅਖੰਡ ਕੀਰਤਨ ਉਨ੍ਹਾਂ ਦੇ ਜੀਵਨ ਦਾ ਅਟੁੱਟ ਅੰਗ ਬਣ ਚੁੱਕਾ ਸੀ। ਰੱਬੀ ਪ੍ਰੇਮ ਵਿੱਚ ਜਦੋਂ ਉਨ੍ਹਾਂ ਦੀ ਆਤਮਾ ਬੋਲਦੀ ਸੀ, ਉਦੋਂ ਅਨੇਕਾਂ ਰੱਬੀ ਰੰਗ ਵਿੱਚ ਰੰਗੀਆਂ ਆਤਮਾਵਾਂ ਅੰਦਰੋਂ ਵੀ ਗੁਰ-ਸ਼ਬਦ ਦੀ ਹੂਕ ਸੁਣਾਈ ਦਿੰਦੀ ਸੀ। ਸਮੁੱਚਾ ਸਿੱਖ ਜਗਤ ਉਨ੍ਹਾਂ ਨੂੰ ਇਸ ਕਰਕੇ ਸਤਿਕਾਰ ਦਿੰਦਾ ਸੀ ਕਿ ਉਹ ਇਕੋ ਸਮੇਂ ਕੌਮੀ ਦਰਦ ਨਾਲ ਓਤ-ਪੋਤ ਦੇਸ਼ ਭਗਤ, ਸੰਤ ਕਵੀ, ਗੁਰਬਾਣੀ ਦੇ ਵਿਆਖਿਆਕਾਰ ਹੋਣ ਦੇ ਨਾਲ-ਨਾਲ ਸਮੇਂ ਦੀ ਬਰਤਾਨਵੀ ਹਕੂਮਤ ਨੂੰ ਵੰਗਾਰਨ ਵਾਲੇ ਗ਼ਦਰੀ ਬਾਬਿਆਂ ਦੇ ਸਾਥੀ, ਗੁਰਦੁਆਰਾ ਸੁਧਾਰ ਲਹਿਰ ਦੇ ਮੋਢੀ ਗੁਰਸਿੱਖ ਸਨ।

ਭਾਈ ਸਾਹਿਬ ਦਾ ਜਨਮ 7 ਜੁਲਾਈ 1878 ਈ: ਨੂੰ ਪਿੰਡ ਨਾਰੰਗਵਾਲ ਜ਼ਿਲ੍ਹਾ ਲੁਧਿਆਣਾ ਵਿਖੇ ਪਿਤਾ ਸ. ਨੱਥਾ ਸਿੰਘ ਅਤੇ ਮਾਤਾ ਪੰਜਾਬ ਕੌਰ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਨੇ ਮੁੱਢਲੀ ਸਿੱਖਿਆ ਨਾਭੇ ਤੋਂ ਹਾਸਲ ਕੀਤੀ। ਉਚੇਰੀ ਸਿੱਖਿਆ ਨਾਭੇ ਤੋਂ ਹਾਸਲ ਕੀਤੀ। ਉਚੇਰੀ ਸਿੱਖਿਆ ਵਾਸਤੇ ਸਰਕਾਰੀ ਕਾਲਜ ਲਾਹੌਰ ਵਿਖੇ ਦਾਖਲਾ ਲਿਆ। ਕਾਲਜ ਵਿੱਚ ਪੜ੍ਹਦਿਆਂ ਭਰ ਜਵਾਨੀ ਦੇ ਦਿਨਾਂ ਵਿੱਚ ਰੱਬੀ ਰੰਗ ਵਿੱਚ ਰੰਗੇ ਗਏ। ਅਜਿਹਾ ਮਜੀਠਾ ਰੰਗ ਚੜ੍ਹਿਆ, ਜਿਸ ਨਾਲ ਉਨ੍ਹਾਂ ਦੀ ਆਤਮਾ ਰੰਗੀ ਗਈ। 22 ਸਾਲ ਦੀ ਉਮਰ ਵਿੱਚ ਗ੍ਰੈਜੂਏਸ਼ਨ ਕਰਕੇ ਜਦੋਂ ਅਜੇ ਜੀਵਨ ਸਫ਼ਰ ਦੀ ਆਰੰਭਤਾ ਕਰਨੀ ਸੀ। ਉਸ ਸਮੇਂ ਪੰਜਾਬ ਵਿੱਚ ਪਲੇਗ ਦੀ ਭਿਆਨਕ ਮਹਾਂਮਾਰੀ ਫੈਲ ਗਈ। 1902 ਈ: ਵਿੱਚ ਪਲੇਗ ਦੀ ਮਹਾਂਮਾਰੀ ਨੂੰ ਕਾਬੂ ਕਰਨ ਲਈ ਅੰਗ੍ਰੇਜ਼ੀ ਹਕੂਮਤ ਨੇ ਇੰਗਲੈਂਡ ਤੋਂ ਆਏ ਡਾ: ਫਿਸ਼ਰ ਨਾਲ ਭਾਈ ਸਾਹਿਬ ਨਾਇਬ-ਤਹਿਸੀਲਦਾਰ ਨਿਯੁਕਤ ਹੋਏ। ਜਦੋਂ ਪਲੇਗ ਵਰਗੀ ਬਿਮਾਰੀ ਦਾ ਹਮਲਾ ਖਤਮ ਹੋਇਆ ਤਾਂ ਸਰਕਾਰ ਨੇ ਇਸ ਮਹਿਕਮੇ ਨੂੰ ਖਤਮ ਕਰਕੇ ਭਾਈ ਸਾਹਿਬ ਨੂੰ ਕਿਸੇ ਹੋਰ ਮਹਿਕਮੇ ਵਿੱਚ ਤਬਦੀਲ ਕਰਨ ਦੀ ਵਿਚਾਰ ਕੀਤੀ। ਪਰ ਭਾਈ ਸਾਹਿਬ ਨੇ ਇਸ ਗੱਲ ਤੋਂ ਇਨਕਾਰ ਕਰਦਿਆਂ ਪੂਰਨ ਰੂਪ ਵਿੱਚ ਗੁਰਮਤਿ ਸਿਧਾਂਤਾਂ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਦਾ ਮਨ ਬਣਾ ਲਿਆ। ਉਨ੍ਹਾਂ ਵੇਖਿਆ ਪੰਜਾਬ ਦੇ ਲੋਕਾਂ ਨੂੰ ਗੁਰੂ ਸਾਹਿਬਾਨ ਦੀ ਫਿਲਾਸਫੀ ਤੇ ਗੁਰ-ਸ਼ਬਦ ਨਾਲ ਜੋੜਨ ਤੋਂ ਬਿਨਾਂ ਲੋਕਾਂ ਦੀ ਜੀਵਨ ਸ਼ੈਲੀ ਵਿੱਚ ਤਬਦੀਲੀ ਨਹੀਂ ਆ ਸਕਦੀ।

ਇਸ ਤੋਂ ਛੇਤੀ ਪਿੱਛੋਂ ਖੰਡੇ-ਬਾਟੇ ਦੀ ਪਾਹੁਲ ਪ੍ਰਾਪਤ ਕਰਕੇ ਸਰਬਲੋਹ ਦੇ ਧਾਰਨੀ ਬਣ ਕੇ ਬਿਬੇਕੀ ਜੀਵਨ ਆਰੰਭ ਕਰ ਦਿੱਤਾ। ਇਸ ਤੋਂ ਪਿੱਛੋਂ ਕੁਝ ਸਮਾਂ ਜੀਵਨ ਨਿਰਬਾਹ ਲਈ ਐਬਟਾਬਾਦ (ਪਾਕਿਸਤਾਨ) ਵਿੱਚ ਹੈੱਡ ਕਲਰਕ ਅਤੇ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਸੁਪਰਡੈਂਟ ਵਜੋਂ ਵੀ ਸੇਵਾ ਨਿਭਾਈ। ਪਰ ਸਿੱਖ ਧਰਮ ਦੇ ਪ੍ਰਚਾਰ ਲਈ ਹਿਰਦੇ ਵਿੱਚ ਅਥਾਹ ਪ੍ਰੇਮ ਸੀ, ਉਹ ਨਹੀਂ ਸੀ ਚਾਹੁੰਦੇ ਕਿ ਸਿੱਖ ਸਰਦਾਰ ਬਰਤਾਨਵੀ ਹਕੂਮਤ ਦੇ ਹੱਥਾਂ ਵਿੱਚ ਖੇਡਣ, ਹੁਣ ਉਨ੍ਹਾਂ ਧਰਮ ਦੇ ਪ੍ਰਚਾਰ ਲਈ ਕਮਰਕੱਸਾ ਕਰ ਲਿਆ।

ਖ਼ਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲ ਮਹੱਲੇ ਦੇ ਪਾਵਨ ਅਵਸਰ 'ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਹੋਰ ਗੁਰਦੁਆਰਾ ਸਾਹਿਬਾਨ ਦੇ ਨੇੜੇ ਹੋਣ ਵਾਲੇ ਨਾਚ-ਗਾਣੇ ਤੇ ਮੁਜਰੇ ਉਨ੍ਹਾਂ ਬੰਦ ਕਰਵਾ ਦਿੱਤੇ। ਗੁਰਦੁਆਰਾ ਸ੍ਰੀ ਚਮਕੌਰ ਸਾਹਿਬ ਨੂੰ ਮਹੰਤਾਂ ਦੇ ਪ੍ਰਬੰਧ ਤੋਂ ਮੁਕਤੀ ਦਿਵਾਈ। 1914 ਈ: ਵਿੱਚ ਅੰਗ੍ਰੇਜ਼ ਹਕੂਮਤ ਵੱਲੋਂ ਵਾਇਸਰਾਏ ਭਵਨ ਦੇ ਵਿਸਥਾਰ ਲਈ ਸਿੱਖ ਸੰਗਤ ਤੋਂ ਪੁੱਛੇ ਬਿਨਾਂ ਗੁਰਦੁਆਰਾ ਸ੍ਰੀ ਰਕਾਬਗੰਜ ਸਾਹਿਬ ਦਿੱਲੀ ਦੀ ਕੰਧ ਨੂੰ ਢਾਹੇ ਜਾਣ ਅਤੇ ਕਾਮਾਗਾਟਾਮਾਰੂ ਜਹਾਜ਼ ਦੇ ਨਿਹੱਥੇ ਮੁਸਾਫਰਾਂ ਵਿਰੁੱਧ ਗੋਲੀ ਚਲਾ ਕੇ ਸ਼ਹੀਦ ਕਰਨ ਦੀ ਘਟਨਾ ਤੋਂ ਪਿੱਛੋਂ ਭਾਈ ਸਾਹਿਬ ਨੇ ਹਕੂਮਤ ਨਾਲ ਸਿੱਧੀ ਟੱਕਰ ਲੈਣ ਲਈ ਤਿਆਰੀ ਆਰੰਭ ਦਿੱਤੀ। ਦੇਸ਼ ਭਗਤਾਂ ਨਾਲ ਮਿਲ ਕੇ ਫਿਰੋਜ਼ਪੁਰ ਛਾਉਣੀ 'ਤੇ ਹਮਲਾ ਕਰਨ ਅਤੇ ਲਾਹੌਰ ਸਾਜਿਸ਼ ਕੇਸ ਵਿੱਚ ਆਪ ਜੀ ਨੂੰ ਗ੍ਰਿਫ਼ਤਾਰ ਕਰਕੇ 30 ਮਾਰਚ, 1916 ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ।

ਭਾਈ ਸਾਹਿਬ ਨੇ ਜੇਲ੍ਹ ਯਾਤਰਾ ਦੇ ਦੌਰਾਨ 42 ਦੇ ਲਗਪਗ ਕਿਤਾਬਾਂ ਗੁਰਮਤਿ ਸਾਹਿਤ ਦੇ ਪਾਠਕਾਂ ਦੀ ਝੋਲੀ ਪਾਈਆਂ। ਇਨ੍ਹਾਂ ਪੁਸਤਕਾਂ ਵਿੱਚ ਜੇਲ੍ਹ ਚਿੱਠੀਆਂ, ਜੋਤਿ ਵਿਗਾਸ (ਕਾਵਿ-ਸੰਗ੍ਰਹਿ), ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ ਪ੍ਰਸਤੀ ਹੈ, ਗੁਰਮਤਿ ਵਿਚਾਰਾਂ, ਸਚਖੰਡ ਦਰਸ਼ਨ, ਸਿੱਖ ਕੌਣ, ਅੰਮ੍ਰਿਤ ਵੇਲਾ, ਸਿੰਘਾਂ ਦਾ ਪੰਥ ਨਿਰਾਲਾ, ਦਰਸ਼ਨ ਝਲਕਾਂ, ਕਾਵਿ ਉਡਾਰੀਆਂ ਅਤੇ ਕਥਾ ਕੀਰਤਨ ਆਦਿ ਸ਼ਾਮਿਲ ਹਨ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਪੰਥ ਦੀ ਅਜਿਹੀ ਰੰਗ-ਰੱਤੜੀ ਆਤਮਾ ਸਨ, ਜੋ ਸੱਚਖੰਡ ਪਿਆਨੇ ਤੱਕ ਲਗਾਤਾਰ ਸਿੱਖ ਹਿੱਤਾਂ ਲਈ ਕਾਰਜਸ਼ੀਲ ਰਹੇ। ਉਨ੍ਹਾਂ ਨੇ ਆਪਣੀ ਜੀਵਨ ਯਾਤਰਾ ਦੌਰਾਨ ਲੱਖਾਂ ਸਿੱਖ ਸੰਗਤਾਂ ਦੀ ਜੀਵਨ-ਸ਼ੈਲੀ ਨੂੰ ਬਦਲਣ ਲਈ ਵੱਡਾ ਯੋਗਦਾਨ ਪਾਇਆ। 83 ਸਾਲ ਦੀ ਉਮਰ ਭੋਗ ਕੇ ਆਪ 16 ਅਪ੍ਰੈਲ, 1961 ਈ: ਨੂੰ ਆਪ ਅਕਾਲ ਪੁਰਖ ਵਾਹਿਗੁਰੂ ਦੇ ਵਿੱਚ ਅਭੇਦ ਹੋ ਗਏ।

# ਸਿੱਖ ਆਗੂਆਂ ਨੇ ਐਮ.ਪੀ ਮਾਲਵਿੰਦਰ ਸਿੰਘ ਕੰਗ ਨੂੰ ਪਾਰਲੀਮੈਂਟ ਚ ਬੰਦੀ ਸਿੰਘਾਂ ਦੀ ਰਿਹਾਈ ਲਈ ਆਵਾਜ਼ ਉਠਾਉਣ ਦੀ ਅਪੀਲ ਕੀਤੀ


## *ਗੁਰੂ ਘਰ ਦੀ ਪ੍ਰਬੰਧਕ ਕਮੇਟੀ, ਇੰਗਲੈਂਡ ਕਬੱਡੀ ਫੈਡਰੇਸ਼ਨ ਅਤੇ ਲੈਸਟਰ ਕਬੱਡੀ ਕਲੱਬ ਅਤੇ ਇੰਡੀਅਨ ਵਰਕਰਜ ਐਸੋਸੀਏਸ਼ਨ ਗ੍ਰੇਟ ਬ੍ਰਿਟੇਨ ਵੱਲੋਂ ਸ: ਕੰਗ ਦਾ ਵਿਸ਼ੇਸ਼ ਸਨਮਾਨ




**ਗੁਰਦੁਆਰਾ ਪ੍ਰਬੰਧਕ ਕਮੇਟੀ , ਇੰਗਲੈਂਡ ਕਬੱਡੀ ਫੈਡਰੇਸ਼ਨ ਅਤੇ ਕਬੱਡੀ ਕਲੱਬ ਲੈਸਟਰ ਅਤੇ ਇੰਡੀਅਨ ਵਰਕਰਜ ਐਸੋਸੀਏਸ਼ਨ ਗਰੇਟ ਬ੍ਰਿਟੇਨ ਦੇ ਆਗੂਆਂ ਵੱਲੋਂ ਸ ਮਾਲਵਿੰਦਰ ਸਿੰਘ ਕੰਗ ਦਾ ਸਨਮਾਨ ਕੀਤੇ ਜਾਣ ਦੀਆਂ ਵੱਖ ਵੱਖ ਤਸਵੀਰਾਂ।**

ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਇੰਗਲੈਂਡ ਦੀ ਨਿੱਜੀ ਫੇਰੀ ਤੇ ਆਏ ਸ੍ਰੀ ਆਨੰਦਪੁਰ ਸਾਹਿਬ ਲੋਕ ਸਭਾ ਹਲਕੇ ਤੋਂ ਮੈਂਬਰ ਪਾਰਲੀਮੈਂਟ ਅਤੇ ਆਮ ਆਦਮੀ ਪਾਰਟੀ ਦੇ ਬੁਲਾਰੇ ਸ ਮਾਲਵਿੰਦਰ ਸਿੰਘ ਕੰਗ ਦਾ ਲੈਸਟਰ ਦੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸਾਹਿਬ ਦੇ ਸਾਬਕਾ ਪ੍ਰਧਾਨ ਸ ਰਾਜਮਨਿੰਦਰ ਸਿੰਘ ਰਾਜਾ ਕੰਗ ਅਤੇ ਮੌਜੂਦਾ ਪ੍ਰਧਾਨ ਗੁਰਨਾਮ ਸਿੰਘ ਨਵਾਂ ਸਾਹਿਬ ਦੀ ਅਗਵਾਈ ਚ ਸਿਰੋਪਾਓ ਤੇ ਯਾਦਗਾਰੀ ਨੂੰ ਦੇ ਕੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਗੁਰਦੁਆਰਾ ਸਾਹਿਬ ਤੇ ਸਾਬਕਾ ਪ੍ਰਧਾਨ ਅਤੇ ਤੀਰ ਗਰੁੱਪ ਦੇ ਬੁਲਾਰੇ ਸ ਰਾਜਮਨਵਿੰਦਰ ਸਿੰਘ ਰਾਜਾ ਕੰਗ ਤੇ ਹੋਰ ਸਿੱਖ ਆਗੂਆਂ ਨੇ ਸ ਮਾਲਵਿੰਦਰ ਸਿੰਘ ਕੰਗ ਨੂੰ ਪਾਰਲੀਮੈਂਟ ਚ ਬੰਦੀ ਸਿੰਘਾਂ ਦੀ ਰਿਹਾਈ ਲਈ ਆਵਾਜ਼ ਉਠਾਉਣ ਦੀ ਮੰਗ ਕੀਤੀ। ਇਸੇ ਤਰ੍ਹਾਂ ਇੰਗਲੈਂਡ ਕਬੱਡੀ ਫੈਡਰੇਸ਼ਨ ਦੀ ਸਰਪਰਸਤੀ ਹੇਠ ਚੱਲ ਰਹੇ ਸੀਜਨ 2025 ਦੇ ਕਬੱਡੀ ਟੂਰਨਾਮੈਂਟ ਦੌਰਾਨ ਅੱਜ ਹੋਏ ਲੈਸਟਰ ਵਿਖੇ ਕਬੱਡੀ ਟੂਰਨਾਮੈਂਟ ਚ ਮੈਂਬਰ ਪਾਰਲੀਮੈਂਟ ਸ ਮਾਲਵਿੰਦਰ ਸਿੰਘ ਕੰਗ ਮੁੱਖ ਮਹਿਮਾਨ ਦੇ ਤੌਰ ਤੇ ਸ਼ਾਮਿਲ ਹੋਏ । ਇਸ ਮੌਕੇ ਤੇ ਇੰਗਲੈਂਡ ਕਬੱਡੀ ਫਡਰੇਸ਼ਨ ਅਤੇ ਲੈਸਟਰ ਕਬੱਡੀ ਕਲੱਬ ਦੇ ਆਗੂਆਂ ਵੱਲੋਂ ਸ ਮਾਲਵਿੰਦਰ ਸਿੰਘ ਕੰਗ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਇਸੇ ਤਰ੍ਹਾਂ ਇੰਡੀਅਨ ਵਰਕਰਜ ਐਸੋਸੀਏਸ਼ਨ ਗ੍ਰੇਟ ਬ੍ਰਿਟੇਨ ਦੇ ਸਪੋਕਸਮੈਨ ਸ ਸੀਤਲ ਸਿੰਘ ਗਿੱਲ ਵੱਲੋਂ ਸ ਮਾਲਵਿੰਦਰ ਸਿੰਘ ਕੰਗ ਨੂੰ ਸ਼ਹੀਦ ਭਗਤ ਸਿੰਘ ਦਾ ਕੈਲੰਡਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਗੁਰਨਾਮ ਸਿੰਘ ਨਵਾਂ ਸ਼ਹਿਰ, ਰਾਜਮਨਿੰਦਰ ਸਿੰਘ ਰਾਜਾ ਕੰਗ, ਬਰਿੰਦਰ ਸਿੰਘ ਬਿੱਟੂ, ਕੁਲਦੀਪ ਸਿੰਘ ਚਹੇੜੂ, ਮੰਗਤ ਸਿੰਘ ਪਲਾਹੀ, ਅਮਰੀਕ ਸਿੰਘ ਗਿੱਲ, ਜਗਜੀਤ ਸਿੰਘ ਗਿੱਲ, ਜਗਦੀਪ ਸਿੰਘ ਮਾਹਲ, ਜਲਵੰਤ ਸਿੰਘ ਢੱਡੇ, ਮੁਖਤਿਆਰ ਸਿੰਘ ਝੰਡੇਰ, ਸੁਖਜਿੰਦਰ ਸਿੰਘ, ਮੁਖਤਿਆਰ ਸਿੰਘ ਸਮੇਤ ਵੱਡੀ ਗਿਣਤੀ ਚ ਆਗੂ ਅਤੇ ਕਬੱਡੀ ਪ੍ਰੇਮੀ ਹਾਜ਼ਰ ਸਨ।

# ਇਸਰਾਈਲ ਅਮਰੀਕਾ ਵੱਲੋਂ ਵਸਾਹ ਕੇ ਕੀਤੇ ਹਮਲੇ ਦਾ ਪ੍ਰਚੰਡ ਇਰਾਨੀ ਜਵਾਬ



**ਡਾ. ਸੁਰਿੰਦਰ ਮੰਡ**
94173 24543

24 ਜੂਨ ਸਵੇਰ ਦੀ ਅਮਰੀਕੀ ਰਾਸ਼ਟਰਪਤੀ ਟਰੰਪ ਵੱਲੋਂ ਇਰਾਨ ਇਸਰਾਈਲ ਦਰਮਿਆਨ ਸੀਜ਼ਫਾਇਰ ਕਰਵਾ ਦੇਣ ਵਾਲੀ ਖ਼ਬਰ ਨੂੰ ਅੱਗੇ ਵਿਚਾਰਾਂਗੇ। ਪਹਿਲਾਂ ਪਿਛੋਕੜ ਜਾਣ ਲਈਏ। ਇਰਾਨ ਜੋ 1980 ਤੋਂ ਸਖ਼ਤ ਅਮਰੀਕੀ ਪਾਬੰਦੀਆਂ ਦੀ ਮਾਰ ਹੇਠ ਹੈ, ਉਸ ਉੱਤੇ ਪਹਿਲਾਂ 13 ਜੂਨ ਨੂੰ ਇਸਰਾਈਲ ਅਤੇ ਫਿਰ ਅਮਰੀਕਾ ਵੱਲੋਂ ਇਸ ਬਹਾਨੇ ਅਚਨਚੇਤ ਮਾਰੂ ਹਮਲਾ ਕਰ ਦਿੱਤਾ ਗਿਆ ਕਿ ਉਹ ਪ੍ਰਮਾਣੂ ਬੰਬ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਸਰਾਈਲ ਨੇ ਇਰਾਨੀ ਫੌਜ ਦੇ ਮੁਖੀ ਤੇ ਕਈ ਜਨਰਲ, ਪ੍ਰਮਾਣੂ ਵਿਗਿਆਨੀ ਘਰਾਂ ਵਿਚ ਸੁੱਤੇ ਕਤਲ ਕਰ ਦਿੱਤੇ। ਉਸਦੇ ਤਿੰਨ ਪ੍ਰਮਾਣੂ ਪਲਾਂਟ ਆਪਣੇ ਵੱਲੋਂ ਤਾਂ ਤਬਾਹ ਕਰ ਦਿੱਤੇ ਹਨ। ਹਫ਼ਤਾ ਬਾਅਦ ਫਿਰ ਅਮਰੀਕਾ ਦੇ ਪ੍ਰਮਾਣੂ ਬੰਬਾਰ ਭ-2 ਵੱਲੋਂ ਪ੍ਰਮਾਣੂ ਸਥਾਨਾਂ ਉੱਤੇ ਬੰਕਰ ਬਸਟਰ ਬੰਬ ਸੁੱਟੇ ਗਏ।

ਇਰਾਨ ਨੂੰ 'ਗੱਲਬਾਤ ਚਲਦੀ ਅਤੇ ਬਸ ਸਮਝੌਤਾ ਹੋ ਈ ਚੱਲਿਆ' ਦੇ ਭੱਚੇ ਵਿਚ ਲਿਆ ਕੇ ਦੋਵੇਂ ਵਾਰ ਹਮਲੇ ਕੀਤੇ ਗਏ ਹਨ। ਇਰਾਨ ਕਹਿੰਦਾ ਕਿ ਇਹ ਅੱਤਵਾਦੀ ਕਿਸਮ ਦੇ ਹਮਲੇ ਹੀ ਸਨ। ਸਭ ਅੰਤਰਰਾਸ਼ਟਰੀ ਨਿਯਮ ਕਾਨੂੰਨ ਛਿੱਕੇ ਟੰਗ ਦਿੱਤੇ ਗਏ। ਇਰਾਨ ਇਸਨੂੰ ਵਿਸ਼ਵਾਸਘਾਤ ਕਹਿ ਰਿਹਾ। ਟਰੰਪ ਅਤੇ ਨੇਤਨਯਾਹੂ ਆਖਦੇ ਰਹੇ ਕਿ ਇਰਾਨ ਦੇ ਲੀਡਰ ਖੁਮੇਨਾਈ ਨੂੰ ਮਾਰ ਕੇ ਆਪਣੇ ਪੱਖੀ ਸਰਕਾਰ ਬਣਾਉਣਾ ਸਾਡਾ ਅਗਲਾ ਉਦੇਸ਼ ਹੈ।

ਇਰਾਨ ਸਣੇ ਮੱਧ ਪੂਰਬ ਵਿਚ ਚਾਰ ਸਰਕਾਰਾਂ ਸਨ, ਜਿਨ੍ਹਾਂ ਆਪਣੇ ਕੌਮੀ ਹਿੱਤਾਂ ਉੱਤੇ ਪਹਿਰਾ ਦਿੰਦਿਆਂ ਤੇਲ ਦਾ ਕੌਮੀਕਰਨ ਵੀ ਕੀਤਾ ਅਤੇ ਅਮਰੀਕਾ ਪੱਛਮ ਦੀ ਤੇਲ ਕਬਜੇ ਵਾਲੀ ਈਨ ਨਾ ਮੰਨੀ। ਤਿੰਨਾ (ਇਰਾਕ ਲਿਬੀਆ ਸੀਰੀਆ) ਨੂੰ ਝੂਠੇ ਬਹਾਨੇ ਲਾ ਕੇ ਖਤਮ ਕਰ ਦਿੱਤਾ ਗਿਆ। ਇਰਾਕ ਬਾਰੇ ਝੂਠਾ ਭੰਡੀ ਪ੍ਰਚਾਰ ਕਰਕੇ ਹਮਲਾ ਕੀਤਾ ਕਿ ਸੱਦਾਮ ਹੁਸੈਨ ਨੇ ਸਾਰਾ ਸੰਸਾਰ ਤਬਾਹ ਕਰਨ ਜਿੰਨੇ ਰਸਾਇਣਕ ਹਥਿਆਰ ਇਕੱਠੇ ਕਰ ਲਏ ਹਨ, ਲਿਬੀਆ ਦੇ ਕਰਨਲ ਗੱਦਾਫੀ ਅਤੇ ਸੀਰੀਆ ਦੇ ਬਸ਼ਰ ਅਲ ਅਸਦ ਦੀਆਂ ਸਰਕਾਰਾਂ ਨੂੰ ਤਾਨਾਸ਼ਾਹ ਆਖ ਕੇ ਮਾਰਿਆ ਬਦਲਿਆ ਅਤੇ ਦੇਸ਼ਾਂ ਨੂੰ ਕਦੀ ਨਾ ਖਤਮ ਹੋਣ ਵਾਲੀ ਖਾਨਾਜੰਗੀ ਵਿਚ ਧਕੇਲ ਦਿੱਤਾ। ਤਿੰਨੋ ਦੇਸ਼ ਬਰਬਾਦ ਹਨ ਅਤੇ ਉਥੇ ਤੇਲ ਦੀ ਲੁੱਟ ਮੱਚੀ ਹੈ।

ਹੁਣ ਚੌਥੇ ਇਰਾਨ ਦਾ 'ਨੰਬਰ' ਲਾਇਆ ਗਿਆ ਹੈ। ਇਰਾਨ ਵਿਚ 1953 ਵਿਚ ਚੰਗੀ ਭਲੀ ਚੁਣੀ ਸਰਕਾਰ ਚੱਲ ਰਹੀ ਸੀ, ਉਹ ਤੇਲ ਦਾ ਰਾਸ਼ਟਰੀਕਰਨ ਕਰਨ ਦੇ ਰਾਹ ਪਈ, ਜੋ ਪੂੰਜੀਵਾਦੀ ਸਾਮਰਾਜ ਦੀ ਸਿੱਧੀ ਨਿੱਜੀ ਲੁੱਟ ਨੂੰ ਵਾਰਾ ਨਹੀਂ ਖਾਂਦਾ। ਉਸਦਾ ਅਮਰੀਕਾ ਨੇ ਤਖ਼ਤਾਪਲਟ ਕਰਵਾ ਕੇ ਆਪਣੇ ਸ਼ਾਹ ਰਜ਼ਾ ਪਹਿਲਵੀ ਨੂੰ ਰਾਜੇ ਵਜੋਂ ਕਬਜਾ ਕਰਵਾ ਦਿੱਤਾ। ਪਰ 1979 ਵਿਚ ਇਰਾਨੀਆਂ ਨੇ ਰਾਜੇ ਸ਼ਾਹ ਰਜ਼ਾ ਪਹਿਲਵੀ ਨੂੰ ਲਾਹ ਕੇ ਮੌਜੂਦਾ ਨਿਜ਼ਾਮ ਲਿਆਂਦਾ। ਪਹਿਲਵੀ ਅਮਰੀਕਾ ਜਾ ਲੁਕਿਆ। ਹੁਣ ਬਾਕਾਇਦਾ ਚੋਣਾ ਹੁੰਦੀਆਂ ਹਨ, ਧਾਰਮਿਕ ਆਗੂ ਖੁਮੇਨਾਈ ਹੈ। ਇਹ ਜੋ ਮੌਜੂਦਾ ਇਸਰਾਈਲ ਅਮਰੀਕਾ ਦਾ ਹਮਲਾ ਹੋਇਆ, ਇਹ ਅਗਰ ਪ੍ਰਮਾਣੂ ਪ੍ਰੋਗਰਾਮ ਵਿਰੁੱਧ ਹੀ ਹੁੰਦਾ ਤਾਂ ਅਮਰੀਕਾ ਇਸਰਾਈਲ ਤੁਰੰਤ ਸਰਕਾਰ ਬਦਲਣ ਦੀ ਰਟ ਲਾਉਣੀ ਸ਼ੁਰੂ ਕਿਉਂ ਕਰਦੇ? ਇਹਨਾਂ ਨੇ ਤਾਂ ਇਰਾਨ ਵਿਰੋਧੀ ਅਪ੍ਰੇਸ਼ਨ ਦਾ ਨਾਮ ਹੀ 'ਰਾਈਜ਼ਿੰਗ ਲਾਇਨ' ਰੱਖਿਆ ਹੈ, ਜੋ ਸ਼ਾਹ ਰਜ਼ਾ ਪਹਿਲਵੀ ਦੀ ਹਕੂਮਤ ਦਾ ਚਿੰਨ ਸੀ। ਸੋ ਅਸਲ ਮਕਸਦ ਆਪਣੀ ਕਠਪੁਤਲੀ ਸਰਕਾਰ ਬਣਾਉਣਾ ਹੈ। ਅਮਰੀਕਾ ਰਹਿੰਦਾ ਰਜ਼ਾ ਪਹਿਲਵੀ ਦਾ ਮੁੰਡਾ ਨਵੇਂ ਇਰਾਨੀ ਲੀਡਰ ਵਜੋਂ ਉਭਾਰਿਆ ਜਾ ਰਿਹਾ ਤੇ ਇਸ ਮੁਹਿੰਮ ਵਿਚ ਸਾਡੇ ਉੱਤੋਂ 'ਥਾਪੜਾ ਪ੍ਰਾਪਤ' ਖ਼ਬਰਾਂ ਦੇ ਕਈ ਚੈਨਲ ਵੀ ਨਜ਼ਰ ਆ ਰਹੇ ਹਨ। ਇਹਨਾਂ ਦੀ ਰਗ ਇਸ ਗੱਲੋਂ ਇਸਰਾਈਲ ਨਾਲ ਰਲਦੀ ਜਾਪਦੀ ਹੈ ਕਿ ਉਹ ਘੋਰ ਮੁਸਲਿਮ ਵਿਰੋਧੀ ਹੈ।

ਇਰਾਨ ਨੂੰ ਪ੍ਰਮਾਣੂ ਬੰਬ ਬਣਾਉਣ ਤੋਂ ਰੋਕਣ ਦੀਆਂ ਗੱਲਾਂ ਉਹ ਕਰ ਰਹੇ ਹਨ, ਜਿਨ੍ਹਾਂ ਕੋਲ ਖੁਦ ਬੇਸ਼ੁਮਾਰ ਪ੍ਰਮਾਣੂ ਬੰਬ ਹਨ। ਇਹਨਾਂ ਨੇ ਕਿਸਦੀ ਆਗਿਆ ਨਾਲ ਬੰਬ ਬਣਾਏ ਹਨ? ਭਾਰਤ ਪਾਕਿਸਤਾਨ ਉੱਤਰੀ ਕੋਰੀਆ ਇਸਰਾਈਲ ਸਮੇਤ ਕਿਹੜਾ ਦੇਸ਼ ਹੈ, ਜਿਸਨੇ ਦੂਜਿਆਂ ਤੋਂ ਇਜਾਜ਼ਤ ਲੈ ਕੇ ਪ੍ਰਮਾਣੂ ਬੰਬ ਬਣਾਏ ? ਆਪਣੇ ਬੇਲੀ ਮੁਲਕ ਕੋਲ ਬੰਬ ਹੋਣ ਤੇ ਜਿਹੜਾ ਨਹੀਂ ਉਸ ਕੋਲ ਨਾ ਹੋਣ, ਇੰਜ ਤਾਂ ਸੰਸਾਰ ਨਹੀਂ ਚੱਲ ਸਕਦਾ। ਚੰਗੀ ਗੱਲ ਤਾਂ ਇਹ ਕਿ ਕਿਸੇ ਕੋਲ ਵੀ ਨਾ ਹੋਣ, ਪਰ ਇੰਜ ਨੀ ਹੋਣਾ ਕਦੀ। ਆਪਣਾ ਬਚਾਅ ਕਰਨ ਦੇ ਰਾਹੇ ਤਾਂ ਫਿਰ ਹਰ ਕੋਈ ਪਊ।

ਇਸਰਾਈਲ ਬਾਰੇ ਮੈਨੂੰ ਤਾਂ ਲਗਦਾ ਕਿ ਈਸਾਈ ਮੁਲਕਾਂ ਦੀ ਦਾਅਪੇਚ ਨੀਤੀ ਬੇਹੱਦ ਸਫਲ ਰਹੀ। ਜਰਮਨ ਤਾਨਾਸ਼ਾਹ ਹਿਟਲਰ ਨੇ ਯਹੂਦੀਆਂ ਨੂੰ ਦੂਜੀ ਸੰਸਾਰ ਜੰਗ ਦੇ ਦੌਰ ਵਿਚ ਲੱਖਾਂ ਦੀ ਗਿਣਤੀ ਵਿਚ ਮਾਰਿਆ। ਦੂਜੇ ਕਈ ਯੂਰਪੀ ਦੇਸ਼ਾਂ ਵਿਚ ਵੀ ਵਿਤਕਰਾ ਹੁੰਦਾ ਰਿਹਾ। ਇੰਜ ਯਹੂਦੀਆਂ ਦੇ ਈਸਾਈਆਂ ਨਾਲ ਹਮੇਸ਼ਾਂ ਲਈ ਖੂਨੀ ਟਕਰਾਓ ਦੇ ਆਸਾਰ ਸਨ। ਈਸਾਈਆਂ ਆਖੀ ਜਾਣਾ ਸੀ ਕਿ "ਤੁਸੀਂ ਯਹੂਦੀਆਂ ਨੇ ਸਾਡੇ ਈਸਾ ਮਸੀਹ ਨੂੰ ਸੂਲੀ ਟੰਗਿਆ ਸੀ ਤੇ ਯਹੂਦੀਆਂ ਕਹਿਣਾ ਸੀ ਕਿ ਤੁਸੀਂ ਸਾਨੂੰ ਲੱਖਾਂ ਨੂੰ ਜਰਮਨ ਦੇ ਗੈਸ ਚੈਂਬਰਾਂ ਵਿਚ ਮਾਰ ਕੇ ਨਸਲਕੁਸ਼ੀ ਕੀਤੀ।" ਪਰ ਇੰਗਲੈਂਡ ਅਮਰੀਕਾ ਨੇ 1947 ਵਿਚ ਫਲਸਤੀਨ ਨੂੰ ਤਕਰੀਬਨ ਅੱਧੋ ਅੱਧੀ ਵੰਡ ਕੇ ਵਿਚ ਯਹੂਦੀਆਂ ਲਈ ਇਸਰਾਈਲ ਦੇਸ਼ ਬਣਾ ਦਿੱਤਾ। ਯਹੂਦੀ ਅਮੀਰ ਅਤੇ ਧੱਕੇਸ਼ਾਹੀਆਂ ਦੇ ਫੱਟੇ ਸਨ। ਉਹ ਹੌਲੀ ਹੌਲੀ ਸਾਰੇ ਫਲਸਤੀਨ ਉੱਤੇ ਕਾਬਜ ਹੋ ਗਏ ਹਨ। ਉਹਨਾਂ ਫਲਸਤੀਨੀ ਲੋਕਾਂ ਦੀ ਜ਼ਿੰਦਗੀ ਨਰਕ ਬਣਾ ਦਿੱਤੀ ਹੈ। ਜਿਸ ਵਿਚੋਂ ਹੀ ਹਮਾਸ ਵਾਲੇ ਝਗੜੇ ਨੇ ਜਨਮ ਲਿਆ। ਇੰਜ ਯੂਰਪੀ ਮੁਲਕ ਆਪਣਾ ਕਲੇਸ਼ਖਾਨਾ ਮੁਸਲਮਾਨਾ ਦੇ ਗਲ ਪਵਾਉਣ ਵਿਚ ਕਾਮਯਾਬ ਹੋ ਗਏ। ਅਮਰੀਕਾ ਇੰਗਲੈਂਡ ਜਰਮਨ ਹੋਰੀਂ ਆਪ ਇਸਰਾਈਲ ਦੇ ਚਹੇਤੇ ਬਾਪੂ ਬਣ ਬੈਠੇ। ਹੁਣ ਇਸਰਾਈਲ ਮੱਧ ਪੂਰਬ ਦਾ ਠਾਣੇਦਾਰ ਹੈ। ਆਕਾ ਅਮਰੀਕਾ ਹੈ। ਅਮਰੀਕਾ ਦੇ ਜਾਰਡਨ, ਬਹਿਰੀਨ, ਕਤਰ, ਸਊਦੀ ਅਰਬ, ਕੁਵੈਤ, ਸੰਯੁਕਤ ਅਰਬ ਅਮੀਰਾਤ, ਓਮਾਨ, ਇਰਾਕ, ਤੁਰਕੀ, ਸੀਰੀਆ ਵਿਚ ਫੌਜੀ ਅੱਡੇ ਹਨ। 40-50 ਹਜ਼ਾਰ ਫੌਜੀ ਤਾਇਨਾਤ ਹਨ। ਤੇਲ ਖਿੱਤੇ ਉੱਪਰ ਦੱਬਦਬਾ ਹੈ। ਇਕੱਲਾ ਇਰਾਨ ਹੈ ਜੋ ਈਨ ਨਹੀਂ ਮੰਨਦਾ। ਇਰਾਨ ਦੀ ਸਰਕਾਰ ਬਦਲਣ ਦੀ ਲੋਕਾਂ ਨੂੰ ਅਪੀਲ ਤਾਂ ਇਸਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਆਪਣੇ ਹਮਲੇ ਦੇ ਪਹਿਲੇ ਦਿਨ ਹੀ ਕਰ ਦਿੱਤੀ ਸੀ।

ਏਸੇ ਯਭ੍ਹੇ ਅਤੇ ਮਾਣ ਦੀ ਬਦੌਲਤ ਹੀ ਦੋਵਾਂ ਮੁਲਕਾਂ ਵੱਲੋਂ ਇਰਾਨ ਉੱਤੇ ਵਸਾਹ ਕੇ ਇਕਪਾਸੜ ਚੋਰੀ ਸਾਜਿਸ਼ੀ ਹਮਲਾ ਕੀਤਾ ਗਿਆ। ਉਸਦੇ ਪ੍ਰਮਾਣੂ ਕੇਂਦਰਾਂ ਉੱਤੇ ਅਮਰੀਕੀ ਬੰਕਰ ਬਸਟਰ ਹਮਲਾ ਤਾਂ ਇਰਾਨ ਵਿਚ ਪ੍ਰਮਾਣੂ ਹਮਲੇ ਵਰਗੀ ਤਬਾਹੀ ਲਿਆ ਸਕਦਾ ਸੀ। ਨਾਲ ਦਬਕੇ ਤੇ ਫੜ੍ਹਾਂ ਵੀ ਮਾਰੀਆਂ ਗਈਆਂ।

ਇਸਰਾਈਲ ਵੱਲੋਂ 13 ਜੂਨ ਨੂੰ ਰਾਤੀਂ ਘਰਾਂ ਵਿਚ ਸੁੱਤੇ ਪ੍ਰਮਾਣੂ ਵਿਗਿਆਨੀ ਅਤੇ ਫੌਜੀ ਅਫ਼ਸਰ ਮਾਰਨ ਅਤੇ ਪ੍ਰਮਾਣੂ ਕੇਂਦਰਾਂ ਉੱਤੇ 200 ਜਹਾਜ਼ਾਂ ਨਾਲ ਕੀਤੇ ਹਮਲਿਆਂ ਦੀ ਕਾਰਵਾਈ ਨੂੰ ਟਰੰਪ ਨੇ ਸਲਾਹਿਆ, ਆਖਿਆ ਕਿ ਮੈਨੂੰ ਸਭ ਪਤਾ ਸੀ। ਕਿਹਾ ਕਿ ਹੁਣ ਇਰਾਨ ਫੌਰੀ ਹਥਿਆਰ ਸੁੱਟ ਕੇ, ਹਾਰ ਮੰਨ ਕੇ ਸਰੈਂਡਰ ਕਰੇ, ਸੰਪੂਰਨ ਸਰੈਂਡਰ। ਨਹੀਂ ਤਾਂ ਸੰਪੂਰਨ ਵਿਨਾਸ਼ ਹੋਵੇਗਾ। ਤਹਿਰਾਨ ਨੂੰ ਫੌਰੀ ਖਾਲੀ ਕਰ ਦੇਣ ਦਾ ਇਸਰਾਈਲੀ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਹੁਕਮ ਦਿੱਤਾ। ਸਾਡੇ ਕਈ ਇਸਰਈਲੀ ਰੰਗ ਵਿਚ ਰੰਗੇ ਖਬਰਾਂ ਦੇ ਚੈਨਲਾਂ ਦੇ ਐਂਕਰ, "ਵਿਸ਼ੇਸ਼ਗ" ਤਾੜੀ ਵਜਾਉਂਦੇ ਰਹੇ। ਇਰਾਨੀ ਲੀਡਰ ਖੁਮੇਨਈ ਨੂੰ ਕਤਲ ਕਰ ਦੇਣ ਦਾ ਫ਼ਰਮਾਨ ਵੀ ਜਾਰੀ ਕਰ ਦਿੱਤਾ ਗਿਆ। ਟਰੰਪ ਨੇਤਨਯਾਹੂ ਨੇ ਕਿਹਾ ਸਾਨੂੰ ਪਤਾ ਕਿ ਉਹ ਕਿੱਥੇ ਲੁਕਿਆ। ਪਰ ਇਰਾਨ ਦੀ ਜਵਾਬੀ ਕਾਰਵਾਈ ਹੌਂਸਲੇ ਅਤੇ ਰਣਨੀਤੀ ਨੇ, ਇਸਰਾਈਲ ਅਮਰੀਕਾ ਅਤੇ ਪੂਰੀ ਦੁਨੀਆਂ ਨੂੰ ਹੈਰਾਨ ਕਰ ਦਿੱਤਾ। ਇਰਾਨੀ ਮਿਸਾਈਲਾਂ ਨੇ ਹੈਰਾਨੀਜਨਕ ਤਬਾਹੀ ਮਚਾਈ। ਇਸਰਾਈਲੀ ਅਮਰੀਕੀ ਏਅਰ ਡਿਫੈਂਸ ਇਰਾਨੀ ਮਿਸਾਈਲ ਹਮਲੇ ਰੋਕ ਨਾ ਸਕੀ। ਇਸਰਾਈਲੀ ਲੋਕ ਦਿਨੇ ਰਾਤ ਬੰਕਰਾਂ ਤਹਿਖਾਨਿਆਂ ਵੱਲ ਹੀ ਭੱਜਦੇ ਰਹੇ। ਕਈਆਂ ਆਖਿਆ ਕਿ ਇਸਰਾਈਲ ਹੁਣ ਖੁਦ ਗਾਜ਼ਾ ਦੀ ਕੀਤੀ ਤਬਾਹੀ ਵਰਗਾ ਦਿੱਸਦਾ ਹੈ। ਇਸਰਾਈਲ, ਅਮਰੀਕਾ ਨੂੰ ਓਦੋਂ ਜੰਗ ਵਿਚ ਸਿੱਧਾ ਘੜੀਸਣ ਵਿਚ ਸਫਲ ਅਤੇ ਖੁਸ਼ ਹੋਇਆ ਜਦ ਅਮਰੀਕਾ ਨੇ ਭ2 ਬੰਬਾਰਾਂ ਨਾਲ ਇਰਾਨੀ ਪ੍ਰਮਾਣੂ ਕੇਂਦਰਾਂ ਉੱਤੇ ਬੰਕਰ ਬਸਟਰ ਬੰਬ ਸੁੱਟੇ। ਇਸਰਾਈਲੀ ਨੱਚੇ। ਤੇ ਬੰਬ ਸੁੱਟ ਕੇ ਪੱਟਾਂ ਉੱਤੇ ਥਾਪੀਆਂ ਮਾਰ ਕੇ ਬੁਲਬੁਲੀਆਂ ਵੀ ਮਾਰੀਆਂ।

ਇਰਾਨੀ ਵਿਦੇਸ਼ ਮੰਤਰੀ ਨੇ 23 ਨੂੰ ਰੂਸੀ ਰਾਸ਼ਟਰਪਤੀ ਪੁਤਿਨ ਨਾਲ ਮੁਲਾਕਾਤ ਕੀਤੀ। ਵੱਡੇ ਰੂਸੀ ਲੀਡਰ ਮੈਦਵੇਦੇਵ ਨੇ ਐਲਾਨ ਕੀਤਾ ਕਿ ਪੀੜਤ ਇਰਾਨ ਨੂੰ ਕਈ ਦੇਸ਼ ਪ੍ਰਮਾਣੂ ਬੰਬ ਦੇਣ ਨੂੰ ਤਿਆਰ ਹਨ। ਇਰਾਨ ਨੇ ਓਸੇ ਹੀ ਦਿਨ ਕਤਰ ਵਿਚਲੇ ਅਮਰੀਕੀ ਫੌਜੀ ਅੱਡੇ ਉੱਤੇ ਜਦ ਰਾਤ ਨੂੰ ਹਮਲਾ ਕੀਤਾ ਤਾਂ ਲੋਕਾਂ ਸੋਚਿਆ ਕਿ ਹੁਣ ਗੱਲ ਬਹੁਤ ਵਧ ਜਾਵੇਗੀ। ਪਰ ਅਮਰੀਕਾ ਨੇ ਫੌਰੀ ਹੈਰਾਨਕੁਨ ਮੋੜਾ ਕੱਟਿਆ ਅਤੇ ਟਰੰਪ ਨੇ 24 ਦੀ ਸਵੇਰ ਨੂੰ ਹੀ ਐਲਾਨ ਕਰ ਦਿੱਤਾ ਕਿ ਮੈਂ ਇਰਾਨ ਇਸਰਾਈਲ ਵਿਚ ਸੀਜ਼ਫਾਇਰ ਕਰਵਾ ਦਿੱਤਾ ਹੈ, ਹੁਣ ਕੋਈ ਗੋਲੀ ਨਹੀਂ ਚੱਲੇਗੀ। ਇਸਰਾਈਲ ਨੇ ਸਹਿਮਤੀ ਦਿੱਤੀ। ਪਰ ਇਰਾਨ ਨੇ ਕਿਹਾ ਕਿ ਇਹ ਝੂਠ ਹੈ, ਉਹਨਾਂ ਦਿਨੇ 6 ਰਾਊਂਡ ਬਹੁਤ ਵੱਡੇ ਹਮਲੇ ਕੀਤੇ। ਜਦ ਇਸਰਾਈਲ ਨੇ ਮੋੜਵੇਂ ਹਮਲੇ ਲਈ ਜਹਾਜ਼ ਉਡਾਏ ਤਾਂ ਟਰੰਪ ਨੇ ਨੇਤਨਯਾਹੂ ਨੂੰ ਫੋਨ ਕਰਕੇ ਫੌਰੀ ਹੁਕਮ ਦਿੱਤਾ ਕਿ ਇਸਰਾਈਲੀ ਪਾਇਲਟਾਂ ਨੂੰ ਤੁਰੰਤ ਜਹਾਜ਼ ਵਾਪਸ ਮੋੜ ਲਿਆਂਉਣ ਦਾ ਹੁਕਮ ਦੇਵੋ ਕਿ ਇਰਾਨ ਉੱਤੇ ਬੰਬ ਨਾ ਸੁੱਟਣ, ਇਹੀ ਹੋਇਆ ਉਹ ਰਸਮੀ ਚੱਕਰ ਲਾ ਕੇ ਮੁੜ ਆਏ, ਅੱਗੋਂ ਇਰਾਨ ਨੇ ਵੀ ਆਖਿਆ ਜੇ ਹੁਣ ਸਾਡੇ ਤੇ ਹਮਲਾ ਨਹੀਂ ਹੁੰਦਾ ਤਾਂ ਇਰਾਨ ਵੀ ਹਮਲਾ ਨਹੀਂ ਕਰੇਗਾ। ਸੋ ਫਿਲਹਾਲ ਅਜਿਹਾ ਸੀਜ਼ਫਾਇਰ ਹੋ ਗਿਆ ਹੈ। ਮੈਨੂੰ ਲਗਦਾ ਕਿ ਅਮਰੀਕਾ ਨੇ ਇਹ ਕਲੇਸਖਾਨੇ ਵਿਚ ਆਪਣੇ ਸਿੱਧੇ ਉਲਝਣ ਤੋਂ ਬਚਾਅ ਲਈ ਕੀਤਾ। ਪਰ ਇਸ ਸੀਜ਼ਫਾਇਰ ਦੇ ਟੁੱਟਣ ਦੀ ਸੰਭਾਵਨਾ ਹੈ।

ਮੇਰੀ ਜਾਚੇ ਇਸ ਸਾਜਿਸ਼ੀ ਕਿਸਮ ਦੇ ਇਸਰਾਈਲੀ ਅਮਰੀਕੀ ਹਮਲੇ ਦਾ ਉਲਟਾ ਅਸਰ ਹੋਇਆ ਹੈ। ਇਸਰਾਈਲ ਦਾ ਸੁਰੱਖਿਅਤ ਅਤੇ ਬਹੁਤ ਤਕੜੇ ਮੁਲਕ ਵਜੋਂ ਵਕਾਰ ਨਹੀਂ ਰਿਹਾ। ਇਸ ਨਾਲ ਭਵਿੱਖ ਵਿਚ ਮੱਧ ਪੂਰਬ ਦੇ ਮੁਲਕਾਂ ਉੱਪਰ ਉਸਦਾ ਜੋਰਾਵਰਾਂ ਵਾਲਾ ਬਣਿਆਂ ਛੱਪਾ ਚੁੱਕਿਆ ਜਾਵੇਗਾ। ਇਰਾਨ ਦਾ ਅਣਖੀ ਦਲੇਰ ਨਿੱਡਰ ਲੜਾਕੂ ਕੌਮ ਵਜੋਂ ਵਕਾਰ ਵਧਿਆ ਹੈ। ਇਸਰਾਈਲ ਅਮਰੀਕਾ ਬੇਅਸੂਲੇ ਹਮਲਾਵਰਾਂ ਵਜੋਂ ਚਰਚਿਤ ਹੋਏ। ਅਮਰੀਕਾ ਖੇਮਾ ਨੰਗਾ ਹੋਇਆ ਅਤੇ ਡਰਪੋਕ ਵਪਾਰੀ ਵਰਗਾ ਜਾਪਿਆ। ਇਰਾਨ ਦੀ ਰੂਸ ਚੀਨ ਉੱਤਰੀ ਕੋਰੀਆ ਨਾਲ ਲੰਗੋਟੀਆ ਯਾਰੀ ਮਜਬੂਤ ਹੋਈ। ਰੂਸ ਨੇ ਇਰਾਨ ਨੂੰ ਪ੍ਰਮਾਣੂ ਬੰਬ ਤਕ ਦੇ ਦੇਣ ਦਾ ਇਸ਼ਾਰਾ ਦੇ ਦਿੱਤਾ।

ਲਗਦਾ ਕਿ ਇਰਾਨ ਹੁਣ ਪ੍ਰਮਾਣੂ ਅਪ੍ਰਸਾਰ ਸੰਧੀ ਵਿਚੋਂ ਬਾਹਰ ਆ ਸਕਦਾ ਤੇ ਪ੍ਰਮਾਣੂ ਬੰਬ ਬਣਾਉਣ ਵੱਲ ਵਧ ਸਕਦਾ। ਇਰਾਨ ਨੇ ਪ੍ਰਮਾਣੂ ਪ੍ਰੋਗਰਾਮ ਜਾਰੀ ਰੱਖਣ ਦਾ ਐਲਾਨ ਕਰ ਦਿੱਤਾ ਹੈ। ਉਸਦੀ ਲੀਡਰਸ਼ਿਪ ਮਜ਼ਬੂਤ ਹੋਈ ਹੈ। ਅਮਰੀਕਾ ਤ੍ਰਬਕ ਗਿਆ ਹੈ ਤੇ ਤਾਜ਼ਾ ਬਿਆਨ ਦੇ ਦਿੱਤਾ ਕਿ ਮੈਂ ਇਰਾਨ ਦੀ ਲੀਡਰਸ਼ਿਪ ਨਹੀਂ ਬਦਲਨਾ ਚਹੁੰਦਾ। ਟਰੰਪ ਇਰਾਨ ਨਾਲ ਬੇਮੌਕਾ ਫੌਰੀ ਵਪਾਰ ਦੀਆਂ ਬਚਗਾਨਾ ਜਿਹੀਆਂ ਗੱਲਾਂ ਕਰਨ ਲੱਗ ਪਿਆ ਹੈ। ਟਰੰਪ ਦਾ ਤਾਜ਼ਾ ਬਿਆਨ ਕਿ ਇਰਾਨ ਹੁਣ ਵਪਾਰਕ ਖੁਸ਼ਹਾਲੀ ਵੱਲ ਵਧੇਗਾ। ਤਾਜ਼ੀ ਖ਼ਬਰ ਹੈ ਟਰੰਪ ਦਾ ਐਲਾਨ ਕਿ ਇਰਾਨ ਹੁਣ ਚੀਨ ਨੂੰ ਤੇਲ ਵੇਚ ਸਕਦਾ, ਕੋਈ ਪਾਬੰਦੀ ਨਹੀਂ। ਇਰਾਨ ਵਿਚ ਜਸ਼ਨ ਦਾ ਮਹੌਲ ਹੈ।

ਇਹ ਹੈ ਅੱਜ ਦਾ ਦਿੱਸਦਾ ਸੱਚ। ਲੀਡਰਾਂ ਦੇ ਮਨਾ ਚ ਕੀ ਚੱਲ ਰਿਹਾ, ਕੌਣ ਜਾਣਦਾ।

ਪ੍ਰੋਫੈਸਰ ਅਤੇ ਮੁਖੀ (ਰਿਟਾਇਰਡ),
ਪੋਸਟ ਗਰੈਜੂਏਟ ਪੰਜਾਬੀ ਵਿਭਾਗ,
ਸਰਕਾਰੀ ਕਾਲਜ ਤਲਵਾੜਾ (ਹੁਸ਼ਿਆਰਪੁਰ)

# Cultural Reversal : Decline of Sikh Symbols



**Iqbal Singh Lalpura**
**9780003333**

The Sikh tradition, founded by Sri Guru Nanak Dev Ji in the 15th century, is not merely a religion, it is a spiritual revolution. Guru Nanak Dev Ji gave humanity a path of truth, compassion, fearlessness, and service. This divine vision of life was institutionalized by the ten Gurus, culminating in the creation of the Khalsa by Guru Gobind Singh Ji in 1699. The Khalsa was not simply a religious group, but a living ideal,an army of the Almighty God, a reflection of divine light on earth, created to protect humanity from tyranny and injustice. Its members were saint-soldiers, bearing unshorn hair, turbans, the five Kakkars, and lives filled with humility, courage, and clarity of purpose.

For centuries, this ideal flourished. From Baba Banda Singh Bahadur, who established rule based on justice and equality, to the golden age of the Sikh Empire under Maharaja Ranjit Singh, Sikh identity remained central to Punjab's civil, military, and cultural life. The turban symbolized dignity, unshorn hair was a mark of devotion, and receiving Amrit was considered a spiritual rebirth. During British colonial rule, Sikhs faced systematic efforts to erode their identity, including attempts to convert Sikh royalty. Yet they held firm. In fact, Sikhs led in nearly every area: military service, education, agriculture, and the struggle for Indian independence. Most Ghadarites, Akali reformers, and freedom fighters were Amritdhari Sikhs who lived and often died ,with "Waheguru" on their lips. Their identity was never in doubt.

Even after India's independence, and well into the 1980s, the pride of Sikh identity remained intact. Political leaders such as Master Tara Singh, Jathedar Mohan Singh Tur, Partap Singh Kairon, and Giani Kartar Singh were Amritdhari Sikhs who upheld the highest values of Sikh Rehat Maryada. Sikh officers in the police and armed forces wore turbans with honour, and their presence on the front lines inspired both fear in enemies and confidence in the nation. Sports icons like Milkha Singh, Balbir Singh Sr., and Bishan Singh Bedi wore turbans and maintained long hair with pride. Punjabi singers and artists took to the stage in traditional turbans, beginning performances with Shabad kirtan or spiritual verses. Even non-Sikh performers respected this norm. In Hindi cinema too, Sikh characters were typically shown with full beards and turbans, presenting a respectful and noble image.

This cultural strength began to deteriorate after the 1980s. A visible and painful decline in Sikh identity can now be seen across all sectors. Political leadership in Punjab and Delhi, which once reflected Khalsa values, today includes few Amritdharis. Many politicians trim or dye their hair and beard, reflecting neither the discipline nor the spiritual essence of the Khalsa. In the bureaucracy, once dominated by proud Gursikhs, officers from Sikh families now often appear clean-shaven, disconnected from the Rehat Maryada. The police, too, have drifted from tradition,some jawans and officers adopting Western style caps, ignoring the hukam of Guru Sahib that a Sikh must not wear a cap.

The cultural decline extends to the fields of sports, stage, and media. Young Sikh athletes increasingly present themselves clean-shaven, separating achievement from tradition. The stage, once sacred, has lost its spiritual foundation. Punjabi music now centres around alcohol, weapon glorification, and vulgarity, a complete departure from the Gurbani-inspired content of the past. Many singers not only ignore Sikh values but actively distort them for commercial success. Worse still, some descendants of Guru Sahiban, Sikh generals, and Sikh royalty have themselves trimmed or cut their hair, breaking the lineage of visible commitment to Sikh ideals.

This erosion is not merely about individual choices, it signals a broader cultural and spiritual reversal. The situation is compounded by the trauma of the militancy era in Punjab during the 1980s and early 1990s. Though rooted in complex socio-political factors, the violent period tarnished the global image of Sikhs. The portrayal of Sikh youth as militant, extremist, and dangerous cast a shadow that lingers even today. No peace-loving person wants to be mistaken for a militant. Sadly, the Sikh leadership has failed to rise above the blame game. Instead of introspection or presenting a united moral vision, it remains divided, defensive, and directionless, unable to offer a plan for renewal or to inspire confidence among Sikhs or others.

Globalization has further accelerated the decline. Abroad, where Sikhs have achieved material success, Western beauty norms have influenced how younger generations perceive their own appearance. Trimmed beards, designer clothing, and clean-shaven looks have become synonymous with professionalism and respectability. In many corporate and media settings, visible Sikh symbols are seen as barriers, not strengths.

Meanwhile, Gurdwaras have become ritual-centric rather than value-centric. Daily path, kirtan, and katha are often delivered without depth or purpose, more a performance than a message. Sikh educational institutions have failed to connect youth with the spiritual power of Gurbani. Too often, guilt and rules are imposed in place of guidance and understanding. The management of many Gurdwaras has also come under scrutiny, with allegations of corruption and mismanagement of vast resources,further weakening public trust. The failure to invest Gurdwara funds in Sikh education, outreach, and academic research is a missed opportunity. Rather than promoting Sikh history and philosophy, some spaces have become platforms for pseudo-secularism and even communist thought, sidelining the core values of the Gurus.

Few public figures today represent Sikh ideals with both conviction and excellence. The absence of inspiring role models in politics, academia, culture, and sports has created a vacuum. Without examples of modern success grounded in Sikh principles, younger generations are left directionless. The media, especially Punjabi music and cinema, promote a distorted image of Punjabi life,loud, aggressive, and materialistic eroding values of modesty, service, and remembrance of Naam.

In schools, police academies, and civil institutions, Sikh identity is rarely celebrated as a source of honour. Instead of being uplifted, young Sikhs are often subtly encouraged to conform to mainstream appearances.

Yet the solution to this crisis does not lie in forced conformity or shaming people into tradition. The path forward must be grounded in spiritual renewal and cultural inspiration. Guru Nanak Dev Ji envisioned a world where every human being had divine potential. He transformed ordinary people into living angels. As he said in Asa di Vaar, "Jin manas te devte kie, karat na lagi var" . He turned men into angels in an instant."

The five Kakkars of the Khalsa are not external decorations, but instruments of divine awakening. Keeping unshorn hair is not a ritual, it is surrender to divine Hukam. Wearing a turban is not a burden, it is a crown bestowed by the Guru. The decline we witness today is not just about appearance, it reflects the fading of the divine spark, the "Jot" that every Sikh is meant to carry within.

We need a bold and compassionate strategy to reclaim our path. Scholarly research must document the 50-year shift in Sikh identity, across politics, media, institutions, and public behaviour. Youth workshops and camps should help connect young Sikhs to their roots, not with pressure but with inspiration. Artists, singers, and filmmakers who honour Sikh values should be supported through recognition, funding, and community patronage. Sikh history should be taught in schools not as dates and battles, but as a philosophy of love, courage, and service.


Uniform rules and public policy should protect Sikh articles of faith. Public events should once again begin with Shabad or spiritual reflections, as was once the norm in Punjab. We must celebrate Sikhs who embody their faith while excelling in modern fields ,scientists, civil servants, entrepreneurs, and soldiers who live with discipline, humility, and service.

Guru Nanak's message was not to build walls between communities but to awaken the angelic light within every human being. The Khalsa is not a sect, it is the living mission of the Guru. The decline of Sikh identity is real, but not irreversible. What is needed is vision, courage, and a collective will to renew our commitment to truth.

Let this not be a time of mourning for what was lost, but a time to rise again with the radiant spirit of Guru Nanak. Let us walk with grace, speak with truth, serve with humility, and shine with divine light. We are not here to merely remember history, we are here to reclaim our destiny.

ਲੜੀਵਾਰ ਨਾਵਲ

ਕਮਲ ਗਿੱਲ



Mob : +44 07454 394684

ਕਿਸ਼ਤ-31

# ਗੰਧਲੇ ਰਿਸ਼ਤੇ

**ਮੇਰੇ ਲਈ ਇਹ ਗਿਫਟ-ਗੁਫਟ ਮੈਟਰ ਨਹੀਂ ਕਰਦੇ ਸਨ ਸੱਚ ਪੁੱਛੋ ਤਾਂ। ਪਰ ਹਾਂ ਇਹ ਗੱਲ ਮੇਰਾ ਪਰਿਵਾਰ ਮਹਿਸੂਸ ਕਰਨ ਲੱਗ ਗਿਆ ਸੀ। ਮੇਰਾ ਬੇਟਾ ਮੇਰੀ ਮਾਂ ਅਕਸਰ ਇਹ ਗੱਲ ਸੋਚਦੇ ਕਿ ਹਮੇਸ਼ਾ ਫੈਸਟੀਵਲ ਜਾਂ ਦਿਹਾੜੇ 'ਤੇ ਇਹੀ ਕਿਉਂ ਝੋਲੇ ਭਰ ਕੇ ਲੈ ਕੇ ਜਾਂਦੀ ਹੈ ਤੇ ਉਹ ਕਦੇ ਕੁਝ ਨਹੀਂ ਲੈ ਕੇ ਆਉਂਦਾ। ਇਹ ਕੁਦਰਤੀ ਗੱਲ ਹੈ ਬੀਰਾ ਨੋਰਮਲ ਇਨਸਾਨ ਇਹ ਸੋਚਦਾ ਹੀ ਹੈ।**

**ਪਰ ਮੈਂ ਇਹ ਗੱਲਾਂ ਵੀ ਅਣਡਿੱਠੀਆਂ ਕਰ ਦਿੰਦੀ। ਮੇਰੇ ਲਈ ਉਸ ਦਾ ਪਿਆਰ ਮੋਰ ਇੰਪੋਰਟੈਂਟ ਸੀ ਚੀਜ਼ਾ ਨਹੀਂ । ਮੈਂ ਜ਼ਿੰਦਗੀ 'ਚ ਬੁਹਤ ਪੈਸਾ ਕਮਾਇਆ ਸੀ ਮੈਨੂੰ ਉਸ ਦੇ ਪੈਸੇ ਦੀ ਲੋੜ ਨਹੀਂ ਸੀ । ਉਸ ਦੇ ਸਾਥ ਦੀ ਲੋੜ ਸੀ ।''**




''ਠੀਕ ਹੈ ਜਾ ਭੱਜ ਕੇ ਜਾ ਤੇ ਭੱਜ ਕੇ ਆ ਜਾ।''

ਮੈਂ ਫੁਰਤੀ ਨਾਲ ਹੋਟਲ ਆਈ ਸ਼ਾਵਰ ਲਿਆ, ਕੱਪੜੇ ਚੇਂਜ ਕੀਤੇ ਤੇ ਰਾਤ ਲਈ ਸਾਮਾਨ ਥੋੜ੍ਹਾ-ਬਹੁਤ ਚੁੱਕਿਆ ਤੇ ਵਾਪਸ 22 ਨੰਬਰ ਘਰ ਮੂਹਰੇ ਆ ਖੜੀ ਹੋਈ । ਡੋਰ ਬੈੱਲ ਬਜਾਈ ਤਾਂ ਕਿਸੇ ਖੋਲ੍ਹੀ ਨਾ। ਫਿਰ ਯਾਦ ਆਇਆ ਕਿ ਸਵੇਰੇ ਕੈਲਾਸ਼ ਜੀ ਨੇ ਮੈਨੂੰ ਚਾਬੀ ਜੁ ਦਿੱਤੀ ਸੀ। ਫਟਾਫਟ ਬੈਗ ਵਿੱਚੋਂ ਚਾਬੀ ਕੱਢੀ ਤੇ ਡੋਰ ਖੋਲ੍ਹ ਮੈਂ ਅੰਦਰ ਚਲੇ ਗਈ।

ਕੈਲਾਸ਼ ਜੀ ਸ਼ਾਇਦ ਉੱਪਰ ਸ਼ਾਵਰ ਵਿੱਚ ਸਨ। ਕਿਚਨ ਵਿੱਚ ਅਲੈਕਸਾ 'ਤੇ ਗੀਤ ਚੱਲ ਰਿਹਾ ਸੀ,

''ਨਾ ਕੋਈ ਉਮੰਗ ਹੈ ਨਾ ਕੋਈ ਤੰਰਗ ਹੈ, ਮੇਰੀ ਜ਼ਿੰਦਗੀ ਹੈ ਕਿਆ ......ਕਟੀ ਪਤੰਗ ਹੈ।''

ਹਾਏ ਕਿੰਨਾ ਸੋਹਣਾ ਗੀਤ ਹੈ ਕਿੰਨੀ ਮਧੁਰ ਅਵਾਜ਼ ਤੇ ਗੀਤ ਦੇ ਬੋਲ ਦਿਮਾਗ 'ਚ ਆਉਂਦੇ ਸਾਰ ਹੀ ਮੇਰੀਆਂ ਅੱਖਾਂ ਮੂਹਰੇ ਕੈਲਾਸ਼ ਦਾ ਚਿਹਰਾ ਆ ਗਿਆ।

ਅੱਜ ਤੀਸਰਾ ਦਿਨ ਸੀ ਸਾਨੂੰ ਲਾਗਾਤਾਰ ਮਿਲਦਿਆਂ। ਅੱਜ ਦਾ ਸਾਰਾ ਦਿਨ ਵੀ ਉਸ ਨਾਲ ਤਕਰੀਬਨ ਮੇਰਾ ਬੀਤ ਚੱਲਾ ਸੀ। ਇਨ੍ਹਾਂ ਤਿੰਨਾਂ ਦਿਨਾਂ ਵਿੱਚ ਮੈਂ ਇੱਕ ਵੀ ਬੁਰੀ ਆਦਤ ਉਸ ਦੀ ਨੋਟ ਨਹੀਂ ਕੀਤੀ ਸੀ।

ਉਹ ਉਹੀ ਸੇਮ ਕੈਲਾਸ਼ ਸੀ ਜੋ ਵਰ੍ਹਿਆ ਪਹਿਲਾਂ ਮੈਨੂੰ ਮਿਲੀ ਸੀ, ਉਹੀ ਸਹਿਜਤਾ, ਉਹੀ ਸੁਹਪਣ ਤੇ ਉਹੀ ਕਹਿਰਾਂ ਦੀ ਗੁੱਝੀ ਜਿਹੀ ਪੀੜ੍ਹ ਅੰਦਰ ਸਮੋਈ ਬੈਠੀ ਕੈਲਾਸ਼। ਮੈਂ ਕਿਚਨ ਵਿਚ ਅਦਰਕ ਲੱਭ ਚਾਹ ਧਰ ਦਿੱਤੀ। ਮੈਨੂੰ ਪਤਾ ਸੀ ਉਸ ਨੂੰ ਅਦਰਕ ਵਾਲੀ ਚਾਹ ਬਹੁਤ ਪੰਸਦ ਹੈ।

ਅਲੈਕਸਾ ਤੇ ਗੀਤ ਬਦਲ ਗਿਆ....

'ਜਾਨੇ ਕਿਉਂ ਲੋਗ ਮੁੱਹਬਤ ਕੀਆ ਕਰਤੇ ਹੈ.......' ਹੁਣ ਇਹ ਗੀਤ ਚੱਲ ਰਿਹਾ ਸੀ। ਗੀਤ ਦੇ ਬਦਲਦੇ ਸਾਰ ਹੀ ਕੈਲਾਸ਼ ਜੀ ਦੀ ਆਮਦ ਵੀ ਹੋ ਗਈ ਕਿਚਨ ਵਿਚ। ਇੱਕ ਪਲ ਲਈ ਮੈਨੂੰ ਲੱਗਾ ਇਹ ਐਲਕਸਾ ਵੀ ਉਨ੍ਹਾਂ ਦੇ ਦੁੱਖਾਂ ਨੂੰ ਭਾਂਪ ਕੇ ਹੀ ਗਾਣੇ ਬਦਲਦੀ ਹੈ।

''ਲੈ ਕੁੜੀਏ ਮੈਂ ਵੀ ਫਰੈਸ਼ ਹੋ ਕੇ ਆ ਗਈ।''

ਡਾਇੰਨਗ ਟੇਬਲ ਦੀ ਚੇਅਰ 'ਤੇ ਸੈੱਟ ਹੋ ਕੇ ਬੈਠਦਿਆਂ ਉਨ੍ਹਾਂ ਕਿਹਾ।

''ਅੱਜ ਗਰਮੀ ਕਾਫੀ ਹੈ, ਮੈਨੂੰ ਲੱਗਦਾ ਕੋਈ ਚਾਲੀ ਕੁ ਦੇ ਗੇੜ ਹੋਵੇਗੀ, ਬੀਰਾ ਚੈੱਕ ਕਰ ਤਾਂ ਫੂਨ ਤੇ ਆਪਣੇ।''

''ਹਾਂਜੀ 38 ਡਗਰੀ ਹੈ।''

''ਹਾਂ ਮੈਨੂੰ ਪਹਿਲਾ ਹੀ ਲੱਗਦਾ ਸੀ ਕਿ ਇੰਨਾਂ ਕੁ ਟੈਂਪਰੇਚਰ ਹੋਣਾ।''

''ਆਹ ਲਓ ਤੁਸੀਂ ਗਰਮ-ਗਰਮ ਅਦਰਕ ਵਾਲੀ ਚਾਹ ਪੀਓ... ਤੇ ਆਪੇ ਗਰਮੀ ਭੱਜ ਜੂ..''

ਮੈਂ ਚਾਹ ਦਾ ਕੱਪ ਉਸ ਵੱਲ ਫੜਾਉਂਦਿਆਂ ਕਿਹਾ ।

''ਆਹੋ ਬੀਰਾ ਮੇਰੇ ਦਾਰ ਜੀ ਵੀ ਗਰਮੀਆਂ ਨੂੰ ਚਾਹ ਪੀਣ ਲੱਗੇ ਕਹਿੰਦੇ ਹੁੰਦੇ ਸੀ ਕਿ ਗਰਮੀ ਨੂੰ ਗਰਮੀ ਆਪੇ ਮਾਰੂ। ਚਾਹ ਬਣਾ ਕੇ ਲਿਆ ਬਈ ਗਰਮ-ਗਰਮ ਤੇ ਮਾਂ ਨੇ ਖਿੱਝ ਜਾਣਾ ਕਹਿਣਾ ਇਹ ਬੰਦਾ ਸਿਖਰ ਦੁਪਹਿਰੇ ਵੀ ਚਾਹ ਨਹੀਂ ਭੁੱਲਦਾ।''

ਪਤਾ ਨਹੀ ਬੀਰਾਂ ਬੰਦੇ ਕਿੱਥੇ ਚਲੇ ਜਾਂਦੇ ਹਨ ਮੁੜ ਬਹੁੜਦੇ ਹੀ ਨਹੀਂ ਬਸ ਯਾਦਾਂ ਰਹਿ ਜਾਂਦੀਆਂ ਹਨ। ਵਰ੍ਹੇ ਪਹਿਲਾਂ ਮੁੱਕੇ ਆਪਣੇ ਦਾਰ ਜੀ ਨੂੰ ਯਾਦ ਕਰਦਿਆਂ ਉਸ ਨੇ ਹੌਕਾ ਲਿਆ।

''ਤੁਹਾਡੇ ਮਾਂ ਜੀ ਇੱਥੇ ਆਏ ਕਦੇ ਤੁਹ-ਾਡੇ ਕੋਲ ਕੈਲਾਸ਼ ਜੀ?''

''ਹਾਂ ਬੀਰਾ ਮਾਂ ਦੀਆਂ ਮੌਜਾਂ ਆ ਛੇ ਮਹੀਨੇ ਤਾਜ ਹੁਰਾਂ ਕੋਲ ਲਾਉਂਦੀ ਹੈ ਹਰ ਸਾਲ ਦੋ ਕੁ ਮਹੀਨੇ ਮੇਰੇ ਕੋਲ ਲਾ ਜਾਂਦੀ ਹੈ। ਇੱਥੇ ਮਾਂ ਬੋਰ ਹੋ ਜਾਂਦੀ ਆ ਕਹਿੰਦੀ ਤੂੰ ਬਾਹਲੀਆਂ ਗੱਲਾਂ ਨਹੀ ਕਰਦੀ ਬਸ ਲਿਖਦੀ-ਪੜ੍ਹਦੀ ਹੀ ਰਹਿੰਦੀ ਹੈ, ਉਹ ਜ਼ਿਆਦਾ ਤਾਜ ਤੇ ਨਿਮਰਤ ਕੋਲ ਰਹਿ ਕੇ ਖੁਸ਼ ਹੁੰਦੀ ਹੈ।''

ਮਾਂ ਦਾ ਜ਼ਿਕਰ ਆਉਂਦਿਆਂ ਉਸ ਦੇ ਚਿਹਰੇ 'ਤੇ ਰੌਣਕ ਮੁੜ ਆਈ।

''ਚਾਹ ਤੇਰੀ ਸਵਾਦ ਹੈ, ਫਿਰ ਉਹੀ ਗੱਲ ਕਹਾਂਗੀ, ਬਿਲਕੁੱਲ ਮੇਰੀ ਮਾਂ ਦੇ ਹੱਥਾਂ ਵਾਲੀ।''

''ਰਾਤ ਨੂੰ ਕੀ ਖਾਏਂਗੀ ਬੀਰਾ?''

''ਕੁਝ ਨਹੀਂ, ਅੱਜ ਸਾਰਾ ਦਿਨ ਆਪਾਂ ਖਾਂਦੇ-ਪੀਂਦੇ ਹੀ ਰਹੇ ਹਾਂ।''

''ਅੱਜ ਰਾਤ ਨੂੰ ਕੁਝ ਨਹੀਂ ਖਾਣਾ ਆਪਾਂ। ਅੱਜ ਆਪਾਂ ਦੋਵੇਂ ਰਾਤ ਦਾ ਵਰਤ ਰੱਖਾਂਗੇ।''

''ਹਾ ਹਾ ਨਾ ਨਾ ਆਪਾਂ ਕਿਉਂ ਵਰਤ ਰੱਖਣਾ, ਆਪਾ ਇੱਦਾਂ ਕਰਦੇ ਹਾਂ ਚਾਹ ਪੀ ਕੇ ਉੱਪਰ ਬਾਲਕੋਨੀ 'ਚ ਬੈਠਦੇ ਹਾਂ ਜਾਂ ਜੇ ਤੇਰਾ ਮਨ ਹੈ ਤਾਂ ਬਾਹਰ ਬੀਚ 'ਤੇ ਲੰਬੀ ਵਾਕ ਕਰ ਆਉਂਦੇ ਹਾਂ ਤੇ ਫਿਰ ਜੇ ਭੁੱਖ ਲੱਗੀ ਤਾਂ ਆਪਾਂ ਪੀਜ਼ਾ ਮੰਗਾ ਲਵਾਂਗੇ। ਕਿਉਂ ਕੀ ਖਿਆਲ ਹੈ ਤੇਰਾ?''

''ਹਾਂਜੀ ਠੀਕ ਹੈ ਇੱਦਾਂ ਪਰ ਅੱਜ ਆਪਾਂ ਉੱਪਰ ਬਾਲਕੋਨੀ ਦੀ ਛੱਤ 'ਤੇ ਹੀ ਡੇਰਾ ਲਾਉਂਦੇ ਹਾਂ, ਬੀਚ ਵਾਕ ਮੈਂ ਸਵੇਰੇ ਘੰਟੇ ਦੀ ਕਰ ਆਈ ਸੀ।''

''ਠੀਕ ਹੈ।''

ਦੱਸ-ਪੰਦਰਾਂ ਮਿੰਟਾਂ ਬਾਅਦ ਅਸੀਂ ਉੱਪਰ ਬਾਲਕੋਨੀ 'ਤੇ ਆ ਬੈਠੇ। ਉੱਪਰ ਕਾਫੀ ਧੁੱਪ ਸੀ ਪਰਛਾਵੇ ਕਰ ਕੇ ਸਾਡੀਆਂ ਕੁਰਸੀਆਂ ਛਾਂ ਵਿੱਚ ਸਨ ਤੇ ਸਾਹਮਣੇ ਸਮੁੰਦਰ ਤੋ ਠੰਡੀ-ਠੰਡੀ ਹਵਾ ਵੀ ਆ ਰਹੀ ਸੀ।

ਮੈਂ ਸਹੀ ਸਮ੍ਹਾਂ ਦੇਖ ਪਰਮ ਵਾਲੀ ਗਲ ਅਗਾਂਹ ਤੋਰ ਲਈ। ਮੈਂ ਵੀ ਮਨੋ-ਮਨੀ ਉਤਾਵਲੀ ਸਾਂ ਜਾਨਣ ਲਈ ਕਿ ਆਖਿਰ ਹੋਇਆ ਕੀ ਅੰਤ ਵਿੱਚ।

''ਫਿਰ ਅਗਾਂਹ ਕੀ ਹੋਇਆ ਤੁਹਾਡੀ ਜ਼ਿੰਦਗੀ ਵਿੱਚ ਕੈਲਾਸ਼ ਜੀ? ਕੁੱਝ ਠੀਕ ਹੋਇਆ ? ਪਰਮ ਜੀ ਦਾ ਸੁਭਾਅ ਜਾਂ ਉਸ ਦੀ ਮਾਂ ਦਾ ਬੀਹੇਵ, ਕੁੱਝ ਚੇਂਜ ਆਇਆ ਉਹਨਾਂ ਵਿੱਚ ਸਮੇਂ ਦੇ ਨਾਲ?''

''ਨਾ ਬੀਰਾ ਕਿੱਥੇ ਕੁਝ ਨਹੀਂ ਸੁਧਰਿਆ.... ਮੈਂ ਬਹੁਤ ਕੋਸ਼ਿਸ ਕਰ ਰਹੀ ਸੀ। ਹੁਣ ਮਾਤਾ ਮੈਨੂੰ ਕਦੇ ਫੂਨ ਕਰਕੇ ਇਹ ਵੀ ਨਾ ਆਖਦੀ ਕਿ ਤੂੰ ਕਦ ਆਉਣਾ।''

ਸਭ ਕੁਝ ਬਦਲ ਗਿਆ ਸੀ ।

ਇੱਕ ਦਿਨ ਮੈਂ ਪਰਮ ਨੂੰ ਫੂਨ 'ਤੇ ਕਿਹਾ ਕਿ ਤੂੰ ਬਹੁਤ ਬਦਲ ਗਿਆ ਹੈ ਆਹ ਬਦਲਾਵ ਸਹੀ ਨਹੀਂ ਹੈ, ਪਹਿਲਾਂ ਤੂੰ ਕਿੰਨਾਂ ਚੰਗਾ ਸੀ ਬਿਲਕੁੱਲ ਅਲਗ।

''ਫਿਰ ਉਸ ਨੇ ਕੀ ਕਿਹਾ ਤੁਹਾਡੀ ਗਲ ਸੁਣ ਕੇ?''

''ਕੀ ਕਹਿਣਾ ਸੀ, ਕਹਿੰਦਾ ਮੈਂ ਜਨਾਨੀ ਨਹੀਂ ਫਸਾਉਣੀ ਸੀ ਪੰਜ ਸਾਲ ਤੋਂ ਕੱਲਾ ਸੀ, ਜੋ-ਜੋ ਮੇਰੀ ਮਾਮ ਕਹੀ ਗਈ ਉਹ ਉਹ ਮੈਂ ਤੈਨੂੰ ਕਹਿੰਦਾ ਗਿਆ, ਮੈਂ ਤੇ ਜਨਾਨੀ ਫਸਾਉਣੀ ਸੀ ਤੇ ਤੂੰ ਫਸ ਗਈ।''

ਇਹ ਕਹਿ ਕੇ ਉਹ ਫੂਨ 'ਤੇ ਜ਼ੋਰ-ਜ਼ੋਰ ਨਾਲ ਹੱਸਣ ਲੱਗ ਗਿਆ।

ਮੇਰੇ ਪੈਰਾਂ ਹੇਠੋ ਜ਼ਮੀਨ ਨਿਕਲ ਗਈ ਇਹ ਕੀ ਬੋਲ ਰਿਹਾ, ਸੱਚੀ ਮੇਰੇ ਨਾਲ ਇਹੀ ਹੋਇਆ।

ਮੈਨੂੰ ਸਮਝ ਹੀ ਆ ਰਹੀ ਸੀ ਉਹ ਮਜ਼ਾਕ ਕਰਦਾ ਜਾਂ ਸੱਚ ਬੋਲ ਰਿਹਾ।

ਕੋਈ ਵੀ ਫੈਸਟੀਵਲ ਜਾਂ ਦਿਹਾੜਾ ਆਉਣਾ ਮੈਂ ਬੈਗ ਭਰ ਕੇ ਉਸ ਲਈ ਗਿਫਟ ਖਰੀਦ ਕੇ ਲੈ ਕੇ ਜਾਣੇ, ਸਾਡੇ ਮਿਲਣ ਤੋਂ ਬਾਅਦ ਪਹਿਲੀ ਦੀਵਾਲੀ, ਦੁਸਹਿਰਾ, ਕ੍ਰਿਸਿਮਸ, ਨਿਊਈਅਰ ਵੈਲਨਟਾਈਨ ਡੇ ਅਤੇ ਉਸ ਦਾ ਜਨਮ ਦਿਨ ਹਰ ਮੌਕੇ 'ਤੇ ਮੈ ਉਸ ਨੂੰ ਕੀਮਤੀ ਤੋਹਫੇ ਦਿੱਤੇ।

''ਤੇ ਉਸ ਨੇ ਵੀ ਕਦੇ ਤੁਹਾਨੂੰ ਕੁਝ ਦਿੱਤਾ?''

''ਨਹੀਂ ਕਦੇ ਕਿਸੇ ਵੀ ਫੈਸਟੀਵਲ ਜਾਂ ਦਿਹਾੜੇ 'ਤੇ ਉਸ ਨੇ ਮੈਨੂੰ ਕੁਝ ਵੀ ਨਹੀਂ ਦਿੱਤਾ, ਈਵਨ ਕ੍ਰਿਸਮਿਸ, ਨਿਊ ਯੀਅਰ ਅਤੇ ਫਸਟ ਵੈਲਨਟਾਈਨ ਡੇ 'ਤੇ ਵੀ ਨਹੀਂ।''

ਮੇਰੇ ਲਈ ਇਹ ਗਿਫਟ-ਗੁਫਟ ਮੈਟਰ ਨਹੀਂ ਕਰਦੇ ਸਨ ਸੱਚ ਪੁੱਛੋ ਤਾਂ। ਪਰ ਹਾਂ ਇਹ ਗੱਲ ਮੇਰਾ ਪਰਿਵਾਰ ਮਹਿਸੂਸ ਕਰਨ ਲੱਗ ਗਿਆ ਸੀ। ਮੇਰਾ ਬੇਟਾ ਮੇਰੀ ਮਾਂ ਅਕਸਰ ਇਹ ਗੱਲ ਸੋਚਦੇ ਕਿ ਹਮੇਸ਼ਾ ਫੈਸਟੀਵਲ ਜਾਂ ਦਿਹਾੜੇ 'ਤੇ ਇਹੀ ਕਿਉਂ ਝੋਲੇ ਭਰ ਕੇ ਲੈ ਕੇ ਜਾਂਦੀ ਹੈ ਤੇ ਉਹ ਕਦੇ ਕੁਝ ਨਹੀਂ ਲੈ ਕੇ ਆਉਂਦਾ। ਇਹ ਕੁਦਰਤੀ ਗੱਲ ਹੈ ਬੀਰਾ ਨੋਰਮਲ ਇਨਸਾਨ ਇਹ ਸੋਚਦਾ ਹੀ ਹੈ।

ਪਰ ਮੈਂ ਇਹ ਗੱਲਾਂ ਵੀ ਅਣਡਿੱਠੀਆਂ ਕਰ ਦਿੰਦੀ। ਮੇਰੇ ਲਈ ਉਸ ਦਾ ਪਿਆਰ ਮੋਰ ਇੰਪੋਰਟੈਂਟ ਸੀ ਚੀਜ਼ਾ ਨਹੀਂ । ਮੈਂ ਜ਼ਿੰਦਗੀ 'ਚ ਬੁਹਤ ਪੈਸਾ ਕਮਾਇਆ ਸੀ ਮੈਨੂੰ ਉਸ ਦੇ ਪੈਸੇ ਦੀ ਲੋੜ ਨਹੀਂ ਸੀ । ਉਸ ਦੇ ਸਾਥ ਦੀ ਲੋੜ ਸੀ ।''


ਮੈਂ ਹੁਣ ਉਦਾਸ ਰਹਿਣ ਲੱਗ ਗਈ ਸਾਂ, ਮੈਨੂੰ ਸੁਫਨੇ ਵਿਖਰਦੇ ਨਜ਼ਰ ਆ ਰਹੇ ਸਨ। ਮੇਰੇ ਬੇਟੇ ਨੂੰ ਭਿਣਕ ਪੈ ਰਹੀ ਸੀ ਕਿ ਕੁਝ ਰੋਂਗ ਹੋ ਰਿਹਾ । ਇੱਕ ਦਿਨ ਉਸ ਨੇ ਮੈਨੂੰ ਕੋਲ ਬਿਠਾ ਕੇ ਪੁੱਛਿਆ ਤਾਂ ਮੈ ਧਾਹਾਂ ਮਾਰ ਰੋ ਪਈ ਤੇ ਆਪਣੇ ਬੀਹਾਂ ਵਰ੍ਹਿਆ ਦੇ ਪੁੱਤ ਅੱਗੇ ਨਾ ਚਾਹੁੰਦਿਆਂ ਵੀ ਦੁੱਖ ਫੋਲ ਦਿੱਤਾ।

ਉਸ ਦਾ ਬਦਲਦਾ ਸਭਾਅ ਮੈਨੂੰ ਅੰਦਰੋਂ-ਅੰਦਰ ਖਾ ਰਿਹਾ ਸੀ। ਲੋਕ ਕਹਿੰਦੇ ਹਨ ਜੇ ਕਿਸੇ ਨੂੰ ਜਿਉਂਦੇ ਜੀਅ ਮਾਰਨਾ ਤਾਂ ਉਸ ਨੂੰ ਪਹਿਲਾਂ ਬੇਪਨਾਹ ਮਹੁੱਬਤ ਕਰੋ, ਸੁਫਨੇ ਦਿਖਾਓ ਸੋਹਣੇ ਭਵਿੱਖ ਦੇ ਤੇ ਫਿਰ ਹੌਲੀ-ਹੌਲੀ ਬਦਲ ਕੇ ਪਰ੍ਹਾਂ ਹੋ ਜਾਓ। ਉਹ ਆਪ ਹੀ ਮਰ ਜਾਵੇਗਾ।

ਸ਼ਾਇਦ ਮੇਰੇ ਨਾਲ ਵੀ ਇਹੀ ਹੋ ਰਿਹਾ ਸੀ ਹੁਣ । ਮੈਂ ਚਾਰ-ਪੰਜ ਘੰਟੇ ਡਰਾਇਵ ਕਰ ਕੇ ਉੱਥੇ ਉਨ੍ਹਾਂ ਦੇ ਘਰ ਪਹੁੰਚਣਾ ਤਾਂ ਮੇਰੇ ਘਰ ਵੜਨ ਤੋਂ ਦੱਸ-ਪੰਦਰਾਂ ਮਿੰਟ ਪਹਿਲਾਂ ਮਾਤਾ ਨੇ ਘਰੋਂ ਨਿਕਲ ਜਾਣਾ,

**ਚਲਦਾ....**

## ਸਿਹਤ ਤੇ ਸੁੰਦਰਤਾ



# ਵਧ ਰਹੀ ਕਿਲਰ ਫੰਗਸ, ਮਨੁੱਖ ਲਈ ਬਣ ਰਹੀ ਏ ਜਾਨਲੇਵਾ



'ਕਿਲਰ ਫੰਗਸ' ਮਨੁੱਖੀ ਫੇਫੜਿਆਂ ਵਿਚ ਘਰ ਕਰਕੇ, ਅਤੇ ਕਈ ਵਾਰ ਦਿਮਾਗ ਨੂੰ ਵੀ ਚੁਣੌਤੀ ਦੇਣ ਵਾਲੀ ਜਾਨਲੇਵਾ ਬਿਮਾਰੀਆਂ ਦਾ ਕਾਰਨ ਬਣ ਰਹੀ ਹੈ। ਵਧਦਾ ਗਲੋਬਲ ਤਾਪਮਾਨ ਅਤੇ ਜਲਵਾਯੂ ਪਰਿਵਰਤਨ ਨੇ ਇਸ ਅਦਿੱਖ ਦੁਸ਼ਮਣ ਨੂੰ ਹੋਰ ਵੀ ਤਾਕਤਵਰ ਕਰ ਦਿੱਤਾ ਹੈ। ਮੈਨਚੈਸਟਰ ਯੂਨੀਵਰਸਿਟੀ ਦੀ ਖੋਜ ਮੁਤਾਬਕ, ਐਸਪਰਗਿਲਸ ਨਾਂ ਦੀ ਫੰਗਸ, ਜੋ ਪਹਿਲਾਂ ਸਿਰਫ਼ ਗਰਮ ਖੇਤਰਾਂ ਵਿਚ ਪਾਈ ਜਾਂਦੀ ਸੀ, ਹੁਣ ਯੂਰਪ ਵਰਗੇ ਠੰਢੇ ਮੁਲਕਾਂ 'ਚ ਵੀ ਪੈਰ ਪਸਾਰ ਰਹੀ ਹੈ। ਇਹ ਐਸਪਰਗਿਲੋਸਿਸ ਵਰਗੀ ਜਾਨਲੇਵਾ ਬਿਮਾਰੀ ਦਾ ਕਾਰਨ ਬਣਦੀ ਹੈ, ਜੋ ਫੇਫੜਿਆਂ ਨੂੰ ਖੋਰਾ ਲਾਉਂਦੀ ਹੈ। ਦਾ ਲੇਸੈਂਟ ਹੈਲਥ ਮੈਗਜ਼ੀਨ (2024) ਦੀ ਰਿਪੋਰਟ ਅਨੁਸਾਰ, ਹਰ ਸਾਲ 18 ਲੱਖ ਲੋਕ ਇਸ ਦੀ ਭੇਟ ਚੜ੍ਹਦੇ ਹਨ। ਭਾਰਤ ਵਿਚ ਵੀ ਇਹ ਖਤਰਨਾਕ ਸਾਬਤ ਹੋ ਰਹੀ ਹੈ। ਮਿਨੀਸੋਟਾ ਯੂਨੀਵਰਸਿਟੀ ਦੇ ਸੈਂਟਰ ਫਾਰ ਇਨਫੈਕਸ਼ੀਅਸ ਡਿਜ਼ੀਜ਼ ਦੇ ਅਧਿਐਨ ਮੁਤਾਬਕ, ਸਾਲਾਨਾ 2.5 ਲੱਖ ਲੋਕ ਐਸਪਰਗਿਲੋਸਿਸ ਦਾ ਸ਼ਿਕਾਰ ਹੁੰਦੇ ਹਨ, ਖਾਸਕਰ ਟੀਬੀ ਜਾਂ ਫੇਫੜਿਆਂ ਦੀਆਂ ਬਿਮਾਰੀਆਂ ਵਾਲੇ ਮਰੀਜ਼। ਕੋਵਿਡ ਮਹਾਮਾਰੀ ਵਿਚ ਮਿਊਕੋਰਮਾਈਕੋਸਿਸ (ਕਾਲੀ ਫੰਗਸ) ਨੇ ਤਬਾਹੀ ਮਚਾਈ, ਜਿਸ ਨੇ ਸਾਬਿਤ ਕੀਤਾ ਕਿ ਫੰਗਸ ਸਿਰਫ਼ ਚਮੜੀ ਦੀ ਖੁਜਲੀ ਨਹੀਂ, ਸਗੋਂ ਜਾਨ ਦਾ ਜੰਜਾਲ ਵੀ ਬਣ ਸਕਦੀ ਹੈ।

ਦਾ ਇੰਡੀਅਨ ਜਰਨਲ ਆਫ ਮੈਡੀਕਲ ਰਿਸਰਸ (2021) ਮੁਤਾਬਕ, ਕੋਵਿਡ ਵਿਚ ਸਟੀਰੌਇਡਜ਼ ਦੀ ਜ਼ਿਆਦਾ ਵਰਤੋਂ ਨੇ ਇਸ ਨੂੰ ਹੋਰ ਵਧਾਇਆ। ਨੇਚਰ ਅਤੇ ਵਿਸ਼ਵ ਫੰਗਲ ਪਰੀਓਰਟੀ ਪਾਥੋਜਨਜ ਲਿਸਟ 2022) ਦੀਆਂ ਰਿਪੋਰਟਾਂ ਵਿਚ 19 ਅਜਿਹੀਆਂ ਫੰਗਸ ਦੀ ਸੂਚੀ ਹੈ, ਜੋ ਸਿਹਤ ਲਈ ਖਤਰਨਾਕ ਹਨ। ਕੁਝ, ਜਿਵੇਂ ਕ੍ਰਿਪਟੋਕੋਕਸ ਨੀਓਫਾਰਮੈਂਸ, ਦਿਮਾਗ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ, ਖਾਸਕਰ ਏਡਜ਼ ਵਾਲੇ ਮਰੀਜ਼ਾਂ ਵਿਚ।

### ਫੰਗਸ ਦੀਆਂ ਕਿਸਮਾਂ : ਚਮੜੀ ਤੋਂ ਫੇਫੜਿਆਂ ਤੱਕ

ਫੰਗਸ ਦੀਆਂ ਕਈ ਕਿਸਮਾਂ ਹਨ। ਕੁਝ ਸਿਰਫ਼ ਚਮੜੀ 'ਤੇ ਖੁਜਲੀ ਪੈਦਾ ਕਰਦੀਆਂ ਹਨ, ਜਿਵੇਂ ਐਥਲੀਟਸ ਫੁਟ ਜਾਂ ਫੰਗਲ ਟੋਨੇਲ, ਪਰ ਕੁਝ, ਜਿਵੇਂ ਐਸਪਰਗਿਲਸ ਅਤੇ ਕੈਂਡੀਡਾ, ਸਰੀਰ ਦੇ ਅੰਦਰੂਨੀ ਅੰਗਾਂ ਨੂੰ ਖੋਰ ਲਾਉਂਦੀਆਂ ਹਨ।

ਐਸਪਰਗਿਲੋਸਿਸ: ਹਵਾ 'ਚ ਤੈਰਦੇ ਸਪੋਰਸ ਰਾਹੀਂ ਫੇਫੜਿਆਂ ਵਿਚ ਪਹੁੰਚਦੀ ਹੈ। ਕਮਜ਼ੋਰ ਇਮਿਊਨ ਸਿਸਟਮ ਵਾਲੇ ਲੋਕਾਂ, ਜਿਵੇਂ ਕੈਂਸਰ ਜਾਂ ਟੀਬੀ ਦੇ ਮਰੀਜ਼, 'ਚ ਇਹ ਜਾਨਲੇਵਾ ਹੋ ਸਕਦੀ ਹੈ।

ਕੈਂਡੀਡੀਆਸਿਸ: ਕੈਂਡੀਡਾ ਐਲਬੀਕਨਸ, ਜੋ ਸਰੀਰ ਵਿਚ ਪਹਿਲਾਂ ਹੀ ਮੌਜੂਦ ਹੁੰਦੀ ਹੈ, ਕਮਜ਼ੋਰ ਇਮਿਊਨ ਸਿਸਟਮ ਵਿਚ ਖੂਨ ਵਿਚ ਫੈਲਕੇ ਸੈਪਟੀਸੀਮੀਆ ਵਰਗੀ ਗੰਭੀਰ ਸਥਿਤੀ ਪੈਦਾ ਕਰਦੀ ਹੈ। ਮਿਊਕੋਰਮਾਈਕੋਸਿਸ: ਕੋਵਿਡ ਵਿਚ ਇਸ ਨੇ ਨੱਕ, ਅੱਖਾਂ, ਅਤੇ ਦਿਮਾਗ ਨੂੰ ਨੁਕਸਾਨ ਪਹੁੰਚਾਇਆ। ਦਾ ਲੇਸੈਂਟ ਇਨਫੈਕਸ਼ਨ ਡੀਸੀਜਿਜ (2023) ਮੁਤਾਬਕ, ਇਹ ਖਾਸਕਰ ਡਾਇਬਟੀਜ਼ ਅਤੇ ਸਟੀਰੌਇਡ ਵਰਤੋਂ ਵਾਲੇ ਮਰੀਜ਼ਾਂ ਵਿਚ ਖਤਰਨਾਕ ਸੀ।

ਕ੍ਰਿਪਟੋਕੋਕੋਸਿਸ: ਏਡਜ਼ ਵਾਲੇ ਮਰੀਜ਼ਾਂ ਵਿਚ ਦਿਮਾਗੀ ਲਾਗ ਦਾ ਕਾਰਨ ਬਣਦੀ ਹੈ। ਵਿਸ਼ਵ ਸਿਹਤ ਸੰਗਠਨ ਦੀ 2022 ਦੀ ਰਿਪੋਰਟ ਮੁਤਾਬਕ, ਫੰਗਲ ਬਿਮਾਰੀਆਂ ਹਰ ਸਾਲ 38 ਲੱਖ ਮੌਤਾਂ ਦਾ ਕਾਰਨ ਬਣਦੀਆਂ ਹਨ, ਜੋ ਮਲੇਰੀਆ ਅਤੇ ਟੀਬੀ ਨਾਲੋਂ ਜ਼ਿਆਦਾ ਹੈ। ਭਾਰਤ ਵਿਚ ਕੋਵਿਡ ਦੌਰਾਨ ਮਿਊਕੋਰਮਾਈਕੋਸਿਸ ਦੇ 47,000 ਤੋਂ ਵੱਧ ਮਾਮਲੇ ਸਾਹਮਣੇ ਆਏ, ਜਿਨ੍ਹਾਂ 'ਚੋਂ 30% ਮਰੀਜ਼ਾਂ ਦੀ ਮੌਤ ਹੋ ਗਈ (ਇੰਡੀਅਨ ਜਰਨਲ ਆਫ ਮੈਡੀਕਲ ਰਿਸਰਚ , 2021)।

### ਵਧਦਾ ਤਾਪਮਾਨ : ਫੰਗਸ ਦਾ ਪਸਾਰ

ਜੌਨ ਹਾਪਕਿਨਸ ਬਲੂਮਬਰਗ ਸਕੂਲ ਦੇ ਪ੍ਰੋਫੈਸਰ ਆਰਟੂਰੋ ਕਾਸਾਡੇਵਲ ਦੱਸਦੇ ਹਨ ਕਿ ਗਲੋਬਲ ਵਾਰਮਿੰਗ ਨੇ ਫੰਗਸ ਨੂੰ ਅਨੁਕੂਲ ਵਾਤਾਵਰਣ ਦਿੱਤਾ ਹੈ। ਗਰਮ ਅਤੇ ਨਮੀ ਵਾਲੀਆਂ ਥਾਵਾਂ, ਜਿਵੇਂ ਮੀਂਹ ਤੋਂ ਬਾਅਦ ਦੀ ਗਿੱਲੀ ਮਿੱਟੀ, ਫੰਗਸ ਦੇ ਪਨਪਣ ਦਾ ਕਾਰਣ ਬਣਦੀਆਂ ਹਨ। ਨੇਚਰ ਮਾਈਕਰੋ ਬਾਇਓਲੋਜੀ (2023) ਮੁਤਾਬਕ, ਗਰਮ ਖੇਤਰਾਂ ਦੀ ਫੰਗਸ ਹੁਣ ਠੰਢੇ ਇਲਾਕਿਆਂ ਵਿਚ ਵੀ ਪੈਰ ਜਮਾ ਰਹੀ ਹੈ ਹੈਰਾਨੀ ਦੀ ਗੱਲ, ਮਨੁੱਖੀ ਸਰੀਰ ਦਾ ਤਾਪਮਾਨ ਵੀ ਘਟ ਰਿਹਾ ਹੈ। ਜਰਨਲ ਆਫ ਕਲੀਨੀਕਲ ਇਨਵੈਸਟੀਗੇਸ਼ਨ (2024) ਅਨੁਸਾਰ, ਪਿਛਲੇ ਸੌ ਸਾਲਾਂ ਵਿਚ ਸਰੀਰ ਦਾ ਤਾਪਮਾਨ ਇੱਕ ਡਿਗਰੀ ਘਟਿਆ ਹੈ। ਆਧੁਨਿਕ ਦਵਾਈਆਂ ਨੇ ਸੋਜ ਅਤੇ ਬੁਖਾਰ ਨੂੰ ਘਟਾਇਆ, ਜਿਸ ਨਾਲ ਫੰਗਸ ਨੂੰ ਸਰੀਰ ਵਿਚ ਪਨਪਣ ਦਾ ਮੌਕਾ ਮਿਲਿਆ। ਦਾ ਲੇਸੈਂਟ (2024) ਮੁਤਾਬਕ, ਵਧਦੇ ਤਾਪਮਾਨ ਨਾਲ ਕੋਕਸੀਡਿਓਇਡਜ਼ ਇਮਾਈਟਿਸ ਵਰਗੀਆਂ ਫੰਗਸ ਅਮਰੀਕਾ ਵਿਚ ਵੀ ਫੈਲ ਰਹੀਆਂ ਹਨ।

### ਬਚਾਅ ਅਤੇ ਇਲਾਜ

ਫੰਗਸ ਦੇ ਖਤਰੇ ਨੂੰ ਘਟਾਉਣ ਲਈ ਸਾਨੂੰ ਸੁਚੇਤ ਰਹਿਣ ਦੀ ਲੋੜ ਹੈ। ਪੈਰ ਸਾਫ ਅਤੇ ਸੁੱਕੇ ਰੱਖੋ। ਗਿੱਲੇ ਜੁੱਤੇ ਜਾਂ ਮੌਜੇ ਐਥਲੀਟਸ ਫੁਟ ਨੂੰ ਸੱਦਾ ਦਿੰਦੇ ਹਨ। ਸਿਹਤਮੰਦ ਖੁਰਾਕ, ਕਸਰਤ, ਅਤੇ ਤਣਾਅ-ਮੁਕਤ ਜੀਵਨ ਨਾਲ ਰੋਗ ਪ੍ਰਤੀਰੋਧਕ ਸ਼ਕਤੀ ਵਧਾਓ। ਘਰ ਨੂੰ ਸੁੱਕਾ ਅਤੇ ਹਵਾਦਾਰ ਰੱਖੋ, ਕਿਉਂਕਿ ਗਿੱਲੀਆਂ ਥਾਵਾਂ ਫੰਗਸ ਦਾ ਕਾਰਣ ਹੁੰਦੀਆਂ ਹਨ। ਚਮੜੀ 'ਤੇ ਲਾਲੀ, ਖੁਜਲੀ, ਜਾਂ ਸਾਹ ਦੀ ਸਮੱਸਿਆ ਦਿਖੇ, ਤਾਂ ਤੁਰੰਤ ਡਾਕਟਰ ਨੂੰ ਮਿਲੋ। ਇਲਾਜ ਵਿਚ ਅਜ਼ੋਲ ਵਰਗੀਆਂ ਐਂਟੀਫੰਗਲ ਦਵਾਈਆਂ ਵਰਤੀਆਂ ਜਾਂਦੀਆਂ ਹਨ, ਪਰ ਮੈਨਚੈਸਟਰ ਯੂਨੀਵਰਸਿਟੀ ਦੇ ਪ੍ਰੋਫੈਸਰ ਮਾਈਕਲ ਬ੍ਰੋਮਲੀ ਮੁਤਾਬਕ, ਖੇਤੀ 'ਚ ਇਨ੍ਹਾਂ ਦੀ ਜ਼ਿਆਦਾ ਵਰਤੋਂ ਨੇ ਫੰਗਸ ਨੂੰ ਰੋਧਕ ਬਣਾ ਦਿੱਤਾ ਹੈ। ਨਵੀਂ ਦਵਾਈ ਫੋਸਮਾਨੋਜ਼ੇਪਿਕਸ 'ਤੇ ਕੰਮ ਜਾਰੀ ਹੈ, ਜੋ ਫੰਗਸ ਦੇ ਡੀਐਨਏ ਨੂੰ ਰੋਕਦੀ ਹੈ। ਨੇਚਰ ਰਿਵਿਊਜ ਡਰਗ ਡਿਸਕਵਰੀ (2024) ਮੁਤਾਬਕ, ਇਹ ਦਵਾਈ ਅਗਲੇ ਕੁਝ ਸਾਲਾਂ ਵਿਚ ਆ ਸਕਦੀ ਹੈ।

# * ਚੂੰਢਾਂ-ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





***ਸਾਬਕਾ ਸਿਹਤ ਮੰਤਰੀ ਵਿਜੇ ਸਿੰਗਲਾ ਨੂੰ ਭ੍ਰਿਸ਼ਟਾਚਾਰ ਮਾਮਲੇ 'ਚ ਮਿਲੀ ਕਲੀਨ ਚਿਟ- ਇਕ ਖ਼ਬਰ**

-ਖ਼ੂਬਸੂਰਤ ਡਰਾਮੇ ਦਾ ਖ਼ੂਬਸੂਰਤ ਡਰਾਪ-ਸੀਨ ਹੋ ਗਿਆ ਬਈ।



***ਕਾਂਗਰਸ ਦੀ ਖ਼ਾਨਾਜੰਗੀ ਨੇ ਭਾਰਤ ਭੂਸ਼ਨ ਆਸ਼ੂ ਦੀ ਬੇੜੀ ਡੋਬੀ- ਇਕ ਖ਼ਬਰ**

-ਇਸ ਘਰ ਕੋ ਆਗ ਲਗ ਗਈ ਘਰ ਕੇ ਚਿਰਾਗ਼ ਸੇ।



***ਗਿਆਨੀ ਗੁਰਮੁਖ ਸਿੰਘ ਦੀ ਸ੍ਰੀ ਅਕਾਲ ਤਖ਼ਤ ਦੇ ਹੈੱਡ ਗ੍ਰੰਥੀ ਵਜੋਂ ਹੋਈ ਵਿਵਾਦਮਈ ਨਿਯੁਕਤੀ- ਇਕ ਖ਼ਬਰ**

-ਸਈਆਂ ਭਏ ਕੋਤਵਾਲ, ਅਬ ਡਰ ਕਾਹੇ ਕਾ।



***'ਆਮ ਆਦਮੀ ਪਾਰਟੀ' ਦਾ ਟੀਚਾ ਅਕਾਲੀ ਦਲ ਨੂੰ ਖਤਮ ਕਰਨਾ ਹੈ- ਸੁਖਬੀਰ ਬਾਦਲ**

-ਅਕਾਲੀ ਦਲ ਦੀਆਂ ਜੜ੍ਹਾਂ 'ਚ ਤਾਂ ਤੁਸੀਂ ਆਪ ਹੀ ਤੇਲ ਪਾਈ ਜਾ ਰਹੇ ਹੋ।



***ਹੁਣ ਸਾਬਕਾ ਡੀ. ਜੀ. ਪੀ. ਚਟੋਪਾਧਿਆਏ ਨੇ ਡਰੱਗ ਮਾਮਲੇ 'ਚ ਕੀਤਾ ਬਿਕਰਮ ਮਜੀਠੀਆ ਨੂੰ 'ਬੇਪਰਦ'- ਇਕ ਖ਼ਬਰ**

-ਹਾਲਾ ਲਾਲਾ, ਹਾਲਾ ਲਾਲਾ ਹੋ ਗਈ ਮਿੱਤਰਾ, ਜਦ ਚੁੱਕਿਆ ਘੜੇ ਤੋਂ ਕੌਲਾ।



***ਕਾਂਗਰਸ ਪ੍ਰਧਾਨ ਖੜਗੇ ਨੇ ਸ਼ਸ਼ੀ ਥਰੂਰ 'ਤੇ ਵਿੰਨ੍ਹਿਆ ਨਿਸ਼ਾਨਾ- ਇਕ ਖ਼ਬਰ**

-ਖੜਗੇ ਸਾਹਿਬ ਇਹ ਕਬੂਤਰ ਹੁਣ ਤੁਹਾਡੀ ਛੱਤਰੀ ਤੋਂ ਅੱਜ ਵੀ ਉਡਿਆ, ਕੱਲ੍ਹ ਵੀ ਉਡਿਆ।

***ਸਿੱਖ ਯਹੂਦੀਆਂ ਵਾਂਗ ਗਿਆਨ ਅਤੇ ਰਾਜਨੀਤਕ ਖੇਤਰਾਂ ਵਿਚ ਵਿਕਸਤ ਕਿਉਂ ਨਹੀ ਹੋ ਸਕੇ- ਇਕ ਸਵਾਲ**

-ਫ਼ਕਰਦੀਨਾਂ ਪੂਰੀ ਕੀ ਉਨ੍ਹਾਂ ਪਾਉਣੀ, ਇਕ ਦੂਜੇ ਦੀਆਂ ਟੰਗਾਂ ਜੋ ਖਿੱਚਦੇ ਨੇ।


***ਪੰਜ ਮੈਂਬਰੀ ਭਰਤੀ ਕਮੇਟੀ ਅਤੇ ਅਕਾਲੀ ਦਲ ਵਾਰਸ ਪੰਜਾਬ ਦੀ ਹੋਈ ਸਾਂਝੀ ਮੀਟਿੰਗ- ਇਕ ਖ਼ਬਰ**

-ਤੇਰੀ ਮੇਰੀ ਇਕ ਜਿੰਦੜੀ, ਉਂਜ ਵੇਖਣ ਨੂੰ ਅਸੀਂ ਦੋ।



***ਅਰਵਿੰਦ ਕੇਜਰੀਵਾਲ ਨੇ ਰਾਜ ਸਭਾ 'ਚ ਜਾਣ ਤੋਂ ਕੀਤਾ ਇਨਕਾਰ- ਇਕ ਖ਼ਬਰ**

-ਹੁਣ ਗਈ ਵਸਤ ਨੂੰ ਝੂਰਦਾ, ਜਿਉਂ ਪੈਰਾਂ ਨੂੰ ਝੂਰੇ ਮੋਰ।



***ਟਰੰਪ ਨੇ ਜੰਗ ਸ਼ੁਰੂ ਕੀਤੀ, ਖ਼ਤਮ ਅਸੀ ਕਰਾਂਗੇ- ਇਰਾਨ**

-ਸੁੱਤੀ ਹੋਈ ਸੋਨ ਚਿੜੀ, ਲੈਣ ਲੱਗੀ ਅੰਗੜਾਈਆਂ।



***10 ਵਿਭਾਗਾਂ ਦੀ ਵਾਗਡੋਰ ਗ਼ੈਰ ਪੰਜਾਬੀਆਂ ਦੇ ਹੱਥਾਂ 'ਚ ਦੇਣੀ ਨਿੰਦਣਯੋਗ- ਸੁਖਬੀਰ ਬਾਦਲ**

-ਅੱਜ ਕੌਣ ਪੁੱਛੇ ਰਾਂਝੇ ਚਾਕ ਤਾਈਂ, ਬੇਗ਼ਮ ਹੀਰ ਤੇ ਸੈਦਾ ਨਵਾਬ ਹੋਇਆ।



***ਅਡਾਨੀ ਭਾਰਤ ਦਾ ਸਭ ਤੋਂ ਤੇਜ਼ੀ ਨਾਲ ਵਧ ਰਿਹਾ ਬਰਾਂਡ- ਇਕ ਖ਼ਬਰ**

-ਮਿੱਠੇ ਬੇਰ ਸੁਰਗਾਂ ਦਾ ਮੇਵਾ, ਕੋਲ ਬਹਿ ਕੇ ਚੁਗ ਮਿੱਤਰਾ।



***ਇਜ਼ਰਾਈਲ ਦੇ ਰੱਖਿਆ ਮੰਤਰੀ ਨੇ ਮੰਨਿਆਂ ਕਿ ਉਹ ਖਾਮੇਨੇਈ ਨੂੰ ਮਾਰਨਾ ਚਾਹੁੰਦੇ ਸਨ- ਇਕ ਖ਼ਬਰ**

-ਨੀ ਚਰਖ਼ਾ ਬੋਲ ਪਿਆ, ਗੱਲਾਂ ਸੱਚੀਆਂ ਮੂੰਹੋਂ ਉਚਾਰੇ।



***ਨਸ਼ਾ ਤਸਕਰੀ ਦੇ ਮਾਮਲੇ 'ਚ ਕਿਸੇ 'ਤੇ ਵੀ ਤਰਸ ਜਾਂ ਰਹਿਮ ਨਹੀਂ ਕੀਤਾ ਜਾਵੇਗਾ- ਭਗਵੰਤ ਮਾਨ**

-ਨੀ ਹੁਣ ਮੈਂ ਕੀ ਕਰਾਂ, ਜੱਟ ਆਉਂਦੈ ਪਰੈਣੀ ਕੱਸੀ।

***ਬਾਦਲਾਂ ਦਾ ਹੁਕਮ ਮੰਨ ਕੇ 34 ਮੈਂਬਰੀ ਕਮੇਟੀ 'ਚ ਦਿੱਲੀ ਅਤੇ ਪਟਨਾ ਸਾਹਿਬ ਨੂੰ ਨੁਮਾਇੰਦਗੀ ਨਹੀਂ ਦਿਤੀ- ਇਕ ਖ਼ਬਰ**

-ਢਾਬ ਤੇਰੀ ਦਾ ਗੰਧਲਾ ਪਾਣੀ, ਉੱਤੋਂ ਬੂਰ ਹਟਾਵਾਂ।



***ਮੇਰਾ ਲੇਖ ਪ੍ਰਧਾਨ ਮੰਤਰੀ ਦੀ ਪਾਰਟੀ 'ਚ ਸ਼ਾਮਲ ਹੋਣ ਦਾ ਸੰਕੇਤ ਨਹੀਂ- ਸ਼ਸ਼ੀ ਥਰੂਰ**

-ਲੱਡੂ ਖਾ ਕੇ ਚੁਬਾਰੇ ਵਿਚੋਂ ਨਿਕਲੀ, ਮੱਖੀਆਂ ਨੇ ਪੈੜ ਨੱਪ ਲਈ।

* * * * * * * *

# ਬਾਬਾ ਦੀਪ ਸਿੰਘ ਜੀ ਸ਼ਹੀਦ ਚੈਰੀਟੇਬਲ ਸੋਸਾਇਟੀ ਵੱਲੋਂ ਅਲਜ਼ਾਈਮਰ ਸੋਸਾਇਟੀ ਨੂੰ 1100 ਦਾ ਚੈਕ ਭੇਟ




ਡਰਬੀ (ਪੰਜਾਬ ਟਾਈਮਜ਼) – ਬਾਬਾ ਦੀਪ ਸਿੰਘ ਜੀ ਸ਼ਹੀਦ ਚੈਰੀਟੇਬਲ ਸੋਸਾਇਟੀ ਵੱਲੋਂ ਬੀਤੇ ਦਿਨੀਂ ਅਲਜ਼ਾਈਮਰ ਸੋਸਾਇਟੀ ਲਈ 1100 ਪੌਂਡ ਦਾ ਚੈਕ ਦਿੱਤਾ ਗਿਆ। ਇਸ ਲਈ ਸੋਸਾਇਟੀ ਦੇ ਪ੍ਰਬੰਧਕਾਂ ਨੇ ਬਾਬਾ ਦੀਪ ਸਿੰਘ ਜੀ ਸ਼ਹੀਦ ਚੈਰੀਟੇਬਲ ਸੋਸਾਇਟੀ ਦੇ ਸੇਵਾਦਾਰਾਂ ਦਾ ਹਾਰਦਿਕ ਧੰਨਵਾਦ ਕੀਤਾ। ਉਹਨਾਂ ਨੇ ਚੈਰੀਟੇਬਲ ਸੋਸਾਇਟੀ ਨੂੰ ਲਿਖੇ ਧੰਨਵਾਦ ਪੱਤਰ ਵਿੱਚ ਕਿਹਾ ਕਿ ਤੁਹਾਡੀ ਇਸ ਮਦਦ ਨਾਲ ਡਿਮੈਂਸ਼ੀਆ ਤੋਂ ਪ੍ਰਭਾਵਿਤ ਮਰੀਜ਼ਾਂ ਲਈ ਬੜੀ ਸਹਾਇਤਾ ਹੋਵੇਗੀ ।


ਤਸਵੀਰ ਵਿੱਚ ਸ: ਅਵਤਾਰ ਸਿੰਘ ਜਵੰਦਾ ਅਤੇ ਉਹਨਾਂ ਦੇ ਸਾਥੀ ਅਲਜ਼ਾਈਮਰ ਸੋਸਾਇਟੀ ਦੀ ਪ੍ਰਤੀਨਿੱਧ ਨੂੰ 1100 ਪੌਂਡ ਦਾ ਚੈਕ ਦਿੰਦੇ ਹੋਏ।

***ਪਾਠਕ ਤੇ ਸਿਆਣੇ ਪੰਜਾਬੀ ਉਨ੍ਹਾਂ ਅਖ਼ਬਾਰਾਂ, ਰਸਾਲਿਆਂ ਨੂੰ ਆਪਣੇ ਘਰਾਂ, ਗੁਰੂ ਘਰਾਂ ਅਤੇ ਮੰਦਰਾਂ ਆਦਿ ਵਿਚ ਨਾ ਰੱਖਣ ਜਿਹੜੇ ਅਖ਼ਬਾਰਾਂ ਵਿਚ ਪਾਖੰਡੀ ਬਾਬਿਆਂ ਤੇ ਜਾਦੂ ਟੂਣੇ ਵਾਲਿਆਂ ਦੇ ਇਸ਼ਤਿਹਾਰ ਛਪਦੇ ਹਨ ।***

# FIGHTING MALARIA



In the dynamic world of malaria elimination, iur greatest asset might be our ability to learn and adapt, yet we often lack systematic approach of learning and adaption in statergy implementation. Despite being preventable and treatable, malaria is one of the worlds biggest killers causing millions of infection worldwide, it affects many children aged under five years. Eradicating malaria especially in Africa is a complex picture due to existing and emerging threats to progress, including drug resistance, invasive mosquito species, and climate varability and change. In 2025 many countries will introduce malaria vaccine into routine health programmes for the first time. These vaccine will be delivered alingside a variety of of the malaria and health programmes and interventions varying degree of intergration. The



SMC (seasonal malaria chemoprevention) has critical intervention of malaria prevention and control. Although there is growing interest to generate evidence that health campaigns can be leveraged for administration. While ongoing research and innovation are hopefully going to introduce some new story to this epic malaria elimination soon, today malaria programmes are navigating multiple logistical supply. Its critical that there is a investment in data collection and analysis for malaria control programmes.

**Lambardaar Dharmveer Singh Claire, Coventry**

# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

**ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।**

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

**ਆਓ ਪੰਜਵੀਂ ਪੰਗਤੀ ਦੇ ਅੱਖਰਾਂ ਨੂੰ ਪੜ੍ਹਨਾ ਤੇ ਲਿਖਣਾ ਸਿਖੀਏ...**




**ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ ।**




**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ**

PANJAB TIMES, Bridle Gate Lane, Derby, DE24 0QW, U.K.
Email: panjabtimes@gmail.com, www.punjabtimes.uk
WhatsApp No. 07966 388 388

# ਲੈਸਟਰ ਕਬੱਡੀ ਟੂਰਨਾਮੈਂਟ ਸ਼ਾਨੋ ਸ਼ੌਕਤ ਨਾਲ ਚੜ੍ਹਿਆ ਨੇਪਰੇ

## ਗ੍ਰੇਵਜ਼ੈਂਡ/ਬਾਰਕਿੰਗ ਟੀਮ ਨੇ ਜਿੱਤਿਆ ਕੱਪ ਸਲੋਹ/ਇਕਨਹਮ ਦੀ ਟੀਮ ਉੱਪ ਜੇਤੂ ਕੱਪ ਰਹੀ

ਰਿਪੋਰਟ: ਮਨਪ੍ਰੀਤ ਸਿੰਘ ਬੱਧਨੀ ਕਲਾਂ
ਪੰਜਾਬ ਟਾਈਮਜ਼ ਪ੍ਰਤੀਨਿਧ ਯੂ ਕੇ
ਫੋਨ: 07899798363
ਈ ਮੇਲ: msbadhni@yahoo.co.uk

### *ਸਾਜ਼ੀ ਅਤੇ ਸੋਹਣ ਬਣੇ ਸਰਬੋਤਮ ਖਿਡਾਰੀ *ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਖਜ਼ਾਨਚੀ ਕੁਲਵੰਤ ਸਿੰਘ ਸੰਘਾ ਦਾ ਸਤਨਾਮ ਸਿੰਘ ਸੱਤਾ ਮੁਠੱਡਾ ਵੱਲੋਂ ਗੋਲਡ ਮੈਡਲ ਨਾਲ ਸਨਮਾਨ



ਇੰਗਲੈਂਡ ਕਬੱਡੀ ਫੈਡਰੇਸ਼ਨ ਦੀ ਰਹਿਨੁਮਾਈ ਹੇਠ ਚੱਲ ਰਹੇ ਕਬੱਡੀ ਸੀਜ਼ਨ 2025 ਦਾ 8ਵਾਂ ਕਬੱਡੀ ਟੂਰਨਾਮੈਂਟ ਲੈਸਟਰ ਸ਼ਹਿਰ ਵਿਖੇ ਲੈਸਟਰ ਕਬੱਡੀ ਕਲੱਬ ਵੱਲੋਂ ਸਥਾਨਿਕ ਗੁਰਦੁਆਰਿਆਂ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ, ਗੁਰਦੁਆਰਾ ਸ੍ਰੀ ਗੁਰੂ ਅਮਰਦਾਸ ਜੀ, ਗੁਰਦੁਆਰਾ ਸ੍ਰੀ ਗੁਰੂ ਦਸ਼ਮੇਸ਼ ਜੀ, ਗੁਰਦੁਆਰਾ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ, ਸ੍ਰੀ ਗੁਰੂ ਰਵਿਦਾਸ ਟੈਂਪਲ, ਸੰਗਤਾਂ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਕਰਵਾਇਆ ਗਿਆ।

ਗਰਾਉਂਡ ਵਿੱਚ ਪਹੁੰਚੇ ਤਾਂ ਕੁਲਵੰਤ ਸਿੰਘ ਸੰਘਾ, ਕੁਲਬੀਰ ਸਿੰਘ ਖੱਖ, ਨਿਰਮਲ ਸਿੰਘ ਲੱਡੂ, ਪਿਆਰਾ ਸਿੰਘ ਰੰਧਾਵਾ ਅਤੇ ਸਾਥੀਆਂ ਨੇ ਰੱਜ ਕੇ ਸਤਿਕਾਰ ਦਿੱਤਾ ਅਤੇ ਨਾਲ ਹੀ ਪਰੌਂਠੇ ਅਤੇ ਬੜੀ ਸਵਾਦ ਚਾਹ ਨਾਲ ਆਓ ਭਗਤ ਕੀਤੀ। ਦਵਿੰਦਰ ਸਿੰਘ, ਜਿੰਦਰ ਬੋਇਲ, ਜਤਿੰਦਰ ਚਾਹਲ, ਜਿੰਦਰ ਥਾਂਦੀ, ਬਲਜੀਤ ਬੱਲੀ, ਸੁੱਖ ਸੰਧੂ, ਲਖਵੀਰ ਸਿੰਘ ਚੱਠਾ, ਅਵਤਾਰ ਚੱਠਾ ਸਭ ਆਪੋ ਆਪਣੇ ਕੰਮਾਂ ਵਿੱਚ ਲੱਗੇ ਹੋਏ ਸੀ। ਗਰਾਉਂਡ ਦੇ ਚਾਰੇ ਪਾਸੇ ਹਰੇ ਹਰੇ ਦਰਖ਼ਤਾਂ ਦੀ ਸੰਘਣੀ ਛਾਂ ਅਤੇ ਨਾਲ ਹੀ ਵੱਡੀ ਚਾਰਦੁਆਰੀ ਕੀਤੀ ਜਿਸ 'ਤੇ ਪਰਦੇ ਪਾਏ ਹੋਏ ਸੀ ਤਾਂ ਕਿ ਕੋਈ ਬਾਹਰੋਂ ਝਾਤੀ ਵੀ ਨਾ ਮਾਰ ਸਕੇ। ਇਥੇ ਹੀ ਬੱਸ ਨਹੀਂ ਦਰਸ਼ਕਾਂ ਦੇ ਬੈਠਣ ਲਈ ਕੁਰਸੀਆਂ, ਫੈਡਰੇਸ਼ਨ, ਮੋਹਤਬਰ ਸੱਜਣਾਂ ਅਤੇ ਸਹਿਯੋਗੀਆਂ ਲਈ ਟੈਂਟਾਂ ਦਾ ਪ੍ਰਬੰਧ ਕੀਤਾ ਹੋਇਆ ਸੀ। ਸਾਰਾ ਦਿਨ ਲੰਗਰਾਂ, ਚਾਹ, ਪਕੌੜਿਆਂ ਦੇ ਭੰਡਾਰੇ ਚੱਲਦੇ ਰਹੇ। ਫਲਾਂ ਨਾਲ ਵੀ ਭਰਪੂਰ ਸੇਵਾ ਕੀਤੀ ਗਈ। ਗੱਲ ਕੀ ਲੈਸਟਰ ਵਾਲਿਆਂ ਨੇ ਵੱਡੇ ਦਿਲ ਨਾਲ ਭਰਪੂਰ ਸੇਵਾ ਕੀਤੀ।

ਇਸ ਮੇਲੇ ਵਿੱਚ ਲੰਮੇਂ ਸਮੇਂ ਤੋਂ ਲੈਸਟਰ ਕਬੱਡੀ ਕਲੱਬ ਦੇ ਨਾਲ ਨਾਲ ਇੰਗਲੈਂਡ ਕਬੱਡੀ ਫੈਡਰੇਸ਼ਨ ਲਈ ਅਣਥੱਕ ਸੇਵਾਵਾਂ ਦੇਣ ਵਾਲੇ ਫੈਡਰੇਸ਼ਨ ਦੇ ਮੌਜੂਦਾ ਖਜ਼ਾਨਚੀ ਕੁਲਵੰਤ ਸਿੰਘ ਸੰਘਾ ਦਾ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਸਤਨਾਮ ਸਿੰਘ ਸੱਤਾ ਮੁਠੱਡਾ ਵੱਲੋਂ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ। ਸ: ਮੁਠੱਡਾ ਨੇ ਕਿਹਾ ਕਿ ਇਹ ਕਬੱਡੀ ਸੀਜ਼ਨ ਸ: ਸੰਘਾ ਵਰਗੇ ਸੇਵਾਦਾਰਾਂ ਦੀ ਬਦੌਲਤ ਹੀ ਹੋ ਰਹੇ ਹਨ ਜਿਹਨਾਂ ਨੇ ਦਿਨ ਰਾਤ ਇੱਕ ਕਰਕੇ ਗ੍ਰਿਹ ਵਿਭਾਗ ਨਾਲ ਅਜੇਹਾ ਤਾਲਮੇਲ ਪੈਦਾ ਕੀਤਾ ਕਿ ਹਫਤੇ ਦੇ ਵਿੱਚ ਵਿੱਚ ਖਿਡਾਰੀ ਵੀਜ਼ਾ ਲੈ ਕੇ ਇੰਗਲੈਂਡ ਦੀਆਂ ਗਰਾਉਂਡਾਂ ਵਿੱਚ ਖੇਡਣ ਲਈ ਪਹੁੰਚ ਜਾਂਦੇ ਹਨ। ਸ: ਸੰਘਾ ਦੇ ਕੰਮ ਅੱਜ ਬੋਲਦੇ ਹਨ। ਉਹਨਾਂ ਕਿਹਾ ਕਿ ਇਸ ਵਾਰ ਅੱਧੇ ਅੱਧੇ ਨੰਬਰ ਤੇ ਟੀਮਾਂ ਦੀ ਜਿੱਤ ਹਾਰ ਦੇ ਫੈਸਲੇ ਹੋ ਰਿਹਾ ਹਨ, ਜੋ ਸੌਖਾ ਕੰਮ ਨਹੀਂ ਇਸ ਪਿੱਛੇ ਕਬੱਡੀ ਫੈਡਰੇਸ਼ਨ ਦੀ ਘਾਲਣਾ ਹੈ। ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਸ: ਕੰਮਾ ਔਜਲਾ ਨੇ ਸ: ਸੰਘਾ ਨੂੰ ਵਧਾਈ ਦਿੰਦਿਆਂ ਸੱਤਾ ਮੁਠੱਡਾ, ਪਾਲਾ ਸਹੋਤਾ,ਬਿੰਦਾ ਮੁਠੱਡਾ, ਕੁਲਵਿੰਦਰ ਸਹੋਤਾ, ਦਵਿੰਦਰ ਪਤਾਰਾ ਅਤੇ ਗ੍ਰੇਵਜ਼ੈਂਡ ਕਬੱਡੀ ਕਲੱਬ ਦਾ ਧੰਨਵਾਦ ਕੀਤਾ ਜਿਹਨਾਂ ਨੇ ਸ: ਸੰਘਾ ਦੀਆਂ ਸੇਵਾਵਾਂ ਲਈ ਸੋਨੇ ਦੇ ਤਗਮੇਂ ਨਾਲ ਸਨਮਾਨ ਕੀਤਾ ਹੈ।







ਲੈਸਟਰ ਕਬੱਡੀ ਟੂਰਨਾਮੈਂਟ ਦੀਆਂ ਝਲਕੀਆਂ

ਭਾਈ ਹਰਜਿੰਦਰ ਸਿੰਘ ਨੇ ਸਰਬੱਤ ਦੇ ਭਲੇ ਦੀ ਅਰਦਾਸ ਕਰਕੇ ਵਾਹਿਗੁਰੂ ਤੋਂ ਟੂਰਨਾਮੈਂਟ ਦੀ ਸੁੱਖ ਮੰਗੀ। ਦੇਗ ਵਰਤਾਈ ਗਈ ਅਤੇ ਨਾਲ ਬੀ ਟੀਮਾਂ ਦੇ ਮੈਚ ਸ਼ੁਰੂ ਹੋ ਗਏ। ਪਹਿਲਾ ਮੈਚ ਮੋੜ ਕਬੱਡੀ ਕਲੱਬ ਨੇ ਮਿਡਲੈਂਡ ਟਾਈਗਰ ਨੂੰ 37.5/19 ਦੇ ਫਰਕ ਨਾਲ ਹਰਾ ਕੇ ਜਿੱਤਿਆ ਅਤੇ ਦੂਜਾ ਮੈਚ ਈਰਥ ਵੂਲਿਚ ਬੀ ਟੀਮ ਨੂੰ ਬਾਬਾ ਦੀਪ ਸਿੰਘ ਕਲੱਬ ਨੇ 32.5/34 ਦੇ ਫਰਕ ਨਾਲ ਹਰਾ ਕੇ ਫਸਵੀਂ ਟੱਕਰ ਨਾਲ ਮਾਤ ਦਿੱਤੀ। ਮਿਡਵੇ/ਸਿੱਖ ਟੈਂਪਲ ਵੁਲਵਰਹੈਂਪਟਨ ਦੀ ਟੀਮ ਨੇ ਅਗਲੇ ਮੈਚ ਵਿੱਚ ਹੇਜ਼/ਡਰਬੀ ਨੂੰ 38/34.5 ਅੰਕਾਂ ਦੇ ਫਰਕ ਨਾਲ ਹਰਾਇਆ। ਇਸ ਮੈਚ ਦੇ ਅੱਧ ਤੱਕ ਦੋਵੇਂ ਟੀਮਾਂ ਬਰਾਬਰ ਤੇ ਚੱਲ ਰਹੀਆਂ ਸੀ, ਖਿਡਾਰੀਆਂ ਨੇ ਦੱਸ ਦਿੱਤਾ ਸੀ ਕਿ ਟੂਰਨਾਮੈਂਟ ਹੁਣ ਇੰਗਲੈਂਡ ਕਬੱਡੀ ਫੈਡਰੇਸ਼ਨ ਦੀ ਰਹਿਨੁਮਾਈ ਹੇਠ ਵਿਸ਼ਵ ਭਰ ਵਿੱਚ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਐਵੇਂ ਨਹੀਂ ਘਰ ਘਰ ਗੱਲਾਂ ਹੋਣ ਵਾਲੀ ਗੱਲ ਹੋਈ ਪਈ। ਸ਼ਫੀਕ ਅੱਜ ਪਹਿਲੇ ਦਿਨ ਵਿਸ਼ੇਸ਼ ਤੌਰ ਤੇ ਹੇਜ਼ ਡਰਬੀ ਵੱਲੋਂ ਖੇਡਣ ਲਈ ਪਹੁੰਚਿਆ ਜਿਸ ਨੇ ਅੱਤ ਕਰਵਾਈ ਰੱਖੀ, ਸ਼ਫੀਕ ਅਤੇ ਅਰਸ਼ ਲੁਹਾਰਾ ਨੇ ਜਸ਼ਨ ਆਲਮਗੀਰ ਨੂੰ ਤਕੜਾ ਜੱਫਾ ਲਾਇਆ, ਬਿਲੇ ਨੇ ਨਾਥ ਨੂੰ, ਦੂਜੇ ਪਾਸੇ ਸ਼ਾਕਾ ਦਿਆਲਪੁਰੀਏ ਨੇ ਸੁਖਵੀਰ ਨੂੰ ਪੀਤੇ ਡੱਲੇਵਾਲ ਨੇ ਲੱਡਾ ਬਾਬਾ ਰੋਕਿਆ, ਏਕਮ, ਪ੍ਰਤਾਪ ਕਮਾਲਾਂ ਕਰਦੇ ਸੀ, ਮੇਸ਼ੀ, ਕਲੀਮ, ਦੁੱਲਾ ਦੀ ਤਕੜੀ ਖੇਡ ਕਾਰਨ ਭਾਵੇਂ ਸਾਬੀ ਸੰਧੂ, ਗੈਵਿਨ ਬਾਠ, ਜੋਗਿੰਦਰ ਦੁਸਾਂਝ, ਮੰਗਾ, ਸੋਨਾ ਡਾਂਸੀਵਾਲ, ਅੰਮ੍ਰਿਤ ਬਰਮੀ ਦੀ ਟੀਮ ਨੇ ਜਿੱਤ ਦਰਜ ਕਰ ਲਈ ਪਰ ਭਿੰਡਰ, ਹਰਜਿੰਦਰ ਹੋਈ, ਕੱਥੂ, ਕੋਚ, ਸ਼ੀਪਾ, ਨਛੱਤਰ ਸਿੰਘ ਛੋਕਰ, ਜਸਬੀਰ ਸਿੰਘ ਢਿਲੋਂ ਇਸ ਗੱਲੋਂ ਬਾਗੋ ਬਾਗ ਸੀ ਕਿ ਗੁਰਪ੍ਰੀਤ, ਇੰਦੂ ਰੁੜਕਾ, ਅਰਸ਼ ਬਰਨਾਲਾ, ਲੱਖਾ ਸਭਰਾਵਾਂ ਨੇ ਅੱਜ ਤਕੜੀ ਖੇਡ ਦਾ ਪ੍ਰਦਰਸ਼ਨ ਕੀਤਾ।

ਲੈਸਟਰ ਦੇ ਸਾਬਕਾ ਖਿਡਾਰੀ ਮੌਂਟੀ, ਨਛੱਤਰ ਢਾਂਡੀ ਦੇ ਨਾਲ ਅੱਜ ਬਲਵਿੰਦਰ ਸਿੰਘ ਫਿਡੂ ਬਕਾਇਦਾ ਗਰਾਉਂਡਾਂ ਵਿੱਚ ਪਹੁੰਚੇ ਹੋਏ ਸੀ। ਬ੍ਰਮਿੰਘਮ/ਕਵੈਂਟਰੀ ਨੂੰ ਗ੍ਰੇਵਜ਼ੈਂਡ/ਬਾਰਕਿੰਗ ਨੇ ਚੌਥੇ ਮੈਚ ਵਿੱਚ 33/24.5 ਅੰਕਾਂ ਨਾਲ ਹਰਾ ਕੇ ਜਿੱਤ ਦਰਜ਼ ਕੀਤੀ। ਹਰਨੇਕ ਨੇਕਾ ਮੈਰੀਪੁਰ, ਸਤਨਾਮ ਗਿੱਲ, ਮਨਜੀਤ ਢੰਡਾ, ਗੀਤਾ ਬਾਜਵਾ, ਸੁੱਖ, ਅਮਰਜੀਤ, ਜੀਤ ਪੁਰੇਵਾਲ ਦੀ ਟੀਮ ਦੇ ਯੋਧਾ, ਪ੍ਰਦੀਪ ਰਾਓਵਾਲ, ਵਕਾਰ ਢਿਲੋਂ ਦੇ ਨਾਲ ਪਾਵਾ, ਮਾਨੀ ਅਮਨ ਖੱਤਰੀ ਅੱਜ ਵੱਡਾ ਮੁਕਾਬਲਾ ਨਹੀਂ ਕਰ ਸਕੇ। ਸੱਤਾ ਮੁਠੱਡਾ, ਪਾਲਾ, ਪਿੰਦਰ, ਰਾਣਾ ਪੱਡਾ, ਸੁੱਖਾ ਚੱਕਾਂ ਵਾਲਾ ਦੇ ਗੱਭਰੂ ਬਾਜ਼ੀ ਮਾਰ ਗਏ। ਈਰਥ ਵੂਲਿਚ ਸਾਊਥਾਲ ਨੂੰ ਸਲੋਹ ਇਕਨਹਮ ਨੇ ਸਹਿਜੇ ਹੀ 18.5/31 ਅੰਕਾਂ ਦੇ ਫਰਕ ਨਾਲ ਹਰਾ ਕੇ ਸਹਿਜੇ ਹੀ ਮੈਚ ਨੂੰ ਇੱਕ ਪਸੜ ਕਰ ਦਿੱਤਾ। ਫੈਡਰੇਸ਼ਨ ਦੇ ਪ੍ਰਧਾਨ ਕੰਮਾ ਔਜਲਾ, ਪਾਲਾ ਬਾਜਵਾ, ਜ਼ੈਲ੍ਹਾ ਅਤੇ ਸਾਥੀਆਂ ਦੀ ਦੀ ਟੀਮ ਦੇ ਬਿੱਕਾ, ਰਣਵੀਰ, ਧਾਕੜ, ਚੱਕੀ ਅਤੇ ਸਾਥੀ ਬਹੁਤਾ ਜਲਵਾ ਨਹੀਂ ਵਿਖਾ ਸਕੇ। ਭਾਵੇਂ ਸੁਰਿੰਦਰ ਸਿੰਘ ਮਾਣਕ ਰੁਝੇਵਿਆਂ ਕਾਰਨ ਮੇਲੇ ਤੇ ਨਾ ਪਹੁੰਚ ਸਕੇ ਪਰ ਫੋਨ ਤੇ ਟੀਮ ਦੀਆਂ ਕਨਸੋਆਂ ਜਰੂਰ ਲੈਂਦਾ ਰਿਹਾ। ਟੈਲਫੋਰਡ ਨੂੰ ਜਦੋਂ ਲੈਸਟਰ/ਬਰੈਡਫੋਰਡ ਦੀ ਟੀਮ ਨੇ ਉਲਟ ਫੇਰ ਕਰਦਿਆਂ 36.5/38 ਅੰਕਾਂ ਦੇ ਫਰਕ ਨਾਲ ਹਰਾਇਆ ਤਾਂ ਚੇਅਰਮੈਨ ਬਲਵਿੰਦਰ ਸਿੰਘ ਚੱਠਾ, ਗੁਰਜੀਤ ਸੰਧੂ, ਸੁੱਖੀ ਬੈਂਸ, ਟੋਨੀ ਅਤੇ ਸਾਥੀ ਬਹੁਤੇ ਖੁਸ਼ ਨਹੀਂ ਸਨ। ਵੱਡੇ ਨਾਮ ਵਾਲੀ ਟੀਮ ਪਹਿਲੇ ਦੌਰ 'ਚੋਂ ਹੀ ਬਾਹਰ ਹੋ ਜਾਵੇ, ਪ੍ਰਮੋਟਰਾਂ ਨੂੰ ਦੁੱਖ ਤਾਂ ਆਉਂਦੈ। ਢੂਲਾ ਸੁਸ਼ਕ, ਸਨੀ, ਖੁਸ਼ੀ ਦੁੱਗਾ, ਲੰਬੜ, ਯੋਧਾ, ਰਮਨ ਮੱਲੀਆਂ, ਰਾਕੇਸ਼, ਕੁਲਵਿੰਦਰ, ਬੁਰੀਆ ਵਰਗੇ ਵੱਡੇ ਖਿਡਾਰੀਆਂ ਨੂੰ ਜਦੋਂ ਆਤੀ, ਸ਼ੀਰਾ ਚੱਕ ਅਲੀਸ਼ੇਰ, ਅਜ਼ੀਮ ਚੱਠਾ, ਗੁਰਲਾਜ਼, ਸੁੱਖੀ, ਮਨੀ, ਪੰਮਾ, ਹਰਪਾਲ ਕਾਹਲਵਾਂ ਅਤੇ ਸਾਥੀਆਂ ਨੇ ਹਰਾਇਆ ਤਾਂ ਕੁਲਵੰਤ ਸੰਘਾ, ਕੁਲਬੀਰ ਖੱਖ, ਨਿਰਮਲ ਲੱਡੂ, ਪਿਆਰਾ, ਦਲਬੀਰ ਸੈਂਬੀ, ਸੁਰਿੰਦਰ, ਦੀਲਾ ਅਤੇ ਸਾਥੀ ਖੁਸ਼ ਹੋ ਗਏ ਕਿ ਘਰਦੇ ਟੂਰਨਾਮੈਂਟ ਵਿੱਚ ਮੁੰਡਿਆਂ ਨੇ ਰੱਖ ਵਿਖਾਈ ਐ। ਲੈਸਟਰ ਵਾਸੀ ਵੀ ਪੂਰੇ ਬਾਗੋ ਬਾਗ ਸੀ। ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਨੁਮਾਇੰਦੇ ਪ੍ਰਧਾਨ ਗੁਰਨਾਮ ਸਿੰਘ, ਮਨਵਿੰਦਰ ਸਿੰਘ ਰਾਜਾ ਕੰਗ, ਕੁਲਦੀਪ ਸਿੰਘ ਚਹੇੜੂ, ਵਰਿੰਦਰ ਸਿੰਘ ਅਤੇ ਸਾਥੀਆਂ ਨੇ ਟੂਰਨਾਮੈਂਟ ਦਾ ਖੂਬ ਅਨੰਦ ਲਿਆ।

ਸ੍ਰੀ ਅਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਜੋ ਇਹਨੀ ਦਿਨੀ ਇੰਗਲੈਂਡ ਫੇਰੀ ਤੇ ਹਨ, ਵੀ ਗਰਾਉਂਡ ਵਿੱਚ ਉਚੇਚੇ ਤੌਰ ਤੇ ਪਹੁੰਚੇ। ਉਹਨਾਂ ਦਰਸ਼ਕਾਂ ਅਤੇ ਪ੍ਰਬੰਧਕਾਂ ਨੂੰ ਵਧਾਈ ਦਿੰਦਿਆਂ ਵਿਦੇਸ਼ੀ ਧਰਤੀ ਤੇ ਆਪਣੇ ਵਿਰਸੇ ਦੀ ਸੰਭਾਲ ਕਰਨ ਵਾਲੇ ਪ੍ਰਮੋਟਰਾਂ ਦੀ ਸ਼ਲਾਘਾ ਕੀਤੀ। ਪ੍ਰਬੰਧਕ ਕਮੇਟੀ ਵੱਲੋਂ ਐਮ ਪੀ ਕੰਗ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਪਹਿਲੇ ਸੈਮੀਫਾਈਨਲ ਵਿੱਚ ਸਲੋਹ/ਇਕਨਹਮ ਨੇ ਮਿਡਵੇ/ਸਿੱਖ ਟੈਂਪਲ ਵੁਲਵਰਹੈਂਪਟਨ ਨੂੰ ਫਸਵੀਂ ਟੱਕਰ ਦਿੰਦਿਆਂ 46.5/44 ਦੇ ਫਰਕ ਨਾਲ ਹਰਾਇਆ। ਇਹ ਮੈਚ ਵੇਖਣ ਵਾਲਾ ਸੀ, ਜੇ ਇੱਕ ਪਾਸੇ ਜੱਫਾ ਲੱਗਦਾ ਤਾਂ ਨਾਲ ਹੀ ਦੂਜੇ ਪਾਸੇ ਲਾਲਾ ਲਾਲਾ ਹੋ ਜਾਂਦੀ। ਨਿਰਮਲ ਲੋਪੋ ਕੇ ਦੀ ਕਬੱਡੀ ਦੱਸਦੀ ਐ ਕੇ ਪ੍ਰਬੰਧਕਾਂ ਨੇ ਕਿਉਂਕਿ ਸ੍ਪੈਸ਼ਲ ਮੰਗਵਾਇਆ ਸੀ, ਢੀਲਾ ਜਾਂਗਲੀ, ਗੋਗੋ, ਪੰਕਜ ਬੇਰੀ ਸ਼ੀਰਾ ਸੰਮੀਪੁਰ,

ਬਾਕੀ ਹਿਸਾ ਸਫਾ 42 ਤੇ ਪੜ੍ਹੋ →

# ਭਾਈ ਤਾਰੂ ਸਿੰਘ ਦੀ ਸਮਾਧ 'ਤੇ ਬਰਸੀ ਮਨਾਉਣ 'ਤੇ ਪਾਬੰਦੀ

**✪ ਕਟੜਪੰਥੀਆਂ ਦੇ ਅੜਿਕੇ ਪਾਕਿਸਤਾਨ ਦੀ ਚੁੱਪੀ 'ਤੇ ਖੜੇ ਹੋਏ ਸਵਾਲ, ਸੰਗਤ ਵਿਚ ਰੋਸ ✪ ਸ਼ਹੀਦੀ ਅਸਥਾਨ 'ਤੇ ਕਬਜ਼ੇ ਦਾ ਮਸਲਾ ਹੱਲ ਕਿਉਂ ਨਹੀਂ ਹੋਇਆ?**

**ਖਾਸ ਖਬਰ**

ਸਿੱਖ ਪੰਥ ਦੇ ਮਹਾਨ ਸ਼ਹੀਦ ਭਾਈ ਤਾਰੂ ਸਿੰਘ ਜੀ ਦੀ ਬਰਸੀ ਇਸ ਵਾਰ ਵੀ ਪਾਕਿਸਤਾਨ ਦੇ ਲਾਹੌਰ ਸ਼ਹਿਰ ਵਿਚ ਸਥਿਤ ਉਨ੍ਹਾਂ ਦੀ ਸਮਾਧ 'ਤੇ ਨਹੀਂ ਮਨਾਈ ਜਾ ਸਕੇਗੀ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਨਰਲ ਸਕੱਤਰ ਬੀਬੀ ਸਤਵੰਤ ਕੌਰ ਨੇ ਦੱਸਿਆ ਕਿ ਲਾਹੌਰ ਦੇ ਨੌਲੱਖਾ ਬਾਜ਼ਾਰ ਵਿਚ, ਰੇਲਵੇ ਸਟੇਸ਼ਨ ਦੇ ਸਾਹਮਣੇ ਸਥਿਤ ਗੁਰਦੁਆਰਾ ਸ਼ਹੀਦੀ ਅਸਥਾਨ ਭਾਈ ਤਾਰੂ ਸਿੰਘ ਜੀ ਨੂੰ ਜਾਣ ਵਾਲਾ ਰਸਤਾ ਛੇ ਸਾਲ ਪਹਿਲਾਂ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ (ਈ.ਟੀ.ਪੀ.ਬੀ.) ਵੱਲੋਂ ਸੀਲ ਕਰ ਦਿੱਤਾ ਗਿਆ ਸੀ। ਇਹ ਪਵਿੱਤਰ ਅਸਥਾਨ ਪਾਕਿਸਤਾਨੀ ਸਿੱਖ ਸੰਗਤ ਸਮੇਤ ਦੇਸ਼-ਵਿਦੇਸ਼ ਦੀ ਸੰਗਤ ਲਈ ਅਜੇ ਵੀ ਬੰਦ ਹੈ, ਅਤੇ ਇੱਥੇ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ। ਇਸ ਮਸਲੇ ਨੂੰ ਲੈ ਕੇ ਸਿੱਖ ਭਾਈਚਾਰੇ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ, ਭਾਈ ਤਾਰੂ ਸਿੰਘ ਜੀ ਦੇ ਸ਼ਹੀਦੀ ਅਸਥਾਨ ਦੀ 4-5 ਕਨਾਲ ਜ਼ਮੀਨ 'ਤੇ ਕਬਜ਼ਾ ਕਰਨ ਦੀ ਨੀਅਤ ਨਾਲ ਸੁਹੇਲ ਬੱਟ ਪੁੱਤਰ ਸਲਾਹੁਦੀਨ ਬੱਟ, ਰਜ਼ਾ ਬੱਟ, ਉਮੇਰ ਅਤੇ ਕੱਟੜਪੰਥੀ ਸਮੂਹ ਦਾਵਤ-ਏ-ਇਸਲਾਮੀ (ਬਰੇਲਵੀ) ਵੱਲੋਂ ਵਿਵਾਦ ਖੜ੍ਹਾ ਕੀਤਾ ਗਿਆ। ਇਸ ਵਿਵਾਦ ਦੀ ਆੜ ਵਿਚ ਅਸਥਾਨ ਨੂੰ ਪੱਕੇ ਤੌਰ 'ਤੇ ਸੀਲ ਕਰਵਾ ਦਿੱਤਾ ਗਿਆ। ਸੁਹੇਲ ਬੱਟ ਨੇ 2020 ਵਿਚ ਇਕ ਵੀਡੀਓ ਜਾਰੀ ਕਰਕੇ



ਦਾਅਵਾ ਕੀਤਾ ਸੀ ਕਿ ਇਹ ਜ਼ਮੀਨ ਪੀਰ ਸ਼ਾਹ ਕਾਕੂ ਦੀ ਦਰਗਾਹ ਅਤੇ ਮਸਜਿਦ ਨਾਲ ਸਬੰਧਤ ਹੈ। ਇਸ ਦਾਅਵੇ ਨੂੰ ਪਾਕਿਸਤਾਨੀ ਅਖਬਾਰਾਂ ਅਤੇ ਸਿੱਖ ਸੰਗਤ ਨੇ ਖੋਖਲਾ ਕਰਾਰ ਦਿੱਤਾ, ਕਿਉਂਕਿ ਇਤਿਹਾਸਕ ਦਸਤਾਵੇਜ਼ ਸਪੱਸ਼ਟ ਕਰਦੇ ਹਨ ਕਿ ਇਹ ਅਸਥਾਨ ਭਾਈ ਤਾਰੂ ਸਿੰਘ ਜੀ ਦੀ ਸ਼ਹਾਦਤ ਵਾਲੀ ਥਾਂ ਹੈ, ਜਿੱਥੇ 1745 ਵਿਚ ਮੁਗਲ ਗਵਰਨਰ ਜ਼ਕਰੀਆ ਖਾਨ ਦੇ ਹੁਕਮ 'ਤੇ ਉਨ੍ਹਾਂ ਦੀ ਖੋਪੜੀ ਉਤਾਰ ਕੇ ਸ਼ਹੀਦ ਕੀਤਾ ਗਿਆ ਸੀ।

ਪਾਕਿਸਤਾਨ ਵਿਚ ਸਿੱਖ ਆਗੂਆਂ ਗੋਪਾਲ ਸਿੰਘ ਚਾਵਲਾ ਅਤੇ ਫ਼ੌਜਾ ਸਿੰਘ ਨੇ ਅਸਥਾਨ ਨੂੰ ਖੁਲ੍ਹਵਾਉਣ ਲਈ ਕਈ ਉਪਰਾਲੇ ਕੀਤੇ, ਪਰ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਈ.ਟੀ.ਪੀ.ਬੀ. ਦੀ ਚੁੱਪੀ ਕਾਰਨ ਮਾਮਲਾ ਹੱਲ ਨਹੀਂ ਹੋ ਸਕਿਆ।

ਸਿੱਖ ਸੰਗਤ ਵਲੋਂ ਦੋਸ਼ ਹੈ ਕਿ ਪਾਕਿਸਤਾਨ ਸਰਕਾਰ ਅਤੇ ਇਸ ਦੀਆਂ ਸੰਸਥਾਵਾਂ ਘੱਟ ਗਿਣਤੀਆਂ ਦੇ ਧਾਰਮਿਕ ਅਸਥਾਨਾਂ ਦੀ ਸੰਭਾਲ ਵਿਚ ਨਾਕਾਮ ਰਹੀਆਂ ਹਨ। ਪ੍ਰਵਾਸੀ ਸਿੱਖ ਭਾਈਚਾਰੇ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ. ਜੀ. ਪੀ. ਸੀ.) 'ਤੇ ਵੀ ਸਵਾਲ ਉੱਠ ਰਹੇ ਹਨ ਕਿ ਉਹ ਇਸ ਮਸਲੇ 'ਤੇ ਅਵਾਜ਼ ਕਿਉਂ ਨਹੀਂ ਉਠਾਉਂਦੇ। 2020 ਵਿਚ, ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਪਾਕਿਸਤਾਨੀ ਹਾਈ ਕਮਿਸ਼ਨ ਕੋਲ ਇਸ ਮਸਲੇ 'ਤੇ ਵਿਰੋਧ ਦਰਜ ਕਰਵਾਇਆ ਸੀ, ਪਰ ਇਸ ਦੇ ਬਾਵਜੂਦ ਕੋਈ ਠੋਸ ਨਤੀਜਾ ਨਹੀਂ ਨਿਕਲਿਆ। ਭਾਈ ਤਾਰੂ ਸਿੰਘ ਜੀ ਦੀ ਸ਼ਹਾਦਤ ਸਿੱਖ ਇਤਿਹਾਸ ਦਾ ਅਹਿਮ ਹਿੱਸਾ ਹੈ। ਉਨ੍ਹਾਂ ਨੇ ਮੁਗਲ ਜ਼ੁਲਮ ਦੇ ਸਾਹਮਣੇ ਆਪਣੀ ਸਿੱਖੀ ਸਿਦਕ ਨੂੰ ਕਾਇਮ ਰੱਖਦਿਆਂ, ਕੇਸਾਂ ਦੀ ਪਵਿੱਤਰਤਾ ਲਈ ਸਿਰ ਕਟਵਾਉਣ ਨੂੰ ਤਰਜੀਹ ਦਿੱਤੀ ਸੀ। ਅਜਿਹੇ ਪਵਿੱਤਰ ਅਸਥਾਨ 'ਤੇ ਪਾਬੰਦੀ ਅਤੇ ਕਬਜ਼ੇ ਦੀਆਂ ਕੋਸ਼ਿਸ਼ਾਂ ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀਆਂ ਹਨ। ਪਾਕਿਸਤਾਨ ਸਰਕਾਰ ਦੀ ਇਸ ਮਸਲੇ 'ਤੇ ਚੁੱਪੀ ਅਤੇ ਕੱਟੜਪੰਥੀ ਸਮੂਹਾਂ ਦੀ ਅੜੀ ਨੇ ਸਥਿਤੀ ਨੂੰ ਹੋਰ ਪੇਚੀਦਾ ਕਰ ਦਿੱਤਾ ਹੈ। ਸਿੱਖ ਵਿਦਵਾਨਾਂ ਅਤੇ ਆਗੂਆਂ ਦਾ ਮੰਨਣਾ ਹੈ ਕਿ ਅਜਿਹੇ ਮਸਲਿਆਂ ਨੂੰ ਹੱਲ ਕਰਨ ਲਈ ਅੰਤਰਰਾਸ਼ਟਰੀ ਪੱਧਰ 'ਤੇ ਸਿੱਖ ਪੰਥ ਵਲੋਂ ਦਬਾਅ ਬਣਾਉਣ ਦੀ ਲੋੜ ਹੈ, ਤਾਂ ਜੋ ਸਿੱਖ ਧਰਮ ਦੇ ਇਤਿਹਾਸਕ ਅਸਥਾਨਾਂ ਦੀ ਪਵਿੱਤਰਤਾ ਅਤੇ ਪਹੁੰਚ ਨੂੰ ਬਰਕਰਾਰ ਰੱਖਿਆ ਜਾ ਸਕੇ।

## ਸੁਖਬੀਰ ਬਾਦਲ ਨੂੰ ਪੰਜਾਬ ਪੁਲਿਸ ਨੇ ਹਿਰਾਸਤ ਵਿਚ ਲਿਆ, ਕੁਝ ਅਕਾਲੀ ਲੀਡਰ ਨਜਰਬੰਦ

ਚੰਡੀਗੜ੍ਹ-ਸੁਖਬੀਰ ਬਾਦਲ ਗੁਰਦੁਆਰਾ ਅੰਬ ਸਾਹਿਬ ਵਿਖੇ ਅਕਾਲੀ ਲੀਡਰਸ਼ਿਪ ਦੁਆਰਾ ਕਰਵਾਏ ਇੱਕ ਧਰਨੇ ਵਿੱਚ ਸ਼ਾਮਿਲ ਹੋਣ ਲਈ ਜਾ ਰਹੇ ਸਨ ਕਿ ਪੁਲਿਸ ਨੇ ਸੁਖਬੀਰ ਬਾਦਲ ਨੂੰ ਰਸਤੇ ਵਿੱਚ ਹੀ ਡਿਟੇਨ ਕਰ ਲਿਆ। ਮੁਹਾਲੀ ਵਿਖੇ ਅਕਾਲੀ ਆਗੂਆਂ ਅਤੇ ਵਰਕਰਾਂ ਨੂੰ ਪਹੁੰਚਣ ਤੋਂ ਰੋਕਣ ਲਈ ਪੁਲਿਸ ਨੇ ਵੱਡੀ ਗਿਣਤੀ ਵਿੱਚ ਅਕਾਲੀ ਆਗੂਆਂ ਨੂੰ ਉਨ੍ਹਾਂ ਦੇ ਘਰਾਂ ਵਿੱਚ ਹੀ ਰਾਊਂਡ ਅਪ ਕੀਤਾ ਹੈ ਜਾਂ ਫਿਰ ਰਸਤੇ ਵਿੱਚ ਰੋਕ ਲਿਆ ਹੈ।

## ਲੈਸਟਰ ਕਬੱਡੀ ਟੂਰਨਾਮੈਂਟ

41 ਸਫੇ ਦੀ ਬਾਕੀ

ਸਤਿੰਦਰ ਗੋਲਡੀ, ਕੁਲਵੰਤ ਚੱਠਾ, ਬਿੰਦਰ, ਪਾਲੀ ਅਤੇ ਸਾਥੀਆਂ ਦਾ ਮੁੱਲ ਮੋੜਦੇ ਸੀ, ਸ਼ੀਰਾ, ਫਰਿਆਦ, ਬਿੱਲਾ ਵੀ ਟੁੱਟ ਟੁੱਟ ਪੈਂਦੇ। ਪ੍ਰਤਾਪ ਕੰਡਿਆਣਾ, ਸ਼ਾਕਾ, ਪੀਤਾ ਬਰਾਬਰ ਖਹਿ ਰਹੇ ਸੀ, ਦੁੱਲਾ, ਕਲੀਮ ਜਿੱਥੇ ਉੱਡਣੇ ਸੱਪਾਂ ਵਾਂਗੂੰ ਹਵਾ ਬਣਦੇ ਸੀ, ਉੱਥੇ ਜਸ਼ਨ ਆਲਮਗੀਰ, ਰਾਥ, ਮੇਸ਼ੀ ਜ਼ੋਰ ਨਾਲ ਆਪਣੀ ਹੋਂਦ ਦਾ ਪ੍ਰਗਟਾਵਾ ਕਰਦੇ। ਕੁਝ ਚਿਰ ਚਰਚਾ ਤੋਂ ਬਾਅਦ ਦੋ ਨੰਬਰਾਂ ਦਾ ਫੈਸਲਾ ਕਰਦਿਆਂ ਸਲੋਹ/ਇਕਨਹਮ ਫਾਈਨਲ ਵਿੱਚ ਜਾ ਪਹੁੰਚੀ। ਲੈਸਟਰ/ਬਰੈਡਫੋਰਡ ਨੂੰ ਭਾਵੇਂ ਦੂਜੇ ਸੈਮੀਫਾਈਨਲ ਵਿੱਚ ਗ੍ਰੇਵਜ਼ੈਂਡ/ਬਾਰਕਿੰਗ ਨੇ 48/50.5 ਅੰਕਾਂ ਨਾਲ ਹਰਾ ਦਿੱਤਾ ਸੀ, ਪਰ ਇਸ ਮੈਚ ਨੂੰ ਟੂਰਨਾਮੈਂਟ ਦਾ ਫਾਈਨਲ ਕਹਿ ਦਈਏ ਤਾਂ ਗਲਤ ਨਹੀਂ ਹੋਵੇਗਾ। ਗੱਗੂ ਚੱਕ ਦੇਸ ਵਾਲੇ ਦੇ ਗੁਰਬਾਜ਼ ਨੂੰ ਦੋ ਜੱਫੇ ਕਮਾਲ ਦੇ ਸੀ, ਇੱਕ ਵਾਰ ਤਾਂ ਅਰਾਮ ਨਾਲ ਹੀ ਗਰਾਉਂਡ 'ਚੋਂ ਬਾਹਰ ਕੱਢਿਆ ਤੇ ਦੂਜੀ ਵਾਰ ਹੰਦਿਆਂ ਦੇ ਕੋਲ ਜਾ ਕੇ ਜਦੋਜਹਿਦ ਕਰਕੇ ਲਿਆ ਨੰਬਰ ਦਰਸ਼ਕਾਂ ਨੂੰ ਲੁੱਟ ਕੇ ਲੈ ਗਿਆ। ਸੋਹਣ ਨੇ ਅਜ਼ੀਮ ਚੱਠਾ ਅਤੇ ਆਤੀ ਨੂੰ ਰੋਕ ਕੇ ਅੱਤ ਕੀਤੀ ਸੱਤਾ ਮੁਠੱਡਾ ਅੱਜ ਵੀਹਾਂ ਵੀਹਾਂ ਦੇ ਦੋ ਦੋ ਜੋੜ ਕੇ ਵਾਰਦਾ ਸੀ। ਰਾਣਾ, ਪਿੰਦਰ, ਪਾਲਾ ਸਹੋਤਾ, ਕੁਲਵਿੰਦਰ ਸਹੋਤਾ, ਸੁੱਖੇ ਨੇ ਵੀ ਬਟੂਆ ਖੋਲੀ ਰੱਖਿਆ। ਲੈਸਟਰ/ਬਰੈਡਫੋਰਡ ਵਾਲੇ ਵੀ ਅੱਜ ਪੂਰੀ ਤਿਆਰੀ ਵਿੱਚ ਸੀ ਕੁਲਵੰਤ ਸੰਘਾ, ਕੁਲਬੀਰ ਖੱਖ, ਪਿਆਰਾ, ਲੱਡੂ, ਸੰਧੂ, ਦਲਬੀਰ ਸੈਂਹਬੀ, ਦੀਲਾ, ਆਖ ਰਹੇ ਸੀ ਕਿ ਗੱਲ ਪੌਂਡਾਂ ਦੀ ਨਹੀਂ ਘਰ ਦਾ ਕੱਪ ਘਰੇ ਰੱਖਣ ਲਈ ਪੂਰੀ ਟਿੱਲ ਲਾ ਦਿਓ। ਹਰਪਾਲ ਨੇ ਗੋਰਾ ਤੇ ਸਾਜ਼ੀ ਨੂੰ ਘੁੱਟ ਕੇ ਹਿੱਕ ਨਾਲ ਲਾਇਆ, ਮਨੀ ਦਿਆਲਪੁਰੀਏ ਨੇ ਮਾਹਲਾ ਰੋਕਿਆ, ਪੰਮਾ, ਮੱਛੋ, ਸੁੱਖੀ ਮੌੜ ਉੱਡ ਉੱਡ ਡੰਗ ਮਾਰਦੇ ਸੀ। ਭਾਵੇਂ ਲੈਸਟਰ/ਬ੍ਰੈਡਫੋਰਡ ਦੇ ਚੋਬਰਾਂ ਨੇ ਵਾਹ ਤਾਂ ਪੂਰੀ ਲਾਈ ਪਰ ਆਖਿਰ ਵਿੱਚ ਇਹ ਮੈਚ ਗ੍ਰੇਵਜ਼ੈਂਡ/ਬਾਰਕਿੰਗ ਦੇ ਹਿੱਸੇ ਹੀ ਆਇਆ।

ਬੀ ਟੀਮਾਂ ਦਾ ਫਾਈਨਲ ਮੈਚ ਮੋੜ ਕਬੱਡੀ ਕਲੱਬ ਨੇ ਬਾਬਾ ਦੀਪ ਸਿੰਘ ਕਲੱਬ ਨੂੰ 33.5/28 ਅੰਕਾਂ ਨਾਲ ਹਰਾ ਕੇ ਜਿਤਿਆ। ਜਦ ਕਿ ਗ੍ਰੇਵਜ਼ੈਂਡ/ਬਾਰਕਿੰਗ ਨੇ ਇਕਨਹਮ/ਸਲੋਹ ਨੂੰ 32.5/13 ਅੰਕਾਂ ਦੇ ਵੱਡੇ ਫਰਕ ਨਾਲ ਹਰਾ ਕੇ ਚਮਕਦਾ ਦਮਕਦਾ ਲੱਕ ਜਿੱਡਾ ਕੱਪ ਜਿੱਤਿਆ। ਦੋਵੇਂ ਟੀਮਾਂ ਨੇ ਲਗਾਤਾਰ ਇਸੇ ਤਰਤੀਬ ਵਿੱਚ ਦੋ ਕੱਪ ਜਿੱਤੇ ਹਨ। ਆਖਿਰ ਵਿੱਚ ਪ੍ਰਬੰਧਕਾਂ ਨੇ ਜੇਤੂ ਟੀਮਾਂ ਨੂੰ ਇਨਾਮ ਤਕਸੀਮ ਕੀਤੇ। ਕਲੱਬ ਵੱਲੋਂ ਫੈਡਰੇਸ਼ਨ ਦੇ ਅਹੁਦੇਦਾਰਾਂ ਪ੍ਰਧਾਨ ਕਰਮਜੀਤ ਸਿੰਘ ਕੰਮਾ ਔਜਲਾ, ਚੇਅਰਮੈਨ ਬਲਵਿੰਦਰ ਸਿੰਘ ਚੱਠਾ, ਜਨਰਲ ਸਕੱਤਰ ਸਤਨਾਮ ਸਿੰਘ ਸੱਤਾ ਮੁਠੱਡਾ ਅਤੇ ਸਤਿੰਦਰ ਸਿੰਘ ਗੋਲਡੀ, ਰਸ਼ਪਾਲ ਸਿੰਘ ਸ਼ੀਰਾ ਸੰਮੀਪੁਰ, ਕੁਮੈਂਟੇਟਰ ਭਿੰਦਾ ਮੁਠੱਡਾ, ਜਰਨੈਲ ਸਿੰਘ ਜ਼ੈਲਾ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਸੋਹਣ ਚੱਕ ਸਾਬੂ ਅਤੇ ਸਾਜ਼ੀ ਸਰਬੋਤਮ ਖਿਡਾਰੀ ਬਣੇ। ਸੋਹਣ ਨੇ 8 ਕੋਸ਼ਿਸ਼ਾਂ ਕਰਦਿਆਂ 4 ਜੱਫੇ ਲਾਏ ਅਤੇ ਸਾਜ਼ੀ ਨੇ 9 ਕੌਡੀਆਂ ਪਾ ਕੇ ਕਿਸੇ ਦੇ ਹੱਥ ਨਾ ਲੱਗਾ।

ਇਸ ਮੌਕੇ ਸਾਬਕਾ ਕਬੱਡੀ ਖਿਡਾਰੀ ਬਲਵਿੰਦਰ ਸਿੰਘ ਫਿੱਡੂ, ਮੌਂਟੀ, ਨਛੱਤਰ ਢਾਂਡੀ ਉਚੇਚੇ ਤੌਰ ਤੇ ਪਹੁੰਚੇ। ਪ੍ਰਬੰਧਕ ਕਮੇਟੀ ਵੱਲੋਂ ਕੁਲਵੰਤ ਸਿੰਘ ਸੰਘਾ, ਕੁਲਬੀਰ ਸਿੰਘ ਖੱਖ, ਪਿਆਰਾ ਸਿੰਘ ਰੰਧਾਵਾ, ਨਿਰਮਲ ਸਿੰਘ ਲੱਡੂ, ਜਿੰਦਰ ਸਿੰਘ ਬੋਇਲ, ਜਤਿੰਦਰ ਸਿੰਘ ਚਾਹਲ, ਦਵਿੰਦਰ ਸਿੰਘ, ਜਿੰਦਰ ਸਿੰਘ ਥਾਂਦੀ ਨੇ ਗੁਰਨਾਮ ਸਿੰਘ, ਅਜਮੇਰ ਸਿੰਘ ਬਸਰਾ, ਜਰਨੈਲ ਸਿੰਘ ਰਾਣਾ, ਸ਼ਮਸ਼ੇਰ ਸਿੰਘ ਬੈਂਸ, ਜਸਬੀਰ ਸਿੰਘ, ਸੁੱਖ ਸੰਧੂ, ਬਲਜੀਤ ਸਿੰਘ ਬੱਲੀ, ਮਨਜੀਤ ਸਿੰਘ ਹੀਰ, ਬਲਬੀਰ ਸਿੰਘ, ਕੇ ਐਸ ਸ਼ੀਰਾ, ਬਿੰਦਾ, ਸਤਵੀਰ ਖੱਖ, ਸਤਵਿੰਦਰ ਬਾਸੀ, ਸਤਨਾਮ ਬਾਸੀ, ਘੁੰਮਣ ਭਰਾ - ਜਸ, ਅੰਮ੍ਰਿਤ, ਗੁਰਮੀਤ, ਮਿੰਟੂ ਮੱਟੂ, ਕੁਲਵਿੰਦਰ, ਲਖਵੀਰ ਸਿੰਘ ਚੱਠਾ, ਅਵਤਾਰ ਸਿੰਘ ਚੱਠਾ, ਸਤਵਿੰਦਰ ਦਿਓਲ, ਕਰਮਜੀਤ ਸਿੰਘ, ਮੰਗਤ ਸਿੰਘ ਪਲਾਹੀ, ਉਂਕਾਰ ਸਿੰਘ, ਦਿਲਾਵਰ ਸਿੰਘ ਭੰਗਲ, ਕੁਲਦੀਪ ਸਿੰਘ ਰਾਗੀ, ਬਰਿੰਦਰ ਸਿੰਘ ਲੱਛਰ, ਜਤਿੰਦਰ ਸਿੰਘ, ਰਾਜਾ ਸਿੰਘ ਕੰਗ, ਸੁਖਦੇਵ ਸਿੰਘ ਬਾਂਸਲ, ਸਪਿੰਦਰ ਸਿੰਘ ਹੀਰ, ਜੇ ਐਸ ਬਿਲਡਰ, ਜਗਤਾਰ ਸਿੰਘ, ਗੁਰਨਾਮ ਸਿੰਘ ਰੁਪੋਵਾਲ, ਬਲਵੀਰ ਸਿੰਘ, ਮਨਜੀਤ ਸਿੰਘ, ਗੁਰਮਿੰਦਰ ਸਿੰਘ, ਜਿੰਦਰ, ਦਲਜੀਤ ਸਿੰਘ ਸਹੋਤਾ, ਨਿਮ ਗਿੱਲ, ਜਸਬੀਰ, ਬਿੱਟੂ ਈਸਟ ਵੈਸਟ ਰੌਕੀ, ਹਰਪ੍ਰੀਤ, ਕੁਲਵਿੰਦਰ ਸਿੰਘ, ਬਲਵੰਤ ਸਿੰਘ ਬਾਸੀ, ਦਲਜੀਤ ਸਿੰਘ ਢਿੱਲੋਂ ਸੋਂਧ ਮੀਟ ਸ਼ੌਪ ਐਨ ਆਰ, ਬਲਬੀਰ ਸਿੰਘ ਕੁਲਾਰ, ਰਜਵਿੰਦਰ ਅਟਵਾਲ ਦਲਜੀਤ ਸਿੰਘ, ਗੁਰਦੀਪ ਸਿੰਘ ਗਿੱਲ, ਕਮਲ ਘਟੌਰੇ, ਤੇਜੀ, ਬੁੱਧ ਸਿੰਘ ਅੰਮ੍ਰਿਤਪਾਲ ਸਿੰਘ ਜੰਮੂ ਹਰਪਾਲ ਸਿੰਘ ਥਿੰਦ, ਕਿਸ਼ਨ ਸਿੰਘ ਕੁਲਦੀਪ ਸਿੰਘ ਚਹੇੜੂ ਵਿਜੇ ਸਿੰਘ ਬਿੱਟੂ, ਹਰਿੰਦਰ ਸਿੰਘ ਜ਼ੈਲਦਾਰ, ਸੰਨੀ ਚੋਪੜਾ, ਡਾ: ਚਰਨਪ੍ਰੀਤ ਸਿੰਘ, ਨੇਸ਼ੀ ਭੱਜਲ, ਇਕਬਾਲ ਸਿੰਘ, ਇਕਬਾਲ ਗੁੱਗੂ ਗਿੱਲ, ਚਰਨ ਸਿੰਘ, ਡਰੀਮਜ਼ ਕੰਸਟਰਕਸ਼ਨ, ਡਰੀਮਜ਼ ਕੰਸਟਰਕਸ਼ਨ ਰਾਣਾ ਸਿੰਘ, ਸੁੱਚਾ ਸਿੰਘ ਹੁੰਦਲ, ਇੰਦਰਜੀਤ ਸਿੰਘ, ਜਗਦੀਪ ਸਿੰਘ ਮਾਹਲ, ਜੁੱਗੂ ਸੰਧਰ, ਜਸਕਰਨ ਥਾਂਦੀ, ਜਸਵਿੰਦਰ ਕਾਲੀਰਾਏ, ਜਸਵਿੰਦਰ ਸਿੰਘ, ਗੁਰਵਿੰਦਰ ਸਿੰਘ ਸਮਰਾ, ਕੁਲਵਿੰਦਰ ਸਿੰਘ ਹੁੰਦਲ, ਉਂਕਾਰ ਸਿੰਘ, ਕਮਲਜੀਤ, ਮਲਕੀਤ, ਮਨਦੀਪ ਸਿੰਘ, ਪੰਮਾ ਭੰਡਾਲ, ਨਰੇਸ਼, ਨਿਹਾਲ ਸਿੰਘ, ਸੁੱਖਾ, ਪੱਪੂ, ਭਵੇਸ਼ ਸ਼ਾਹ, ਗੁਰਬਿੰਦਰ ਸਿੰਘ ਸੰਨੀ, ਨਿਰਮਲ ਸਿੰਘ, ਪਲਵਿੰਦਰ ਸਿੰਘ, ਕੁਲਦੀਪ ਕੂਨਰ, ਪ੍ਰਦੀਪ ਸਿੰਘ, ਪ੍ਰਭਜੋਤ ਸਿੰਘ, ਵਿਕਰਮ ਰੰਧਾਵਾ, ਸੋਨੂ, ਰਾਜ ਸ਼ਰਮਾ, ਰਸ਼ਪਾਲ, ਸੋਨੀ, ਸੁਰਿੰਦਰਪਾਲ ਸਿੰਘ, ਸ਼ਿੰਦਾ ਸਾਧੜਾ, ਸਾਭੀ ਸੋਮਲ, ਸੰਜੀਵ ਕੁਮਾਰ, ਸ਼ੰਮੀ ਸਾਂਪਲੇ, ਸੁਖਵਿੰਦਰ ਸਿੰਘ, ਟੀ ਸੀ ਬਿਲਡਰ, ਅਮਰਦੀਪ ਕੂਨਰ ਸਮੇਤ ਸਮੂਹ ਸਹਿਯੋਗੀਆਂ ਦਾ ਧੰਨਵਾਦ ਕੀਤਾ।

* * * * * * * *

–ਡਾ: ਜਸਬੀਰ ਸਿੰਘ ਸਰਨਾ
–ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

## ਅੱਚਲ ਬਟਾਲਾ

ਇਹ ਸ਼ਹਿਰ ਅੱਚਲ ਬਟਾਲਾ ਜਲੰਧਰ ਬਟਾਲਾ ਸੜਕ ਤੋਂ 6 ਕਿਲੋਮੀਟਰ ਦੂਰ ਦੱਖਣ ਵੱਲ ਸਥਿਤ ਹੈ। ਬਟਾਲਾ ਦਾ ਅਕਸ਼ਾਸ਼ 310–49 ਅਤੇ ਰੇਖਾਸ਼ ਦੇਸ਼ਾਤਰ 750–12 ਹੈ। ਇਥੇ ਗੁਰੂ ਨਾਨਕ ਸਾਹਿਬ ਦਾ ਇਤਿਹਾਸਕ ਗੁਰਦੁਆਰਾ ਹੈ। ਇਹ ਗੁਰਦੁਆਰਾ ਸਲਹੇ ਅਤੇ ਚਹਿਲ ਪਿੰਡਾਂ ਦੀ ਸਰਹੱਦ 'ਤੇ ਹੈ। ਗੁਰਦੁਆਰਾ ਛੋਟੀ ਟਿੱਬੀ 'ਤੇ ਦੂਰੋਂ ਨਜ਼ਰੀਂ ਪੈਂਦਾ ਹੈ।

ਇਥੇ ਪੁਰਾਤਨ ਸਮੇਂ ਹਿੰਦੂ ਮੰਦਰ ਮਹਾਂ ਦੇਵ ਹੁੰਦਾ ਸੀ ਜਿਸ ਨੂੰ ਅੱਚਲ ਆਖਿਆ ਜਾਂਦਾ ਸੀ। ਬਟਾਲੇ ਵਿੱਚ ਹੋਣ ਕਾਰਨ ਇਸ ਦੀ ਸੰਗਿਆ ਅਚਲ ਬਟਾਲਾ ਪੈ ਗਈ। ਅਚਲ ਮੰਦਰ ਵਿੱਚ ਆ ਕੇ ਦੂਰੋਂ–ਦੂਰੋਂ ਸਾਧੂ ਸ਼ਿਵਰਾਤਰੀ ਦਾ ਤਿਉਹਾਰ ਮਨਾਉਂਦੇ ਸਨ। ਪਹਿਲਾਂ ਇਹ ਗੁਰਦੁਆਰਾ ਛੋਟਾ ਸੀ ਪਰ 1935 ਅਤੇ 1946 ਈ. ਵਿੱਚ ਅਜੋਕੀ ਗੁਰਦੁਆਰਾ ਸਾਹਿਬ ਦੀ ਇਮਾਰਤ ਬਣੀ ਹੈ। ਗੁਰੂ ਨਾਨਕ ਸਾਹਿਬ ਇਸ ਥਾਂ ਸ਼ਿਵਰਾਤਰੀ ਦੇ ਮੇਲੇ 'ਤੇ ਜਨਵਰੀ 28, 1530 ਈ. ਵਿੱਚ ਆਏ ਸਨ। ਇਸ ਦਾ ਸੰਕੇਤ ਭਾਈ ਗੁਰਦਾਸ ਜੀ ਨੇ (ਵਾਰ 1 ਪਉੜੀ 39, 42) ਵਿੱਚ ਵੀ ਕੀਤਾ ਹੈ। ਜਦੋਂ ਲੋਕਾਂ ਨੂੰ ਗੁਰੂ ਸਾਹਿਬ ਦੇ ਆਉਣ ਦਾ ਪਤਾ ਲੱਗਾ ਤਾਂ ਲੋਕ ਵਹੀਰਾਂ ਘੱਤ ਕੇ ਆਏ।

ਜਿਸ ਯੋਗੀ ਭੰਗਰ ਨਾਥ ਨਾਲ ਗੁਰੂ ਸਾਹਿਬ ਨੇ ਵਿਚਾਰ–ਵਟਾਂਦਰਾ ਕੀਤਾ ਸੀ, ਉਹ ਅੱਚਲ ਬਟਾਲੇ ਹੀ ਹੋਇਆ ਸੀ। ਸਿਧ ਗੋਸਟਿ ਵਿੱਚ ਜ਼ਿਕਰ ਵੀ ਆਇਆ ਹੈ। ਮਿਹਰਬਾਨ ਵਾਲੀ ਜਨਮ ਸਾਖੀ ਵਿੱਚ ਗੁਰੂ ਨਾਨਕ ਸਾਹਿਬ ਦਾ ਅੱਚਲ ਬਟਾਲੇ ਆਉਣ ਦਾ ਜ਼ਿਕਰ ਆਇਆ ਹੈ। ਜਿਥੇ ਗੁਰੂ ਸਾਹਿਬ ਨੇ ਵਿਸ਼ਰਾਮ ਕੀਤਾ ਸੀ, ਉਥੇ ਗੁਰੂ ਸਾਹਿਬ ਦੀ ਯਾਦ ਵਿੱਚ ਅਠਾਰ੍ਹਵੀਂ ਸਦੀ ਵਿੱਚ ਗੁਰਦੁਆਰਾ ਬਣਾਇਆ ਗਿਆ ਦੇਖ–ਭਾਲ ਮਹੰਤਾਂ ਦੀ ਇਕ ਲੰਮੀ ਕਤਾਰ ਕਰਦੀ ਸੀ।

ਮਾਲ ਦੇ ਕਾਗਜ਼ਾਂ ਅਨੁਸਾਰ ਗੁਰਦੁਆਰੇ ਸਾਹਿਬ ਦਾ ਮਾਲਕ 1892 ਈ. ਵਿੱਚ ਸ. ਮੰਗਲ ਸਿੰਘ ਹੈ। ਇਸ ਤੋਂ ਬਾਅਦ ਇਸ ਦਾ ਲੜਕਾ ਸੁੰਦਰ ਸਿੰਘ 1904 ਈ. ਵਿੱਚ ਅਤੇ ਫਿਰ ਉਸ ਦਾ ਲੜਕਾ ਸੂਰਤ ਸਿੰਘ 1923 ਈ. ਵਿੱਚ ਮਹੰਤ ਬਣ ਕੇ ਦੇਖ–ਭਾਲ ਕਰਦੇ ਰਹੇ। 1923 ਈ. ਦੇ ਆਸ–ਪਾਸ ਇਕ ਜਥਾ ਪਿੰਡ ਜੈਤੋ ਸਰਜਾ ਤੋਂ ਆਇਆ ਜਿਸ ਨੇ ਜਥੇਦਾਰ ਕੇਸਰ ਸਿੰਘ ਦੀ ਜਥੇਦਾਰੀ ਹੇਠ, ਇਸ ਗੁਰਦੁਆਰੇ ਅਤੇ ਨਾਲ ਲੱਗਦੀ ਸੱਤ ਏਕੜ ਜ਼ਮੀਨ, ਮਹੰਤਾਂ ਤੋਂ ਆਜ਼ਾਦ ਕਰਾਈ। ਸੂਰਤ ਸਿੰਘ ਇਸ ਦਾ ਵਿਰੋਧ ਨਾ ਕਰ ਸਕਿਆ।

ਗੁਰਦੁਆਰਾ ਐਕਟ ਪਾਸ ਹੋਣ ਨਾਲ, ਇਹ ਗੁਰਦੁਆਰਾ ਵੀ 28 ਅਪ੍ਰੈਲ 1926 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਆ ਗਿਆ। ਮੌਜੂਦਾ ਗੁਰਦੁਆਰਾ ਸਾਹਿਬ ਦੀ ਇਮਾਰਤ ਦਾ ਨਿਰਮਾਣ 17 ਅਕਤੂਬਰ 1935 ਈ. ਨੂੰ ਹੋਇਆ।

ਇਹ ਪੂਰਾ ਸਰੂਪ 1946 ਵਿੱਚ ਮੁਕੰਮਲ ਹੋਇਆ ਜਿਸ ਦਾ ਵਿਚਕਾਰਲਾ ਹਾਲ ਅੱਠ ਮੀਟਰ ਅਤੇ ਹੋਰ ਵੀ ਬਹੁਤ ਸਾਰੇ ਗੁੰਬਦ ਨਜ਼ਰੀਂ ਪੈਂਦੇ ਹਨ। ਗੁਰਦੁਆਰਾ ਸਾਹਿਬ ਨਾਲ ਗੁਰੂ ਕਾ ਲੰਗਰ ਅਤੇ ਯਾਤਰੂਆਂ ਲਈ ਕਮਰੇ ਆਦਿ ਵੀ ਬਣੇ ਹੋਏ ਹਨ। ਇਹ ਗੁਰਦੁਆਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਬੰਧਿਤ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 85 ਅਧੀਨ ਹੈ ਜੋ ਕਿ ਨੋਟੀਫਾਈਡ ਹੈ। ਇਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਨੇਜਰ ਰਾਹੀਂ ਚਲਾ ਰਹੀ ਹੈ। ਸਵੇਰ–ਸ਼ਾਮ ਅਤੇ ਗੁਰਪੁਰਬਾਂ 'ਤੇ ਜੋੜ ਮੇਲਾ ਹੁੰਦਾ ਹੈ।

ਪੁਸਤਕ ਸੂਚੀ:–
(1) ਠਾਕਰ ਸਿੰਘ– ਸ੍ਰੀ ਗੁਰਦੁਆਰੇ ਦਰਸ਼ਨ, ਅੰਮ੍ਰਿਤਸਰ, 1923
(2) ਹਰਬੰਸ ਸਿੰਘ (ਸੰ)– ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਪਹਿਲੀ, ਪਟਿਆਲਾ 1998
(3) ਦਿਲਗੀਰ ਐਚ.ਐਸ. (ਡਾ.)– ਦੀ ਸਿੱਖ ਰੈਫਰੈਂਸ ਬੁੱਕ, ਕੈਨੇਡਾ, 1997

## ਅਜਰਾਨਾ ਕਲਾਂ

ਇਹ ਹਰਿਆਣੇ ਦਾ ਜ਼ਿਲ੍ਹਾ ਕੁਰਕਸ਼ੇਤਰ ਦਾ ਇਕ ਪਿੰਡ ਹੈ ਜੋ ਸ਼ਾਹਬਾਦ ਦੇ ਦੱਖਣ–ਪੱਛਮ ਵੱਲ ਹੈ। ਸ਼ਾਹਬਾਦ ਦਾ ਅਕਸ਼ਾਸ਼ 300–10 ਅਤੇ ਰੇਖਾਸ਼ ਦੇਸ਼ਾਤਰ 760–53 ਹੈ। ਗੁਰੂ ਤੇਗ ਬਹਾਦਰ ਸਾਹਿਬ 1670 ਈ. ਵਿੱਚ ਦਿੱਲੀ ਤੋਂ ਲਖਨੌਰ ਜਾਣ ਸਮੇਂ ਇਥੇ ਠਹਿਰੇ ਸਨ। ਗੁਰੂ ਸਾਹਿਬ ਦੀ ਯਾਦ ਵਿੱਚ ਮੰਜੀ ਸਾਹਿਬ ਬਣਿਆ ਹੈ।

ਇਹ ਗੁਰਦੁਆਰਾ ਅੱਠ ਕੋਨਾਂ ਵਾਲਾ ਬਣਿਆ ਹੈ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਇਸ ਗੁਰਦੁਆਰੇ ਦਾ ਪ੍ਰਬੰਧ ਨਾਮਜ਼ਦ ਕਮੇਟੀ ਰਾਹੀਂ ਜੋ ਗੁਰ–ਦੁਆਰਾ ਸ਼ਾਹਬਾਦ ਮਾਰਕੰਡਾ ਨਾਲ ਸਬੰਧਿਤ ਹੈ, ਵੱਲੋਂ ਕੀਤਾ ਜਾਂਦਾ ਹੈ। ਇਹ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ।

ਪੁਸਤਕ ਸੂਚੀ:–
1. ਫ਼ੌਜਾ ਸਿੰਘ– ਗੁਰੂ ਤੇਗ ਬਹਾਦਰ ਯਾਤਰਾ ਅਸਥਾਨ, ਪ੍ਰੰਪਰਾਵਾਂ ਤੇ ਯਾਦ ਚਿੰਨ੍ਹ, ਪਟਿਆਲਾ, 1976

## ਅਜਨੇਰ

ਅਜਨੇਰ ਪਿੰਡ, ਜ਼ਿਲ੍ਹਾ ਲੁਧਿਆਣਾ ਵਿੱਚ ਆਉਂਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ 12 ਦਸੰਬਰ 1705 ਨੂੰ ਇਸ ਪਿੰਡ ਵਿੱਚ ਆਏ ਸਨ। ਕਾਜ਼ੀ ਚਿਰਾਗ ਸ਼ਾਹ, ਜੋ ਗੁਰੂ ਸਾਹਿਬ ਦਾ ਬੜਾ ਉਪਾਸ਼ਕ ਸੀ, ਗੁਰੂ ਸਾਹਿਬ ਨੂੰ ਮਾਛੀਵਾੜੇ ਤੋਂ ਮੰਜੀ 'ਤੇ ਚੁੱਕ ਕੇ ਲੈ ਗਏ ਸਨ। ਕਾਜ਼ੀ ਇਸੇ ਪਿੰਡ ਦਾ ਰਹਿਣਾ ਵਾਲਾ ਸੀ।

ਗੁਰੂ ਸਾਹਿਬ ਜਦੋਂ ਮਾਛੀਵਾੜੇ ਤੋਂ ਉਚ ਦੇ ਪੀਰ ਦਾ ਲਿਬਾਸ ਪਹਿਨ ਕੇ ਤੁਰਨ ਲੱਗੇ ਤਾਂ ਗੁਰੂ ਸਾਹਿਬ ਨੇ ਪਹਿਲਾਂ ਇਥੇ ਹੀ ਵਿਸ਼ਰਾਮ ਕੀਤਾ ਸੀ। ਇਕ ਰਾਤ ਗੁਰੂ ਸਾਹਿਬ ਇਸੇ ਪਿੰਡ ਵਿੱਚ ਠਹਿਰੇ ਸਨ। ਇਹ ਪਿੰਡ ਹੁਣ ਤਹਿਸੀਲ ਖਮਾਣੋਂ ਅਤੇ ਖੰਨਾ–ਚੰਡੀਗੜ੍ਹ ਸੜਕ 'ਤੇ ਆਉਂਦਾ ਹੈ।

ਪੁਸਤਕ ਸੂਚੀ:–
1. ਕਾਨ੍ਹ ਸਿੰਘ ਨਾਭਾ–ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

## ਅਜਮੇਰ

ਅਜਮੇਰ ਸ਼ਹਿਰ, ਰਾਜਸਥਾਨ ਰਿਆਸਤ ਵਿੱਚ ਆਉਂਦਾ ਹੈ। ਇਸ ਸ਼ਹਿਰ ਵਿੱਚ ਗੁਰੂ ਨਾਨਕ ਸਾਹਿਬ ਆਪਣੀ ਪਹਿਲੀ ਉਦਾਸੀ ਸਮੇਂ ਆਏ ਸਨ। ਗੁਰੂ ਸਾਹਿਬ ਦੀ ਯਾਦ ਵਿੱਚ ਪੁਸ਼ਕਰ–ਨਦੀ ਦੇ ਕੰਢੇ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ, ਜੋ ਗੁਰੂ ਸਾਹਿਬ ਦੀ ਯਾਦ ਦਿਵਾਉਂਦਾ ਹੈ।

## ਅਜਿੱਤ ਗਿੱਲ

ਅਜਿੱਤ ਗਿੱਲ ਪਿੰਡ ਫਰੀਦਕੋਟ ਦੇ ਰੇਲਵੇ ਸਟੇਸ਼ਨ ਰੁਮਾਣਾ ਅਲਬੇਲ ਸਿੰਘ ਤੋਂ ਤਿੰਨ ਕਿਲੋਮੀਟਰ ਦੂਰ ਚੜ੍ਹਦੇ ਵੱਲ ਹੈ। ਇਹ ਹੁਣ ਜੈਤੋ ਤਹਿਸੀਲ ਵਿੱਚ ਹੈ ਅਤੇ ਕੋਟਕਪੂਰਾ–ਜੈਤੋਂ ਸੜਕ ਤੋਂ 1 ਕਿਲੋਮੀਟਰ ਦੂਰ ਹੈ। ਇਸ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ 1706 ਵਿੱਚ ਆਏ ਸਨ। ਗੁਰ–ਦੁਆਰਾ ਗੁਰੂਸਰ ਇਤਿਹਾਸਕ ਗੁਰ–ਦੁਆਰਾ ਗੁਰੂ ਸਾਹਿਬ ਦੀ ਯਾਦ ਵਿੱਚ ਬਣਿਆ ਹੋਇਆ ਹੈ। ਇਹ ਗੁਰਦੁਆਰਾ ਪਿੰਡ ਦੇ ਦੱਖਣ ਵੱਲ ਇਕ ਫਰਲਾਂਗ ਦੇ ਕਰੀਬ ਹੈ। ਇਥੇ ਦਸਮੇਸ਼ ਪਿਤਾ ਨੇ ਠਹਿਰ ਕੇ ਦਸਤਾਰਾ ਸਜਾਇਆ ਸੀ।

ਪੁਸਤਕ ਸੂਚੀ:–
1 ਕਾਨ੍ਹ ਸਿੰਘ ਨਾਭਾ– ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

## ਅਜੀਤਗੜ੍ਹ

ਬਾਂਦਰ ਪਿੰਡ ਦੇ ਉੱਤਰ ਵੱਲ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਇਤਿਹਾਸਕ ਗੁਰਦੁਆਰਾ ਹੈ। ਇਹ ਫਰੀਦਕੋਟ ਜ਼ਿਲ੍ਹੇ ਦੇ ਰੇਲਵੇ ਸਟੇਸ਼ਨ ਜੈਤੋਂ ਤੋਂ ਚੜ੍ਹਦੇ ਵੱਲ 14 ਕਿਲੋਮੀਟਰ ਦੂਰ ਹੈ। ਗੁਰੂ ਸਾਹਿਬ ਭਗਤੇ ਪਿੰਡ ਤੋਂ ਹੋ ਕੇ 26 ਦਸੰਬਰ 1705 ਨੂੰ ਇਸ ਪਿੰਡ ਆਏ ਸਨ। ਇਸ ਨੂੰ ਅਜੀਤ ਸਰ ਵੀ ਆਖਿਆ ਜਾਂਦਾ ਹੈ। ਗੁਰਦੁਆਰੇ ਦੇ ਨਾਲ 14 ਏਕੜ ਜ਼ਮੀਨ ਲੱਗੀ ਹੋਈ ਹੈ। ਇਹ ਗੁਰਦੁਆਰਾ ਸਾਹਿਬ ਪਹਿਲਾਂ ਸੰਤ ਸੰਪੂਰਨ ਸਿੰਘ ਨੇ ਬਣਾਇਆ ਸੀ। ਵਿਸਾਖੀ ਨੂੰ ਵੱਡਾ ਦੀਵਾਨ ਸਜਦਾ ਹੈ।

## ਅਟਾਰੀ

ਇਹ ਰੂਪ ਨਗਰ–ਨੰਗਲ ਸੜਕ ਤੋਂ ਇਕ ਕਿਲੋਮੀਟਰ ਦੂਰ ਹੈ। ਅਟਾਰੀ ਕੀਰਤਪੁਰ ਨੇੜੇ ਇਕ ਪਿੰਡ ਹੈ, ਜੋ ਰੋਪੜ ਜ਼ਿਲ੍ਹੇ ਵਿੱਚ ਆਉਂਦਾ ਹੈ। ਇਸ ਨਗਰ ਵਿੱਚ ਗੁਰੂ ਗੋਬਿੰਦ ਸਿੰਘ ਜੀ ਪਾਉਂਟਾ ਸਾਹਿਬ ਤੋਂ ਅਨੰਦਪੁਰ ਸਾਹਿਬ ਵੱਲ ਜਾਣ ਸਮੇਂ 1688 ਵਿੱਚ ਆਏ ਸਨ।

# ਉਹਾਈਓ ਵਿੱਚ ਇੱਕ ਛੋਟਾ ਜਹਾਜ਼ ਹਾਦਸਾਗ੍ਰਸਤ ਹੋ ਕੇ ਜੰਗਲ ਵਿੱਚ ਡਿੱਗਾ, ਪਰਿਵਾਰ ਦੇ 4 ਜੀਆਂ ਸਮੇਤ 6 ਮੌਤਾਂ




ਹਾਦਸੇ ਵਾਲੀ ਜਗਾ ਨੇੜੇ ਖੜੀ ਰਾਸ਼ਟਰੀ ਮਾਰਗ ਗਸ਼ਤੀ ਦਲ ਦੀ ਗੱਡੀ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਉਹਾਈਓ ਰਾਜ ਵਿੱਚ ਇੱਕ ਛੋਟਾ ਜਹਾਜ਼ ਹਾਦਸਾਗ੍ਰਸਤ ਹੋ ਕੇ ਜੰਗਲੀ ਖੇਤਰ ਵਿੱਚ ਡਿੱਗ ਪੈਣ ਦੀ ਖਬਰ ਹੈ ਜਿਸ ਵਿੱਚ ਸਵਾਰ ਪਾਇਲਟ ਤੇ ਸਹਿ ਪਾਇਲਟ ਸਣੇ ਸਾਰੇ 6 ਵਿਅਕੀਤੀਆਂ ਦੀ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਦੋ ਇੰਜਣਾਂ ਵਾਲਾ ਜਹਾਜ਼ ਹੌਲੈਂਡ ਟਾਊਨਸ਼ਿੱਪ ਵਿੱਚ ਸਥਿੱਤ ਯੰਗਸਟਾਊਨ ਵਾਰੇਨ ਖੇਤਰੀ ਹਵਾਈ ਅੱਡੇ ਤੋਂ ਉਡਾਣ ਭਰਨ ਤੋਂ ਕੁਝ ਮਿੰਟਾਂ ਬਾਅਦ ਜਮੀਨ ਉਪਰ ਡਿੱਗ ਕੇ ਬੁਰੀ ਤਰਾਂ ਤਬਾਹ ਹੋ ਗਿਆ। ਪੱਛਮੀ ਰਿਜਰਵ ਪੋਰਟ ਅਥਾਰਿਟੀ ਦੇ ਡਾਇਰੈਕਟਰ ਐਨਟਨੀ ਟਰੀਵੇਨਾ ਨੇ ਕਿਹਾ ਹੈ ਕਿ ਜਹਾਜ਼ ਵਿਚ ਸਵਾਰ ਕੋਈ ਵੀ ਵਿਅਕਤੀ ਜੀਂਦਾ ਨਹੀਂ ਬਚਿਆ ਹੈ। ਪਾਇਲਟ ਤੇ ਸਹਿ ਪਾਇਲਟ ਜੋਸਫ ਮੈਕਸਿਨ (63) ਤੇ ਟਿਮੋਥੀ ਬਲੇਕ (55) ਵੀ ਹੋਰ ਯਾਤਰੀਆਂ ਨਾਲ ਮਾਰੇ ਗਏ ਹਨ। ਬਾਕੀ 4 ਮ੍ਰਿਤਕਾਂ ਵਿਚ ਜੇਮਜ ਵੇਲਰ (67), ਉਸ ਦੀ ਪਤਨੀ ਵੇਰੋਨਿਕਾ ਵੇਲਰ (68), ਉਨਾਂ ਦਾ ਪੁੱਤਰ ਜੌਹਨ ਵੇਲਰ (26) ਤੇ ਉਸ ਦੀ ਪਤਨੀ ਮਾਰੀਆ ਵੇਲਰ ਸ਼ਾਮਿਲ ਹਨ। ਪਰਿਵਾਰ ਛੁੱਟੀਆਂ ਮਨਾਉਣ ਲਈ ਮੋਨਟਾਨਾ ਜਾ ਰਿਹਾ ਸੀ ਪਰੰਤੂ ਕੁੱਦਰਤ ਨੂੰ ਕੁਝ ਹੋਰ ਹੀ ਮੰਨਜੂਰ ਸੀ।

# ਕਾਵਿ-ਕਿਆਰੀ

## ਫਫਾ ਕੁੱਟਣਾ



ਰਵਿੰਦਰ ਸਿੰਘ ਕੁੰਦਰਾ
ਕੋਵੈਂਟਰੀ ਯੂ ਕੇ

ਅੱਜ ਤੱਕ ਫਫਾ ਕੁੱਟਣੀ ਕੋਈ,
ਟਾਂਵੀਂ ਟਾਂਵੀਂ ਹੁੰਦੀ ਸੀ।
ਜਿਸ ਦੀ ਚਰਚਾ ਫੇਰ ਵੀ ਹਰ ਘਰ,
ਥਾਂਉਂ ਥਾਂਈਂ ਹੁੰਦੀ ਸੀ।

ਲੂਤੀਆਂ ਲਾਉਣਾ ਪੁਆੜੇ ਪਾਉਣਾ,
ਮੁੱਖ ਉਸ ਦਾ ਕਿੱਤਾ ਸੀ।
ਕਾਰਿਆਂ ਦੀ ਸੂਚੀ ਨਾਲ ਭਰਿਆ,
ਰਹਿੰਦਾ ਉਸਦਾ ਚਿੱਠਾ ਸੀ।

ਬਿਨਾ ਚੁਗਲੀ ਕੀਤਿਆਂ ਉਸ ਦੀ,
ਰੋਟੀ ਹਜ਼ਮ ਨਾ ਹੁੰਦੀ ਸੀ।
ਬਹਿ ਨਾ ਸਕਦੀ ਟਿਕ ਕੇ ਜਦ ਤੱਕ,
ਮੁੱਠੀ ਗਰਮ ਨਾ ਹੁੰਦੀ ਸੀ।

ਹਰ ਘਰ ਦੇ ਵਿੱਚ ਉੱਚੀ ਨੀਂਵੀਂ ਦਾ,
ਭੇਦ ਉਸ ਨੂੰ ਹੁੰਦਾ ਸੀ।
ਹਰ ਇੱਕ ਦੀ ਬਦਖੋਈ ਕਰਨਾ,
ਧਰਮ ਉਸ ਦਾ ਹੁੰਦਾ ਸੀ।

ਪਰ ਸਮੇਂ ਨੇ ਪਲਟਾ ਮਾਰਿਆ,
ਕੁੱਟਣੀ ਤੋਂ ਕੁੱਟਣਾ ਬਣ ਬੈਠਾ।
ਕਰਤੂਤਾਂ ਦੇ ਤੌਰ ਤਰੀਕੇ ਦਾ,
ਨਵਾਂ ਤਾਣਾ ਬਾਣਾ ਬੁਣ ਬੈਠਾ।

ਲਾ ਰਿਹਾ ਹੈ ਨਵੀਆਂ ਲੂਤੀਆਂ,
ਅੰਤਰਰਾਸ਼ਟਰੀ ਪੱਧਰ 'ਤੇ।
ਫੇਰ ਰਿਹਾ ਨਿੱਤ ਨਵਾਂ ਹੀ ਪਾਣੀ,
ਹਰ ਇੱਕ ਦੇਸ਼ ਦੀ ਸੱਧਰ 'ਤੇ।

ਆਪਣਾ ਉੱਲੂ ਸਿੱਧਾ ਰਖਣਾ,
ਉਸ ਦਾ ਮੁੱਖ ਉਦੇਸ਼ ਬਣ ਗਿਆ।
ਉਸ ਦੀ ਧੌਂਸ ਦੇ ਅੱਗੇ ਦੇਖੋ,
ਕੌਣ ਝੁੱਕ ਗਿਆ ਕੌਣ ਤਣ ਗਿਆ।

ਅਸਮਾਨਾਂ ਨੂੰ ਟਾਕੀ ਦੀ ਥਾਂ 'ਤੇ,
ਅੱਗ ਲਾਉਣ ਦਾ ਚਾਅ ਹੈ ਇਸਨੂੰ।
ਪਤਾਲਾਂ ਵਿੱਚ ਵੜ ਕੇ ਪਤਾ ਨਹੀਂ,
ਲੱਭ ਲਵੇਗਾ ਕਿਸ 'ਤੇ ਕਿਸ ਨੂੰ।

ਜਿਸ ਨਾਲ ਇਹ ਅੱਖ ਮਟਕਾਵੇ,
ਦੂਜੇ ਪਲ ਉਸਨੂੰ ਅੱਖ ਦਿਖਾਵੇ।
ਗੌਂ ਨਿਕਲਣ ਤੇ ਝੱਟ ਹੀ ਆਪਣੇ,
ਭੁੱਲ ਜਾਵੇ ਸਭ ਕੀਤੇ ਵਾਅਦੇ।

ਹਰ ਗਲੀ ਵਿੱਚ ਭਾਗੋ ਦੇ ਵਾਂਗੂੰ,
ਜਾ ਖੜ੍ਹਦਾ ਹੈ ਬਿਨਾ ਬੁਲਾਏ।
ਵਿਚੋਲਗਿਰੀ ਦਾ ਐਨਾ ਚਾਅ ਹੈ,
ਹਰ ਰਿਸ਼ਤੇ ਚੋਂ ਮੁੰਦੀ ਘੜਵਾਏ।

ਦਫ਼ਾ ਪੁੱਟਣਾ ਲੋਕਾਂ ਦੀ ਹੈ,
ਫਫਾ ਕੁੱਟਣੇ ਦਾ ਅੱਜ ਵਿਉਪਾਰ।
ਜਿਹਨੂੰ ਇੱਕ ਦਿਨ ਗਾਲ਼ਾਂ ਕੱਢੇ,
ਦੂਜੇ ਦਿਨ ਉਸ ਦਾ ਸਤਿਕਾਰ।

ਇਸ ਸਦੀ ਦਾ ਸੰਤਾਪ ਇਹ ਦੇਖੋ,
ਐਸੇ ਐਸੇ ਭੜੂਏ ਜੰਮ ਪਏ।
ਕਰ ਕਰ ਨਿਸ ਦਿਨ ਪੁੱਠੇ ਕਾਰੇ,
ਬੇਸ਼ਰਮੀ ਦੀਆਂ ਹੱਦਾਂ ਲੰਘ ਗਏ।

## ਕਵਿਤਾ

ਚਾਰ ਦਿਨਾਂ ਦਾ ਮੇਲਾ ਵੇਖ ਦੁਨੀਆਂ ਤੋਂ ਤੁਰ ਜਾਣਾ,
ਮੁਸਾਫ਼ਰਾਂ ਲਈ ਸਰਾਂ ਵਿੱਚ ਪੱਕੀ ਥਾਂ ਨੀ ਹੁੰਦੀ।

ਜਦੋਂ ਬਿਰਛ ਦਾ ਦਸਤਾ ਸਾਥ ਦੇਵੇ ਕੁਹਾੜੇ ਦਾ,
ਫੇਰ ਰੁੱਖਾਂ ਕੋਲ ਛਾਂ ਨੀ ਹੁੰਦੀ।

ਜਦੋਂ ਮੌਤ ਦਾ ਦੇਵਤਾ ਖੜ ਜਾਵੇ ਬੂਹੇ ਅੱਗੇ,
ਫੇਰ ਸਾਧੂ, ਸੰਤਾਂ ਤੇ ਮਹਾਂਪੁਰਸ਼ਾਂ ਤੋਂ ਨਾਂ ਨੀ ਹੁੰਦੀ

ਜਦੋਂ ਲੋਕਾਂ ਦੇ ਪਿੱਛੇ ਲੱਗ ਭਰਾਵਾਂ ਨਾਲ ਲੜ ਪੈਂਦੇ
ਫੇਰ ਭਰਾਵਾਂ ਕੋਲ ਦੂਜੀ ਬਾਂਹ ਨੀ ਹੁੰਦੀ।

ਉਦੋਂ ਬੱਚਿਆਂ ਦੇ ਹੱਥੋਂ ਕਾਂ ਟੁਕੜੇ ਖੋ ਲੈਂਦੈਂ ਨੇ,
ਜਿਹਨਾਂ ਬੱਚਿਆਂ ਕੋਲ ਮਾਂ ਨੀ ਹੁੰਦੀ।

ਜਿਸ ਘਰ ਦੇ ਜੀਅ ਇੱਕ ਦੂਜੇ ਤੋਂ ਜਾਨਾਂ ਵਾਰਨ,
ਉਹਨਾਂ ਦੇ ਵਿਹੜਿਆਂ ਵਿੱਚ ਭਾਂਹ ਭਾਂਹ ਨੀਂ ਹੁੰਦੀ,

ਉਹ ਘਰ ਰਹਿਮਤਾਂ ਨਾਲ ਭਰ ਜਾਂਦੇ ,
ਜਿਨ੍ਹਾਂ ਤੋਂ ਦਰ 'ਤੇ ਮੰਗਣ ਆਇਆ ਲਈ ਨਾਂ ਨੀ ਹੁੰਦੀ।

ਚੁੰਮ ਕੇ ਤੇਰੀ ਮਿੱਟੀ ਮੈਂ ਮੱਥੇ ਲਾਉਂਦਾ ਰਹਿਆ ,
ਵਿਛੋੜਾ ਪੈਣ 'ਤੇ ਹੁਣ ਇਬਾਦਤ ਉਸ ਥਾਂ ਨੀ ਹੁੰਦੀ



ਜਾਮ ਦੇ ਪਿਆਲੇ ਵਿੱਚ ਡੁੱਬ ਕੇ ਵੇਖ ਲਿਆ ,
ਯਾਦ ਤੇਰੀ ਕਦੇ ਵੀ ਦਿਲੋਂ ਭੁਲਾ ਨੀ ਹੁੰਦੀ ।

ਜਦੋਂ ਦਾ ਤੂੰ ਤੁਰ ਗਿਆ "ਰਾਣੇ" ਤੋਂ ਦੂਰ ਸੱਜਣਾ,
ਚੰਦ ਚਾਨਣੀ ਰਾਤ ਕਦੇ ਹੁਣ ਮੇਰੇ ਗਰਾਂ ਨੀਂ ਹੁੰਦੀ ।

**ਰਣਵੀਰ ਸਿੰਘ ਰਾਣਾ**

## ਕਵਿਤਾ

ਕਿਸੇ ਲਈ ਚੁੱਪ ਮਸਲਾ ਹੈ, ਕਿਸੇ ਲਈ ਸ਼ੋਰ ਮਸਲਾ ਹੈ
ਮੈਨੂੰ ਦੋਵੇਂ ਹੀ ਚੁੱਭਦੇ ਨੇ, ਮੇਰਾ ਕੁਝ ਹੋਰ ਮਸਲਾ ਹੈ

ਬੜੇ ਨੇ ਹੋਰ ਵੀ ਮਸਲੇ ਜੋ ਔਖੇ ਹੀ ਨਿਬੇੜੇ ਨੇ
ਮਗਰ ਇਹ ਭੁੱਖ ਦਾ ਮਸਲਾ ਬੜਾ ਮੂੰਹ ਜ਼ੋਰ ਮਸਲਾ ਹੈ

ਇਹ ਬਿਖਰੀ ਜ਼ੁਲਫ਼, ਕੰਬਦੇ ਹੋਠ, ਨੈਣੀਂ ਸ਼ਾਮ ਦੀ ਲਾਲੀ
ਧਰਤ ਜਿਹੀ ਤੋਰ ਮਸਲਾ ਹੈ, ਸੱਜਣ ਦੀ ਲੋਰ ਮਸਲਾ ਹੈ

ਮੈਂ ਜਿਸ ਲਈ ਹੋ ਗਈ ਸ਼ੀਸ਼ਾ ਕਿ ਉਸ ਨੇ ਤੱਕਿਆ ਵੀ ਨਹੀਂ
ਕਰੇ ਨਾ ਗ਼ੌਰ ਉਹ ਬਿਲਕੁੱਲ ਦਿਲਾ ਚਿੱਤਚੋਰ ਮਸਲਾ ਹੈ

ਇਹ ਬੱਦਲੀ ਵੀ ਤਾਂ ਕਮਲੀ ਹੈ, ਕੀ ਇਸ ਨੇ ਇਸ਼ਕ ਨਹੀਂ ਕੀਤਾ?
ਪਿਆਰਾ ਕੋਲ ਨਾ ਹੋਵੇ ਘਟਾ ਘਨਘੋਰ ਮਸਲਾ ਹੈ

ਜਿਨ੍ਹਾਂ ਦੇ ਜੋਸ਼ ਚੜੋ ਪਹਿਰ ਛੱਲਾਂ ਮਾਰਦੈ ਸੀਨੇ
ਉਨ੍ਹਾਂ ਦੇ ਹਾਣ ਤੋਂ ਧੀਮੀ ਸਮੇਂ ਦੀ ਤੋਰ ਮਸਲਾ ਹੈ

**-ਸਿਮਰਨ ਅਕਸ**

## ਮੇਰੇ ਪਿਤਾ/ ਕਵਿਤਾ



ਤੂੰ ਉਂਗਲ ਫੜ ਕੇ ਪਹਿਲੀ ਵਾਰ
ਮੈਨੂੰ ਤੁਰਨਾ ਸਿਖਾਇਆ।
ਮੇਰੀਆਂ ਲੋੜਾਂ ਪੂਰੀਆਂ ਕਰਨ ਲਈ
ਅੱਡੀ ਚੋਟੀ ਦਾ ਜ਼ੋਰ ਲਾਇਆ।
ਜਦ ਵੀ ਕੋਈ ਰੋੜਾ ਬਣ ਕੇ
ਖੜ੍ਹਾ ਹੋਇਆ ਮੇਰੇ ਅੱਗੇ,
ਤੂੰ ਮੇਰੇ ਨਾਲ ਡਟ ਕੇ ਖੜ੍ਹਾ ਹੋ ਕੇ
ਉਸ ਨੂੰ ਲਾਇਆ ਆਪਣੇ ਅੱਗੇ।
ਕਦੇ ਕਦੇ ਸਖਤ ਭਾਸ਼ਾ 'ਚ ਬੋਲਿਆ
ਮੈਨੂੰ ਚੰਗਾ ਨਹੀਂ ਸੀ ਲੱਗਾ,
ਪਰ ਇਹ ਬਹੁਤ ਕੰਮ ਆਇਆ
ਸੁਆਰਨ ਲਈ ਮੇਰਾ ਅੱਗਾ।
ਤੇਰੇ ਸਹਿਯੋਗ ਤੇ ਸੇਧ ਨਾਲ
ਮੈਂ ਪੁੱਜਾ ਆਪਣੇ ਮੁਕਾਮ ਤੱਕ।
ਤੇਰੇ ਕਰਕੇ ਹੀ ਮਿਲੀਆਂ ਨੇ
ਜੋ ਖੁਸ਼ੀਆਂ ਨੇ ਮੇਰੇ ਕੋਲ ਅੱਜ।
ਮੈਨੂੰ ਤੇਰੀ ਵਧਦੀ ਉਮਰ ਨੇ
ਹੈ ਡਾਢਾ ਫਿਕਰਾਂ ਵਿੱਚ ਪਾਇਆ।
ਡਰਦਾ ਹਾਂ ਕਿਤੇ ਖੋਹ ਨਾ ਲਵੇ
ਰੱਬ ਮੇਰੇ ਕੋਲੋਂ ਇਹ ਸਰਮਾਇਆ।
ਮਿਲਦਾ ਰਹੇ ਮੈਨੂੰ ਤੇਰਾ ਪਿਆਰ
ਰੱਬ ਅੱਗੇ ਕਰਾਂ ਇਹੋ ਦੁਆਵਾਂ।
'ਮਾਨ' ਮੈਂ ਤੇਰੇ ਨਾਲ ਰਹਾਂ
ਸਦਾ ਬਣ ਤੇਰਾ ਪ੍ਰਛਾਵਾਂ।

**ਮਹਿੰਦਰ ਸਿੰਘ ਮਾਨ**

## ਕਵਿਤਾ

ਜੇ ਲੱਜਪਾਲ ਮੁਹੱਬਤ ਕਰੀਏ
ਕੀਹਦੇ ਨਾਲ ਮੁਹੱਬਤ ਕਰੀਏ

ਅੱਖਾਂ ਪਾੜਕੇ ਵੇਖੇ ਨੇਰ੍ਹਾ
ਬੱਤੀਆਂ ਬਾਲ ਮੁਹੱਬਤ ਕਰੀਏ

ਵੇਖ ਲਵਾਂਗੇ ਜੋ ਹੋਵੇਗਾ
ਹੁਣ ਫ਼ਿਲਹਾਲ ਮੁਹੱਬਤ ਕਰੀਏ

ਏਨਾ ਕਾਹਨੂੰ ਸੋਚੀ ਜਾਨਾ ਏ
ਦੋ ਮਿਸਕਾਲ ਮੁਹੱਬਤ ਕਰੀਏ

ਜਿਵੇਂ ਮਰਜ਼ੀ ਹਿਜਰ ਨਖੱਤਾ
ਮਗਰੋਂ ਟਾਲ ਮੁਹੱਬਤ ਕਰੀਏ

ਇਹ ਵੀ ਮੈਨੂੰ ਆਪੇ ਈ ਦੱਸਦੇ
ਕਿੰਨੇ ਸਾਲ ਮੁਹੱਬਤ ਕਰੀਏ

ਸੱਜਣਾ ਸਾਨੂੰ ਘੁੱਟਕੇ ਲਾ ਲੈ
ਸੀਨੇ ਨਾਲ ਮੁਹੱਬਤ ਕਰੀਏ

ਸਾਹਵਾਂ ਦਾ ਐਤਬਾਰ ਨਹੀਂ ਬੁਸ਼ਰਾ
ਛੇਤੀ ਨਾਲ ਮੁਹੱਬਤ ਕਰੀਏ

**-ਬੁਸ਼ਰਾ ਨਾਜ਼**

* * * * *

# ਲੁਧਿਆਣਾ ਪੱਛਮੀ ਉਪ ਚੋਣ ਦੇ ਨਤੀਜਿਆਂ ਬਾਅਦ 'ਆਪ' ਦੀ ਜਿੱਤ ਨੇ ਸਿਆਸੀ ਸਮੀਕਰਨ ਬਦਲੇ

**✪ ਭਾਜਪਾ-ਅਕਾਲੀ ਦਲ ਗਠਜੋੜ ਦੀਆਂ ਚਰਚਾਵਾਂ ਤੇਜ਼, ਅੜਿੱਕੇ ਬਰਕਰਾਰ ✪ ਅਕਾਲੀ ਦਲ (ਬਾਦਲ) ਜਾਂ ਨਵਾਂ ਅਕਾਲੀ ਸਮੂਹ : ਭਾਜਪਾ ਦੀ ਪਸੰਦ ਕੀ ? ✪ ਕੀ 2027 ਚੋਣਾਂ ਵਿਚ ਤਿਕੋਣੀ ਮੁਕਾਬਲੇ ਦੀ ਸੰਭਾਵਨਾ ਹੈ, ਕੀ ਸਿਆਸਤ ਵਿਚ ਨਵਾਂ ਮੋੜ ਆਵੇਗਾ ?**

ਪੰਜਾਬ ਦੀ ਸਿਆਸਤ ਵਿੱਚ ਲੁਧਿਆਣਾ ਪੱਛਮੀ ਵਿਧਾਨ ਸਭਾ ਸੀਟ ਦੀ ਉਪ ਚੋਣ ਦਾ ਨਤੀਜਾ 23 ਜੂਨ 2025 ਨੂੰ ਐਲਾਨਿਆ ਗਿਆ ਸੀ, ਜਿਸ ਨੇ ਸੂਬੇ ਦੀ ਸਿਆਸੀ ਧਰਾਤਲ 'ਤੇ ਨਵੇਂ ਸਮੀਕਰਨ ਪੈਦਾ ਕਰ ਦਿੱਤੇ ਹਨ। ਇਸ ਸੀਟ 'ਤੇ ਆਮ ਆਦਮੀ ਪਾਰਟੀ (ਆਪ) ਦੇ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ 35,000 ਤੋਂ ਵੱਧ ਵੋਟਾਂ ਨਾਲ ਜਿੱਤ ਹਾਸਲ ਕੀਤੀ, ਜਦਕਿ ਕਾਂਗਰਸ ਦੇ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਨੂੰ 24,000 ਤੋਂ ਜ਼ਿਆਦਾ ਵੋਟਾਂ ਮਿਲੀਆਂ ਸਨ। ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਜੀਵਨ ਗੁਪਤਾ 20,323 ਵੋਟਾਂ ਨਾਲ ਤੀਜੇ ਸਥਾਨ 'ਤੇ ਰਹੇ, ਜਦਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪਰਉਪਕਾਰ ਸਿੰਘ ਘੁੰਮਣ ਨੂੰ 8,200 ਵੋਟਾਂ ਮਿਲੀਆਂ ਸਨ ਅਤੇ ਉਹ ਚੌਥੇ ਸਥਾਨ 'ਤੇ ਰਹੇ।

ਇਸ ਨਤੀਜੇ ਨੇ ਸਿਆਸਤ ਦੀ ਦਿਸ਼ਾ ਬਦਲਣ ਦੀ ਸੰਭਾਵਨਾ ਪੈਦਾ ਕਰ ਦਿੱਤੀ ਹੈ, ਕਿਉਂਕਿ ਜੇਕਰ ਭਾਜਪਾ ਅਤੇ ਅਕਾਲੀ ਦਲ (ਬਾਦਲ) ਇਸ ਚੋਣ ਵਿੱਚ ਇਕੱਠੇ ਲੜਦੇ, ਤਾਂ ਉਨ੍ਹਾਂ ਦੀਆਂ ਵੋਟਾਂ ਦਾ ਜੋੜ 28,523 ਹੁੰਦਾ, ਜੋ ਕਾਂਗਰਸ ਨੂੰ ਪਛਾੜ ਸਕਦਾ ਸੀ ਅਤੇ ਸੰਭਵ ਤੌਰ 'ਤੇ ਹੋਰ ਸੰਘਰਸ਼ ਕਰਕੇ 'ਆਪ' ਨੂੰ ਸਿਰਫ਼ 7,000 ਵੋਟਾਂ ਦੇ ਫਰਕ ਨਾਲ ਹਰਾਉਣ ਦੀ ਸਥਿਤੀ ਵਿੱਚ ਹੁੰਦੇ। ਇਸ ਨਤੀਜੇ ਨੇ ਇਕ ਵਾਰ ਫਿਰ ਭਾਜਪਾ ਅਤੇ ਅਕਾਲੀ ਦਲ ਦੇ ਸਮਝੌਤੇ ਦੀਆਂ ਚਰਚਾਵਾਂ ਨੂੰ ਹਵਾ ਦੇ ਦਿੱਤੀ ਹੈ। ਪੰਜਾਬ ਦੀ ਸਿਆਸਤ ਵਿੱਚ, ਜਿੱਥੇ 'ਆਪ' ਅਤੇ ਕਾਂਗਰਸ ਦਾ ਦਬਦਬਾ ਵਧਦਾ ਜਾ ਰਿਹਾ ਹੈ, ਅਕਾਲੀ-ਭਾਜਪਾ ਗਠਜੋੜ ਦੀ ਸੰਭਾਵਨਾ ਤਿਕੋਣੀ ਮੁਕਾਬਲੇ ਦੀ ਨੀਂਹ ਰੱਖ ਸਕਦੀ ਹੈ।

ਪੰਜਾਬ ਦੀ ਸਿਆਸਤ ਵਿੱਚ ਅਕਾਲੀ ਦਲ (ਬਾਦਲ) ਅਤੇ ਭਾਜਪਾ ਦਾ ਗਠਜੋੜ ਪਹਿਲਾਂ ਵੀ ਕਈ ਸਾਲਾਂ ਤੱਕ ਸਫਲ ਰਿਹਾ ਹੈ। ਪਰ 2020 ਵਿੱਚ ਕਿਸਾਨ ਅੰਦੋਲਨ ਦੇ ਦੌਰਾਨ ਅਕਾਲੀ ਦਲ ਨੇ ਭਾਜਪਾ ਨਾਲ ਗਠਜੋੜ ਤੋੜ ਦਿੱਤਾ ਸੀ, ਜਿਸ ਨੇ ਸੂਬੇ ਦੀ ਸਿਆਸੀ ਸਥਿਤੀ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਸੀ। ਹੁਣ, ਲੁਧਿਆਣਾ ਪੱਛਮੀ ਦੀ ਉਪ ਚੋਣ ਦੇ ਨਤੀਜਿਆਂ ਨੇ ਇਸ ਗਠਜੋੜ ਨੂੰ ਮੁੜ ਜੋੜਨ ਦੀਆਂ ਸੰਭਾਵਨਾਵਾਂ ਨੂੰ ਜਨਮ ਦਿੱਤਾ ਹੈ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਦੋਵੇਂ ਪਾਰਟੀਆਂ ਆਪਸੀ ਸਮਝੌਤੇ ਦਾ ਫਾਰਮੂਲਾ ਤਿਆਰ ਕਰ ਲੈਂਦੀਆਂ ਹਨ, ਤਾਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਉਹ 'ਆਪ' ਅਤੇ ਕਾਂਗਰਸ ਨੂੰ ਸਖ਼ਤ ਟੱਕਰ ਦੇ ਸਕਦੀਆਂ ਹਨ। ਪਰ, ਇਸ ਸਮਝੌਤੇ ਦੇ ਰਾਹ ਵਿੱਚ ਕਈ ਅੜਿੱਕੇ ਵੀ ਹਨ। ਭਾਜਪਾ ਹਾਈਕਮਾਂਡ ਦੇ ਸੀਨੀਅਰ ਨੇਤਾ ਇਕਬਾਲ ਸਿੰਘ ਲਾਲਪੁਰਾ ਨੇ ਸਪੱਸ਼ਟ ਕੀਤਾ ਹੈ ਕਿ ਅਕਾਲੀ ਦਲ ਨਾਲ ਸਮਝੌਤੇ ਦੀ ਕੋਈ ਸੰਭਾਵਨਾ ਨਹੀਂ ਹੈ।



> ਪੰਜਾਬ ਟਾਈਮਜ ਅਨੁਸਾਰ ਪੰਜਾਬ ਦੇ ਵੋਟਰਾਂ ਦੀ ਮੌਜੂਦਾ ਮਾਨਸਿਕਤਾ ਨੂੰ ਦੇਖਦੇ ਹੋਏ, ਅਕਾਲੀ-ਭਾਜਪਾ ਗਠਜੋੜ ਦੀ ਸਫਲਤਾ ਦੀ ਸੰਭਾਵਨਾ ਵੀ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਦੋਵੇਂ ਪਾਰਟੀਆਂ ਸੂਬੇ ਦੇ ਮੁੱਦਿਆਂ, ਜਿਵੇਂ ਕਿ ਕਿਸਾਨਾਂ ਦੀਆਂ ਮੰਗਾਂ, ਬੇਰੁਜ਼ਗਾਰੀ, ਅਤੇ ਸੀਵਰੇਜ ਸਮੱਸਿਆਵਾਂ ਨੂੰ ਕਿਵੇਂ ਸੰਬੋਧਨ ਕਰਦੀਆਂ ਹਨ। ਲੁਧਿਆਣਾ ਪੱਛਮੀ ਦੀ ਉਪ ਚੋਣ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਪੰਜਾਬ ਦੀ ਸਿਆਸਤ ਵਿੱਚ ਵੋਟਰਾਂ ਦੀ ਪਸੰਦ ਬਦਲ ਰਹੀ ਹੈ, ਅਤੇ ਜੇਕਰ ਭਾਜਪਾ ਅਤੇ ਅਕਾਲੀ ਦਲ ਇਸ ਮੌਕੇ ਨੂੰ ਵਰਤਣ ਵਿੱਚ ਸਫਲ ਹੁੰਦੇ ਹਨ, ਤਾਂ ਸੂਬੇ ਦੀ ਸਿਆਸਤ ਦਾ ਭਵਿੱਖ ਦਿਲਚਸਪ ਹੋ ਸਕਦਾ ਹੈ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭਾਜਪਾ ਹੁਣ ਆਪਣੇ ਆਪ ਨੂੰ ਪੰਜਾਬ ਵਿੱਚ ਤੀਜੇ ਨੰਬਰ ਦੀ ਪਾਰਟੀ ਵਜੋਂ ਦੇਖਦੀ ਹੈ ਅਤੇ ਅਕਾਲੀ ਦਲ ਨਾਲ ਬਰਾਬਰੀ ਦੇ ਅਧਾਰ 'ਤੇ ਸਮਝੌਤਾ ਚਾਹੁੰਦੀ ਹੈ। ਦੂਜੇ ਪਾਸੇ, ਅਕਾਲੀ ਦਲ (ਬਾਦਲ) ਦਾ ਵੋਟ ਬੈਂਕ 9% ਦੇ ਕਰੀਬ ਰਹਿ ਗਿਆ ਹੈ, ਜਿਸ ਕਾਰਨ ਉਹ ਵੀ ਆਪਣੀ ਸਿਆਸੀ ਸਾਖ ਬਚਾਉਣ ਲਈ ਗਠਜੋੜ ਕਰ ਸਕਦੇ ਹਨ। ਸੁਆਲ ਤਾਂ ਇਥੇ ਖੜਾ ਹੈ ਕਿ ਸਮਝੌਤੇ ਵਿੱਚ ਸਭ ਤੋਂ ਵੱਡਾ ਅੜਿੱਕਾ ਇਹ ਹੈ ਕਿ ਵੱਡੀ ਧਿਰ ਕੌਣ ਹੋਵੇਗੀ। ਭਾਜਪਾ, ਜੋ ਪਹਿਲਾਂ ਅਕਾਲੀ ਦਲ ਦੇ ਨਾਲ ਜੂਨੀਅਰ ਸਾਥੀ ਵਜੋਂ ਸੀ, ਹੁਣ ਬਰਾਬਰੀ ਦੀ ਸਾਂਝੇਦਾਰੀ ਚਾਹੁੰਦੀ ਹੈ। ਦੂਜੇ ਪਾਸੇ, ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਆਪਣੀ ਪਾਰਟੀ ਦੀ ਪੰਜਾਬ ਵਿੱਚ ਪੁਰਾਣੀ ਸਿਆਸੀ ਪਕੜ ਨੂੰ ਧਿਆਨ ਵਿੱਚ ਰੱਖਦੇ ਹੋਏ ਵੱਡੀ ਭੂਮਿਕਾ ਦੀ ਮੰਗ ਕਰ ਸਕਦੇ ਹਨ।

ਪੰਜਾਬ ਦੀ ਸਿਆਸਤ ਵਿੱਚ ਅਕਾਲੀ ਦਲ ਦੇ ਦੋ ਧੜੇ ਹੋਣ ਦੀ ਸਥਿਤੀ ਵੀ ਗਠਜੋੜ ਦੀਆਂ ਸੰਭਾਵਨਾਵਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ। ਇਕ ਪਾਸੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲਾ ਸ਼੍ਰੋਮਣੀ ਅਕਾਲੀ ਦਲ (ਬਾਦਲ) ਹੈ, ਜਿਸ ਦੀ ਪੰਜਾਬ ਵਿੱਚ ਪੁਰਾਣੀਆਂ ਸਿਆਸੀ ਜੜ੍ਹਾਂ ਹਨ। ਦੂਜੇ ਪਾਸੇ, ਅਕਾਲੀ ਦਲ ਦੇ ਕੁਝ ਸਾਬਕਾ ਨੇਤਾ ਮਤਲਬ ਅਕਾਲ ਤਖਤ ਸਾਹਿਬ ਵਲੋਂ ਬਣਾਈ ਪੰਜ ਮੈਂਬਰੀ ਕਮੇਟੀ ਨਵਾਂ ਅਕਾਲੀ ਦਲ ਬਣਾ ਰਹੀ ਹੈ, ਜੋ ਭਾਜਪਾ ਲਈ ਵੀ ਸੰਭਾਵੀ ਸਾਥੀ ਹੋ ਸਕਦੀ ਹੈ। ਭਾਜਪਾ ਦੀ ਹਾਈਕਮਾਂਡ ਨੂੰ ਹੁਣ ਇਹ ਫੈਸਲਾ ਕਰਨਾ ਹੈ ਕਿ ਉਹ ਸੁਖਬੀਰ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਨਾਲ ਸਮਝੌਤਾ ਕਰਨਗੇ ਜਾਂ ਨਵੇਂ ਬਣੇ ਅਕਾਲੀ ਸਮੂਹਾਂ ਨਾਲ ਹੱਥ ਮਿਲਾਉਣਗੇ। ਸੁਖਬੀਰ ਬਾਦਲ ਦੀ ਪਾਰਟੀ ਦਾ ਵੋਟ ਬੈਂਕ ਭਾਵੇਂ ਸੀਮਤ ਹੋ ਗਿਆ ਹੈ, ਪਰ ਉਸ ਦੀ ਪੰਜਾਬ ਦੇ ਪੇਂਡੂ ਖੇਤਰਾਂ, ਖਾਸ ਕਰਕੇ ਸਿੱਖ ਵੋਟਰਾਂ ਵਿੱਚ ਅਜੇ ਵੀ ਕੁਝ ਪਕੜ ਹੈ। ਦੂਜੇ ਪਾਸੇ, ਨਵੇਂ ਅਕਾਲੀ ਸਮੂਹ ਅਜੇ ਸਿਆਸੀ ਤੌਰ 'ਤੇ ਮਜ਼ਬੂਤ ਨਹੀਂ ਹਨ ਅਤੇ ਉਨ੍ਹਾਂ ਦਾ ਵੋਟ ਬੈਂਕ ਸੀਮਤ ਹੈ।

ਭਾਜਪਾ ਦੇ ਸੀਨੀਅਰ ਨੇਤਾਵਾਂ ਦਾ ਮੰਨਣਾ ਹੈ ਕਿ ਸੁਖਬੀਰ ਬਾਦਲ ਨਾਲ ਸਮਝੌਤਾ ਕਰਨ ਨਾਲ ਪੰਜਾਬ ਦੇ ਸ਼ਹਿਰੀ ਅਤੇ ਪੇਂਡੂ ਵੋਟਰਾਂ ਦਾ ਮਿਸ਼ਰਣ ਮਿਲ ਸਕਦਾ ਹੈ, ਜੋ 2027 ਦੀਆਂ ਚੋਣਾਂ ਵਿੱਚ 'ਆਪ' ਅਤੇ ਕਾਂਗਰਸ ਨੂੰ ਟੱਕਰ ਦੇਣ ਲਈ ਜ਼ਰੂਰੀ ਹੈ। ਪਰ, ਅਕਾਲੀ ਦਲ (ਬਾਦਲ) ਦੀ ਅੰਦਰੂਨੀ ਸਿਆਸੀ ਖਿੱਚ-ਧੂਹ ਅਤੇ ਸੁਖਬੀਰ ਬਾਦਲ ਦੀ ਲੀਡਰਸ਼ਿਪ 'ਤੇ ਸਵਾਲ ਭਾਜਪਾ ਦੀ ਚਿੰਤਾ ਦਾ ਵਿਸ਼ਾ ਹਨ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਲੁਧਿਆਣਾ ਪੱਛਮੀ ਦੀ ਉਪ ਚੋਣ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਪੰਜਾਬ ਦੀ ਸਿਆਸਤ ਵਿੱਚ 'ਆਪ' ਅਤੇ ਕਾਂਗਰਸ ਦਾ ਦਬਦਬਾ ਵਧ ਰਿਹਾ ਹੈ। ਪਰ, ਜੇਕਰ ਭਾਜਪਾ ਅਤੇ ਅਕਾਲੀ ਦਲ ਇਕੱਠੇ ਹੁੰਦੇ ਹਨ, ਤਾਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਤਿਕੋਣੀ ਮੁਕਾਬਲਾ ਦੇਖਣ ਨੂੰ ਮਿਲ ਸਕਦਾ ਹੈ। ਇਸ ਗਠਜੋੜ ਨਾਲ ਦੋਵਾਂ ਪਾਰਟੀਆਂ ਦੀ ਵੋਟ ਸ਼ੇਅਰ 'ਆਪ' ਅਤੇ ਕਾਂਗਰਸ ਦੇ ਬਰਾਬਰ ਜਾਂ ਨੇੜੇ ਹੋ ਸਕਦੀ ਹੈ, ਜਿਸ ਨਾਲ ਕੋਈ ਵੀ ਪਾਰਟੀ ਜਿੱਤ ਦੀ ਦੌੜ ਵਿੱਚ ਅੱਗੇ ਨਿਕਲ ਸਕਦੀ ਹੈ। ਪੰਜਾਬ ਦੇ ਸਿਆਸੀ ਹਾਲਾਤਾਂ ਨੂੰ ਦੇਖਦੇ ਹੋਏ, ਭਾਜਪਾ ਅਤੇ ਅਕਾਲੀ ਦਲ ਦੇ ਸਮਝੌਤੇ ਦੀ ਸੰਭਾਵਨਾ ਨੂੰ ਪੂਰੀ ਤਰ੍ਹਾਂ ਖਾਰਜ ਨਹੀਂ ਕੀਤਾ ਜਾ ਸਕਦਾ। ਪਰ, ਇਸ ਸਮਝੌਤੇ ਲਈ ਦੋਵਾਂ ਪਾਰਟੀਆਂ ਨੂੰ ਆਪਣੇ ਅੜੀਅਲ ਰਵੱਈਏ ਨੂੰ ਛੱਡਣਾ ਹੋਵੇਗਾ ਅਤੇ ਸਾਂਝੇ ਹਿੱਤਾਂ ਨੂੰ ਧਿਆਨ ਵਿੱਚ ਰੱਖਕੇ ਸੀਟਾਂ ਦੀ ਵੰਡ ਅਤੇ ਅਗਵਾਈ ਦਾ ਫਾਰਮੂਲਾ ਤਿਆਰ ਕਰਨਾ ਹੋਵੇਗਾ।

ਜੇਕਰ ਇਹ ਸਮਝੌਤਾ ਹੋ ਜਾਂਦਾ ਹੈ, ਤਾਂ ਪੰਜਾਬ ਦੀ ਸਿਆਸਤ ਵਿੱਚ ਨਵਾਂ ਮੋੜ ਆ ਸਕਦਾ ਹੈ ਅਤੇ 'ਆਪ' ਦੀ ਸਰਕਾਰ ਨੂੰ 2027 ਵਿੱਚ ਸਖ਼ਤ ਚੁਣੌਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

## ਰਾਮ ਮੰਦਰ ਵਿਚ ਸਭ ਮੁੱਖ ਉਸਾਰੀਆਂ ਜੁਲਾਈ ਤੱਕ ਮੁਕੰਮਲ ਹੋਣਗੀਆਂ

ਅਯੁੱਧਿਆ-ਰਾਮ ਮੰਦਰ ਨਿਰਮਾਣ ਕਮੇਟੀ ਦੇ ਚੇਅਰਮੈਨ ਨ੍ਰਿਪੇਂਦਰ ਮਿਸ਼ਰਾ ਨੇ ਕਿਹਾ ਕਿ ਇੱਥੇ ਰਾਮ ਮੰਦਰ ਦੀ ਉਸਾਰੀ ਆਪਣੇ ਅੰਤਿਮ ਪੜਾਅ ਵਿੱਚ ਹੈ ਅਤੇ ਇਸ ਦੀ ਉਸਾਰੀ ਦੇ ਸਾਰੇ ਵੱਡੇ ਕੰਮ ਜੁਲਾਈ ਦੇ ਅਖ਼ੀਰ ਤੱਕ ਪੂਰੇ ਹੋਣ ਦੀ ਉਮੀਦ ਹੈ। ਮਿਸ਼ਰਾ ਨੇ ਕਿਹਾ ਕਿ ਮੰਦਰ ਅਤੇ ਇਸ ਦੇ ਘੇਰੇ ਲਈ ਲੋੜੀਂਦੇ 14 ਲੱਖ ਘਣ ਫੁੱਟ ਬੰਸੀ ਪਹਾੜਪੁਰ ਪੱਥਰ ਵਿੱਚੋਂ 13 ਲੱਖ ਘਣ ਫੁੱਟ ਪਹਿਲਾਂ ਹੀ ਸਥਾਪਿਤ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਰਾਮ ਕਥਾ ਨੂੰ ਦਰਸਾਉਂਦੇ ਕੰਧ-ਚਿੱਤਰ ਮੰਦਰ ਦੇ ਲਗਭਗ



800 ਫੁੱਟ ਲੰਬੇ ਹੇਠਲੇ ਪਲਿੰਥ ਦੇ 500 ਫੁੱਟ 'ਤੇ ਪੂਰੇ ਹੋ ਚੁੱਕੇ ਹਨ। ਆਲੇ ਦੁਆਲੇ ਦੇ ਘੇਰੇ ਵਿੱਚ, ਯੋਜਨਾਬੱਧ ਕਾਂਸੇ ਦੇ 80 ਕੰਧ-ਚਿੱਤਰਾਂ ਵਿੱਚੋਂ 45 ਸਥਾਪਤ ਕੀਤੇ ਗਏ ਹਨ। ਉਨ੍ਹਾਂ ਕਿਹਾ, "ਭਾਰਤ ਵਿੱਚ ਪਹਿਲੀ ਵਾਰ ਕਿਸੇ ਵੀ ਮੰਦਰ ਦੀਆਂ ਖਿੜਕੀਆਂ ਵਿੱਚ ਟਾਈਟੇਨੀਅਮ ਧਾਤ ਦੀ ਵਰਤੋਂ ਕੀਤੀ ਜਾ ਰਹੀ ਹੈ।"

# ਪਹਿਲਾਂ ਦੇਸ਼ ਜਾਂ ਕਲਾਕਾਰ ਅਤੇ ਪੈਸਾ....?


**ਸੰਦੀਪ ਕੁਮਾਰ**
7009807121
ਐਮ.ਸੀ.ਏ, ਐਮ.ਏ
ਮਨੋਵਿਗਿਆਨ ਰੂਪਨਗਰ
liberalthinker1621@gmial.com




**ਇਸ ਸੰਦਰਭ 'ਚ ਦਿਲਜੀਤ ਦੁਸਾਂਝ ਦੀ ਫ਼ਿਲਮ "ਸਰਦਾਰ ਜੀ 3" ਦਾ ਵਿਵਾਦ ਵੀ ਸਾਹਮਣੇ ਆਉਂਦਾ ਹੈ। ਇਸ ਫ਼ਿਲਮ 'ਚ ਪਾਕਿਸਤਾਨੀ ਅਦਾਕਾਰਾ ਹਾਨੀਆ ਅਮੀਰ ਦੀ ਸ਼ਮੂਲੀਅਤ ਕਾਰਨ ਇਹ ਫ਼ਿਲਮ ਭਾਰਤ 'ਚ ਰਿਲੀਜ਼ ਨਹੀਂ ਹੋ ਰਹੀ, ਸਗੋਂ ਵਿਦੇਸ਼ਾਂ 'ਚ ਰਿਲੀਜ਼ ਕੀਤੀ ਜਾ ਰਹੀ ਹੈ। ਇਸ ਨੂੰ ਲੈ ਕੇ ਲੋਕਾਂ ਦੇ ਵਿਚਕਾਰ ਦੋ ਧਿਰਾਂ ਸਾਹਮਣੇ ਆਈਆਂ ਹਨ – ਇੱਕ ਧਿਰ ਇਸ ਦੇ ਵਿਰੋਧ 'ਚ ਹੈ, ਜਦਕਿ ਦੂਜੀ ਧਿਰ ਦਿਲਜੀਤ ਦੇ ਹੱਕ 'ਚ ਬਿਆਨ ਦੇ ਰਹੀ ਹੈ। ਹੱਕ 'ਚ ਬਿਆਨ ਦੇਣ ਵਾਲੇ ਦਲੀਲ ਦਿੰਦੇ ਹਨ ਕਿ ਦਿਲਜੀਤ, ਇੱਕ ਸਿੱਖ ਅਤੇ ਪੰਜਾਬੀ ਕਲਾਕਾਰ ਹੋਣ ਦੇ ਨਾਤੇ, ਜਾਣਬੁੱਝ ਕੇ ਨਿਸ਼ਾਨੇ 'ਤੇ ਲਿਆ ਜਾ ਰਿਹਾ ਹੈ। ਪਰ ਸਵਾਲ ਇਹ ਹੈ ਕਿ ਕੀ ਅਜਿਹੀ ਸੋਚ ਰੱਖਣਾ ਜਾਇਜ਼ ਹੈ? ਜਦੋਂ ਦੇਸ਼ ਦੇ ਮਾਣ-ਸਨਮਾਨ ਦਾ ਸਵਾਲ ਹੋਵੇ, ਤਾਂ ਕੀ ਕਲਾ ਨੂੰ ਇਸ ਤੋਂ ਉੱਪਰ ਰੱਖਿਆ ਜਾ ਸਕਦਾ ਹੈ?**




*ਭਾਰਤ ਅਤੇ ਪਾਕਿਸਤਾਨ ਦਰਮਿਆਨ ਤਣਾਅ ਦੀ ਸਥਿਤੀ ਨਵੀਂ ਨਹੀਂ। ਸਰਹੱਦੀ ਝੜਪਾਂ, ਰਾਜਨੀਤਕ ਬਿਆਨਬਾਜ਼ੀ ਅਤੇ ਸੱਭਿਆਚਾਰਕ ਮੁੱਦਿਆਂ ਨੇ ਸਮੇਂ-ਸਮੇਂ 'ਤੇ ਦੋਵਾਂ ਮੁਲਕਾਂ ਦੇ ਸੰਬੰਧਾਂ ਨੂੰ ਪ੍ਰਭਾਵਿਤ ਕੀਤਾ ਹੈ। ਪਹਿਲਗਾਮ ਹਮਲੇ ਵਰਗੀਆਂ ਘਟਨਾਵਾਂ ਨੇ ਇਸ ਤਣਾਅ ਨੂੰ ਹੋਰ ਤਿੱਖਾ ਕਰ ਦਿੱਤਾ, ਜਿਸ ਦਾ ਅਸਰ ਸਿਰਫ਼ ਸਿਆਸੀ ਅਤੇ ਸਮਾਜਿਕ ਪੱਧਰ 'ਤੇ ਹੀ ਨਹੀਂ, ਸਗੋਂ ਕਲਾਤਮਕ ਅਤੇ ਸੱਭਿਆਚਾਰਕ ਖੇਤਰ 'ਚ ਵੀ ਵੇਖਣ ਨੂੰ ਮਿਲਿਆ। ਇਸ ਲੇਖ 'ਚ ਅਸੀਂ ਇਸ ਸਵਾਲ ਦੀ ਪੜਚੋਲ ਕਰਾਂਗੇ ਕਿ ਜਦੋਂ ਦੇਸ਼ ਦੇ ਮਾਣ-ਸਨਮਾਨ ਦਾ ਸਵਾਲ ਖੜ੍ਹਾ ਹੁੰਦਾ ਹੈ, ਤਾਂ ਕੀ ਕਲਾਕਾਰਾਂ ਦੀ ਪਹਿਲ ਕਲਾ ਅਤੇ ਪੈਸੇ ਨੂੰ ਬਚਾਉਣੀ ਹੋਣੀ ਚਾਹੀਦੀ ਹੈ, ਜਾਂ ਆਪਣੇ ਦੇਸ਼ ਦੀ ਇੱਜ਼ਤ ਨੂੰ ਸਭ ਤੋਂ ਉੱਪਰ ਰੱਖਣਾ ਚਾਹੀਦਾ ਹੈ? ਖਾਸ ਕਰਕੇ, ਪਹਿਲਗਾਮ ਹਮਲੇ ਤੋਂ ਬਾਅਦ ਪਾਕਿਸਤਾਨੀ ਕਲਾਕਾਰਾਂ ਦੇ ਭਾਰਤ ਵਿਰੋਧੀ ਜ਼ਹਿਰੀਲੇ ਬਿਆਨਾਂ ਅਤੇ ਭਾਰਤੀ, ਖਾਸ ਕਰਕੇ ਪੰਜਾਬੀ ਕਲਾਕਾਰਾਂ ਦੀ ਇਸ ਸਥਿਤੀ 'ਚ ਭੂਮਿਕਾ 'ਤੇ ਚਰਚਾ ਕੀਤੀ ਜਾਵੇਗੀ।*

ਪਹਿਲਗਾਮ ਹਮਲੇ ਤੋਂ ਬਾਅਦ ਪਾਕਿਸਤਾਨੀ ਕਲਾਕਾਰਾਂ ਦੇ ਭਾਰਤ ਵਿਰੋਧੀ ਬਿਆਨਾਂ ਨੇ ਇੱਕ ਨਵਾਂ ਵਿਵਾਦ ਜਨਮਿਆ। ਇਹ ਉਹੀ ਕਲਾਕਾਰ ਹਨ, ਜਿਨ੍ਹਾਂ ਦੀ ਜੀਵਿਕਾ ਦਾ ਵੱਡਾ ਹਿੱਸਾ ਭਾਰਤੀ ਸਿਨੇਮਾ, ਜਿਵੇਂ ਕਿ ਬੋਲੀਵੁੱਡ, ਟਾਲੀਵੁੱਡ ਅਤੇ ਪੰਜਾਬੀ ਫ਼ਿਲਮ ਇੰਡਸਟਰੀ, ਨਾਲ ਜੁੜਿਆ ਹੋਇਆ ਹੈ। ਬਹੁਤਾਤ ਗਿਣਤੀ ਵਿੱਚ ਪਾਕਿਸਤਾਨੀ ਕਲਾਕਾਰ ਭਾਰਤੀ ਸਿਨੇਮਾ 'ਤੇ ਨਿਰਭਰ ਹਨ। ਇਸ ਦੇ ਬਾਵਜੂਦ, ਜਦੋਂ ਭਾਰਤ ਅਤੇ ਪਾਕਿਸਤਾਨ ਵਿਚਕਾਰ ਟਕਰਾਅ ਦੀ ਸਥਿਤੀ ਪੈਦਾ ਹੋਈ, ਇਨ੍ਹਾਂ ਕਲਾਕਾਰਾਂ ਨੇ ਆਪਣੇ ਦੇਸ਼ ਦੇ ਹੱਕ 'ਚ ਖੜ੍ਹ ਕੇ ਭਾਰਤ ਵਿਰੁੱਧ ਜ਼ਹਿਰੀਲੇ ਅਤੇ ਨਫ਼ਰਤ ਭਰੇ ਬਿਆਨ ਦਿੱਤੇ। ਇਹ ਵਰਤਾਰਾ ਨਾ ਸਿਰਫ਼ ਉਨ੍ਹਾਂ ਦੀ ਦੇਸ਼ਭਗਤੀ ਨੂੰ ਦਰਸਾਉਂਦਾ ਹੈ, ਸਗੋਂ ਇੱਕ ਤਰ੍ਹਾਂ ਦੀ ਦੋਗਲੀ ਸੋਚ ਨੂੰ ਵੀ ਉਜਾਗਰ ਕਰਦਾ ਹੈ। ਜਿੱਥੇ ਇੱਕ ਪਾਸੇ ਉਹ ਭਾਰਤੀ ਸਿਨੇਮਾ ਦੀ ਸਫ਼ਲਤਾ ਨਾਲ ਆਪਣੀ ਜੀਵਿਕਾ ਚਲਾਉਂਦੇ ਹਨ, ਉੱਥੇ ਹੀ ਮੌਕਾ ਪੈਣ 'ਤੇ ਉਹ ਆਪਣੇ ਦੇਸ਼ ਦੇ ਹੱਕ 'ਚ ਖੜ੍ਹ ਜਾਂਦੇ ਹਨ, ਭਾਵੇਂ ਇਸ ਨਾਲ ਭਾਰਤ ਦੇ ਮਾਣ-ਸਨਮਾਨ ਨੂੰ ਠੇਸ ਪਹੁੰਚੇ।

ਇਸ ਦੇ ਉਲਟ, ਭਾਰਤੀ ਕਲਾਕਾਰਾਂ, ਖਾਸ ਕਰਕੇ ਪੰਜਾਬ ਦੇ ਕਲਾਕਾਰਾਂ ਦਾ ਵੱਡਾ ਹਿੱਸਾ ਇਸ ਮੁੱਦੇ 'ਤੇ ਮੌਨ ਰਿਹਾ। ਜਿਵੇਂ ਕਿਹਾ ਜਾਂਦਾ ਹੈ, "ਉਨ੍ਹਾਂ ਦੇ ਮੂੰਹ 'ਚ ਦਹੀਂ ਜੰਮ ਗਿਆ ਹੋਵੇ।" ਇਹ ਮੌਨਤਾ ਨਾ ਸਿਰਫ਼ ਨਿੰਦਣਯੋਗ ਹੈ, ਸਗੋਂ ਦੇਸ਼ ਦੇ ਸਨਮਾਨ ਲਈ ਢਾਹ ਲਾਉਣ ਵਾਲੀ ਵੀ ਹੈ। ਹਾਲਾਂਕਿ, ਕੁਝ ਕਲਾਕਾਰ ਜਿਵੇਂ ਕਿ ਬੀਨੂ ਢਿੱਲੋਂ ਅਤੇ ਦੇਵ ਖਰੋੜ ਨੇ ਖੁੱਲ੍ਹ ਕੇ ਭਾਰਤ ਦੇ ਹੱਕ 'ਚ ਆਵਾਜ਼ ਉਠਾਈ ਅਤੇ ਪਾਕਿਸਤਾਨੀ ਕਲਾਕਾਰਾਂ ਨਾਲ ਕੰਮ ਕਰਨ ਤੋਂ ਇਨਕਾਰ ਕਰ ਦਿੱਤਾ। ਇਸੇ ਤਰ੍ਹਾਂ, ਪੰਜਾਬ ਦੇ ਮੁੱਖ ਮੰਤਰੀ ਅਤੇ ਸਦਾਬਹਾਰ ਕਲਾਕਾਰ ਸ੍ਰੀ ਭਗਵੰਤ ਸਿੰਘ ਮਾਨ ਨੇ ਪਾਕਿਸਤਾਨੀ ਕਲਾਕਾਰਾਂ ਦੇ ਬਿਆਨਾਂ ਦੀ ਸਖ਼ਤ ਨਿੰਦਾ ਕਰਦਿਆਂ ਉਨ੍ਹਾਂ ਨੂੰ "ਉਨ੍ਹਾਂ ਦੀ ਹੈਸੀਅਤ ਦਾ ਅਸਲੀ ਸ਼ੀਸ਼ਾ" ਵਿਖਾਇਆ। ਇਹਨਾਂ ਕੁਝ ਕਲਾਕਾਰਾਂ ਦੀਆਂ ਕਾਰਵਾਈਆਂ ਨੇ ਸਪਸ਼ਟ ਕੀਤਾ ਕਿ ਦੇਸ਼ ਦਾ ਮਾਣ-ਸਨਮਾਨ ਕਲਾ ਅਤੇ ਪੈਸੇ ਤੋਂ ਉੱਪਰ ਹੈ।

ਪੰਜਾਬੀ ਸੱਭਿਆਚਾਰ 'ਚ ਅਕਸਰ ਇਹ ਢੰਡੋਰਾ ਪਿੱਟਿਆ ਜਾਂਦਾ ਹੈ ਕਿ "ਕਲਾ ਦੀ ਕੋਈ ਸਰਹੱਦ ਨਹੀਂ ਹੁੰਦੀ" ਅਤੇ "ਕਲਾ ਸਿਰਫ਼ ਪਿਆਰ ਵੰਡਣਾ ਜਾਣਦੀ ਹੈ।" ਪਰ ਸਵਾਲ ਇਹ ਹੈ ਕਿ ਕੀ ਇਹ ਸੋਚ ਸਿਰਫ਼ ਭਾਰਤੀ, ਖਾਸ ਕਰਕੇ ਪੰਜਾਬੀ ਕਲਾਕਾਰਾਂ ਦੀ ਹੈ? ਪਾਕਿਸਤਾਨੀ ਕਲਾਕਾਰਾਂ 'ਚ ਅਜਿਹੀ ਸੋਚ ਕਿਉਂ ਨਹੀਂ ਵਿਖਾਈ ਦਿੰਦੀ? ਜਦੋਂ ਟਕਰਾਅ ਦੀ ਸਥਿਤੀ ਆਈ, ਪਾਕਿਸਤਾਨੀ ਕਲਾਕਾਰਾਂ ਨੇ ਬਿਨਾਂ ਸੰਕੋਚ ਦੇ ਆਪਣੇ ਦੇਸ਼ ਦਾ ਸਾਥ ਦਿੱਤਾ, ਭਾਵੇਂ ਉਨ੍ਹਾਂ ਦੀ ਜੀਵਿਕਾ ਭਾਰਤ 'ਚ ਚੱਲ ਰਹੀ ਸੀ। ਇਹ ਦਰਸਾਉਂਦਾ ਹੈ ਕਿ ਉਨ੍ਹਾਂ ਲਈ ਦੇਸ਼ ਦਾ ਮਾਣ-ਸਨਮਾਨ ਕਲਾ ਅਤੇ ਪੈਸੇ ਤੋਂ ਉੱਪਰ ਸੀ। ਪਰ ਭਾਰਤ 'ਚ, ਖਾਸ ਕਰਕੇ ਪੰਜਾਬ 'ਚ, ਕਈ ਕਲਾਕਾਰ ਇਸ ਸੋਚ ਦੇ ਪਿੱਛੇ ਲੁਕ ਜਾਂਦੇ ਹਨ ਕਿ ਕਲਾ ਸਰਹੱਦਾਂ ਤੋਂ ਪਰ੍ਹੇ ਹੈ। ਇਹ ਦੋਗਲੀ ਸੋਚ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ।

ਇਸ ਸੰਦਰਭ 'ਚ ਦਿਲਜੀਤ ਦੁਸਾਂਝ ਦੀ ਫ਼ਿਲਮ "ਸਰਦਾਰ ਜੀ 3" ਦਾ ਵਿਵਾਦ ਵੀ ਸਾਹਮਣੇ ਆਉਂਦਾ ਹੈ। ਇਸ ਫ਼ਿਲਮ 'ਚ ਪਾਕਿਸਤਾਨੀ ਅਦਾਕਾਰਾ ਹਾਨੀਆ ਅਮੀਰ ਦੀ ਸ਼ਮੂਲੀਅਤ ਕਾਰਨ ਇਹ ਫ਼ਿਲਮ ਭਾਰਤ 'ਚ ਰਿਲੀਜ਼ ਨਹੀਂ ਹੋ ਰਹੀ, ਸਗੋਂ ਵਿਦੇਸ਼ਾਂ 'ਚ ਰਿਲੀਜ਼ ਕੀਤੀ ਜਾ ਰਹੀ ਹੈ। ਇਸ ਨੂੰ ਲੈ ਕੇ ਲੋਕਾਂ ਦੇ ਵਿਚਕਾਰ ਦੋ ਧਿਰਾਂ ਸਾਹਮਣੇ ਆਈਆਂ ਹਨ – ਇੱਕ ਧਿਰ ਇਸ ਦੇ ਵਿਰੋਧ 'ਚ ਹੈ, ਜਦਕਿ ਦੂਜੀ ਧਿਰ ਦਿਲਜੀਤ ਦੇ ਹੱਕ 'ਚ ਬਿਆਨ ਦੇ ਰਹੀ ਹੈ। ਹੱਕ 'ਚ ਬਿਆਨ ਦੇਣ ਵਾਲੇ ਦਲੀਲ ਦਿੰਦੇ ਹਨ ਕਿ ਦਿਲਜੀਤ, ਇੱਕ ਸਿੱਖ ਅਤੇ ਪੰਜਾਬੀ ਕਲਾਕਾਰ ਹੋਣ ਦੇ ਨਾਤੇ, ਜਾਣਬੁੱਝ ਕੇ ਨਿਸ਼ਾਨੇ 'ਤੇ ਲਿਆ ਜਾ ਰਿਹਾ ਹੈ। ਪਰ ਸਵਾਲ ਇਹ ਹੈ ਕਿ ਕੀ ਅਜਿਹੀ ਸੋਚ ਰੱਖਣਾ ਜਾਇਜ਼ ਹੈ? ਜਦੋਂ ਦੇਸ਼ ਦੇ ਮਾਣ-ਸਨਮਾਨ ਦਾ ਸਵਾਲ ਹੋਵੇ, ਤਾਂ ਕੀ ਕਲਾ ਨੂੰ ਇਸ ਤੋਂ ਉੱਪਰ ਰੱਖਿਆ ਜਾ ਸਕਦਾ ਹੈ? ਪਾਕਿਸਤਾਨੀ ਕਲਾਕਾਰ ਨੂੰ ਫਿਲਮ ਵਿੱਚ ਲੈਣ ਦਾ ਮਕਸਦ ਕਲਾ ਦੀ ਸਾਂਝ ਨੂੰ ਵਧਾਉਣ ਦੀ ਥਾਂ ਪੂਰੀ ਤਰ੍ਹਾਂ ਵਪਾਰਕ ਉਦੇਸ਼ ਹੁੰਦਾ ਹੈ,ਕਿਉਂਕਿ ਇਸ ਨਾਲ ਆਪਣੇ ਮੁਲਕ ਦੀ ਜਨਤਾ ਦੇ ਨਾਲ-2 ਗਵਾਂਢੀ ਮੁਲਕ ਦੀ ਕਾਲਕਾਰ ਫੈਨ ਫੋਲਵਿੰਗ ਵੀ ਮੂਵੀ ਦੇਖਦੀ ਹੈ। ਜਿਸ ਨਾਲ ਫਿਲਮ ਦੀ ਕਮਾਈ ਵਿੱਚ ਵਾਧਾ ਹੁੰਦਾ ਹੈ।

ਪੰਜਾਬੀ ਸੱਭਿਆਚਾਰ 'ਚ ਅਸੀਂ ਅਕਸਰ ਗੁਰਬਾਣੀ ਨੂੰ ਇਨਸਾਨੀਅਤ ਅਤੇ ਆਪਣੇ ਸਮਾਜਿਕ ਜੀਵਨ ਦਾ ਹਿੱਸਾ ਬਣਾਉਣ ਦੀ ਗੱਲ ਕਰਦੇ ਹਾਂ। ਗੁਰਬਾਣੀ 'ਚ ਕਿਹਾ ਗਿਆ ਹੈ, "ਸੋ ਕਿਉ ਮੰਦਾ ਆਖੀਐ ਜਿਤੁ ਜੰਮੇ ਰਾਜਾਨ," ਗੁਰਬਾਣੀ ਦੀ ਇਹ ਤੁੱਕ ਔਰਤ ਦੀ ਮਹੱਤਤਾ,ਉਸ ਦੀ ਇਜ਼ਤ ਅਤੇ ਉਸਦੇ ਸਨਮਾਨ ਨੂੰ ਦਰਸਾਉਂਦੀ ਹੈ, ਪਰ ਜਦ ਉਹ ਹੀ ਔਰਤ ਆਪਣੀ ਪਸੰਦ ਨਾਲ ਵਿਆਹ ਕਰਵਾ ਲੈਂਦੀ ਹੈ ਤਾਂ ਅਣਖ ਦੀ ਖਾਤਰ ਅਸੀਂ ਉਸ ਦਾ ਕਤਲ ਕਰਨ ਤੋਂ ਵੀ ਗੁਰੇਜ ਨਹੀਂ ਕਰਦੇ। ਉਸ ਸਮੇਂ ਸਾਡੀ ਦਾਇਆ ਅਤੇ ਸਦਭਾਵਨਾ ਕਿਥੇ ਚੱਲੀ ਜਾਂਦੀ ਹੈ? ਜਦੋਂ ਅਸੀਂ ਆਪਣੇ ਸਮਾਜ 'ਚ ਜਾਤ-ਪਾਤ ਅਤੇ ਮਨਮੁਟਾਵ ਕਾਰਨ ਲੜਾਈਆਂ ਕਰਦੇ ਹਾਂ, ਤਾਂ ਇਹ ਸਾਂਝ ਅਤੇ ਪਿਆਰ ਭਰੀ ਸਿੱਖਿਆ ਕਿੱਥੇ ਚਲੀ ਜਾਂਦੀ ਹੈ? ਅਸੀਂ ਗੁਰੂ ਸਾਹਿਬਾਨ ਦੀ ਸਿੱਖਿਆ ਨੂੰ ਮੂੰਹ 'ਤੇ ਮੰਨਦੇ ਹਾਂ, ਪਰ ਜਦੋਂ ਸੰਵਿਧਾਨਕ ਜਾਤੀਗਤ ਲਾਭ ਜਾਂ ਸਿਆਸੀ ਫਾਇਦੇ ਦੀ ਗੱਲ ਆਉਂਦੀ ਹੈ, ਤਾਂ ਅਸੀਂ ਉਸੇ ਸਿੱਖਿਆ ਨੂੰ ਵਿਸਾਰ ਦਿੰਦੇ ਹਾਂ। ਇਹ ਦੋਗਲਾਪਣ ਸਾਡੀ ਸੋਚ ਦੀ ਸਭ ਤੋਂ ਵੱਡੀ ਕਮਜ਼ੋਰੀ ਹੈ। ਇਸੇ ਤਰ੍ਹਾਂ, ਜਦੋਂ ਅਸੀਂ ਗਵਾਂਢੀ ਮੁਲਕ ਦੇ ਕਲਾਕਾਰਾਂ ਦੀ ਸਹਿਮਤੀ 'ਚ ਖੜ੍ਹਦੇ ਹਾਂ, ਤਾਂ ਅਸੀਂ ਆਪਣੇ ਸੂਰਮਿਆਂ ਦੀਆਂ ਸ਼ਹਾਦਤਾਂ ਨੂੰ ਭੁੱਲ ਜਾਂਦੇ ਹਾਂ। ਮਹਾਰਾਜਾ ਰਣਜੀਤ ਸਿੰਘ, ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਵਰਗੇ ਸੂਰਵੀਰ ਸਾਡੇ ਰੋਲ ਮਾਡਲ ਹਨ ਅਤੇ ਗਵਾਂਢੀ ਮੁਲਕ ਦੇ ਵੀ ਹੋਣੇ ਚਾਹੀਦੇ ਸਨ। ਪਰ ਪਾਕਿਸਤਾਨ 'ਚ ਮੁਹੰਮਦ ਗੌਰੀ, ਮਹਿਮੂਦ ਗਜ਼ਨਵੀ ਅਤੇ ਬਾਬਰ ਵਰਗੇ ਆਕਰਮਣਕਾਰੀਆਂ ਨੂੰ ਆਪਣਾ ਰੋਲ ਮਾਡਲ ਤਹਿ ਕੀਤਾ ਗਿਆ ਹੈ। ਇਹ ਵੀ ਦੁਖਦਾਈ ਸੱਚਾਈ ਹੈ ਕਿ ਲਾਹੌਰ 'ਚ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਨੂੰ ਵੀ ਇਸੇ ਨਫਰਤ ਕਰਕੇ ਤੋੜ ਦਿੱਤਾ ਗਿਆ, ਜੋ ਸਾਡੇ ਸਾਂਝੇ ਇਤਿਹਾਸ ਨੂੰ ਨਕਾਰਨ ਦਾ ਸਬੂਤ ਹੈ।

ਭਾਰਤ 'ਚ ਸਿੱਖ ਜਗਤ ਨੂੰ ਹਮੇਸ਼ਾ ਬਣਦਾ ਸਨਮਾਨ ਦਿੱਤਾ ਜਾਂਦਾ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਨੇ ਵਾਰ-ਵਾਰ ਸਿੱਖ ਕੌਮ ਦੀਆਂ ਸੇਵਾਵਾਂ ਅਤੇ ਸ਼ਹਾਦਤਾਂ ਨੂੰ ਸਰਾਹਿਆ ਹੈ। ਦਿਲਜੀਤ ਦੁਸਾਂਝ, ਜਿਨ੍ਹਾਂ ਨੇ ਆਪਣੀ ਕਲਾ ਨਾਲ ਦੇਸ਼ ਦਾ ਨਾਮ ਰੌਸ਼ਨ ਕੀਤਾ, ਨੂੰ ਵੀ ਪ੍ਰਧਾਨ ਮੰਤਰੀ ਵੱਲੋਂ ਵਿਸ਼ੇਸ਼ ਸਨਮਾਨ ਦਿੱਤਾ ਗਿਆ। ਇਹ ਦਰਸਾਉਂਦਾ ਹੈ ਕਿ ਦੇਸ਼ ਦਾ ਸਨਮਾਨ ਅਤੇ 2 ਪ੍ਰਤੀਸ਼ਤ ਸਿੱਖ ਭਾਈਚਾਰੇ ਦੀ ਇੱਜ਼ਤ ਨੂੰ ਹਮੇਸ਼ਾ ਪਹਿਲ ਦਿੱਤੀ ਜਾਂਦੀ ਹੈ। ਇਹੀ ਕਾਰਨ ਹੈ ਕਿ ਭਾਰਤ ਵਿੱਚ ਵੱਡੇ ਤੋਂ ਵੱਡੇ ਅਹੁਦੇ ਤੇ ਸਿੱਖ ਜਗਤ ਦੀ ਸਰਦਾਰੀ ਸੀ, ਹੈ ਅਤੇ ਰਹੇਗੀ। ਫਿਰ ਸਵਾਲ ਇਹ ਉੱਠਦਾ ਹੈ ਕਿ "ਸਾਡੀ ਏਡੀ ਕਿਹੜੀ ਕਿਹੜੀ ਬੇਲਣੇ 'ਚ ਬਾਂਹ ਫਸੀ ਹੋਈ ਹੈ" ਕਿ ਅਸੀਂ ਗਵਾਂਢੀ ਮੁਲਕ ਦੇ ਹੱਕ 'ਚ ਉਸ ਦੇ ਨਾਗਰਿਕਾਂ ਨਾਲੋਂ ਵੀ ਜ਼ਿਆਦਾ ਸਟੈਂਡ ਲੈਂਦੇ ਹਾਂ?

ਇਸ ਸਾਰੀ ਚਰਚਾ ਦਾ ਸਾਰ ਇਹ ਹੈ ਕਿ ਸਾਨੂੰ ਆਪਣੀ ਸੋਚ 'ਚ ਸਪਸ਼ਟਤਾ ਲਿਆਉਣ ਦੀ ਲੋੜ ਹੈ। ਕਲਾ ਅਤੇ ਪੈਸਾ ਮਹੱਤਵਪੂਰਨ ਹਨ, ਪਰ ਜਦੋਂ ਦੇਸ਼ ਦੇ ਮਾਣ-ਸਨਮਾਨ ਦਾ ਸਵਾਲ ਹੋਵੇ, ਤਾਂ ਸਾਡੀ ਪਹਿਲ ਦੇਸ਼ ਹੋਣੀ ਚਾਹੀਦੀ ਹੈ। ਗੁਰਬਾਣੀ ਦੀ ਸਿੱਖਿਆ ਸਾਨੂੰ ਸਮਾਨਤਾ ਅਤੇ ਪਿਆਰ ਦਾ ਸੁਨੇਹਾ ਦਿੰਦੀ ਹੈ, ਪਰ ਇਹ ਸੁਨੇਹਾ ਉਦੋਂ ਹੀ ਅਰਥਪੂਰਨ ਹੈ, ਜਦੋਂ ਅਸੀਂ ਆਪਣੇ ਦੇਸ਼ ਅਤੇ ਸੱਭਿਆਚਾਰ ਦੀ ਇੱਜ਼ਤ ਨੂੰ ਸਭ ਤੋਂ ਉੱਪਰ ਰੱਖੀਏ। ਸਾਨੂੰ ਆਪਣੇ ਦੋਗਲੇਪਣ ਨੂੰ ਤਿਆਗ ਕੇ ਇੱਕ ਅਜਿਹੀ ਸੋਚ ਅਪਣਾਉਣੀ ਚਾਹੀਦੀ ਹੈ, ਜੋ ਸਾਡੀ ਅਗਲੀ ਪੀੜ੍ਹੀ ਲਈ ਰੋਲ ਮਾਡਲ ਬਣ ਸਕੇ। ਅੰਤ 'ਚ, ਸਾਨੂੰ ਇਹ ਤੈਅ ਕਰਨਾ ਹੋਵੇਗਾ ਕਿ ਸਾਡੇ ਲਈ ਪਹਿਲਾਂ ਕੀ ਹੈ – ਦੇਸ਼ ਜਾਂ ਕਲਾਕਾਰ ਅਤੇ ਪੈਸਾ? ਜੇ ਅਸੀਂ ਆਪਣੇ ਦੇਸ਼ ਦੇ ਮਾਣ-ਸਨਮਾਨ ਨੂੰ ਸਭ ਤੋਂ ਉੱਪਰ ਨਹੀਂ ਰੱਖ ਸਕਦੇ, ਤਾਂ ਸਾਡੀ ਕਲਾ ਅਤੇ ਪੈਸੇ ਦੀ ਕਮਾਈ ਵੀ ਬੇਅਰਥ ਹੈ।

* * * * * * *

# ਨਿਊਜ਼ੀਲੈਂਡ ਵਿੱਚ ਈਸਾਈ ਰਾਸ਼ਟਰ ਦੀ ਮੰਗ

**○ ਧਾਰਮਿਕ ਝੰਡਿਆਂ ਨੂੰ ਅੱਗ ਲਗਾਉਣ ਵਾਲੀ ਰੈਲੀ ਨੇ ਵਿਵਾਦ ਖੜ੍ਹਾ ਕੀਤਾ ○ ਬਰਾਇਨ ਤਮਾਕੀ ਦੀ ਅਗਵਾਈ ਵਿੱਚ ਔਕਲੈਂਡ ਵਿੱਚ ਹਿੰਸਕ ਪ੍ਰਦਰਸ਼ਨ ○ ਘੱਟ-ਗਿਣਤੀ ਭਾਈਚਾਰਿਆਂ ਵਿੱਚ ਦਹਿਸ਼ਤ, ਸਰਕਾਰ ਅਤੇ ਸਿਆਸੀ ਪਾਰਟੀਆਂ ਨੇ ਘਟਨਾ ਦੀ ਕੀਤੀ ਨਿੰਦਾ**





ਖਾਸ ਖਬਰ

ਨਿਊਜ਼ੀਲੈਂਡ ਦੇ ਸ਼ਹਿਰ ਔਕਲੈਂਡ ਵਿੱਚ ਬੀਤੇ ਦਿਨੀਂ ਡੈਸਟਿਨੀ ਚਰਚ ਦੇ ਮੁਖੀ ਬਰਾਇਨ ਤਮਾਕੀ ਦੀ ਅਗਵਾਈ ਵਿੱਚ ਇੱਕ ਰੈਲੀ ਨੇ ਦੇਸ਼ ਦੀ ਸ਼ਾਂਤਮਈ ਅਤੇ ਬਹੁ-ਸਭਿਆਚਾਰਕ ਪਛਾਣ ਨੂੰ ਹਿਲਾ ਦਿੱਤਾ ਸੀ। ਇਸ ਰੈਲੀ ਵਿੱਚ ਸੈਂਕੜੇ ਲੋਕ ਸ਼ਾਮਲ ਸਨ, ਜਿਨ੍ਹਾਂ ਨੇ ਹਿੰਦੂ, ਸਿੱਖ, ਬੋਧੀ, ਇਸਲਾਮੀ, ਫਲਸਤੀਨੀ ਅਤੇ ਐਲਜੀਬੀਟੀਕਿਉ+ ਭਾਈਚਾਰੇ ਦੇ ਝੰਡਿਆਂ ਨੂੰ ਨਾ ਸਿਰਫ਼ ਫਾੜਿਆ ਅਤੇ ਪੈਰਾਂ ਹੇਠ ਰੋਲਿਆ, ਸਗੋਂ ਕਈ ਝੰਡਿਆਂ ਨੂੰ ਅੱਗ ਵੀ ਲਗਾਈ। ਇਸ ਦੌਰਾਨ ਪ੍ਰਦਰਸ਼ਨਕਾਰੀਆਂ ਨੇ "ਫੇਥ, ਫਲੈਗ, ਫੈਮਿਲੀ" ਅਤੇ "ਨੋ ਇਮੀਗ੍ਰੇਸ਼ਨ ਵਿਦਾਊਟ ਅਸੀਮੀਲੇਸ਼ਨ" (ਅਸੀਮੀਲੇਸ਼ਨ ਤੋਂ ਬਿਨਾਂ ਕੋਈ ਇਮੀਗ੍ਰੇਸ਼ਨ ਨਹੀਂ) ਵਰਗੇ ਨਾਅਰੇ ਲਗਾਏ। ਰੈਲੀ ਦੀ ਸ਼ੁਰੂਆਤ ਐਂਟੀਆ ਸਕੁਏਅਰ ਤੋਂ ਹੋਈ ਅਤੇ ਕਵੀਨ ਸਟਰੀਟ ਤੱਕ ਜਾਰੀ ਰਹੀ, ਜਿੱਥੇ ਪ੍ਰਦਰਸ਼ਨਕਾਰੀਆਂ ਨੇ ਨਿਊਜ਼ੀਲੈਂਡ ਨੂੰ "ਈਸਾਈ ਰਾਸ਼ਟਰ" ਐਲਾਨਣ ਦੀ ਮੰਗ ਕੀਤੀ।

ਬਰਾਇਨ ਤਮਾਕੀ, ਜੋ ਆਪਣੇ ਵਿਵਾਦਤ ਬਿਆਨਾਂ ਅਤੇ ਕਾਰਵਾਈਆਂ ਕਾਰਨ ਪਹਿਲਾਂ ਵੀ ਸੁਰਖੀਆਂ ਵਿੱਚ ਰਹੇ ਹਨ, ਨੇ ਇਸ ਰੈਲੀ ਨੂੰ "ਈਸਾਈ ਮੁੱਲਾਂ, ਕੀਵੀ ਪਛਾਣ ਅਤੇ ਦੇਸ਼ ਦੇ ਭਵਿੱਖ" ਦੇ ਸਮਰਥਨ ਵਿੱਚ ਕਰਾਰ ਦਿੱਤਾ। ਉਨ੍ਹਾਂ ਨੇ ਆਪਣੇ ਸਮਰਥਕਾਂ ਨੂੰ "ਕਾਮਨਵੈਲਥ ਕਰੂਸੇਡ" ਸ਼ੁਰੂ ਕਰਨ ਦਾ ਸੱਦਾ ਦਿੱਤਾ, ਜਿਸ ਦਾ ਮਕਸਦ "ਈਸਾਈ ਦੇਸ਼ਾਂ ਨੂੰ ਮੁੜ ਸਥਾਪਤ ਕਰਨਾ" ਹੈ।

ਤਮਾਕੀ ਨੇ ਦਾਅਵਾ ਕੀਤਾ ਕਿ "ਗੈਰ-ਈਸਾਈ ਧਰਮਾਂ ਦਾ ਪਸਾਰ ਹੁਣ ਕਾਬੂ ਤੋਂ ਬਾਹਰ ਹੋ ਚੁੱਕਾ ਹੈ" ਅਤੇ "ਬਿਨਾਂ ਅਸੀਮੀਲੇਸ਼ਨ ਦੇ ਇਮੀਗ੍ਰੇਸ਼ਨ ਇੱਕ ਹਮਲਾ ਹੈ।" ਇਸ ਤੋਂ ਪਹਿਲਾਂ, ਤਮਾਕੀ ਨੇ ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਸ਼ਟੋਪ ਇੱਕ ਖੁੱਲ੍ਹਾ ਪੱਤਰ ਭੇਜਿਆ, ਜਿਸ ਵਿੱਚ ਨਿਊਜ਼ੀਲੈਂਡ ਦੀ ਧਰਮ ਨਿਰਪੇਖ ਨੀਤੀ ਨੂੰ ਰੱਦ ਕਰਨ ਅਤੇ ਈਸਾਈਅਤ ਨੂੰ ਸਰਕਾਰੀ ਧਰਮ ਘੋਸ਼ਿਤ ਕਰਨ ਦੀ ਮੰਗ ਕੀਤੀ ਗਈ। ਇਸ ਨੇ ਦੇਸ਼ ਦੀ ਬਹੁ-ਸਭਿਆਚਾਰਕ ਅਤੇ ਧਰਮ ਨਿਰਪਖ ਪਛਾਣ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ।

### ਘੱਟ-ਗਿਣਤੀ ਵਿੱਚ ਦਹਿਸ਼ਤ ਅਤੇ ਸਰਕਾਰ ਦੀ ਪ੍ਰਤੀਕਿਰਿਆ

ਇਸ ਘਟਨਾ ਨੇ ਨਿਊਜ਼ੀਲੈਂਡ ਦੇ ਸਿੱਖ, ਹਿੰਦੂ, ਬੋਧੀ, ਇਸਲਾਮੀ ਅਤੇ ਹੋਰ ਘੱਟ-ਗਿਣਤੀ ਭਾਈਚਾਰਿਆਂ ਵਿੱਚ ਦਹਿਸ਼ਤ ਪੈਦਾ ਕਰ ਦਿੱਤੀ। ਸੁਪਰੀਮ ਸਿੱਖ ਸੁਸਾਇਟੀ ਦੇ ਪ੍ਰਧਾਨ ਦਲਜੀਤ ਸਿੰਘ ਨੇ ਕਿਹਾ, "ਬਰਾਇਨ ਤਮਾਕੀ ਦੀਆਂ ਕਾਰਵਾਈਆਂ ਆਧੁਨਿਕ ਨਿਊਜ਼ੀਲੈਂਡ ਵਿੱਚ ਕੋਈ ਸਥਾਨ ਨਹੀਂ ਰੱਖਦੀਆਂ। ਕੋਈ ਵੀ ਧਰਮ ਨਫਰਤ ਨਹੀਂ ਸਿਖਾਉਂਦਾ, ਸਾਰੇ ਧਰਮ ਸ਼ਾਂਤੀ ਦਾ ਸੁਨੇਹਾ ਦਿੰਦੇ ਹਨ।"

ਫੈਡਰੇਸ਼ਨ ਆਫ ਇਸਲਾਮਿਕ ਅਸੋਸੀਏਸ਼ਨਜ਼ ਆਫ ਨਿਊਜ਼ੀਲੈਂਡ, ਕੰਬਾਈਂਡ ਸਿੱਖ ਅਸੋਸੀਏਸ਼ਨ ਅਤੇ ਨਿਊਜ਼ੀਲੈਂਡ ਬੁੱਧਿਸਟ ਕੌਂਸਲ ਨੇ ਸਾਂਝੇ ਬਿਆਨ ਵਿੱਚ ਸਿਆਸੀ ਆਗੂਆਂ ਨੂੰ "ਨਫਰਤੀ ਅਪਰਾਧਾਂ ਦੇ ਵਧਣ ਤੋਂ ਪਹਿਲਾਂ ਕਾਰਵਾਈ" ਕਰਨ ਦੀ ਅਪੀਲ ਕੀਤੀ। ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ 2019 ਦੇ ਕ੍ਰਾਈਸਟਚਰਚ ਮਸਜਿਦ ਹਮਲਿਆਂ ਵਰਗੀ ਸਥਿਤੀ ਮੁੜ ਪੈਦਾ ਹੋ ਸਕਦੀ ਹੈ। ਉਪ ਪ੍ਰਧਾਨ ਮੰਤਰੀ ਡੇਵਿਡ ਸੀਮੋਰ ਨੇ ਇਸ ਰੈਲੀ ਨੂੰ "ਅਨ-ਕੀਵੀ" (ਨਿਊਜ਼ੀਲੈਂਡ ਦੀ ਭਾਵਨਾ ਦੇ ਉਲਟ) ਕਰਾਰ ਦਿੱਤਾ ਅਤੇ ਕਿਹਾ ਕਿ ਨਿਊਜ਼ੀਲੈਂਡ ਵਿਭਿੰਨਤਾ ਨੂੰ ਅਪਣਾਉਣ ਵਾਲਾ ਦੇਸ਼ ਹੈ।

ਜਾਤੀ ਭਾਈਚਾਰਿਆਂ ਦੇ ਮੰਤਰੀ ਮਾਰਕ ਮਿਸ਼ੇਲ ਨੇ ਵੀ ਇਸ ਘਟਨਾ ਨੂੰ "ਹੈਰਾਨਕੁੰਨ" ਅਤੇ "ਗੈਰ-ਈਸਾਈ" ਦੱਸਿਆ, ਖਾਸ ਤੌਰ 'ਤੇ ਮਾਓਰੀ ਸਭਿਆਚਾਰ ਦੇ ਪਵਿੱਤਰ ਹਥਿਆਰ 'ਤੈਆਹਾ' ਦੀ ਵਰਤੋਂ ਨੂੰ ਝੰਡੇ ਫਾੜਨ ਲਈ ਅਪਮਾਨਜਨਕ ਮੰਨਿਆ। ਸਰਕਾਰ ਨੇ ਸੰਕੇਤ ਦਿੱਤਾ ਹੈ ਕਿ ਨਿਊਜ਼ੀਲੈਂਡ ਲਾਅ ਕਮਿਸ਼ਨ ਅਜਿਹੀਆਂ ਘਟਨਾਵਾਂ ਨਾਲ ਨਜਿੱਠਣ ਲਈ ਸਖ਼ਤ ਕਾਨੂੰਨ 'ਤੇ ਵਿਚਾਰ ਕਰ ਰਿਹਾ ਹੈ।

### ਅਖਬਾਰਾਂ ਅਤੇ ਸਿਆਸੀ ਪਾਰਟੀਆਂ ਦਾ ਪ੍ਰਤੀਕਿਰਿਆ

ਨਿਊਜ਼ੀਲੈਂਡ ਅਤੇ ਆਸਟਰੇਲੀਆ ਦੀਆਂ ਅਖਬਾਰਾਂ ਨੇ ਇਸ ਘਟਨਾ ਨੂੰ ਵਿਆਪਕ ਕਵਰੇਜ ਦਿੱਤੀ। 'ਦ ਨਿਊਜ਼ੀਲੈਂਡ ਹੇਰਾਲਡ' ਨੇ ਰੈਲੀ ਨੂੰ "ਵੰਡਣ ਵਾਲੀ ਅਤੇ ਨਫਰਤੀ" ਕਰਾਰ ਦਿੱਤਾ, ਜਦਕਿ 'ਇੰਡੀਆ ਟੂਡੇ' ਨੇ ਇਸ ਨੂੰ ਧਾਰਮਿਕ ਅਸਹਿਣਸ਼ੀਲਤਾ ਦਾ ਪ੍ਰਦਰਸ਼ਨ ਮੰਨਿਆ। 'ਆਰ.ਐਨ.ਜ਼ੈਡ. ਨਿਊਜ਼' ਨੇ ਰਿਪੋਰਟ ਕੀਤਾ ਕਿ ਰੈਲੀ ਨੇ 2019 ਦੇ ਕ੍ਰਾਈਸਟ ਚਰਚ ਹਮਲਿਆਂ ਵਰਗੇ ਹਾਲਾਤ ਦੀ ਯਾਦ ਦਿਵਾਈ। ਆਸਟਰੇਲੀਆਈ ਅਖਬਾਰਾਂ ਨੇ ਵੀ ਇਸ ਘਟਨਾ ਨੂੰ ਨਿਊਜ਼ੀਲੈਂਡ ਦੀ ਬਹੁ-ਸਭਿਆਚਾਰਕ ਪਛਾਣ 'ਤੇ ਹਮਲੇ ਵਜੋਂ ਦੇਖਿਆ।

ਸਿਆਸੀ ਪਾਰਟੀਆਂ ਵਿੱਚ, ਲੇਬਰ ਪਾਰਟੀ ਦੇ ਨੇਤਾ ਕ੍ਰਿਸ ਹਿਪਕਿੰਸ ਨੇ ਤਮਾਕੀ ਦੀਆਂ ਕਾਰਵਾਈਆਂ ਨੂੰ "ਗੁੰਡਾਗਰਦੀ" ਦੱਸਿਆ ਅਤੇ ਕਿਹਾ ਕਿ ਜ਼ਿਆਦਾਤਰ ਨਿਊਜ਼ੀਲੈਂਡ ਵਾਸੀ ਇਸ ਤੋਂ ਘਬਰਾਏ ਹੋਏ ਹਨ। ਨੈਸ਼ਨਲ ਪਾਰਟੀ ਦੇ ਨੇਤਾ ਅਤੇ ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਨੇ ਪਹਿਲਾਂ ਵੀ ਤਮਾਕੀ ਦੀਆਂ ਅਜਿਹੀਆਂ ਕਾਰਵਾਈਆਂ ਦੀ ਨਿੰਦਾ ਕੀਤੀ ਸੀ। ਹਿਊਮਨ ਰਾਈਟਸ ਕਮਿਸ਼ਨ ਵਿੱਚ ਇਸ ਘਟਨਾ ਵਿਰੁੱਧ ਸ਼ਿਕਾਇਤ ਵੀ ਦਰਜ ਕੀਤੀ ਗਈ ਹੈ, ਜਿਸ ਵਿੱਚ ਤਮਾਕੀ 'ਤੇ ਨਸਲ, ਧਰਮ ਅਤੇ ਜਾਤੀ ਦੇ ਅਧਾਰ 'ਤੇ ਵਿਤਕਰੇ ਨੂੰ ਉਤਸ਼ਾਹਿਤ ਕਰਨ ਦਾ ਦੋਸ਼ ਲਗਾਇਆ ਗਿਆ।

### ਨਿਊਜ਼ੀਲੈਂਡ ਵਿਚ ਸਿੱਖ ਭਾਈਚਾਰੇ ਦੀ ਅਬਾਦੀ ਅਤੇ ਇਤਿਹਾਸ

2018 ਦੀ ਜਨਗਣਨਾ ਅਨੁਸਾਰ, ਨਿਊਜ਼ੀਲੈਂਡ ਦੀ ਕੁੱਲ ਆਬਾਦੀ 52.2 ਲੱਖ ਹੈ, ਜਿਸ ਵਿੱਚ ਸਿੱਖ ਭਾਈਚਾਰਾ 1% (ਲਗਭਗ 50,000) ਦੀ ਹਿੱਸਾ ਹੈ। ਸਿੱਖ ਨਿਊਜ਼ੀਲੈਂਡ ਵਿੱਚ ਤੀਜੇ ਸਭ ਤੋਂ ਵੱਡੇ ਭਾਰਤੀ ਭਾਈਚਾਰੇ ਦਾ ਹਿੱਸਾ ਹਨ, ਜਿਨ੍ਹਾਂ ਦੀ ਕੁੱਲ ਗਿਣਤੀ 2.92 ਲੱਖ ਹੈ। ਭਾਰਤੀ ਮੂਲ ਦੇ ਲੋਕ ਮੁੱਖ ਤੌਰ 'ਤੇ ਹਿੰਦੂ ਅਤੇ ਸਿੱਖ ਹਨ, ਅਤੇ ਉਨ੍ਹਾਂ ਦਾ ਨਿਊਜ਼ੀਲੈਂਡ ਨਾਲ ਸਬੰਧ 18ਵੀਂ ਸਦੀ ਤੋਂ ਹੈ, ਜਦੋਂ ਬ੍ਰਿਟਿਸ਼ ਈਸਟ ਇੰਡੀਆ ਕੰਪਨੀ ਦੇ ਜਹਾਜ਼ਾਂ ਵਿੱਚ ਭਾਰਤੀ ਨਾਵਿਕ ਅਤੇ ਸਿਪਾਹੀ ਇੱਥੇ ਆਉਂਦੇ ਸਨ। 1980 ਦੇ ਦਹਾਕੇ ਤੱਕ ਗੁਜਰਾਤੀ ਭਾਈਚਾਰਾ ਪ੍ਰਮੁੱਖ ਸੀ, ਪਰ ਬਾਅਦ ਵਿੱਚ ਪੰਜਾਬੀ ਅਤੇ ਸਿੱਖ ਆਬਾਦੀ ਵਧੀ ਹੈ।

## ਮਜੀਠਿਆ ਕਾਰਣ ਸ਼੍ਰੋਮਣੀ ਕਮੇਟੀ ਮੈਂਬਰ ਲਾਲੀ ਰਣੀਕੇ ਤੋਂ ਵੀ ਪੁੱਛਗਿੱਛ



ਅੰਮ੍ਰਿਤਸਰ-ਬੀਤੇ ਦਿਨ ਸਾਬਕਾ ਮੰਤਰੀ ਤੇ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਅੰਮ੍ਰਿਤਸਰ ਵਿਚ ਉਨ੍ਹਾਂ ਦੇ ਘਰ ਗ੍ਰਿਫਤਾਰੀ ਮੌਕੇ ਪੁੱਜੇ ਅਕਾਲੀ ਆਗੂਆਂ ਦੀ ਕੀਤੀ ਜਾ ਰਹੀ ਪੁਛਗਿੱਛ ਤਹਿਤ ਸ਼੍ਰੋਮਣੀ ਕਮੇਟੀ ਮੈਂਬਰ ਗੁਰਿੰਦਰਪਾਲ ਸਿੰਘ ਲਾਲੀ ਰਣੀਕੇ ਤੋਂ ਵੀ ਪੁਛਗਿੱਛ ਕੀਤੀ ਗਈ। ਇਸ ਮੌਕੇ ਉਨ੍ਹਾਂ ਨਾਲ ਉਨ੍ਹਾਂ ਦੇ ਵਕੀਲ ਅਮਨਬੀਰ ਸਿੰਘ ਸਿਆਲੀ, ਤੇਜਿੰਦਰ ਸਿੰਘ ਨਿਜ਼ਾਮਪੁਰਾ (ਦੋਵੇਂ ਵਕੀਲ) ਤੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਰਾਜਿੰਦਰ ਸਿੰਘ ਰੂਬੀ ਅਟਾਰੀ ਸਮੇਤ ਹੋਰ ਅਕਾਲੀ ਆਗੂ ਤੇ ਵਰਕਰ ਵੀ ਪੁੱਜੇ ਹੋਏ ਸਨ। ਦੱਸਣਯੋਗ ਹੈ ਕਿ ਸ: ਲਾਲੀ ਰਣੀਕੇ ਸਾਬਕਾ ਮੰਤਰੀ ਤੇ ਅਕਾਲੀ ਦਲ ਦੇ ਸੀਨੀਅਰ ਆਗੂ ਗੁਲਜ਼ਾਰ ਸਿੰਘ ਰਣੀਕੇ ਦੇ ਸਪੁਤਰ ਹਨ। ਉਨ੍ਹਾਂ ਨੂੰ ਇਥੇ ਥਾਣਾ ਸਿਵਲ ਲਾਈਨ ਵਿਖੇ ਸੱਦਿਆ ਗਿਆ। ਪੁਛਗਿੱਛ ਉਪਰੰਤ ਸ: ਰਣੀਕੇ ਨੇ ਦੱਸਿਆ ਕਿ ਆਪ ਪਾਰਟੀ ਦੀ ਸਰਕਾਰ ਧੱਕੇਸ਼ਾਹੀ ਕਰ ਰਹੀ ਹੈ ਤੇ ਸਰਕਾਰ ਸਿਆਸੀ ਬਦਲਾਖੋਰੀ ਦੀ ਨੀਤੀ ਅਪਣਾ ਰਹੀ ਹੈ।

# ਕੀ ਈਰਾਨ-ਇਜ਼ਰਾਈਲ ਦਾ ਦੁਬਾਰਾ ਛਿੜੇਗਾ ਯੁੱਧ ?

**✪ ਇਜ਼ਰਾਈਲ ਵਲੋਂ ਲੇਜ਼ਰ ਹਥਿਆਰਾਂ ਤੋਂ ਗੁਪਤ ਸ਼ਸਤਰਾਂ ਦੀ ਤਿਆਰੀ ✪ ਕੀ ਈਰਾਨ ਅਜੇ ਵੀ ਬਣਾ ਸਕਦਾ ਹੈ ਐਟਮ ਬੰਬ ? ✪ ਜੰਗ ਦੀ ਤਬਾਹੀ ਕਾਰਣ ਇਜ਼ਰਾਈਲ 'ਤੇ ਈਰਾਨ ਉਪਰ ਕੀ ਪਿਆ ਆਰਥਿਕ ਬੋਝ ?**



### ਨਿਊਜ਼ ਵਿਸ਼ਲੇਸ਼ਣ

ਅੰਤਰਰਾਸ਼ਟਰੀ ਦੀਆ ਰਿਪੋਟਾਂ ਅਨੁਸਾਰ ਇੱਕ ਵਾਰ ਫਿਰ ਈਰਾਨ ਅਤੇ ਇਜ਼ਰਾਈਲ ਦੀ ਤਣਾਅਪੂਰਨ ਸਥਿਤੀ ਗੂੰਜ ਰਹੀ ਹੈ। ਈਰਾਨ ਦੇ ਸੈਨਿਕ ਕਮਾਂਡਰ ਅਬਦੁਲ ਰਹੀਮ ਮੌਸਵੀ ਨੇ ਚਿਤਾਵਨੀ ਦਿੱਤੀ ਹੈ ਕਿ ਇਜ਼ਰਾਈਲ ਕਿਸੇ ਵੀ ਪਲ ਸੀਜ਼ਫਾਇਰ ਨੂੰ ਤੋੜ ਸਕਦਾ ਹੈ। ਸਾਡੀਆਂ ਫੌਜਾਂ ਤਿਆਰ ਹਨ, ਜੇ ਇਜ਼ਰਾਈਲ ਨੇ ਹਮਲਾ ਕੀਤਾ ਤਾਂ ਅਸੀਂ ਮੂੰਹ ਤੋੜ ਜਵਾਬ ਦੇਵਾਂਗੇ। ਇਸ ਦੌਰਾਨ, ਈਰਾਨ ਦੇ ਪ੍ਰਮਾਣੂ ਠਿਕਾਣਿਆਂ 'ਤੇ ਮੁੜ ਸ਼ੁਰੂ ਹੋਏ ਕੰਮ ਨੇ ਅਮਰੀਕਾ ਅਤੇ ਇਜ਼ਰਾਈਲ ਦੀਆਂ ਨੀਂਦਾਂ ਉਡਾ ਦਿੱਤੀਆਂ ਹਨ। ਸੈਟੇਲਾਈਟ ਤਸਵੀਰਾਂ ਵਿੱਚ ਫੋਰਡੋ ਅਤੇ ਇਸਫਹਾਨ 'ਤੇ ਬੁਲਡੋਜ਼ਰਾਂ ਦੀ ਹਰਕਤ ਅਤੇ ਨਵੀਆਂ ਸੁਰੰਗਾਂ ਦੀ ਉਸਾਰੀ ਦੀਆਂ ਖ਼ਬਰਾਂ ਨੇ ਸੰਕੇਤ ਦਿੱਤਾ ਹੈ ਕਿ ਈਰਾਨ ਆਪਣੀ ਪ੍ਰਮਾਣੂ ਤਾਕਤ ਨੂੰ ਹੋਰ ਮਜ਼ਬੂਤ ਕਰਨ ਦੀ ਤਿਆਰੀ ਵਿੱਚ ਹੈ। ਨਿਊਯਾਰਕ ਟਾਈਮਜ਼ ਅਤੇ ਰੌਇਟਰਜ਼ ਦੀਆਂ ਰਿਪੋਰਟਾਂ ਮੁਤਾਬਕ, ਈਰਾਨ ਦੀਆਂ ਇਹ ਗਤੀਵਿਧੀਆਂ ਸਿਰਫ਼ ਮਲਬੇ ਨੂੰ ਹਟਾਉਣ ਤੱਕ ਸੀਮਤ ਨਹੀਂ, ਸਗੋਂ ਨਵੀਆਂ ਕਿਲ੍ਹੇਬੰਦੀਆਂ ਅਤੇ ਗੁਪਤ ਸੁਰੰਗਾਂ ਦੀ ਸੰਭਾਵਨਾ ਵੀ ਦਿਖਾਈ ਦਿੰਦੀਆਂ ਹਨ।

ਯਾਦ ਰਹੇ ਕਿ ਕੁਝ ਸਮਾਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਦੇ ਪ੍ਰਮਾਣੂ ਠਿਕਾਣਿਆਂ 'ਤੇ ਹਵਾਈ ਹਮਲੇ ਕਰਕੇ ਸਥਿਤੀ ਨੂੰ ਹੋਰ ਗੰਭੀਰ ਕਰ ਦਿੱਤਾ ਸੀ। ਪਰ ਈਰਾਨ ਦੇ ਸੁਪਰੀਮ ਲੀਡਰ ਅਲੀ ਖਾਮੇਨੀ ਨੇ ਕਤਰ ਵਿੱਚ ਅਮਰੀਕੀ ਫੌਜੀ ਅੱਡੇ 'ਤੇ ਹਮਲੇ ਕਰਕੇ ਸਖਤ ਚਿਤਾਵਨੀ ਦਿੱਤੀ ਸੀ। ਪਰ ਇਸ ਤੋਂ ਬਾਅਦ ਟਰੰਪ ਨੇ ਯੁਧ ਰਕਵਾ ਦਿਤਾ ਸੀ।

### ਇਜ਼ਰਾਈਲ ਦੀ ਮੁੜ ਜੰਗੀ ਤਿਆਰੀਆਂ

ਇਜ਼ਰਾਈਲ, ਜਿਸ ਨੂੰ ਈਰਾਨ ਦੀਆਂ ਮਿਸਾਈਲਾਂ ਨੇ ਖੰਡਹਰਾਂ ਵਿੱਚ ਬਦਲ ਦਿੱਤਾ ਸੀ, ਹੁਣ ਆਪਣੇ ਸ਼ਸਤਰਾਗਾਰ ਨੂੰ ਮੁੜ ਭਰਨ ਵਿੱਚ ਜੁਟਿਆ ਹੋਇਆ ਹੈ। ਕੈਲਕੇਲਿਸਟੇਕ ਦੀ ਰਿਪੋਰਟ ਮੁਤਾਬਕ, ਇਜ਼ਰਾਈਲ ਨੇ ਈਰਾਨ ਨਾਲ 12 ਦਿਨਾਂ ਦੀ ਜੰਗ ਵਿੱਚ ਆਪਣੇ ਗੁਪਤ ਹਥਿਆਰਾਂ ਦੀ ਝਲਕ ਦੁਨੀਆ ਨੂੰ ਦਿਖਾਈ ਸੀ। ਇਨ੍ਹਾਂ ਵਿੱਚ ਆਇਰਨ ਬੀਮ ਲੇਜ਼ਰ ਹਥਿਆਰ, ਸਟੈਂਡ-ਆਫ ਵੈਪਨਜ਼ ਅਤੇ ਡਰੋਨ ਸ਼ਾਮਲ ਸਨ, ਜਿਨ੍ਹਾਂ ਨੇ ਈਰਾਨ ਵਿੱਚ ਕਾਫੀ ਤਬਾਹੀ ਮਚਾਈ ਸੀ। ਪੌਪੂਲਰ ਮਕੈਨਿਕਸ ਦੀ ਰਿਪੋਰਟ ਅਨੁਸਾਰ, ਆਇਰਨ ਬੀਮ ਇੱਕ 100 ਕਿਲੋਵਾਟ ਦਾ ਹਾਈ-ਐਨਰਜੀ ਲੇਜ਼ਰ ਸਿਸਟਮ ਹੈ, ਜੋ ਰਾਕੇਟਾਂ ਅਤੇ ਵਿਸਫੋਟਕ ਵਾਰਹੈੱਡਾਂ ਨੂੰ ਹਵਾ ਵਿੱਚ ਹੀ ਨਸ਼ਟ ਕਰ ਸਕਦਾ ਹੈ। ਇਹ ਸਿਸਟਮ ਆਇਰਨ ਡੋਮ ਨਾਲੋਂ ਵੀ ਜ਼ਿਆਦਾ ਕੁਸ਼ਲ ਅਤੇ ਖਰਚੇ ਵਿੱਚ ਕਿਫਾਇਤੀ ਹੈ। ਇਜ਼ਰਾਈਲ ਦੀਆਂ ਰੱਖਿਆ ਕੰਪਨੀਆਂ-ਆਈਏਆਈ, ਰਾਫੇਲ ਅਤੇ ਐਲਬਿਟ ਸਿਸਟਮ-ਹੁਣ ਪੂਰੀ ਸਮਰੱਥਾ ਨਾਲ ਕੰਮ ਕਰ ਰਹੀਆਂ ਹਨ। 2025 ਦੀ ਪਹਿਲੀ ਤਿਮਾਹੀ ਵਿੱਚ ਇਨ੍ਹਾਂ ਕੰਪਨੀਆਂ ਨੇ 235 ਅਰਬ ਸ਼ੇਕਲ ਦੇ ਆਰਡਰ ਬੈਕਲਾਗ ਦੀ ਸੂਚਨਾ ਦਿੱਤੀ ਹੈ। ਪਰ ਇਸ ਜੰਗ ਨੇ ਇਜ਼ਰਾਈਲ ਦੇ ਹਥਿਆਰ ਭੰਡਾਰਾਂ ਨੂੰ ਕਾਫੀ ਖੋਰਾ ਲਾਇਆ ਹੈ। ਸੈਂਕੜੇ ਜਹਾਜ਼ਾਂ ਨੂੰ ਮੁਰੰਮਤ ਦੀ ਲੋੜ ਹੈ, ਅਤੇ ਨਵੇਂ ਹਥਿਆਰਾਂ ਦੀ ਖਰੀਦ ਵਿੱਚ ਦੇਰੀ ਕਾਰਨ ਰੱਖਿਆ ਮੰਤਰਾਲੇ 'ਤੇ ਦਬਾਅ ਵਧ ਰਿਹਾ ਹੈ। ਸੀਐਨਬੀਸੀ ਦੀ ਰਿਪੋਰਟ ਮੁਤਾਬਕ, ਇਜ਼ਰਾਈਲ ਅਰਬਾਂ ਡਾਲਰ ਖਰਚ ਕਰਕੇ ਆਪਣੇ ਸ਼ਸਤਰਾਗਾਰ ਨੂੰ ਮੁੜ ਤਿਆਰ ਕਰ ਰਿਹਾ ਹੈ, ਜਿਸ ਵਿੱਚ ਨਵੇਂ ਗੁਪਤ ਹਥਿਆਰ ਵੀ ਸ਼ਾਮਲ ਹਨ।

### ਕੀ ਈਰਾਨ ਅਜੇ ਵੀ ਬਣਾ ਸਕਦਾ ਹੈ ਪ੍ਰਮਾਣੂ ਬੰਬ ?

ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਅਮਰੀਕੀ ਅਤੇ ਇਜ਼ਰਾਈਲੀ ਹਮਲਿਆਂ ਨੇ ਕਾਫੀ ਨੁਕਸਾਨ ਪਹੁੰਚਾਇਆ ਹੈ। ਨਤਾਨਜ਼, ਫੋਰਡੋ ਅਤੇ ਇਸਫਹਾਨ ਦੇ ਪ੍ਰਮਾਣੂ ਠਿਕਾਣਿਆਂ 'ਤੇ ਹੋਏ ਹਮਲਿਆਂ ਨੇ ਈਰਾਨ ਦੀਆਂ ਉਮੀਦਾਂ ਨੂੰ ਝਟਕਾ ਦਿੱਤਾ। ਪਰ ਮਿਡਲਬਰੀ ਇੰਸਟੀਟਿਊਟ ਦੇ ਹਥਿਆਰ ਨਿਯੰਤਰਣ ਮਾਹਿਰ ਜੈਫਰੀ ਲੁਈਸ ਨੇ ਐਨਬੀਸੀ ਨਿਊਜ਼ ਨੂੰ ਦੱਸਿਆ ਕਿ ਈਰਾਨ ਕੋਲ ਅਜੇ ਵੀ ਮਹੱਤਵਪੂਰਨ ਟੈਕਨਾਲੋਜੀ ਅਤੇ ਸਮਰੱਥ ਯੂਰੇਨੀਅਮ ਦਾ ਭੰਡਾਰ ਹੋ ਸਕਦਾ ਹੈ। ਅਮਰੀਕਾ ਨੇ ਵੀ ਮੰਨਿਆ ਹੈ ਕਿ ਫੋਰਡੋ ਪਲਾਂਟ ਤੋਂ 400 ਕਿਲੋ ਯੂਰੇਨੀਅਮ ਦੀ ਚੋਰੀ ਹੋਈ ਹੈ।ਪਰ ਸਵਾਲ ਇਹ ਹੈ ਕਿ ਕੀ ਈਰਾਨ ਅਜੇ ਵੀ ਪ੍ਰਮਾਣੂ ਬੰਬ ਬਣਾ ਸਕਦਾ ਹੈ ? ਇਸਫਹਾਨ ਦੀ ਇੱਕੋ-ਇੱਕ ਜਾਣੀ-ਪਛਾਣੀ ਫੈਕਟਰੀ, ਜੋ ਯੂਰੇਨੀਅਮ ਨੂੰ ਠੋਸ ਮੈਟਲ ਵਿੱਚ ਬਦਲ ਸਕਦੀ ਸੀ, ਇਜ਼ਰਾਈਲੀ ਹਮਲੇ ਵਿੱਚ ਤਬਾਹ ਹੋ ਚੁੱਕੀ ਹੈ। ਜੇਕਰ ਈਰਾਨ ਕੋਲ ਕੋਈ ਗੁਪਤ ਪਲਾਂਟ ਨਹੀਂ, ਤਾਂ ਐਟਮ ਬੰਬ ਬਣਾਉਣਾ ਉਸ ਲਈ ਔਖਾ ਹੋਵੇਗਾ। ਫਿਰ ਵੀ, ਸੈਟੇਲਾਈਟ ਤਸਵੀਰਾਂ ਵਿੱਚ ਫੋਰਡੋ ਅਤੇ ਇਸਫਹਾਨ 'ਤੇ ਮੁੜ ਸ਼ੁਰੂ ਹੋਏ ਨਿਰਮਾਣ ਕਾਰਜਾਂ ਨੇ ਅਮਰੀਕਾ ਅਤੇ ਇਜ਼ਰਾਈਲ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ। ਗਲੋਬਲ ਟਾਈਮਜ਼ ਦੀ ਰਿਪੋਰਟ ਮੁਤਾਬਕ, ਈਰਾਨ ਦੀ ਇਹ ਤਿਆਰੀ ਸਿਰਫ਼ ਰੱਖਿਆਤਮਕ ਨਹੀਂ, ਸਗੋਂ ਇੱਕ ਵੱਡੇ ਪ੍ਰਮਾਣੂ ਪ੍ਰੋਗਰਾਮ ਦੀ ਸੰਭਾਵਨਾ ਵੱਲ ਇਸ਼ਾਰਾ ਕਰਦੀ ਹੈ।

### ਜੰਗ ਵਿਚ ਇਜਰਾਈਲ ਇਰਾਨ ਦੀ ਕਿੰਨੀ ਹੋਈ ਆਰਥਿਕ ਤਬਾਹੀ

ਈਰਾਨ ਅਤੇ ਇਜ਼ਰਾਈਲ ਵਿਚਕਾਰ 13 ਜੂਨ ਤੋਂ ਸ਼ੁਰੂ ਹੋਈ ਜੰਗ ਨੇ ਦੋਹਾਂ ਦੇਸ਼ਾਂ ਵਿੱਚ ਕਾਫੀ ਤਬਾਹੀ ਮਚਾਈ ਸੀ। ਇਜ਼ਰਾਈਲੀ ਮੀਡੀਆ ਅਨੁਸਾਰ, ਈਰਾਨ ਦੀਆਂ ਮਿਸਾਈਲਾਂ ਨੇ ਇਜ਼ਰਾਈਲ ਵਿੱਚ 30,000 ਤੋਂ ਵੱਧ ਇਮਾਰਤਾਂ ਨੂੰ ਨੁਕਸਾਨ ਪਹੁੰਚਾਇਆ ਸੀ। ਤੇਲ ਅਵੀਵ ਅਤੇ ਅਸ਼ਕਲੋਨ ਸ਼ਹਿਰ ਸਭ ਤੋਂ ਵੱਧ ਪ੍ਰਭਾਵਿਤ ਹੋਏ ਸਨ, ਜਿੱਥੇ 24,932 ਅਤੇ 10,793 ਮੁਆਵਜ਼ੇ ਦੇ ਦਾਅਵੇ ਦਰਜ ਕੀਤੇ ਗਏ ਹਨ। ਇਜ਼ਰਾਈਲੀ ਟੈਕਸ ਅਥਾਰਟੀ ਨੂੰ 38,700 ਦਾਅਵੇ ਮਿਲੇ ਸਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਮਕਾਨਾਂ, ਵਾਹਨਾਂ ਅਤੇ ਮਸ਼ੀਨਰੀ ਦੇ ਨੁਕਸਾਨ ਨਾਲ ਜੁੜੇ ਹਨ। ਵਾਸ਼ਿੰਗਟਨ ਟਾਈਮਜ਼ ਦੀ ਰਿਪੋਰਟ ਮੁਤਾਬਕ, ਇਸ ਤਬਾਹੀ ਦਾ ਆਰਥਿਕ ਬੋਝ ਇਜ਼ਰਾਈਲ 'ਤੇ ਭਾਰੀ ਪੈਣ ਵਾਲਾ ਹੈ।

ਈਰਾਨ ਵੀ ਇਸ ਜੰਗ ਦੀ ਮਾਰ ਤੋਂ ਬਚਿਆ ਨਹੀਂ। ਅਮਰੀਕੀ ਅਤੇ ਇਜ਼ਰਾਈਲੀ ਹਮਲਿਆਂ ਨੇ ਈਰਾਨ ਦੇ ਪ੍ਰਮਾਣੂ ਠਿਕਾਣਿਆਂ ਨੂੰ ਤਬਾਹ ਕਰ ਦਿੱਤਾ, ਜਿਸ ਨਾਲ ਉਸ ਦੀ ਪ੍ਰਮਾਣੂ ਸਮਰੱਥਾ ਨੂੰ ਵੱਡਾ ਝਟਕਾ ਲੱਗਾ। ਪਰ ਈਰਾਨ ਦੀ ਸਰਕਾਰ ਨੇ ਇਸ ਨੁਕਸਾਨ ਦੀ ਸਹੀ ਜਾਣਕਾਰੀ ਜਨਤਕ ਨਹੀਂ ਕੀਤੀ। ਬਿਜ਼ਨਸ ਇਨਸਾਈਡਰ ਦੀ ਰਿਪੋਰਟ ਮੁਤਾਬਕ, ਈਰਾਨ ਦੀਆਂ ਆਰਥਿਕ ਮੁਸ਼ਕਲਾਂ ਵਧ ਸਕਦੀਆਂ ਹਨ, ਕਿਉਂਕਿ ਪ੍ਰਮਾਣੂ ਠਿਕਾਣਿਆਂ ਦੀ ਮੁਰੰਮਤ ਅਤੇ ਮੁੜ ਨਿਰਮਾਣ 'ਤੇ ਅਰਬਾਂ ਡਾਲਰ ਦਾ ਖਰਚ ਆਵੇਗਾ। ਇਸ ਦੌਰਾਨ, ਈਰਾਨ ਦੇ ਸ਼ੀਆ ਮੁਸਲਮਾਨਾਂ ਦੇ ਪ੍ਰਮੁੱਖ ਧਰਮਗੁਰੂ ਮੁਫਤੀ ਆਇਤੁੱਲਾ ਮਕਾਰਮ ਸ਼ੀਰਾਜ਼ੀ ਨੇ ਟਰੰਪ ਅਤੇ ਨੇਤਨਯਾਹੂ ਨੂੰ "ਦੁਸ਼ਮਣ" ਐਲਾਨਦੇ ਹੋਏ ਫਤਵਾ ਜਾਰੀ ਕੀਤਾ ਹੈ, ਜਿਸ ਵਿੱਚ ਮੁਸਲਮਾਨਾਂ ਨੂੰ ਇਨ੍ਹਾਂ ਨੇਤਾਵਾਂ ਦਾ ਸਮਰਥਨ ਕਰਨ ਤੋਂ ਮਨ੍ਹਾ ਕੀਤਾ ਗਿਆ ਹੈ।

### ਅਮਰੀਕੀ ਸੰਸਦ ਵਿੱਚ ਟਰੰਪ ਨੂੰ ਈਰਾਨ 'ਤੇ ਹਮਲੇ ਦੀ ਖੁੱਲ੍ਹ ਮਿਲੀ

ਅਮਰੀਕੀ ਸੰਸਦ ਵਿੱਚ ਟਰੰਪ ਨੂੰ ਈਰਾਨ 'ਤੇ ਹਮਲੇ ਦੀ ਖੁੱਲ੍ਹ ਮਿਲਣ ਦੀ ਖਬਰ ਨੇ ਸਥਿਤੀ ਨੂੰ ਹੋਰ ਗੁੰਝਲਦਾਰ ਕਰ ਦਿੱਤਾ। ਡੈਮੋਕ੍ਰੇਟਿਕ ਪਾਰਟੀ ਦੇ ਸੈਨੇਟਰ ਟਿਮ ਕੇਨ ਦਾ ਪ੍ਰਸਤਾਵ, ਜਿਸ ਵਿੱਚ ਟਰੰਪ ਨੂੰ ਈਰਾਨ 'ਤੇ ਹਮਲੇ ਲਈ ਸੰਸਦ ਦੀ ਮੰਜ਼ੂਰੀ ਲੈਣ ਦੀ ਸ਼ਰਤ ਸੀ, ਸੈਨੇਟ ਵਿੱਚ ਖਾਰਜ ਹੋ ਗਿਆ। ਰਿਪਬਲੀਕਨ ਪਾਰਟੀ ਦੇ ਜ਼ਿਆਦਾਤਰ ਸੰਸਦ ਮੈਂਬਰਾਂ ਨੇ ਇਸ ਦਾ ਵਿਰੋਧ ਕੀਤਾ, ਜਿਨ੍ਹਾਂ ਦਾ ਮੰਨਣਾ ਹੈ ਕਿ ਈਰਾਨ ਇੱਕ "ਵੱਡਾ ਖਤਰਾ" ਹੈ। ਨਿਊਯਾਰਕ ਟਾਈਮਜ਼ ਦੀ ਰਿਪੋਰਟ ਮੁਤਾਬਕ, ਇਸ ਫੈਸਲੇ ਨੇ ਟਰੰਪ ਨੂੰ ਈਰਾਨ ਵਿਰੁੱਧ ਅਗਲੀ ਸੈਨਿਕ ਕਾਰਵਾਈ ਲਈ ਖੁੱਲ੍ਹੀ ਛੋਟ ਦੇ ਦਿੱਤੀ ਹੈ। ਪਰ ਈਰਾਨ ਨੇ ਅਮਰੀਕਾ ਨਾਲ ਪ੍ਰਮਾਣੂ ਮੁੱਦੇ 'ਤੇ ਗੱਲਬਾਤ ਦੀ ਸੰਭਾਵਨਾ ਨੂੰ ਸਿਰੇ ਤੋਂ ਨਕਾਰਿਆ ਨਹੀਂ। ਈਰਾਨ ਦੇ ਵਿਦੇਸ਼ ਮੰਤਰੀ ਅਰਾਘਚੀ ਨੇ ਸਰਕਾਰੀ ਟੀਵੀ 'ਤੇ ਕਿਹਾ, "ਅਸੀਂ ਗੱਲਬਾਤ ਲਈ ਖੁੱਲ੍ਹੇ ਹਾਂ, ਪਰ ਅਮਰੀਕਾ ਦੀਆਂ ਸ਼ਰਤਾਂ ਨਾਲ ਨਹੀਂ।" ਦੂਜੇ ਪਾਸੇ, ਅਮਰੀਕਾ ਨੇ ਸਪੱਸ਼ਟ ਕੀਤਾ ਹੈ ਕਿ ਉਹ ਈਰਾਨ ਨਾਲ ਸਿੱਧੀ ਗੱਲਬਾਤ ਨਹੀਂ ਕਰੇਗਾ।

## ਆਪ ਸਰਕਾਰ ਬੇਅਦਬੀਆਂ ਰੋਕਣ ਲਈ ਬਣਾਏਗੀ ਸਖ਼ਤ ਕਾਨੂੰਨ

ਚੰਡੀਗੜ੍ਹ-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਦੇ ਮਾਮਲਿਆਂ ਲਈ ਸਖ਼ਤ ਸਜ਼ਾ ਯਕੀਨੀ ਕਰਨ ਵਾਲਾ ਕਾਨੂੰਨ ਲਿਆਉਣ ਦਾ ਐਲਾਨ ਕੀਤਾ। ਉਨ੍ਹਾਂ ਨੇ ਕਿਹਾ ਕਿ ਲੋਕਾਂ ਦੀਆਂ ਭਾਵਨਾਵਾਂ ਨੂੰ ਸਤਿਕਾਰਦਿਆਂ ਇਹ ਪ੍ਰਕਿਰਿਆ ਜਲਦ ਪੂਰੀ ਕੀਤੀ ਜਾਵੇਗੀ ਅਤੇ ਇਸ ਮੁੱਦੇ 'ਤੇ ਕੈਬਨਿਟ ਮੀਟਿੰਗ ਸੱਦੀ ਜਾਵੇਗੀ। ਚੰਡੀਗੜ੍ਹ ਵਿੱਚ ਸਰਕਾਰੀ ਰਿਹਾਇਸ਼ 'ਤੇ ਸਰਬ ਧਰਮ ਬੇਅਦਬੀ ਰੋਕੋ ਕਾਨੂੰਨ ਮੋਰਚਾ ਅਤੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਸਰਕਾਰ ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਦੇਣ ਲਈ ਵਚਨਬੱਧ ਹੈ। ਇਸ ਲਈ ਇੱਕ ਮਜ਼ਬੂਤ ਸੂਬਾਈ ਕਾਨੂੰਨ ਬਣਾਉਣ ਵਾਸਤੇ ਕਾਨੂੰਨੀ ਮਾਹਿਰਾਂ ਨਾਲ ਸਲਾਹ-ਮਸ਼ਵਰਾ ਕੀਤਾ ਜਾਵੇਗਾ। ਮਾਨ ਨੇ ਕਿਹਾ ਕਿ ਬੇਅਦਬੀ ਵਿੱਚ ਸਿੱਧੇ ਜਾਂ ਅਸਿੱਧੇ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਮੁਲਜ਼ਮਾਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ।

## ਮਜੀਠੀਆ ਉਪਰ ਕਸਿਆ ਸ਼ਿਕੰਜਾ

### 3 ਸਫ਼ੇ ਦੀ ਬਾਕੀ

ਸਾਬਕਾ ਵਿਧਾਇਕ ਬੋਨੀ ਅਜਨਾਲਾ ਨੇ ਦਾਅਵਾ ਕੀਤਾ ਕਿ ਮਜੀਠੀਆ ਨੇ ਉਸ ਨੂੰ ਨਸ਼ਾ ਤਸਕਰ ਸੱਤਾ ਅਤੇ ਪਿੰਡੀ ਨਾਲ ਮਿਲਵਾਇਆ ਸੀ, ਜਿਨ੍ਹਾਂ ਨੂੰ ਉਹ "ਜਿਗਰੀ ਯਾਰ" ਕਹਿੰਦੇ ਸਨ। ਸਾਬਕਾ ਪੀਏ ਤਲਬੀਰ ਸਿੰਘ ਗਿੱਲ, ਜੋ ਹੁਣ ਆਮ ਆਦਮੀ ਪਾਰਟੀ ਦੇ ਆਗੂ ਹਨ, ਨੇ ਵੀ ਵਿਜੀਲੈਂਸ ਅੱਗੇ ਬਿਆਨ ਦਰਜ ਕਰਵਾਇਆ ਸੀ। ਇਸ ਤੋਂ ਇਲਾਵਾ, ਸਾਬਕਾ ਡੀਜੀਪੀ ਸਿਧਾਰਥ ਚਟੋਪਾਧਿਆਏ ਨੇ ਵੀ ਮਜੀਠੀਆ 'ਤੇ ਨਸ਼ਾ ਤਸਕਰੀ ਵਿਚ 100% ਸ਼ਮੂਲੀਅਤ ਦਾ ਦੋਸ਼ ਲਾਇਆ। ਉਹਨਾਂ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਦੇ ਨਿਰਦੇਸ਼ਾਂ ਅਨੁਸਾਰ ਪੁਲਿਸ ਨੇ ਨਸ਼ਿਆਂ ਵਿਰੁੱਧ ਕਾਰਵਾਈ ਕਰਦਿਆਂ ਮਜੀਠੀਆ ਨੂੰ ਗ੍ਰਿਫ਼ਤਾਰ ਕੀਤਾ ਹੈ। ਉਹਨਾਂ ਕਿਹਾ ਕਿ ਇਸ ਤੋਂ ਪਹਿਲਾਂ ਸਾਲ 2012-13 ਵਿਚ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਪੁਖ਼ਤਾ ਸਬੂਤ ਹੋਣ ਦੇ ਬਾਵਜੂਦ ਮੌਜੂਦਾ ਸਰਕਾਰ ਨੇ ਉਸ ਦੀ ਗ੍ਰਿਫ਼ਤਾਰੀ ਨਹੀਂ ਹੋਣ ਦਿੱਤੀ ਸੀ। ਉਹਨਾਂ ਕਿਹਾ ਕਿ ਸਾਲ 2021 ਵਿਚ ਉਹਨਾਂ ਦੇ ਕਾਰਜਕਾਲ ਦੌਰਾਨ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਐਫ.ਆਈ.ਆਰ. ਕੀਤੀ ਗਈ, ਇਸੇ ਦੌਰਾਨ ਉਹਨਾਂ ਵਲੋਂ ਗਠਿਤ ਐਸ.ਆਈ.ਟੀ. ਨੇ ਤਿੰਨ ਜਾਂਚ ਰਿਪੋਰਟਾਂ ਹਾਈ ਕੋਰਟ ਵਿਚ ਦਾਇਰ ਕੀਤੀਆਂ, ਜਿਨ੍ਹਾਂ ਵਿਚੋਂ ਇਕ ਬੰਦ ਲਿਫਾਫਾ ਰਿਪੋਰਟ ਨੂੰ ਅਜੇ ਖੋਲ੍ਹਿਆ ਜਾਣਾ ਬਾਕੀ ਹੈ। ਇਸ ਦੇ ਨਾਲ ਹੀ ਉਹਨਾਂ ਸਾਲ 2007 ਵਿਚ ਮੌਜੂਦਾ ਅਕਾਲੀ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਉਸ ਵੇਲੇ ਪੰਜਾਬ ਪੁਲਿਸ ਦੇ ਸਿਪਾਹੀ ਇੰਦਰਜੀਤ ਸਿੰਘ ਨੂੰ ਤਰੱਕੀ ਦੇ ਕੇ ਸੀ. ਆਈ. ਏ ਇੰਸਪੈਕਟਰ ਬਣਾਉਣਾ ਤੇ ਰਾਜਜੀਤ ਸਿੰਘ ਵਰਗੇ ਪੁਲਿਸ ਅਫ਼ਸਰ, ਜੋ ਕਿ ਕਰੋੜਾਂ ਦੀ ਜਾਇਦਾਦ ਦੇ ਮਾਲਕ ਨਸ਼ਾ ਤਸਕਰੀ ਦੇ ਸਿਰੋਂ ਬਣੇ ਹਨ, ਦੇ ਯੋਗਦਾਨ ਨਾਲ ਹੀ ਪੰਜਾਬ ਵਿਚ ਉਸ ਸਮੇਂ ਨਸ਼ੇ ਦਾ ਕਾਰੋਬਾਰ ਫੈਲਿਆ ਹੈ।

### ਅਕਾਲੀ ਦਲ ਨੇ ਸੰਘਰਸ਼ ਦਾ ਬਿਗਲ ਵਜਾਇਆ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਮਜੀਠੀਆ ਨੂੰ ਸਿਆਸੀ ਬਦਲੇ ਦੀ ਭਾਵਨਾ ਨਾਲ ਫਸਾਉਣ ਦਾ ਦੋਸ਼ ਲਾਇਆ। ਉਹਨਾਂ ਦਾਅਵਾ ਕੀਤਾ ਸੀ ਕਿ ਸਰਾਇਆ ਇੰਡਸਟਰੀਜ਼ 'ਚ ਮਜੀਠੀਆ ਦਾ ਸਿਰਫ 11% ਹਿੱਸਾ ਹੈ, ਅਤੇ 540 ਕਰੋੜ ਦੇ ਨਿਵੇਸ਼ ਦੇ ਦੋਸ਼ ਬੇਬੁਨਿਆਦ ਹਨ। ਸੁਖਬੀਰ ਨੇ ਮੁੱਖ ਮੰਤਰੀ ਨੂੰ ਚੁਣੌਤੀ ਦਿੱਤੀ ਕਿ ਉਹ ਇਹ ਸਾਬਤ ਕਰਨ ਕਿ ਸਰਾਇਆ ਇੰਡਸਟਰੀਜ਼ ਨੂੰ 2007 ਤੋਂ ਬਾਅਦ ਕੋਈ ਵਿਦੇਸ਼ੀ ਫੰਡਿੰਗ ਮਿਲੀ ਸੀ। ਦੂਜੇ ਪਾਸੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਵਿਰੋਧੀ ਆਗੂਆਂ 'ਤੇ ਪਲਟਵਾਰ ਕਰਦਿਆਂ ਕਿਹਾ ਕਿ ਕਾਂਗਰਸ, ਭਾਜਪਾ ਅਤੇ ਅਕਾਲੀ ਦਲ ਦੇ ਆਗੂ ਨਸ਼ਾ ਤਸਕਰਾਂ ਦਾ ਬਚਾਅ ਕਰ ਰਹੇ ਹਨ। ਉਹਨਾਂ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਾਹਨਾ ਕਰਦਿਆਂ ਕਿਹਾ ਕਿ 'ਆਪ' ਸਰਕਾਰ ਨਸ਼ਿਆਂ ਵਿਰੁੱਧ ਸਖਤ ਕਾਰਵਾਈ ਕਰ ਰਹੀ ਹੈ।

### ਕੀ ਹੈ ਮਜੀਠੀਆ ਦਾ ਭਵਿੱਖ ?

ਮਜੀਠੀਆ ਦੀ ਗ੍ਰਿਫਤਾਰੀ ਨੇ ਪੰਜਾਬ ਦੀ ਸਿਆਸਤ ਵਿਚ ਨਵਾਂ ਮੋੜ ਲਿਆਂਦਾ ਹੈ। ਕਾਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ ਪੰਜਾਬ ਵਿਚ ਸਿਆਸੀ ਮਾਮਲਿਆਂ ਵਿਚ ਜਾਂਚ ਅਕਸਰ ਸੱਤਾ ਤਬਦੀਲੀ ਦੀ ਭੇਟ ਚੜ੍ਹ ਜਾਂਦੀ ਹੈ। ਪਿਛਲੇ ਦੋ ਦਹਾਕਿਆਂ ਵਿਚ ਵਿਜੀਲੈਂਸ ਨੇ 50 ਤੋਂ ਵੱਧ ਹਾਈ-ਪ੍ਰੋਫਾਈਲ ਮਾਮਲੇ ਦਰਜ ਕੀਤੇ ਸਨ, ਪਰ ਜ਼ਿਆਦਾਤਰ ਸਬੂਤਾਂ ਦੀ ਕਮੀ ਜਾਂ ਰਾਜਨੀਤਿਕ ਦਖਲ ਕਾਰਨ ਖਾਰਜ ਹੋ ਗਏ ਸਨ। ਮਜੀਠੀਆ ਦੇ ਮਾਮਲੇ ਵਿਚ ਵੀ ਅਜਿਹਾ ਹੋਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਹਾਲਾਂਕਿ, ਮੁੱਖ ਮੰਤਰੀ ਭਗਵੰਤ ਮਾਨ ਨੇ ਸਪੱਸ਼ਟ ਕੀਤਾ ਕਿ ਨਸ਼ਾ ਤਸਕਰੀ ਵਿਚ ਸਮੂਹ ਸਿਆਸਤਦਾਨਾਂ ਤੇ ਅਧਿਕਾਰੀਆਂ 'ਤੇ ਸਖਤ ਕਾਰਵਾਈ ਜਾਰੀ ਰਹੇਗੀ। ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ 'ਆਪ' 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭ੍ਰਿਸ਼ਟਾਚਾਰ ਤੇ ਨਸ਼ਿਆਂ ਵਿਰੁੱਧ ਸਖਤ ਛਵੀ ਬਣਾਉਣ ਦੀ ਕੋਸ਼ਿਸ਼ ਵਿਚ ਹੈ। ਸ਼੍ਰੋਮਣੀ ਅਕਾਲੀ ਦਲ ਨੇ 'ਆਪ' ਸਰਕਾਰ ਵਿਰੁੱਧ ਸੰਘਰਸ਼ ਵਿਢਣ ਦਾ ਐਲਾਨ ਕੀਤਾ ਹੈ। ਸੁਖਬੀਰ ਸਿੰਘ ਬਾਦਲ ਦੀ ਅਗਵਾਈ 'ਚ ਪਾਰਟੀ ਨੇ ਲੋਕ ਲਹਿਰ ਵਿੱਢਣ ਦੀ ਤਿਆਰੀ ਕੀਤੀ ਹੈ, ਜਿਸ ਵਿਚ ਕਿਸਾਨਾਂ ਦੀਆਂ ਜ਼ਮੀਨਾਂ ਦੀ ਐਕੁਆਇਰੀ ਅਤੇ ਸਰਕਾਰ ਦੇ ਭ੍ਰਿਸ਼ਟਾਚਾਰ ਨੂੰ ਮੁੱਦਾ ਬਣਾਇਆ ਜਾਵੇਗਾ।

### ਕੀ ਮਜੀਠੀਆ ਜਾਂਚ ਵਿਚ ਸਹਿਯੋਗ ਦੇ ਰਹੇ ਹਨ ?

ਸੂਤਰਾਂ ਮੁਤਾਬਕ, ਮਜੀਠੀਆ ਨੂੰ ਜਾਂਚ ਲਈ ਹਿਮਾਚਲ ਪ੍ਰਦੇਸ਼ ਦੇ ਬੱਦੀ ਤੇ ਮਸ਼ੋਬਰਾ ਲਿਜਾਇਆ ਗਿਆ, ਜਿੱਥੇ ਸਿੰਥੈਟਿਕ ਡਰੱਗ ਕੇਸ ਨਾਲ ਜੁੜੀ ਨਿਸ਼ਾਨਦੇਹੀ ਕਰਵਾਈ ਗਈ। ਮਜੀਠੀਆ ਦੀ ਜਾਂਚ ਵਿਚ ਸਹਿਯੋਗ ਦੇਣ ਬਾਰੇ ਵਿਜੀਲੈਂਸ ਨੇ ਅਜੇ ਸਪੱਸ਼ਟ ਨਹੀਂ ਕੀਤਾ, ਪਰ ਸੂਤਰ ਦੱਸਦੇ ਹਨ ਕਿ ਮਜੀਠੀਆ ਦੀ ਸਿਹਤ ਸਹੀ ਨਹੀਂ ਸੀ, ਜਿਸ ਕਾਰਨ ਜਾਂਚ ਵਿਚ ਕੁਝ ਅੜਚਣਾਂ ਆਈਆਂ।

## ਲੁਟੇਰਿਆਂ ਨੇ ਪੁਲਿਸ ਕਰਮਚਾਰੀ ਦੀ ਭੈਣ ਦਾ ਬੈਗ ਖੋਹ ਕੇ ਹੋਏ ਫਰਾਰ, ਆਟੋ ਤੋਂ ਡਿਗਕੇ ਕੁੜੀ ਜ਼ਖ਼ਮੀ

ਜਲੰਧਰ-ਬੀਤੇ ਦਿਨੀਂ ਥਾਣਾ ਰਾਮਾਮੰਡੀ ਦੀ ਹੱਦ ਵਿਚ ਆਉਂਦੇ ਲੰਮਾ ਪਿੰਡ ਚੌਕ ਨੇੜੇ ਇਕ ਆਟੋ ਵਿਚ ਬੈਠੀ ਲੜਕੀ ਤੋਂ ਬਾਈਕ ਸਵਾਰਾ ਨੇ ਬੈਗ ਖੋਹ ਲਿਆ। ਆਟੋ ਵਿਚ ਬੈਠੀ ਲੜਕੀ ਨੇ ਬੈਗ ਬਚਾਉਣ ਲਈ ਸਨੈਚਰਾਂ ਦਾ ਵਿਰੋਧ ਕੀਤਾ ਪਰ ਬੈਗ ਬਚਾਉਂਦੇ ਹੋਏ ਉਹ ਆਟੋ ਤੋਂ ਹੇਠਾਂ ਡਿੱਗ ਪਈ ਤੇ ਉਸ ਤੇ ਗੰਭੀਰ ਸੱਟਾਂ ਲੱਗੀਆਂ। ਡਿੱਗਦੇ ਸਮੇਂ ਆਟੋ ਚਾਲਕ ਨੇ ਰੌਲਾ ਪਾਇਆ ਪਰ ਬਾਈਕ ਦੀ ਤੇਜ਼ ਰਫ਼ਤਾਰ ਕਾਰਨ ਸਨੈਚਰਾਂ ਨੇ ਭੱਜਣ ਵਿਚ ਕਾਮਯਾਬ ਹੋ ਗਏ। ਮੌਕੇ ਤੇ ਮੌਜੂਦ ਲੋਕਾਂ ਨੇ ਜ਼ਖਮੀ ਲੜਕੀ ਨੂੰ ਇਲਾਜ ਲਈ ਐਚਪੀ ਹਸਪਤਾਲ ਵਿਚ ਦਾਖਲ ਕਰਵਾਇਆ। ਸੂਚਨਾ ਮਿਲਣ ਤੋਂ ਬਾਅਦ ਰਾਮਾਮੰਡੀ ਥਾਣੇ ਦੀ ਪੁਲਿਸ ਮੌਕੇ ਤੇ ਪਹੁੰਚੀ ਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਮੌਕੇ ਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਜ਼ਖ਼ਮੀ ਲੜਕੀ ਇਕ ਪੁਲਿਸ ਕਰਮਚਾਰੀ ਦੀ ਭੈਣ ਹੈ। ਬੈਗ ਵਿਚ ਇਕ ਲੈਪਟਾਪ, ਮੋਬਾਇਲ ਤੇ ਹਜ਼ਾਰਾਂ ਰੁਪਏ ਦੀ ਨਕਦੀ ਸੀ।

## ਡਰਬੀ ਗੁਰੂ ਘਰਾਂ ਦੇ ਪ੍ਰਬੰਧਕਾਂ ਨੂੰ ਧਮਕੀ ਭਰੀ ਚਿੱਠੀ ਲਿਖਣ ਵਾਲੇ ਧਰਮੇਸ਼ ਅਗਰਾਵਤ ਨੂੰ 10 ਜੁਲਾਈ ਨੂੰ ਸਜ਼ਾ ਸੁਣਾਈ ਜਾਵੇਗੀ

ਡਰਬੀ (ਪੰਜਾਬ ਟਾਈਮਜ਼) – ਪਿਛਲੇ ਦਿਨੀਂ ਡਰਬੀ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਤੇ ਗੁਰੂ ਅਰਜਨ ਦੇਵ ਗੁਰਦੁਆਰਾ ਸਾਹਿਬ ਦੀਆਂ ਕਮੇਟੀਆਂ ਨੂੰ ਈਮੇਲ ਰਾਹੀਂ ਧਮਕੀ ਭਰੀ ਚਿੱਠੀ ਲਿਖਣ ਵਾਲੇ ਧਰਮੇਸ਼ ਅਗਰਾਵਤ ਦੇ ਮੁਕੱਦਮੇ ਦੀ 19 ਜੂਨ ਨੂੰ ਟੇਮਸਾਈਡ ਮੈਜਿਸਟ੍ਰੇਟ ਦੀ ਅਦਾਲਤ ਵਿੱਚ ਸੁਣਵਾਈ ਦੌਰਾਨ ਉਸ ਨੂੰ ਦੋਸ਼ੀ ਪਾਇਆ ਗਿਆ, ਤੇ ਉਸ ਨੇ ਆਪਣਾ ਦੋਸ਼ ਸਵੀਕਾਰ ਕਰ ਲਿਆ ਹੈ । 10 ਜੁਲਾਈ ਤੱਕ ਕੇਸ ਮੁਅੱਤਲ ਕਰ ਦਿੱਤਾ ਗਿਆ ਹੈ, ਜਦੋਂ ਕਿ ਮੈਜਿਸਟ੍ਰੇਟ ਦੀ ਅਦਾਲਤ ਵਿੱਚ ਮੁੜ ਸੁਣਵਾਈ ਕਰਕੇ ਸਜ਼ਾ ਸੁਣਾਈ ਜਾਣੀ ਹੈ।


23rd June 2025

Dear Mr Singh

Case Against Dharmesh Agrawal
Unique Reference Number

I am writing to let you know what has happened in the case in which you are a victim.

At the hearing on 19th June 2025 at Tameside Magistrates Court Dharmesh Agrawal pleaded 'guilty' to the charges.

The case has been adjourned to 10th July 2025 at Tameside Magistrates Court for Dharmesh Agrawal to be sentenced. The case has been adjourned so that reports can be prepared to help the court decide upon an appropriate sentence.

I will contact you after the next hearing to let you know the sentence passed. In the meantime, if there is anything else I can help you with please contact me.

I would like to thank you for your assistance as a witness in this case. Your evidence was very important in bringing this case to justice and your help is greatly appreciated.

Yours sincerely

ਸ: ਰਾਜਿੰਦਰ ਸਿੰਘ ਪੁਰੇਵਾਲ ਨੂੰ ਸਬੰਧਿਤ ਅਦਾਲਤ ਵੱਲੋਂ ਭੇਜੇ ਪੱਤਰ ਵਿੱਚ ਕਿਹਾ ਗਿਆ ਹੈ ਕਿ ਟੇਮਸਾਈਡ ਮੈਜਿਸਟ੍ਰੇਟ ਦੀ ਅਦਾਲਤ ਵਿੱਚ ਅਗਲੀ ਸੁਣਵਾਈ ਦੌਰਾਨ 10 ਜੁਲਾਈ 2025 ਨੂੰ ਅਦਾਲਤ ਵੱਲੋਂ ਧਰਮੇਸ਼ ਅਗਰਾਵਤ ਨੂੰ ਪੇਸ਼ ਕੀਤਾ ਜਾਵੇਗਾ ਅਤੇ ਸਜ਼ਾ ਸੁਣਾਈ ਜਾਵੇਗੀ ।

ਯਾਦ ਰਹੇ ਉਸ ਨੇ ਚਿੱਠੀਆਂ ਲਿਖ ਕੇ ਕਿਹਾ ਸੀ ਕਿ ਸਬੰਧਿਤ ਗੁਰਦੁਆਰਿਆਂ ਦੀਆਂ ਕਮੇਟੀਆਂ ਖਾਲਿਸਤਾਨ ਨਾਲ ਸਬੰਧਿਤ ਸਮਗਰੀ ਗੁਰਦੁਆਰਾ ਸਾਹਿਬ ਤੋਂ 20 ਜੂਨ ਤੱਕ ਹਟਾ ਦੇਣ ਨਹੀਂ ਤਾਂ ਸੰਗਤਾਂ ਦਾ ਨੁਕਸਾਨ ਹੋ ਸਕਦਾ ਹੈ ।

## ਯੂ ਕੇ ਦੀ ਗਾਰਡੀਅਨ ਅਖ਼ਬਾਰ ਨੇ ਅਵਤਾਰ ਸਿੰਘ ਖੰਡੇ ਦੀ ਮੌਤ ਦੀ ਜਾਂਚ ਹੋਣ ਬਾਰੇ ਖ਼ਬਰ ਛਾਪੀ

ਲੰਡਨ (ਪੰਜਾਬ ਟਾਈਮਜ਼) – ਯੂ ਕੇ ਦੀ ਵੱਡੀ ਅਖ਼ਬਾਰ ਗਾਰਡੀਅਨ ਨੇ ਭਾਈ ਅਵਤਾਰ ਸਿੰਘ ਖੰਡੇ ਦੀ ਮੌਤ ਦੇ ਬਾਰੇ ਵੱਡੀ ਖ਼ਬਰ ਛਾਪੀ ਹੈ। ਜਿਸ ਵਿੱਚ ਕਿਹਾ ਗਿਆ ਹੈ ਕਿ ਹੋ ਸਕਦਾ ਅਵਤਾਰ ਸਿੰਘ ਖੰਡਾ ਨੂੰ ਜ਼ਹਿਰ ਦੇ ਕੇ ਮਾਰਿਆ ਗਿਆ ਹੋਵੇ । ਸਪੈਸ਼ਲ ਡਾਕਟਰ ਦਾ ਕਹਿਣਾ ਹੈ ਕਿ ਕਈ ਵਾਰੀ ਜ਼ਹਿਰ ਦੇ ਕੇ ਮਾਰਨ ਦਾ ਪਤਾ ਨਹੀਂ ਲੱਗਦਾ। ਭਾਈ ਖੰਡੇ ਦੀ ਮਾਤਾ ਵੱਲੋਂ ਪਹਿਲਾਂ ਤੋਂ ਕਿਹਾ ਜਾ ਰਿਹਾ ਹੈ ਕਿ ਉਹਨਾਂ ਦੇ ਪੁੱਤਰ ਨੂੰ ਮਾਰਨ ਵਿੱਚ ਭਾਰਤ ਸਰਕਾਰ ਦੀਆਂ ਏਜੰਸੀਆਂ ਦਾ ਹੱਥ ਵੀ ਹੋ ਸਕਦਾ ਹੈ।


ਤਸਵੀਰ: ਭਾਈ ਅਵਤਾਰ ਸਿੰਘ ਖੰਡਾ

ਯਾਦ ਰਹੇ 2023 ਵਿੱਚ ਅਵਤਾਰ ਸਿੰਘ ਖੰਡਾ ਦੀ ਕੁੱਝ ਦਿਨ ਬਿਮਾਰ ਰਹਿਣ ਉਪਰੰਤ ਮੌਤ ਹੋ ਗਈ ਸੀ। ਖੰਡੇ ਦੇ ਪਿਤਾ ਜੀ ਨੂੰ ਵੀ ਪੰਜਾਬ ਵਿੱਚ ਮਾਰ ਦਿੱਤਾ ਗਿਆ ਸੀ। ਯੂ ਕੇ ਦੀਆਂ ਬਹੁਤ ਸਾਰੀਆਂ ਸੰਸਥਾਵਾਂ ਲੰਮੇ ਸਮੇਂ ਤੋਂ ਯੂ ਕੇ ਸਰਕਾਰ ਕੋਲੋਂ ਜਾਂਚ ਦੀ ਮੰਗ ਕਰਦੀਆਂ ਆ ਰਹੀਆਂ ਹਨ ।

## ਬਾਦਲ ਅਕਾਲੀ ਦਲ ਗਰੀਬ ਕਿਸਾਨਾਂ ਦੀਆਂ ਜ਼ਮੀਨਾਂ ਦੀ ਰਾਖੀ ਲਈ ਸੰਘਰਸ਼ ਵਿਢੇਗਾ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਕਿ ਅਕਾਲੀ ਦਲ ਵੱਲੋਂ ਸੂਬੇ ਦੀਆਂ ਜ਼ਮੀਨਾਂ ਦੀ ਰਾਖੀ ਲਈ 15 ਜੁਲਾਈ ਤੋਂ ਸੰਘਰਸ਼ ਵਿੱਢਿਆ ਜਾਵੇਗਾ। ਇਸ ਦੀ ਸ਼ੁਰੂਆਤ ਲੁਧਿਆਣਾ ਤੋਂ ਕੀਤੀ ਜਾਵੇਗੀ, ਜਿਸ ਤੋਂ ਬਾਅਦ ਸੂਬੇ ਭਰ 'ਚ ਲੜੀਵਾਰ ਮੁਜ਼ਾਹਰੇ ਕੀਤੇ ਜਾਣਗੇ।

ਸੁਖਬੀਰ ਬਾਦਲ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਪੰਜਾਬ ਦੇ 158 ਪਿੰਡਾਂ ਦੀ 40 ਹਜ਼ਾਰ ਏਕੜ ਜ਼ਮੀਨ ਲੈਂਡ ਪੂਲਿੰਗ ਸਕੀਮ ਤਹਿਤ ਐਕੁਆਇਰ ਕੀਤੀ ਜਾ ਰਹੀ ਹੈ। ਇਹ ਜ਼ਮੀਨ ਪੰਜਾਬ ਰੀਜਨਲ ਟਾਊਨ ਪਲੈਨਿੰਗ ਐਂਡ ਡਿਵੈਲਪਮੈਂਟ ਐਕਟ 1995 ਤਹਿਤ ਜ਼ਮੀਨ ਐਕੁਆਇਰ ਕੀਤੀ ਜਾਵੇਗੀ ਅਤੇ ਸੈਂਟਰਲ ਲੈਂਡ ਐਕਵੀਜ਼ੀਸ਼ਨ ਐਕਟ 2013 ਨੂੰ ਦਰਕਿਨਾਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੈਂਟਰਲ ਲੈਂਡ ਐਕਵੀਜ਼ੀਸ਼ਨ ਐਕਟ 2013 ਤਹਿਤ ਕਿਸਾਨਾਂ ਨੂੰ ਕੁਲੈਕਟਰ ਰੇਟ ਨਾਲੋਂ 4 ਗੁਣਾ ਰੇਟ 'ਤੇ ਮੁਆਵਜ਼ਾ ਮਿਲਦਾ ਹੈ ਜਦੋਂ ਕਿ 1995 ਦੇ ਐਕਟ ਤਹਿਤ 'ਆਪ' ਸਰਕਾਰ ਇਹ ਜ਼ਮੀਨ ਕਿਸੇ ਨੂੰ ਵੀ ਲੀਜ਼, ਬੋਲੀ ਜਾਂ ਅਲਾਟਮੈਂਟ ਰਾਹੀਂ ਦੇ ਸਕਦੀ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਲੈਂਡ ਪੂਲਿੰਗ ਸਕੀਮ ਤਹਿਤ ਜ਼ਮੀਨਾਂ ਐਕੁਆਇਰ ਕਰ ਕੇ 10 ਹਜ਼ਾਰ ਕਰੋੜ ਰੁਪਏ ਇਕੱਠੇ ਕਰਨਾ ਚਾਹੁੰਦੀ ਹੈ। ਜ਼ਮੀਨ ਐਕੁਆਇਰ ਕਰਨ ਦੀ ਨੀਤੀ ਵਿਚ ਛੋਟੇ ਕਿਸਾਨਾਂ ਨੂੰ ਸਭ ਤੋਂ ਵੱਧ ਮਾਰ ਪਵੇਗੀ। ਜਿਹੜੇ ਕਿਸਾਨਾਂ ਕੋਲ 50 ਏਕੜ ਜ਼ਮੀਨ ਹੋਵੇਗੀ, ਉਨ੍ਹਾਂ ਨੂੰ 60 ਫੀਸਦੀ ਹਿੱਸਾ ਵਾਪਸ ਮਿਲ ਜਾਵੇਗਾ। ਜਦੋਂ ਕਿ 9 ਏਕੜ ਜ਼ਮੀਨ ਵਾਲੇ ਕਿਸਾਨ ਨੂੰ ਸਿਰਫ਼ 33 ਫੀਸਦੀ ਹਿੱਸਾ ਮਿਲੇਗਾ। ਕਿਸਾਨਾਂ ਨੂੰ ਆਪਣੀ ਜ਼ਮੀਨ ਵੇਚਣ 'ਤੇ ਕਰਜ਼ਾ ਲੈਣ ਜਾਂ ਸੀਐੱਲਯੂ ਲੈਣ ਦੀ ਮਨਜ਼ੂਰੀ ਨਹੀਂ।

# ਅਕਾਲ ਤਖਤ ਵੱਲੋਂ ਬਣਾਈ ਭਰਤੀ ਕਮੇਟੀ ਤੇ 'ਅਕਾਲੀ ਦਲ ਵਾਰਿਸ ਪੰਜਾਬ ਦੇ' ਆਗੂਆਂ ਵਿਚਾਲੇ ਸਮਝੌਤੇ ਬਾਰੇ ਹੋਈ ਮੀਟਿੰਗ

## ✪ ਸਾਂਝਾ ਪੰਥਕ ਮੰਚ ਬਣਾਉਣ ਲਈ ਕੋਸ਼ਿਸ਼ਾਂ ਹੋਣ ਲੱਗੀਆਂ



ਅੰਮ੍ਰਿਤਸਰ-ਸ਼੍ਰੋਮਣੀ ਅਕਾਲੀ ਦਲ ਦੇ ਗਠਨ ਲਈ ਸ੍ਰੀ ਅਕਾਲ ਤਖਤ ਤੋਂ ਬਣੀ ਭਰਤੀ ਕਮੇਟੀ ਅਤੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਜਥੇਬੰਦੀ 'ਅਕਾਲੀ ਦਲ ਵਾਰਸ ਪੰਜਾਬ ਦੇ' ਦੇ ਆਗੂਆਂ ਵਿਚਾਲੇ ਇੱਕ ਅਹਿਮ ਮੀਟਿੰਗ ਹੋਈ, ਜਿਸ ਵਿੱਚ ਸਾਂਝਾ ਪੰਥਕ ਮੰਚ ਬਣਾਉਣ ਬਾਰੇ ਵਿਚਾਰ ਚਰਚਾ ਕੀਤੀ ਗਈ ਹੈ।

ਇਹ ਮੀਟਿੰਗ ਜੱਲੂਪੁਰ ਖੇੜਾ ਵਿਖੇ ਅੰਮ੍ਰਿਤਪਾਲ ਸਿੰਘ ਦੇ ਘਰ ਵਿੱਚ ਹੋਈ। ਮੀਟਿੰਗ ਵਿੱਚ ਭਰਤੀ ਕਮੇਟੀ ਦੀ ਮੈਂਬਰ ਬੀਬੀ ਸਤਵੰਤ ਕੌਰ, ਮਨਪ੍ਰੀਤ ਸਿੰਘ ਇਆਲੀ, ਜਥੇਦਾਰ ਸੰਤਾ ਸਿੰਘ ਉਮੈਦਪੁਰੀ, ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਇਕਬਾਲ ਸਿੰਘ ਝੂੰਦਾ ਸ਼ਾਮਿਲ ਸਨ। ਇਨ੍ਹਾਂ ਦੇ ਨਾਲ ਭਾਈ ਦਇਆ ਸਿੰਘ ਲਹੌਰੀਆ ਨੇ ਵੀ ਸ਼ਿਰਕਤ ਕੀਤੀ। ਇਸ ਮੌਕੇ 'ਅਕਾਲੀ ਦਲ ਵਾਰਿਸ ਪੰਜਾਬ ਦੇ' ਦੇ ਆਗੂਆਂ ਨੇ ਭਰਤੀ ਕਮੇਟੀ ਵੱਲੋਂ ਪੰਥਕ ਏਕਤਾ ਦੇ ਕੀਤੇ ਜਾ ਰਹੇ ਯਤਨਾਂ ਦਾ ਸਵਾਗਤ ਕੀਤਾ। ਇਸ ਮੌਕੇ ਭਰਤੀ ਕਮੇਟੀ ਅਤੇ ਅਕਾਲੀ ਦਲ ਵਾਰਿਸ ਪੰਜਾਬ ਵੱਲੋਂ ਇਹ ਫੈਸਲਾ ਹੋਇਆ ਕਿ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਪੰਥਕ ਧਿਰਾਂ ਨਾਲ ਤਾਲਮੇਲ ਕਰ ਕੇ ਸਮੁੱਚੀਆਂ ਪੰਥਕ ਧਿਰਾਂ ਨੂੰ ਇਕ ਪਲੇਟਫਾਰਮ 'ਤੇ ਇਕੱਠੇ ਕਰਨ ਦੇ ਸਾਂਝੇ ਯਤਨ ਕੀਤੇ ਜਾਣਗੇ ਤਾਂ ਕਿ ਕੌਮ ਨੂੰ ਪੰਥਕ ਸੰਕਟ ਵਿਚੋਂ ਕੱਢ ਕੇ ਚੜ੍ਹਦੀ ਕਲਾ ਵੱਲ ਲਿਜਾਇਆ ਜਾ ਸਕੇ। ਇਸ ਸਮੇਂ 'ਅਕਾਲੀ ਦਲ ਵਾਰਿਸ ਪੰਜਾਬ ਦੇ' ਦੀ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਬਾਪੂ ਤਰਸੇਮ ਸਿੰਘ, ਭਾਈ ਸਰਬਜੀਤ ਸਿੰਘ ਖਾਲਸਾ ਐਮਪੀ ਫਰੀਦਕੋਟ, ਅਮਰਜੀਤ ਸਿੰਘ ਬਨਚਿੱੜੀ, ਹਰਭਜਨ ਸਿੰਘ ਤੁੜ, ਸੁਰਜੀਤ ਸਿੰਘ ਦੌਲਤਪੁਰ ਹਾਜ਼ਰ ਸਨ।

# 700 ਵਿਦਿਆਰਥੀਆਂ ਨੂੰ ਜਾਅਲੀ ਆਫਰ ਲੈਟਰਾਂ ਰਾਹੀਂ ਕੈਨੇਡਾ ਭੇਜਣ ਵਾਲਾ ਦੋਸ਼ੀ ਬ੍ਰਿਜੇਸ਼ ਫੜਿਆ




ਜਲੰਧਰ-ਪੁਲੀਸ ਨੇ 700 ਵਿਦਿਆਰਥੀਆਂ ਨੂੰ ਜਾਅਲੀ ਆਫਰ ਲੈਟਰਾਂ ਰਾਹੀਂ ਕੈਨੇਡਾ ਭੇਜਣ ਦੇ ਮਾਮਲੇ ਵਿੱਚ ਮੁੱਖ ਮੁਲਜ਼ਮ ਬ੍ਰਿਜੇਸ਼ ਮਿਸ਼ਰਾ ਨੂੰ ਨਵੀਂ ਦਿੱਲੀ ਹਵਾਈ ਅੱਡੇ ਤੋਂ ਗ੍ਰਿਫ਼ਤਾਰ ਕੀਤਾ ਹੈ। ਉਸ ਨੂੰ ਜਲੰਧਰ ਵਿੱਚ ਲਿਆ ਕੇ ਅਦਾਲਤ ਵਿੱਚ ਪੇਸ਼ ਕੀਤਾ ਗਿਆ ਤੇ ਅਦਾਲਤ ਨੇ ਉਸ ਨੂੰ ਸੱਤ ਰੋਜ਼ਾ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ ਹੈ। ਏਡੀਸੀਪੀ ਹਰਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਬ੍ਰਿਜੇਸ਼ ਮਿਸ਼ਰਾ ਦੋ ਸਾਲ ਪਹਿਲਾਂ ਜਾਅਲੀ ਆਫਰ ਲੈਟਰਾਂ ਦੀ ਵਰਤੋਂ ਕਰਕੇ ਲੋਕਾਂ ਨੂੰ ਕੈਨੇਡਾ ਭੇਜਣ ਦੇ ਮਾਮਲੇ ਵਿਚ ਕਰੋੜਾਂ ਰੁਪਏ ਦੀ ਠੱਗੀ ਮਾਰ ਕੇ ਖ਼ਬਰਾਂ ਵਿੱਚ ਆਇਆ ਸੀ, ਜਦੋਂ ਵਿਦਿਆਰਥੀਆਂ ਨੇ ਮਾਮਲੇ ਦੀ ਪੁਸ਼ਟੀ ਕੀਤੀ ਤਾਂ ਇਹ ਖੁਲਾਸਾ ਹੋਇਆ ਕਿ ਬ੍ਰਿਜੇਸ਼ ਮਿਸ਼ਰਾ ਨੇ ਉਨ੍ਹਾਂ ਨੂੰ ਜਾਅਲੀ ਪੱਤਰ ਰਾਹੀਂ ਵਿਦੇਸ਼ ਭੇਜਿਆ ਸੀ। ਇਸ ਮਾਮਲੇ ਸਬੰਧੀ ਖ਼ਬਰਾਂ ਵਿਚ ਆਉਣ ਤੋਂ ਬਾਅਦ ਬ੍ਰਿਜੇਸ਼ ਮਿਸ਼ਰਾ ਕੈਨੇਡਾ ਤੋਂ ਭਾਰਤ ਆ ਗਿਆ। ਉਸ ਖਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ 9 ਕੇਸ ਦਰਜ ਹਨ। ਏਡੀਸੀਪੀ ਨੇ ਕਿਹਾ ਕਿ ਹੁਣ ਮੁਲਜ਼ਮ ਦੁਬਾਰਾ ਵਿਦੇਸ਼ ਭੱਜਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਸ ਖ਼ਿਲਾਫ਼ ਐੱਲਓਸੀ ਜਾਰੀ ਹੋਣ ਕਾਰਨ ਉਸ ਨੂੰ ਨਵੀਂ ਦਿੱਲੀ ਵਿੱਚ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ 'ਤੇ ਸਟਾਫ ਨੇ ਰੋਕ ਲਿਆ ਤੇ ਪੁਲੀਸ ਨੂੰ ਮਾਮਲੇ ਦੀ ਜਾਣਕਾਰੀ ਦਿੱਤੀ। ਇਸ ਮਗਰੋਂ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਕੇ ਜਲੰਧਰ ਲਿਆਂਦਾ ਗਿਆ। ਬ੍ਰਿਜੇਸ਼ ਮਿਸ਼ਰਾ ਨੂੰ ਇਸ ਮਾਮਲੇ ਦਾ ਮਾਸਟਰਮਾਈਂਡ ਦੱਸਿਆ ਜਾ ਰਿਹਾ ਹੈ। ਇਸ ਸਬੰਧੀ ਉਸ ਕੋਲੋਂ ਪੁੱਛ-ਪੜਤਾਲ ਕੀਤੀ ਜਾ ਰਹੀ ਹੈ। ਜਾਂਚ ਮਗਰੋਂ ਹੋਰ ਮੁਲਜ਼ਮਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਜਾਵੇਗਾ।

# ਨੌਜਵਾਨ ਨੇ ਆਪਣੇ ਦੋਸਤ ਨਾਲ ਮਿਲਕੇ ਪਤਨੀ ਨਾਲ ਪ੍ਰੇਮ ਸਬੰਧਾਂ ਦੇ ਸ਼ੱਕ ਵਿੱਚ ਆਪਣੇ ਹੀ ਦੋਸਤ ਦਾ ਕੀਤਾ ਕਤਲ

ਅੰਮ੍ਰਿਤਸਰ-ਕੈਂਟੋਨਮੈਂਟ ਥਾਣੇ ਅਧੀਨ ਆਉਂਦੀ ਗੁਮਟਾਲਾ ਕਲੋਨੀ ਵਿੱਚ, ਦੋ ਨੌਜਵਾਨਾਂ ਨੇ ਨਾਜਾਇਜ਼ ਸਬੰਧਾਂ ਦੇ ਸ਼ੱਕ ਵਿੱਚ ਆਪਣੇ ਹੀ ਦੋਸਤ ਦਾ ਦਾਤਰ ਨਾਲ ਕਤਲ ਕਰ ਦਿੱਤਾ। ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਗੁਰਿੰਦਰ (45) ਦੀ ਲਾਸ਼ ਨੂੰ ਹਿਰਾਸਤ ਵਿੱਚ ਲੈ ਲਿਆ। ਏਸੀਪੀ ਸ਼ਿਵ ਦਰਸ਼ਨ ਨੇ ਦੱਸਿਆ ਕਿ ਗੁਰੂਵਾਲੀ ਪਿੰਡ ਦੇ ਰਹਿਣ ਵਾਲੇ ਸੁਖਵਿੰਦਰ ਸਿੰਘ ਅਤੇ ਉਸ ਦੇ ਦੋਸਤ ਗੁਰਪ੍ਰੀਤ ਸਿੰਘ ਉਰਫ਼ ਗੋਪੀ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਗੁਮਟਾਲਾ ਕਲੋਨੀ ਦਾ ਰਹਿਣ ਵਾਲਾ ਗੁਰਿੰਦਰ ਸਿੰਘ ਪੇਸ਼ੇ ਤੋਂ ਸੁਰੱਖਿਆ ਗਾਰਡ ਵਜੋਂ ਕੰਮ ਕਰਦਾ ਸੀ। ਪਿਛਲੇ ਕੁਝ ਸਾਲਾਂ ਤੋਂ, ਉਸ ਦੀ ਗੁਮਟਾਲਾ ਕਲੋਨੀ (ਮੌਜੂਦਾ ਗੁਰੂਵਾਲੀ ਪਿੰਡ) ਵਿੱਚ ਰਹਿਣ ਵਾਲੇ ਸੁਖਵਿੰਦਰ ਸਿੰਘ ਨਾਲ ਦੋਸਤੀ ਸੀ। ਦੋਵੇਂ ਇੱਕ ਦੂਜੇ ਦੇ ਘਰ ਆਉਣ-ਜਾਣ ਲੱਗ ਪਏ ਪਰ ਸੁਖਵਿੰਦਰ ਸਿੰਘ ਬਹੁਤ ਹੀ ਸੌੜੀ ਸੋਚ ਵਾਲਾ ਵਿਅਕਤੀ ਸੀ। ਇਸ ਦੌਰਾਨ ਉਸ ਨੂੰ ਸ਼ੱਕ ਹੋਣ ਲੱਗਾ ਕਿ ਸੁਰੱਖਿਆ ਗਾਰਡ ਗੁਰਿੰਦਰ ਸਿੰਘ ਦੇ ਉਸ ਦੀ ਪਤਨੀ ਜੋਤੀ ਨਾਲ ਸਬੰਧ ਸਨ। ਇਸ ਨੂੰ ਲੈ ਕੇ ਦੋਵਾਂ ਵਿਚਕਾਰ ਕਈ ਵਾਰ ਝਗੜੇ ਹੋਏ ਸਨ।

# ਨਸ਼ਾ ਤਸਕਰਾਂ ਦੀ 'ਮੁਖ਼ਬਰੀ' ਕਰਨ 'ਤੇ ਨਾਬਾਲਗ ਨੌਜਵਾਨ ਨੂੰ ਨੰਗਾ ਕਰਕੇ ਕੁਟਿਆ

## ✪ ਪੁਲਿਸ ਹਾਲੇ ਤਕ ਨਾ ਫੜ ਸਕੀ ਹਮਲਾਵਰਾਂ ਨੂੰ




**CHANGE OF NAME**

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________

SON / DAUGHTER / WIFE OF MR ____________

WHOSE PERMANENT ADDRESS IN INDIA IS ____________

____________

AND IS NOW LIVING AT ____________

____________ HEREBY GIVE NOTICE OF MY INTENTION

TO CHANGE MY NAME TO ____________

TEL ____________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


## CHANGE OF NAME

I MR ASHWANI KUMAR, SON OF MR RAM LAL WHOSE PERMANENT ADDRESS IN INDIA IS VILL ATWAN, PO HARIPUR, KURUKSHETRA, PIN: 136135, HARYANA AND NOW LIVING AT 139 TAUNTON ROAD, BRIDG-WATER, SOMERSET, TA6 6BD, UK HEREBY GIVE NOTICE OF MY INTENTION TO CHANGE MY NAME TO MR ASHWANI SINGH. (U/I) E

I MR HARPAL SINGH, SON OF HARJIT SINGH AND CHARANJIT KAUR, WHOSE PERMANENT ADDRESS IN INDIA IS RAIPUR RAJPUTA, KHANNA, LUDHIANA, PIN-141412, PUNJAB AND NOW LIVING AT 14 WEST DRIVE, LEICESTER, LE5 1BA, UK HEREBY GIVE NOTICE OF MY INTENTION TO CHANGE MY NAME TO MR HARPAL SINGH GREWAL. (U/I)

I MISS PAYAL, D/O MR TARLOK NATH WHOSE PERMANENT ADDRESS IN INDIA IS VILL: MALLA BEDIAN, P.O. AUR, SBS NAGAR, PIN: 144417, PUNJAB AND NOW LIVING AT 8 CRANSTONE CRESCENT, LEICESTER, LE3 8LA, UK HEREBY GIVE NOTICE OF MY INTENTION TO CHANGE MY NAME TO MISS PAYAL VERMA. (U/I)

# ਲੈਸਟਰ ਕਬੱਡੀ ਕਲੱਬ ਵੱਲੋਂ ਲੈਸਟਰ ਦੇ ਗੁਰਦੁਆਰਾ ਸਾਹਿਬਾਨ ਤੇ ਸਮੂਹ ਲੈਸਟਰ ਵਾਸੀਆਂ ਵੱਲੋਂ

## ਕਬੱਡੀ ਟੂਰਨਾਮੈਂਟ ਐਤਵਾਰ 29 ਜੂਨ 2025 ਨੂੰ ਸਵੇਰੇ 10:00 ਵਜੇ ਤੋਂ ਸ਼ਾਮ 6:00 ਵਜੇ ਤੱਕ AYLESTONE PLAYING FIELDS LEICESTER LE3 2DG ਵਿਖੇ ਕਰਵਾਇਆ ਗਿਆ

## ਲੈਸਟਰ ਕਬੱਡੀ ਕਲੱਬ ਵੱਲੋਂ ਲੈਸਟਰ ਦੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਸੰਗਤਾਂ ਅਤੇ ਮਾਇਕ ਸਹਾਇਤਾ ਦੇਣ ਵਾਲੇ ਦਾਨੀ ਸੱਜਣਾਂ ਦਾ ਹਾਰਦਿਕ ਧੰਨਵਾਦ

ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ | ਗੁਰਦੁਆਰਾ ਸ੍ਰੀ ਗੁਰੂ ਅਮਰਦਾਸ ਜੀ | ਗੁਰਦੁਆਰਾ ਸ੍ਰੀ ਗੁਰੂ ਦਸ਼ਮੇਸ਼ ਸਾਹਿਬ | ਗੁਰਦੁਆਰਾ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ | ਸ੍ਰੀ ਗੁਰੂ ਰਵਿਦਾਸ ਟੈਂਪਲ | ਗੁਰੂ ਨਾਨਕ ਗੁਰਦੁਆਰਾ ਲੈਸਟਰ



ਗੁਰਨਾਮ ਸਿੰਘ — ਅਜਮੇਰ ਸਿੰਘ ਬਸਰਾ — ਜਰਨੈਲ ਸਿੰਘ ਰਾਣਾ — ਸ਼ਮਸ਼ੇਰ ਸਿੰਘ ਬੈਂਸ — ਜਸਬੀਰ ਸਿੰਘ

ਪ੍ਰਬੰਧਕ ਕਮੇਟੀ
ਗੁਰਦੁਆਰਾ
ਸ੍ਰੀ ਗੁਰੂ ਹਰਕ੍ਰਿਸ਼ਨ
ਸਾਹਿਬ ਜੀ
ਲੈਸਟਰ





ਪਿਆਰਾ ਸਿੰਘ ਰੰਧਾਵਾ — ਕੁਲਵੰਤ ਸਿੰਘ ਸੰਘਾ — ਕੁਲਵੀਰ ਸਿੰਘ ਖੱਖ — ਨਿਰਮਲ ਸਿੰਘ ਲੱਡੂ — ਦਵਿੰਦਰ ਸਿੰਘ — ਜਿੰਦਰ ਸਿੰਘ ਬੋਇਲ — ਜਤਿੰਦਰ ਸਿੰਘ ਚਾਹਲ — ਜਿੰਦਰ ਸਿੰਘ ਥਾਂਦੀ — ਸੁੱਖ ਸੰਧੂ



ਬਲਜੀਤ ਸਿੰਘ ਬੱਲੀ — ਮਨਜੀਤ ਸਿੰਘ ਹੀਰ — ਬਲਬੀਰ ਸਿੰਘ — ਕੇ ਐਸ ਸ਼ੀਰਾ — ਬਿੰਦਾ — ਸਤਵੀਰ ਖੱਖ — ਸਤਵਿੰਦਰ ਬਾਸੀ — ਸਤਨਾਮ ਬਾਸੀ — ਘੁੰਮਣ ਭਰਾ - ਜਸ, ਅੰਮ੍ਰਿਤ, ਗੁਰਮੀਤ, ਮਿੰਟੂ — ਮੱਟੂ, ਕੁਲਵਿੰਦਰ



ਲਖਵੀਰ ਸਿੰਘ ਚੱਠਾ — ਅਵਤਾਰ ਸਿੰਘ ਚੱਠਾ — ਸਤਵਿੰਦਰ ਸਿੰਘ ਦਿਓਲ — ਕਰਮਜੀਤ ਸਿੰਘ — ਮੰਗਤ ਸਿੰਘ ਪਲਾਹੀ — ਉਂਕਾਰ ਸਿੰਘ — ਗੁਰਪਾਲ ਪਾਲੀ — ਕੇਬੀ ਢੀਂਡਸਾ — ਦੀਸ਼ਾ ਮੇਹਟ — ਦਿਲਾਵਰ ਸਿੰਘ ਭੰਗਲ — ਕੁਲਦੀਪ ਸਿੰਘ ਰਾਗੀ — ਬਰਿੰਦਰ ਸਿੰਘ ਲੱਛਰ — ਜਤਿੰਦਰ ਸਿੰਘ




ਰਾਜਾ ਸਿੰਘ ਕੰਗ — ਸੁਖਦੇਵ ਸਿੰਘ ਬਾਂਸਲ — ਸਪਿੰਦਰ ਸਿੰਘ ਹੀਰ — ਜੇ ਐਸ, ਬਿਲਡਰ — ਜਗਤਾਰ ਸਿੰਘ — ਗੁਰਨਾਮ ਸਿੰਘ ਰੂਪੋਵਾਲ — ਬਲਵੀਰ ਸਿੰਘ — ਮਨਜੀਤ ਸਿੰਘ — ਗੁਰਮਿੰਦਰ ਸਿੰਘ — ਜਿੰਦਰ — ਦਲਜੀਤ ਸਿੰਘ ਸਹੋਤਾ, ਨਿਮ ਗਿੱਲ



ਜਸਬੀਰ, ਬਿੱਟੂ ਈਸਟ ਵੈਸਟ — ਰੌਕੀ, ਹਰਪ੍ਰੀਤ — ਕੁਲਵਿੰਦਰ ਸਿੰਘ — ਬਲਵੰਤ ਸਿੰਘ ਬਾਸੀ — ਦਲਜੀਤ ਸਿੰਘ ਢਿੱਲੋਂ — ਸੋਧ ਮੀਟ ਸ਼ੌਪ NR — ਬਲਬੀਰ ਸਿੰਘ ਕੁਲਾਰ — ਰਜਵਿੰਦਰ ਅਟਵਾਲ — ਦਲਜੀਤ ਸਿੰਘ — ਗੁਰਦੀਪ ਸਿੰਘ ਗਿੱਲ — ਕਮਲ ਘਟੌਰੇ — ਤੇਜੀ



ਬੁੱਧ ਸਿੰਘ — ਅੰਮ੍ਰਿਤਪਾਲ ਸਿੰਘ ਜੰਮੂ — ਹਰਪਾਲ ਸਿੰਘ ਬਿੰਦ — ਕਿਸ਼ਨ ਸਿੰਘ — ਕੁਲਦੀਪ ਸਿੰਘ ਚਹੇੜੂ — ਵਿਜੇ ਸਿੰਘ ਬਿੱਟੂ — ਹਰਿੰਦਰ ਸਿੰਘ ਜ਼ੈਲਦਾਰ — ਸੰਨੀ ਚੋਪੜਾ — ਡਾ: ਚਰਨਪ੍ਰੀਤ ਸਿੰਘ — ਨੇਸ਼ੀ ਭੱਜਲ — ਇਕਬਾਲ ਸਿੰਘ — ਇਕਬਾਲ — ਗੁੱਗੂ ਗਿੱਲ



ਚਰਨ ਸਿੰਘ — ਡਰੀਮਜ਼ ਕੰਸਟਰਕਸ਼ਨ — ਡਰੀਮਜ਼ ਕੰਸਟਰਕਸ਼ਨ — ਰਾਣਾ ਸਿੰਘ — ਸੁੱਚਾ ਸਿੰਘ ਹੁੰਦਲ — ਇੰਦਰਜੀਤ ਸਿੰਘ — ਜਗਦੀਪ ਸਿੰਘ ਮਾਹਲ — ਜੁੱਗੂ ਸੰਧਰ — ਜਸਕਰਨ ਥਾਂਦੀ — ਜਸਵਿੰਦਰ ਕਾਲੀਰਾਏ — ਜਸਵਿੰਦਰ ਸਿੰਘ — ਗੁਰਵਿੰਦਰ ਸਿੰਘ ਸਮਰਾ — ਕੁਲਵਿੰਦਰ ਸਿੰਘ ਹੁੰਦਲ — ਉਂਕਾਰ ਸਿੰਘ



ਕਮਲਜੀਤ — ਮਲਕੀਤ — ਮਨਦੀਪ ਸਿੰਘ — ਪੰਮਾ ਭੰਡਾਲ — ਨਰੇਸ਼ — ਨਿਹਾਲ ਸਿੰਘ — ਸੁੱਖਾ, ਪੱਪੂ — ਭਵੇਸ਼ ਸ਼ਾਹ, ਗੁਰਬਿੰਦਰ ਸਿੰਘ ਸੰਨੀ — ਨਿਰਮਲ ਸਿੰਘ — ਪਲਵਿੰਦਰ ਸਿੰਘ, ਕੁਲਦੀਪ ਕੁਨਰ — ਪ੍ਰਦੀਪ ਸਿੰਘ — ਪ੍ਰਭਜੋਤ ਸਿੰਘ




ਵਿਕਰਮ ਰੰਧਾਵਾ — ਸੋਨੂ — ਰਾਜ ਸ਼ਰਮਾ — ਰਸ਼ਪਾਲ, ਸੋਨੀ — ਸੁਰਿੰਦਰਪਾਲ ਸਿੰਘ — ਸ਼ਿੰਦਾ ਸਾਧੜਾ — ਸਾਭੀ ਸੋਮਲ — ਸੰਜੀਵ ਕੁਮਾਰ — ਸ਼ੰਮੀ ਸਾਂਪਲੇ — ਸੁਖਵਿੰਦਰ ਸਿੰਘ — ਟੀ ਸੀ ਬਿਲਡਰ — ਅਮਰਦੀਪ ਕੁਨਰ

**ENTRY FEE: £15.00** | **ਜਾਰੀ ਕਰਤਾ: ਲੈਸਟਰ ਕਬੱਡੀ ਕਲੱਬ, ਲੈਸਟਰ** | **ਦਾਖਲਾ ਟਿਕਟ : £15.00**

ਵਧੇਰੇ ਜਾਣਕਾਰੀ ਲਈ ਸੰਪਰਕ: 07710 35998 - 07764 157559 - 07810 255560 - 07711 112022 - 07811 336753 - 07958 346951 - 07730 345714 - 07817 496001

# ਲੈਸਟਰ ਕਬੱਡੀ ਟੂਰਨਾਮੈਂਟ ਸ਼ਾਨੋ ਸ਼ੌਕਤ ਨਾਲ ਚੜ੍ਹਿਆ ਨੇਪਰੇ

## ਗ੍ਰੇਵਜ਼ੈਂਡ/ਬਾਰਕਿੰਗ ਟੀਮ ਨੇ ਜਿੱਤਿਆ ਕੱਪ ਸਲੋਹ/ਇਕਨਹਮ ਦੀ ਟੀਮ ਉੱਪ ਜੇਤੂ ਰਹੀ – ਸਾਜ਼ੀ ਅਤੇ ਸੋਹਣ ਬਣੇ ਸਰਬੋਤਮ ਖਿਡਾਰੀ

## ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਖਜ਼ਾਨਚੀ ਕੁਲਵੰਤ ਸਿੰਘ ਸੰਘਾ ਦਾ ਸਤਨਾਮ ਸਿੰਘ ਸੱਤਾ ਮੁਠੱਡਾ ਵੱਲੋਂ ਗੋਲਡ ਮੈਡਲ ਨਾਲ ਸਨਮਾਨ







## ਜਾਰੀ ਕਰਤਾ: ਲੈਸਟਰ ਕਬੱਡੀ ਕਲੱਬ , ਲੈਸਟਰ

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਕੀ ਭਾਜਪਾ ਤੇ ਸੰਘ ਪਰਿਵਾਰ ਸੰਵਿਧਾਨ ਨੂੰ ਬਦਲਣਾ ਚਾਹੁੰਦੇ ਹਨ ?

## ✪ ਸਮਾਜਵਾਦ ਅਤੇ ਧਰਮ ਨਿਰਪੇਖਤਾ ਸ਼ਬਦਾਂ ਉਪਰ ਕਿਉਂ ਹੈ ਇਤਰਾਜ਼ ?
## ✪ ਸੰਘ ਦੇ ਮਹਾ ਸਕੱਤਰ ਹੋਸਬੋਲੇ ਨੇ ਮੁੜ ਛੇੜੀ ਬਹਿਸ, ਵਿਰੋਧੀ ਪਾਰਟੀਆਂ ਨੇ ਘੇਰਿਆ



ਬੀਤੇ ਦਿਨੀਂ ਰਾਸ਼ਟਰੀ ਸਵੈਮਸੇਵਕ ਸੰਘ (ਆਰਐਸਐਸ) ਦੇ ਮਹਾਸਕੱਤਰ ਦੱਤਾਤ੍ਰੇਅ ਹੋਸਬੋਲੇ ਨੇ ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਸਮਾਜਵਾਦ ਅਤੇ ਧਰਮ ਨਿਰਪੇਖਤਾ ਦੇ ਸ਼ਬਦਾਂ ਨੂੰ ਹਟਾਉਣ ਦੀ ਮੰਗ ਨੇ ਰਾਜਨੀਤਕ ਗਲਿਆਰਿਆਂ ਵਿਚ ਹੰਗਾਮਾ ਮਚਾ ਦਿੱਤਾ ਸੀ। ਹੋਸਬੋਲੇ ਨੇ ਐਮਰਜੈਂਸੀ ਦੇ 50 ਸਾਲ ਪੂਰੇ ਹੋਣ 'ਤੇ ਇਕ ਪ੍ਰੋਗਰਾਮ ਵਿਚ ਬਿਆਨ ਦਿੱਤਾ ਸੀ ਕਿ ਇਹ ਸ਼ਬਦ 1976 ਦੇ 42ਵੇਂ ਸੰਵਿਧਾਨ ਸੋਧ ਦੌਰਾਨ ਜੋੜੇ ਗਏ ਸਨ, ਜੋ ਮੂਲ ਸੰਵਿਧਾਨ ਦਾ ਹਿੱਸਾ ਨਹੀਂ ਸਨ। ਉਨ੍ਹਾਂ ਨੇ ਸਵਾਲ ਚੁੱਕਿਆ ਕਿ ਕੀ ਇਹ ਸ਼ਬਦ ਭਾਰਤ ਦੀ ਸਭਿਅਕ ਸੋਚ ਅਤੇ ਸੰਸਕ੍ਰਿਤੀ ਨਾਲ ਮੇਲ ਖਾਂਦੇ ਹਨ ?

ਇਸ ਬਿਆਨ ਨੇ ਰਾਜਨੀਤੀ ਵਿਚ ਤੂਫਾਨ ਖੜ੍ਹਾ ਕਰ ਦਿੱਤਾ ਹੈ, ਜਿਸ ਨਾਲ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅਤੇ ਸੰਘ ਪਰਿਵਾਰ ਦੇ ਏਜੰਡੇ 'ਤੇ ਸਵਾਲ ਉੱਠਣ ਲੱਗੇ। ਕੀ ਇਹ ਸੰਵਿਧਾਨ ਨੂੰ ਬਦਲਣ ਦੀ ਸਾਜ਼ਿਸ਼ ਹੈ, ਜਾਂ ਸੰਘ ਦੇ ਹਿੰਦੂ ਰਾਸ਼ਟਰ ਦੇ ਸੁਪਨੇ ਵੱਲ ਇਕ ਕਦਮ ?

ਹੋਸਬੋਲੇ ਦਾ ਬਿਆਨ ਕੋਈ ਨਵੀਂ ਗੱਲ ਨਹੀਂ। ਸੰਘ ਪਰਿਵਾਰ ਅਤੇ ਬੀਜੇਪੀ ਦੇ ਕਈ ਆਗੂ ਪਹਿਲਾਂ ਵੀ ਸੰਵਿਧਾਨ ਨੂੰ ਬਦਲਣ ਦੀਆਂ ਗੱਲਾਂ ਕਰਦੇ ਰਹੇ ਹਨ। ਪਰ ਇਸ ਵਾਰ ਗੱਲ ਸਿੱਧੀ ਪ੍ਰਸਤਾਵਨਾ 'ਤੇ ਆਈ ਹੈ, ਜੋ ਸੰਵਿਧਾਨ ਦੀ ਰੂਹ ਮੰਨੀ ਜਾਂਦੀ ਹੈ। 1949 ਵਿਚ ਸੰਵਿਧਾਨ ਸਭਾ ਨੇ ਪ੍ਰਸਤਾਵਨਾ ਵਿਚ ਭਾਰਤ ਨੂੰ "ਸੰਪ੍ਰਭੂ ਲੋਕਤੰਤਰਕ ਗਣਰਾਜ" ਐਲਾਨਿਆ ਸੀ। 1976 ਵਿਚ ਐਮਰਜੈਂਸੀ ਦੌਰਾਨ 42ਵੀਂ ਸੋਧ ਨਾਲ "ਸਮਾਜਵਾਦੀ" ਅਤੇ "ਧਰਮ ਨਿਰਪੇਖ" ਸ਼ਬਦ ਜੋੜੇ ਗਏ। ਹੋਸਬੋਲੇ ਦਾ ਤਰਕ ਹੈ ਕਿ ਇਹ ਸ਼ਬਦ ਐਮਰਜੈਂਸੀ ਦੀ ਰਾਜਨੀਤੀ ਦਾ ਨਤੀਜਾ ਸਨ ਅਤੇ ਇਹ ਭਾਰਤ ਦੀ ਸਭਿਅਕ ਸੋਚ ਨਾਲ ਮੇਲ ਨਹੀਂ ਖਾਂਦੇ। ਪਰ ਸਵਾਲ ਇਹ ਹੈ ਕਿ ਕੀ ਸੰਘ ਦੀ ਇਸ ਮੰਗ ਦਾ ਮਕਸਦ ਸਿਰਫ਼ ਸ਼ਬਦਾਂ ਨੂੰ ਹਟਾਉਣਾ ਹੈ, ਜਾਂ ਇਹ ਸੰਵਿਧਾਨ ਦੀ ਮੂਲ ਭਾਵਨਾ ਨੂੰ ਹੀ ਬਦਲਣ ਦੀ ਤਿਆਰੀ ਹੈ ?

ਸੰਘ ਦੇ ਬਹੁਤ ਸਾਰੇ ਵਿਚਾਰਕ ਮੰਨਦੇ ਹਨ ਕਿ "ਧਰਮ ਨਿਰਪੇਖਤਾ" ਸ਼ਬਦ ਹਿੰਦੂ ਰਾਸ਼ਟਰ ਦੇ ਏਜੰਡੇ ਵਿਚ ਸਭ ਤੋਂ ਵੱਡੀ ਅੜਚਣ ਹੈ। ਸੰਜੇ ਕੁਮਾਰ ਝਾ ਵਰਗੇ ਸੀਨੀਅਰ ਪੱਤਰਕਾਰ ਮੰਨਦੇ ਹਨ, "ਸੰਘ ਅਤੇ ਬੀਜੇਪੀ ਸੰਵਿਧਾਨ ਦੀ ਮੂਲ ਭਾਵਨਾ ਨੂੰ ਕਦੇ ਮੰਨਦੇ ਹੀ ਨਹੀਂ ਸਨ। ਉਹ ਚਾਹੁੰਦੇ ਹਨ ਕਿ ਸਮਾਜਵਾਦ ਅਤੇ ਧਰਮ ਨਿਰਪਖਤਾ ਨੂੰ ਸਿਧਾਂਤਕ ਤੌਰ 'ਤੇ ਖਤਮ ਕੀਤਾ ਜਾਵੇ, ਕਿਉਂਕਿ ਇਹ ਸ਼ਬਦ ਉਨ੍ਹਾਂ ਦੇ ਹਿੰਦੂ ਰਾਸ਼ਟਰ ਦੇ ਸੁਪਨੇ ਵਿਚ ਅੜਿੱਕਾ ਬਣਦੇ ਹਨ।"

ਇਹ ਬਿਆਨ ਸੰਘ ਦੇ ਉਸ ਹਿੰਦੂਤਵ ਦੇ ਏਜੰਡੇ ਨੂੰ ਸਾਹਮਣੇ ਲਿਆਉਂਦਾ ਹੈ, ਜਿਸ ਵਿਚ ਸੰਵਿਧਾਨ ਨੂੰ ਉਨ੍ਹਾਂ ਦੀ ਵਿਚਾਰਧਾਰਾ ਮੁਤਾਬਕ ਢਾਲਣ ਦੀ ਇੱਛਾ ਸਾਫ਼ ਨਜ਼ਰ ਆਉਂਦੀ ਹੈ।

ਸੰਵਿਧਾਨ ਦੀ ਮੂਲ ਪ੍ਰਸਤਾਵਨਾ ਵਿਚ ਭਾਵੇਂ "ਸਮਾਜਵਾਦ" ਤੇ "ਧਰਮ ਨਿਰਪਖਤਾ" ਸ਼ਬਦ ਨਹੀਂ ਸਨ, ਪਰ ਇਨ੍ਹਾਂ ਦੀ ਭਾਵਨਾ ਸੰਵਿਧਾਨ ਦੇ ਕਈ ਅਨੁਛੇਦਾਂ ਵਿਚ ਪਹਿਲਾਂ ਤੋਂ ਹੀ ਮੌਜੂਦ ਸੀ। ਅਨੁਛੇਦ 14 ਅਤੇ 15 ਸਮਾਨਤਾ ਦੇ ਅਧਿਕਾਰ ਦੀ ਗੱਲ ਕਰਦੇ ਹਨ, ਜਿਸ ਵਿਚ ਧਰਮ ਦੇ ਆਧਾਰ 'ਤੇ ਭੇਦਭਾਵ ਨੂੰ ਮਨ੍ਹਾ ਕੀਤਾ ਗਿਆ ਹੈ। ਅਨੁਛੇਦ 25-28 ਧਰਮ ਦੀ ਆਜ਼ਾਦੀ ਦੀ ਗਰੰਟੀ ਦਿੰਦੇ ਹਨ, ਜਦਕਿ ਅਨੁਛੇਦ 30 ਘੱਟਗਿਣਤੀ ਕੌਮਾਂ ਨੂੰ ਆਪਣੀਆਂ ਸਿੱਖਿਆ ਸੰਸਥਾਵਾਂ ਚਲਾਉਣ ਦਾ ਹੱਕ ਦਿੰਦਾ ਹੈ। ਇਸੇ ਤਰ੍ਹਾਂ, ਅਨੁਛੇਦ 38, 39 ਅਤੇ 43 ਸਮਾਜਵਾਦੀ ਤੱਤਾਂ ਨੂੰ ਉਤਸ਼ਾਹਿਤ ਕਰਦੇ ਹਨ, ਜਿਵੇਂ ਕਿ ਸੰਪਤੀ ਦਾ ਨਿਆਂਪੂਰਨ ਵੰਡ, ਆਰਥਕ ਅਸਮਾਨਤਾ ਦੂਰ ਕਰਨਾ ਅਤੇ ਵੰਚਿਤ ਵਰਗਾਂ ਨੂੰ ਮਜਬੂਤ ਕਰਨਾ।

1994 ਵਿਚ ਐਸਆਰ ਬੋਮਈ ਮਾਮਲੇ ਵਿਚ ਸੁਪਰੀਮ ਕੋਰਟ ਨੇ ਵੀ ਸਪੱਸ਼ਟ ਕੀਤਾ ਸੀ ਕਿ ਧਰਮ ਨਿਰਪਖਤਾ ਸੰਵਿਧਾਨ ਦੀ ਮੂਲ ਸੰਰਚਨਾ ਦਾ ਹਿੱਸਾ ਹੈ। ਸੀਨੀਅਰ ਪੱਤਰਕਾਰ ਸ਼ਰਦ ਗੁਪਤਾ ਦਾ ਕਹਿਣਾ ਹੈ, "ਇਹ ਸ਼ਬਦ ਸਿਰਫ਼ ਸ਼ਬਦ ਨਹੀਂ, ਸੰਵਿਧਾਨ ਦੀ ਰੂਹ ਹਨ। 1976 ਦੀ ਸੋਧ ਨੇ ਸਿਰਫ਼ ਪਹਿਲਾਂ ਤੋਂ ਮੌਜੂਦ ਭਾਵਨਾ ਨੂੰ ਸ਼ਬਦਾਂ ਵਿਚ ਢਾਲਿਆ ਹੈ।" ਪਰ ਸੰਘ ਦਾ ਤਰਕ ਹੈ ਕਿ ਇਹ ਸ਼ਬਦ ਐਮਰਜੈਂਸੀ ਦੀ ਰਾਜਨੀਤੀ ਦਾ ਨਤੀਜਾ ਸਨ ਅਤੇ ਇਨ੍ਹਾਂ ਦੀ ਕੋਈ ਲੋੜ ਨਹੀਂ ਸੀ।

ਹੋਸਬੋਲੇ ਦੇ ਬਿਆਨ 'ਤੇ ਵਿਰੋਧੀ ਪਾਰਟੀਆਂ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਕਾਂਗਰਸ ਨੇ ਆਪਣੇ ਅਧਿਕਾਰਤ ਸੋਸ਼ਲ ਮੀਡੀਆ ਅਕਾਊਂਟ 'ਤੇ ਕਿਹਾ ਸੀ ਕਿ ਲੋਕ ਸਭਾ ਚੋਣਾਂ ਵਿਚ ਬੀਜੇਪੀ ਆਗੂ ਖੁੱਲ੍ਹ ਕੇ ਕਹਿ ਰਹੇ ਸਨ ਕਿ ਸੰਵਿਧਾਨ ਬਦਲਣ ਲਈ 400 ਤੋਂ ਵੱਧ ਸੀਟਾਂ ਚਾਹੀਦੀਆਂ ਹਨ। ਹੁਣ ਉਹ ਮੁੜ ਆਪਣੀਆਂ ਸਾਜ਼ਿਸ਼ਾਂ ਵਿਚ ਲੱਗੇ ਹਨ, ਪਰ ਕਾਂਗਰਸ ਕਿਸੇ ਕੀਮਤ 'ਤੇ ਇਨ੍ਹਾਂ ਦੇ ਮਨਸੂਬੇ ਕਾਮਯਾਬ ਨਹੀਂ ਹੋਣ ਦੇਵੇਗੀ।"

ਬਹੁਜਨ ਸਮਾਜ ਪਾਰਟੀ (ਬਸਪਾ) ਸਮੇਤ ਹੋਰ ਵਿਰੋਧੀ ਪਾਰਟੀਆਂ ਨੇ ਵੀ ਇਸ ਮੰਗ ਨੂੰ ਸੰਵਿਧਾਨ ਵਿਰੋਧੀ ਕਰਾਰ ਦਿੱਤਾ।ਬੀਜੇਪੀ ਨੇ ਹਾਲਾਂਕਿ ਇਸ ਮੁੱਦੇ 'ਤੇ ਸਿੱਧੀ ਪ੍ਰਤੀਕਿਰਿਆ ਨਹੀਂ ਦਿੱਤੀ। ਸੀਨੀਅਰ ਪੱਤਰਕਾਰ ਸ਼ਰਦ ਗੁਪਤਾ ਦਾ ਮੰਨਣਾ ਹੈ ਕਿ ਬੀਜੇਪੀ ਇਸ ਮੁੱਦੇ 'ਤੇ ਚੁੱਪੀ ਸਾਧ ਕੇ ਸੰਘ ਦੇ ਏਜੰਡੇ ਨੂੰ ਅੱਗੇ ਵਧਾਉਣ ਦੀ ਰਣਨੀਤੀ ਅਪਣਾ ਰਹੀ ਹੈ। ਉਹ ਕਹਿੰਦੇ ਹਨ, "ਬੀਜੇਪੀ ਸੰਵਿਧਾਨ ਨਾਲ ਜੁੜੇ ਮੁੱਦਿਆਂ 'ਤੇ ਸੋਚ-ਸਮਝ ਕੇ ਬੋਲਦੀ ਹੈ, ਕਿਉਂਕਿ ਅਜਿਹੇ ਮੁੱਦੇ ਅਕਸਰ ਉਸ ਲਈ ਰਾਜਨੀਤਕ ਨੁਕਸਾਨ ਦਾ ਸਬਬ ਬਣਦੇ ਹਨ। 2015 ਵਿਚ ਮੋਹਨ ਭਾਗਵਤ ਦਾ ਅਰਕਸ਼ਣ ਸਮੀਖਿਆ ਵਾਲਾ ਬਿਆਨ ਅਤੇ 2024 ਦੀਆਂ ਚੋਣਾਂ ਵਿਚ ਸੰਵਿਧਾਨ ਬਦਲਣ ਦੀਆਂ ਗੱਲਾਂ ਨੇ ਬੀਜੇਪੀ ਨੂੰ 160 ਸੀਟਾਂ ਦਾ ਨੁਕਸਾਨ ਕਰਵਾਇਆ ਸੀ।" ਬੁੱਧੀਜੀਵੀਆਂ ਵਿਚ ਵੀ ਇਸ ਮੁੱਦੇ 'ਤੇ ਤਿੱਖੀ ਬਹਿਸ ਛਿੜੀ ਹੈ। ਕਾਂਗਰਸ ਦੇ ਸੀਨੀਅਰ ਨੇਤਾ ਰਾਹੁਲ ਗਾਂਧੀ ਆਖਦੇ ਹਨ ਕਿ "ਸਮਾਜਵਾਦ ਅਤੇ ਧਰਮ ਨਿਰਪਖਤਾ ਆਜ਼ਾਦੀ ਸੰਘਰਸ਼ ਦੀ ਰੂਹ ਸਨ। ਇਨ੍ਹਾਂ ਨੂੰ ਹਟਾਉਣਾ ਮਤਲਬ ਲੋਕਤੰਤਰ ਨੂੰ ਹੀ ਖਤਮ ਕਰਨਾ ਹੈ।"

ਭਾਰਤੀ ਯੂਥ ਕਾਂਗਰਸ ਦੇ ਕਰਨਾਟਕ ਕਾਨੂੰਨੀ ਸੈੱਲ ਦੇ ਮੈਂਬਰਾਂ ਦੁਆਰਾ ਪੁਲਿਸ ਕੋਲ ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿੱਚੋਂ "ਸਮਾਜਵਾਦੀ" ਅਤੇ "ਧਰਮ ਨਿਰਪੱਖ" ਸ਼ਬਦਾਂ ਨੂੰ ਹਟਾਉਣ ਦੀ ਮੰਗ ਕਰਨ ਵਾਲੇ ਹੋਸਾਬਲੇ ਦੀਆਂ ਹਾਲੀਆ ਟਿੱਪਣੀਆਂ "ਸੰਵਿਧਾਨਕ ਨੈਤਿਕਤਾ 'ਤੇ ਹਮਲਾ" ਅਤੇ "ਰਾਸ਼ਟਰ ਦੇ ਸੰਸਥਾਪਕ ਮੁੱਲਾਂ ਵਿਰੁੱਧ ਭੜਕਾਹਟ" ਸਨ।

ਸ਼ਿਕਾਇਤ ਐਤਵਾਰ ਨੂੰ ਬੰਗਲੁਰੂ ਦੇ ਸ਼ੇਸ਼ਾਦਰੀਪੁਰਮ ਪੁਲਿਸ ਸਟੇਸ਼ਨ ਵਿੱਚ ਦਰਜ ਕੀਤੀ ਗਈ ਸੀ। ਜਦੋਂ ਕਿ ਪੁਲਿਸ ਨੇ ਸ਼ਿਕਾਇਤ ਪ੍ਰਾਪਤ ਹੋਣ ਦੀ ਪੁਸ਼ਟੀ ਕੀਤੀ, ਪਰ ਅਜੇ ਤੱਕ ਕੋਈ ਐਫਆਈਆਰ ਦਰਜ ਨਹੀਂ ਕੀਤੀ ਗਈ ਸੀ।

ਸੰਘ ਦੀ ਇਸ ਮੰਗ ਨੂੰ ਕਈ ਲੋਕ ਹਿੰਦੂ ਰਾਸ਼ਟਰ ਦੇ ਏਜੰਡੇ ਨਾਲ ਜੋੜ ਕੇ ਵੇਖ ਰਹੇ ਹਨ। ਸੰਘ ਦੇ ਵਿਚਾਰਕ ਮੰਨਦੇ ਹਨ ਕਿ ਧਰਮ ਨਿਰਪਖਤਾ ਸ਼ਬਦ ਹਿੰਦੂ ਰਾਸ਼ਟਰ ਦੇ ਰਾਹ 'ਚ ਸਭ ਤੋਂ ਵੱਡੀ ਅੜਚਣ ਹੈ। ਸ਼ਰਦ ਗੁਪਤਾ ਕਹਿੰਦੇ ਹਨ ਕਿ "ਸੰਘ ਨੂੰ ਪਤਾ ਹੈ ਕਿ ਅੱਜ ਦੋ-ਤਿਹਾਈ ਬਹੁਮਤ ਨਹੀਂ ਹੈ, ਪਰ ਉਹ ਲੰਬੇ ਸਮੇਂ ਦੀ ਰਣਨੀਤੀ 'ਤੇ ਕੰਮ ਕਰ ਰਹੇ ਹਨ। ਜਿਵੇਂ ਰਾਮ ਮੰਦਰ ਦਾ ਮੁੱਦਾ 1989 ਤੋਂ ਚੱਲਿਆ ਅਤੇ ਅਖੀਰ ਬਣ ਗਿਆ, ਉਸੇ ਤਰ੍ਹਾਂ ਸੰਘ ਜਨਮਤ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।"

ਸੁਪਰੀਮ ਕੋਰਟ ਨੇ ਨਵੰਬਰ 2024 ਵਿਚ ਇਨ੍ਹਾਂ ਸ਼ਬਦਾਂ ਨੂੰ ਹਟਾਉਣ ਦੀਆਂ ਪਟੀਸ਼ਨਾਂ ਖਾਰਜ ਕਰਦਿਆਂ ਸਪੱਸ਼ਟ ਕੀਤਾ ਸੀ ਕਿ ਇਹ ਸ਼ਬਦ ਸੰਵਿਧਾਨ ਦੀ ਮੂਲ ਸੰਰਚਨਾ ਦਾ ਹਿੱਸਾ ਹਨ। ਇਨ੍ਹਾਂ ਨੂੰ ਹਟਾਉਣ ਲਈ ਵਿਸ਼ੇਸ਼ ਬਹੁਮਤ ਦੀ ਲੋੜ ਹੈ, ਜੋ ਮੌਜੂਦਾ ਸਰਕਾਰ ਕੋਲ ਨਹੀਂ। ਵਿਰੋਧੀ ਪਾਰਟੀਆਂ ਦਾ ਦਾਅਵਾ ਹੈ ਕਿ ਬੀਜੇਪੀ ਦਾ "ਚਾਰ ਸੌ ਪਾਰ" ਨਾਅਰਾ ਇਸੇ ਮਕਸਦ ਲਈ ਸੀ, ਪਰ ਚੋਣ ਨਤੀਜਿਆਂ ਨੇ ਉਸ ਦੀਆਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ।

ਪੰਜਾਬ ਟਾਈਮਜ ਅਨੁਸਾਰ ਸਰਕਾਰ ਮਹਿੰਗਾਈ, ਬੇਰੁਜ਼ਗਾਰੀ, ਹਾਦਸਿਆਂ, ਦਹਿਸ਼ਤੀ ਹਮਲਿਆਂ ਤੇ ਵਿਦੇਸ਼ ਨੀਤੀ ਦੇ ਮੋਰਚੇ 'ਤੇ ਘਿਰੀ ਹੋਈ ਹੈ ਤੇ ਬਿਹਾਰ ਅਸੈਂਬਲੀ ਚੋਣਾਂ ਸਾਹਮਣੇ ਹਨ ਤਾਂ ਅਚਾਨਕ ਆਰ ਐੱਸ ਐੱਸ ਨੇ ਇਹ ਮੁੱਦਾ ਫਿਰ ਚੁੱਕ ਦਿੱਤਾ ਹੈ। ਦਰਅਸਲ ਇਹ ਸੰਜੋਗ ਨਹੀਂ, ਸੋਚੀ-ਸਮਝੀ ਰਣਨੀਤੀ ਦਾ ਹਿੱਸਾ ਹੈ। ਇਤਿਹਾਸ ਫਰੋਲਦਿਆਂ ਪਤਾ ਲਗਦਾ ਹੈ ਕਿ ਆਰ ਐੱਸ ਐੱਸ ਦੇ ਵਿਚਾਰਕ ਐੱਮ ਐੱਸ ਗੋਲਵਲਕਰ ਨੇ ਲਿਖਿਆ ਸੀ ਕਿ ਤਿਰੰਗਾ ਸਾਨੂੰ ਕਦੇ ਪ੍ਰੇਰਤ ਨਹੀਂ ਕਰ ਸਕਦਾ, ਇਹ ਭਾਰਤ ਦਾ ਝੰਡਾ ਨਹੀਂ ਹੋ ਸਕਦਾ। 1950 ਵਿੱਚ ਸੰਵਿਧਾਨ ਲਾਗੂ ਹੋਇਆ ਤਾਂ ਗੋਲਵਲਕਰ ਤੇ ਸਾਵਰਕਰ ਦੇ ਪੈਰੋਕਾਰਾਂ ਨੇ ਕਿਹਾ ਕਿ ਸੰਵਿਧਾਨ ਭਾਰਤੀ ਕਦਰਾਂ-ਕੀਮਤਾਂ ਦਾ ਨਹੀਂ, ਪੱਛਮੀ ਵਿਚਾਰਧਾਰਾਵਾਂ ਦਾ ਦਸਤਾਵੇਜ਼ ਹੈ। ਇਹ ਉਹੀ ਲੋਕ ਹਨ, ਜਿਹੜੇ ਅੱਜ ਬਾਬਾ ਸਾਹਿਬ ਅੰਬੇਡਕਰ ਦਾ ਨਾਂਅ ਲੈ ਕੇ ਉਨ੍ਹਾ ਵੱਲੋਂ ਬਣਾਏ ਸੰਵਿਧਾਨ ਦੀ ਮੂਲ ਆਤਮਾ ਵਿੱਚ ਕਾਂਟ-ਛਾਂਟ ਦੀ ਵਕਾਲਤ ਕਰ ਰਹੇ ਹਨ। ਸਰਮਾਏਦਾਰੀ ਦੇ ਹਾਮੀਆਂ ਨੂੰ 'ਸਮਾਜਵਾਦ' ਤੋਂ ਹਮੇਸ਼ਾ ਨਫਰਤ ਰਹੀ ਹੈ। ਹਿੰਦੂਤਵਵਾਦੀਆਂ ਨੂੰ ਧਰਮ-ਨਿਰਪੱਖਤਾ/ਪੰਥ-ਨਿਰਪੱਖਤਾ ਤੋਂ ਨਫਰਤ ਹੈ। ਉਹ ਭਾਰਤ ਨੂੰ ਹਿੰਦੂ ਰਾਸ਼ਟਰ ਐਲਾਨਣ ਦਾ ਰਾਹ ਸਾਫ ਕਰਨ ਲਈ ਇਸ ਨੂੰ ਹਟਾਉਣਾ ਚਾਹੁੰਦੇ ਹਨ। ਸੰਵਿਧਾਨ ਦੇ ਇਨ੍ਹਾਂ ਸ਼ਬਦਾਂ ਨਾਲ ਦਲਿਤ, ਮੁਸਲਮਾਨ, ਆਦਿਵਾਸੀ, ਇਸਤਰੀ, ਕਿਸਾਨ ਤੇ ਮਜ਼ਦੂਰ ਸਭ ਦੇ ਹੱਕ ਜੁੜੇ ਹੋਏ ਹਨ। ਇਨ੍ਹਾਂ ਨੂੰ ਹਟਾਉਣਾ ਇਨ੍ਹਾਂ ਤੋਂ ਨਿਆਂ ਖੋਹਣ ਦੀ ਕੋਸ਼ਿਸ਼ ਹੈ।

ਵਿਰੋਧੀ ਪਾਰਟੀਆਂ ਅਤੇ ਬੁੱਧੀਜੀਵੀ ਇਸ ਨੂੰ ਹਿੰਦੂ ਰਾਸ਼ਟਰ ਦੇ ਸੁਪਨੇ ਵੱਲ ਇਕ ਕਦਮ ਮੰਨਦੇ ਹਨ, ਜਦਕਿ ਬੀਜੇਪੀ ਦੀ ਚੁੱਪੀ ਇਸ ਉਪਰ ਸਵਾਲ ਖੜ੍ਹੇ ਕਰਦੀ ਹੈ। ਇਸ ਬਹਿਸ ਦਾ ਅੰਤ ਕੀ ਹੋਵੇਗਾ, ਇਹ ਸਮਾਂ ਹੀ ਦੱਸੇਗਾ, ਪਰ ਫਿਲਹਾਲ ਸੰਵਿਧਾਨ ਦੀ ਰੂਹ ਨੂੰ ਬਚਾਉਣ ਦੀ ਲੜਾਈ ਤੇਜ਼ ਹੋ ਗਈ ਹੈ।

# ਕੈਨੇਡਾ ਦਾ ਕਿਰਤ ਬਾਜ਼ਾਰ ਮੰਦੀ ਦੀਆਂ ਲਹਿਰਾਂ ਵਿਚ, ਬੇਰੁਜ਼ਗਾਰੀ ਵਿਚ ਭਾਰੀ ਵਾਧਾ

## ✪ ਪਰਵਾਸੀਆਂ ਦੇ ਸੁਪਨੇ ਤਾਰ-ਤਾਰ : ਭਾਰਤੀ ਵਿਦਿਆਰਥੀਆਂ ਨੂੰ ਘਰਾਂ ਅਤੇ ਨੌਕਰੀ ਦੀ ਘਾਟ ✪ ਅਮਰੀਕਾ ਨਾਲ ਵਪਾਰਕ ਟਕਰਾਅ ਸੁਲਝਿਆ ✪ ਪੋਲੀਵਰ ਦੀ ਸਖਤ ਮੰਗ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ’ਤੇ ਪਾਬੰਦੀ ਲਗਾਈ ਜਾਵੇ

ਕੈਨੇਡਾ, ਜੋ ਕਦੇ ਸੁਪਨਿਆਂ ਦੀ ਧਰਤੀ ਸਮਝਿਆ ਜਾਂਦਾ ਸੀ, ਅੱਜ ਆਰਥਿਕ ਮੰਦੀ ਦੇ ਤੂਫਾਨ ਵਿਚ ਘਿਰਿਆ ਹੋਇਆ ਹੈ। ਮਹਿੰਗਾਈ ਦੀਆਂ ਉੱਚੀਆਂ ਲਹਿਰਾਂ, ਬੇਰੁਜ਼ਗਾਰੀ ਦਾ ਵਾਧਾ ਅਤੇ ਘਰਾਂ ਦੀ ਘਾਟ ਨੇ ਨਾ ਸਿਰਫ ਸਥਾਨਕ ਲੋਕਾਂ, ਸਗੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਪਰਵਾਸੀਆਂ ਦੇ ਸੁਪਨਿਆਂ ਨੂੰ ਵੀ ਚਕਨਾਚੂਰ ਕਰ ਦਿੱਤਾ। ਕੰਜ਼ਰਵੇਟਿਵ ਪਾਰਟੀ ਦੇ ਨੇਤਾ ਪੀਅਰ ਪੋਲੀਵਰ ਦੀ ਅੰਤਰਰਾਸ਼ਟਰੀ ਵਿਦਿਆਰਥੀਆਂ ’ਤੇ ਇਸੇ ਕਰਕੇ ਪਾਬੰਦੀ ਦੀ ਮੰਗ ਕਰ ਦਿਤੀ ਹੈ ਕੈਨੇਡਾ ਦਾ ਕਿਰਤ ਬਾਜ਼ਾਰ ਅੱਜ ਤੂਫਾਨ ਵਾਲੇ ਸਮੁੰਦਰ ਵਿਚ ਡੋਲ੍ਹਦੀ ਕਿਸ਼ਤੀ ਵਾਂਗ ਹੈ। ਸਟੈਟਿਸਟਿਕਸ ਕੈਨੇਡਾ ਦੀ ਮਈ 2025 ਦੀ ਰਿਪੋਰਟ ਅਨੁਸਾਰ, ਬੇਰੁਜ਼ਗਾਰੀ ਦਰ 2024 ਦੇ 6.6% ਤੋਂ ਵਧ ਕੇ 7.7% ’ਤੇ ਪਹੁੰਚ ਗਈ, ਜੋ 2016 ਤੋਂ ਬਾਅਦ ਸਭ ਤੋਂ ਉੱਚੀ ਹੈ। ਮਈ 2025 ਵਿਚ ਸਿਰਫ 8,800 ਨਵੀਆਂ ਨੌਕਰੀਆਂ ਸਿਰਜੀਆਂ ਗਈਆਂ, ਜੋ ਆਬਾਦੀ ਦੇ ਵਾਧੇ ਦੇ ਮੁਕਾਬਲੇ ਬਹੁਤ ਘੱਟ ਸਨ। ਜਨਵਰੀ 2025 ਤੋਂ ਰੁਜ਼ਗਾਰ ਵਾਧੇ ਵਿਚ ਲਗਭਗ ਸਥਿਰਤਾ ਹੈ, ਜਿਸ ਨੇ ਅਰਥਸ਼ਾਸਤਰੀਆਂ ਦੀਆਂ ਚਿੰਤਾਵਾਂ ਨੂੰ ਭਖਾ ਦਿੱਤਾ ਹੈ। ਮਈ 2025 ਵਿਚ ਨਿਰਮਾਣ ਖੇਤਰ ਵਿਚ 12,200 ਨੌਕਰੀਆਂ ਘਟੀਆਂ ਸਨ, ਜਦਕਿ ਆਵਾਜਾਈ ਅਤੇ ਵੇਅਰਹਾਊਸਿੰਗ ਸੈਕਟਰ ਵੀ ਲੜਖੜਾ ਗਿਆ।


ਸਟੈਟਕੈਨ ਦੇ ਅੰਕੜਿਆਂ ਮੁਤਾਬਕ, “ਮਈ 2025 ਵਿਚ ਬੇਰੁਜ਼ਗਾਰ ਲੋਕਾਂ ਨੇ ਨੌਕਰੀ ਲੱਭਣ ’ਚ ਔਸਤਨ 21.8 ਹਫਤੇ ਬਿਤਾਏ, ਜੋ 2024 ਦੇ 18.4 ਹਫਤਿਆਂ ਨਾਲੋਂ ਬਹੁਤ ਵੱਧ ਹੈ।” ਕੈਨੇਡੀਅਨ ਡਾਲਰ ਦੀ ਕਮਜ਼ੋਰੀ ਨੇ ਆਯਾਤ ਨੂੰ ਮਹਿੰਗਾ ਕਰ ਦਿੱਤਾ, ਜਿਸ ਨਾਲ ਮਹਿੰਗਾਈ ਵਧੀ ਹੈ। ਬੈਂਕ ਆਫ ਕੈਨੇਡਾ ਨੇ ਜੂਨ 2025 ਵਿਚ ਵਿਆਜ ਦਰਾਂ 4.75% ’ਤੇ ਸਥਿਰ ਰੱਖੀਆਂ, ਪਰ ਮਾਹਿਰਾਂ ਦਾ ਮੰਨਣਾ ਹੈ ਕਿ ਜੁਲਾਈ 2025 ਵਿਚ ਵਿਆਜ ਦਰਾਂ ਵਿਚ ਕਟੌਤੀ ਹੋ ਸਕਦੀ ਹੈ। ਫਿਰ ਵੀ, ਮੰਦੀ ਦਾ ਇਹ ਦੌਰ 2026 ਦੇ ਮੱਧ ਤੱਕ ਜਾਰੀ ਰਹਿਣ ਦੀ ਸੰਭਾਵਨਾ ਹੈ।

ਕੈਨੇਡਾ ਵਿਚ ਨਵੇਂ ਪਰਵਾਸੀਆਂ, ਖਾਸ ਤੌਰ ’ਤੇ ਅੰਤਰਰਾਸ਼ਟਰੀ ਵਿਦਿਆਰਥੀਆਂ, ਲਈ ਜੀਵਨ ਇੱਕ ਜੰਗ ਦਾ ਰੂਪ ਧਾਰ ਗਿਆ। ਮਹਿੰਗਾਈ, ਨੌਕਰੀਆਂ ਦੀ ਘਾਟ ਅਤੇ ਘਰਾਂ ਦੀ ਕਮੀ ਨੇ ਉਨ੍ਹਾਂ ਦੇ ਸੁਪਨਿਆਂ ਨੂੰ ਤਾਰ-ਤਾਰ ਕਰ ਦਿੱਤਾ। 2024 ਵਿਚ ਜਸਟਿਨ ਟਰੂਡੋ ਸਰਕਾਰ ਨੇ ਸਟੂਡੈਂਟ ਵੀਜ਼ਾ ਪ੍ਰੋਗਰਾਮ ਵਿਚ ਸਖਤੀਆਂ ਕੀਤੀਆਂ, ਜਿਸ ਨਾਲ ਵਿਦਿਆਰਥੀਆਂ ਦੀ ਆਮਦ ’ਚ 35% ਦੀ ਕਮੀ ਆਈ। ਸਟੈਟਕੈਨ ਦੇ ਅੰਕੜਿਆਂ ਅਨੁਸਾਰ, 2023 ਵਿਚ 6,82,889 ਸਟਡੀ ਪਰਮਿਟ ਜਾਰੀ ਹੋਏ, ਜੋ 2024 ਵਿਚ ਘਟ ਕੇ 4,43,000 ਰਹਿ ਗਏ। ਜੁਲਾਈ 2025 ਤੱਕ ਇਹ ਅੰਕੜਾ ਹੋਰ ਘਟਣ ਦੀ ਸੰਭਾਵਨਾ ਹੈ। ਭਾਰਤੀ ਵਿਦਿਆਰਥੀ, ਖਾਸ ਤੌਰ ’ਤੇ ਪੰਜਾਬ, ਗੁਜਰਾਤ, ਹਰਿਆਣਾ ਅਤੇ ਕੇਰਲਾ ਤੋਂ, ਚੰਗੇ ਭਵਿੱਖ ਦੀ ਉਮੀਦ ਨਾਲ ਕੈਨੇਡਾ ਪਹੁੰਚੇ ਸਨ। ਪਰ ਵਰਕ ਪਰਮਿਟ ਦੀ ਸਮਾਪਤੀ ਅਤੇ ਪੀਆਰ ਨਿਯਮਾਂ ਵਿਚ ਸਖਤੀ ਨੇ ਉਨ੍ਹਾਂ ਦੇ ਸੁਪਨਿਆਂ ’ਤੇ ਪਾਣੀ ਫੇਰ ਦਿੱਤਾ। 2024 ਵਿਚ 25,605 ਵਿਦਿਆਰਥੀਆਂ ਨੂੰ ਪੀਆਰ ਮਿਲੀ, ਜੋ 2023 ਨਾਲੋਂ 30% ਵੱਧ ਸੀ, ਪਰ 2025 ’ਚ ਨਵੀਂ ਸਰਕਾਰ ਦੀਆਂ ਸਖਤ ਨੀਤੀਆਂ ਕਾਰਨ ਇਹ ਅੰਕੜਾ ਘਟਣ ਦੀ ਉਮੀਦ ਹੈ। ਕਈ ਵਿਦਿਆਰਥੀ ਅਤੇ ਪੀਆਰ ਧਾਰਕ, ਜਿਨ੍ਹਾਂ ਦੀਆਂ ਨੌਕਰੀਆਂ ਖੁੱਸ ਗਈਆਂ, ਵਾਪਸ ਭਾਰਤ ਪਰਤ ਰਹੇ ਹਨ।

ਸਟੈਟਕੈਨ ਦੀ 2024 ਦੀ ਰਿਪੋਰਟ ਮੁਤਾਬਕ, ਲਗਭਗ 15,000 ਭਾਰਤੀ ਪਰਵਾਸੀਆਂ ਨੇ ਕੈਨੇਡਾ ਛੱਡਿਆ, ਜਿਨ੍ਹਾਂ ਵਿਚ 60% ਵਿਦਿਆਰਥੀ ਸਨ। ਘਰਾਂ ਦੀਆਂ ਕੀਮਤਾਂ ਅਤੇ ਕਿਰਾਏ ਦੀ ਮਾਰ ਨੇ ਵੀ ਮੁਸੀਬਤਾਂ ਵਧਾਈਆਂ ਹਨ। ਜਿੱਥੇ ਕਦੇ ਬੇਸਮੈਂਟ ਦਾ ਕਿਰਾਇਆ 300 ਡਾਲਰ ਸੀ, ਉੱਥੇ 2024 ਵਿਚ ਇਹ 1500-2000 ਡਾਲਰ ’ਤੇ ਪਹੁੰਚ ਗਿਆ।

ਘਰਾਂ ਦੀਆਂ ਕੀਮਤਾਂ 15-20% ਵਧੀਆਂ ਹਨ, ਪਰ ਵਿਦਿਆਰਥੀਆਂ ਦੀ ਘਟਦੀ ਗਿਣਤੀ ਕਾਰਨ ਰੈਂਟ ਮਾਰਕੀਟ ’ਚ ਕਿਰਾਏ ਥੱਲੇ ਆਏ ਹਨ। ਨਿਵੇਸ਼ਕ, ਜਿਨ੍ਹਾਂ ਨੇ ਘਰ ਖਰੀਦੇ ਸਨ, ਹੁਣ ਉਹਨਾਂ ਲਈ ਕਿਸ਼ਤਾਂ ਭਰਨੀਆਂ ਔਖੀਆਂ ਹੋ ਰਹੀਆਂ ਹਨ। ਮਾਹਿਰਾਂ ਦਾ ਅੰਦਾਜ਼ਾ ਹੈ ਕਿ 2026 ਦੇ ਅਖੀਰ ਤੱਕ ਇਹ ਸੰਕਟ ਜਾਰੀ ਰਹਿ ਸਕਦਾ ਹੈ, ਜਿਸ ਨਾਲ ਬੇਰੁਜ਼ਗਾਰੀ 8% ਨੂੰ ਪਾਰ ਕਰ ਸਕਦੀ ਹੈ।






## ਕੈਨੇਡਾ ਵੱਲੋਂ ਅਮਰੀਕਾ ’ਤੇ ਡਿਜੀਟਲ ਸੇਵਾ ਟੈਕਸ ਲਗਾਉਣ ਦੀ ਯੋਜਨਾ ਰੱਦ, ਦੋਵਾਂ ਮੁਲਕਾਂ ਵਿਚ ਗੱਲਬਾਤ ਫਿਰ ਚਲੇਗੀ

ਆਰਥਿਕ ਸੰਕਟ ਨੂੰ ਦੇਖਦਿਆਂ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਹਾ ਕਿ ਕੈਨੇਡਾ ਵੱਲੋਂ ਅਮਰੀਕੀ ਡਿਜੀਟਲ ਕੰਪਨੀਆਂ ਉੱਤੇ ਡਿਜੀਟਲ ਟੈਕਸ ਲਗਾਉਣ ਦੀ ਯੋਜਨਾ ਰੱਦ ਕਰਨ ਮਗਰੋਂ ਅਮਰੀਕਾ ਨਾਲ ਵਪਾਰਕ ਗੱਲਬਾਤ ਬਹਾਲ ਹੋ ਗਈ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਬੀਤੇ ਦਿਨੀਂ ਕਿਹਾ ਸੀ ਕਿ ਉਹ ਤਕਨਾਲੋਜੀ ਕੰਪਨੀਆਂ ’ਤੇ ਟੈਕਸ ਲਗਾਉਣ ਦੀ ਕੈਨੇਡਾ ਦੀ ਯੋਜਨਾ ਨੂੰ ਲੈ ਕੇ ਵਪਾਰਕ ਗੱਲਬਾਤ ਨੂੰ ਮੁਅੱਤਲ ਕਰ ਰਹੇ ਹਨ। ਉਨ੍ਹਾਂ ਕੈਨੇਡਾ ਵੱਲੋਂ ਲਾਏ ਇਸ ਟੈਕਸ ਨੂੰ “ਅਮਰੀਕਾ ’ਤੇ ਸਿੱਧਾ ਤੇ ਸਪੱਸ਼ਟ ਹਮਲਾ” ਦੱਸਿਆ ਸੀ। ਕੈਨੇਡੀਅਨ ਸਰਕਾਰ ਨੇ ਕਿਹਾ ਕਿ ਉਹ ਇੱਕ ਵਪਾਰਕ ਸਮਝੌਤੇ ਦੀ ‘ਉਮੀਦ’ ਰੱਖਦੀ ਹੈ ਇਸ ਲਈ ਇਹ ‘ਡਿਜੀਟਲ ਸੇਵਾਵਾਂ ਟੈਕਸ ਨੂੰ ਰੱਦ’ ਕਰ ਦੇਵੇਗੀ। ਕਾਰਨੀ ਦੇ ਦਫਤਰ ਨੇ ਕਿਹਾ ਕਿ ਕਾਰਨੀ ਅਤੇ ਟਰੰਪ ਗੱਲਬਾਤ ਮੁੜ ਸ਼ੁਰੂ ਕਰਨ ਲਈ ਸਹਿਮਤ ਹੋਏ ਹਨ।

## ਪੋਲੀਵਰ ਦੀ ਮੰਗ ਅਤੇ ਸਰਕਾਰੀ ਨੀਤੀਆਂ : ਘਰਾਂ ਦੀ ਘਾਟ ਦਾ ਸੰਕਟ

ਕੰਜ਼ਰਵੇਟਿਵ ਪਾਰਟੀ ਦੇ ਨੇਤਾ ਪੀਅਰ ਪੋਲੀਵਰ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ’ਤੇ ਤੁਰੰਤ ਪਾਬੰਦੀ ਦੀ ਮੰਗ ਕਰਦਿਆਂ ਕਿਹਾ ਸੀ ਕਿ ਕੈਨੇਡਾ ਵਿਚ ਘਰ, ਨੌਕਰੀਆਂ ਅਤੇ ਸਿਹਤ ਸੰਭਾਲ ਦੀ ਸਮਰੱਥਾ ਸੀਮਤ ਹੈ। ਸਰਕਾਰ ਦੀਆਂ ਗਲਤ ਨੀਤੀਆਂ ਨੇ ਆਬਾਦੀ ਵਿਚ ਅਚਾਨਕ ਵਾਧਾ ਕੀਤਾ, ਜਿਸ ਨੇ ਸੰਕਟ ਨੂੰ ਹੋਰ ਡੂੰਘਾ ਕਰ ਦਿੱਤਾ। 2024 ਵਿਚ ਸਰਕਾਰ ਨੇ ਸਟੂਡੈਂਟ ਵੀਜ਼ਾ ਕੋਟਾ ਘਟਾਇਆ ਸੀ ਅਤੇ ਪੀਆਰ ਨਿਯਮ ਸਖਤ ਕੀਤੇ ਸਨ, ਜਿਸ ਨਾਲ ਵਿਦਿਆਰਥੀਆਂ ਦੀ ਆਮਦ ਵਿਚ ਕਮੀ ਆਈ ਹੈ। ਕੈਨੇਡਾ ਵਿਚ ਘਰਾਂ ਦੀ ਘਾਟ ਸਭ ਤੋਂ ਵੱਡੀ ਚੁਣੌਤੀ ਹੈ। ਮਹਿੰਗਾਈ ਦੀ ਗੱਲ ਕਰੀਏ ਤਾਂ, 2024 ਵਿਚ ਮਹਿੰਗਾਈ ਦਰ 3.2% ਸੀ, ਜੋ ਜੂਨ 2025 ਵਿਚ ਵਧ ਕੇ 3.8% ’ਤੇ ਪਹੁੰਚ ਗਈ। ਇਸ ਨੇ ਜੀਵਨ ਦੀ ਲਾਗਤ ਨੂੰ ਅਸਮਾਨ ’ਤੇ ਪਹੁੰਚਾ ਦਿੱਤਾ। ‘ਟੋਰਾਂਟੋ ਸਟਾਰ’ ਦੀ 30 ਜੂਨ 2025 ਦੀ ਰਿਪੋਰਟ ਮੁਤਾਬਕ, “ਮਹਿੰਗਾਈ ਅਤੇ ਘਰਾਂ ਦੀ ਘਾਟ ਨੇ ਮੱਧ ਵਰਗ ਅਤੇ ਪਰਵਾਸੀਆਂ ਨੂੰ ਸਭ ਤੋਂ ਵੱਧ ਮਾਰਿਆ ਹੈ।”

### -ਮਾਮਲਾ ਬਜ਼ੁਰਗ ਕਾਰੋਬਾਰੀ ਜੋੜੇ ਵੱਲੋਂ ਖ਼ੁਦਕੁਸ਼ੀ ਦਾ-

## ਤੰਗ ਕਰਨ ਕਾਰਣ ਆਈ. ਡੀ. ਐੱਫ. ਸੀ. ਬੈਂਕ ਦੇ ਮੈਨੇਜਰ ਤੇ ਹੋਰ ਕਰਮਚਾਰੀਆਂ ਵਿਰੁੱਧ ਕੇਸ ਦਰਜ



ਲੁਧਿਆਣਾ-ਗਾਂਧੀ ਨਗਰ ਮਾਰਕੀਟ ’ਚ ਪੰਚਰਤਨ ਹੌਜ਼ਰੀ ਦੇ ਮਾਲਕ ਜਸਬੀਰ ਸਿੰਘ ਅਤੇ ਉਸ ਦੀ ਪਤਨੀ ਕੁਲਦੀਪ ਕੌਰ ਵਲੋਂ ਬੀਤੇ ਦਿਨ ਜ਼ਹਿਰੀਲਾ ਪਦਾਰਥ ਨਿਗਲ ਕੇ ਖੁਦਕੁਸ਼ੀ ਕਰਨ ਦੇ ਮਾਮਲੇ ਵਿਚ ਥਾਣਾ ਡਵੀਜ਼ਨ ਨੰ. 4 ਦੀ ਪੁਲਸ ਨੇ ਆਈ. ਡੀ. ਐੱਫ. ਸੀ. ਫਸਟ ਬੈਂਕ ਦੇ ਮੈਨੇਜਰ ਨਰੇਸ਼ ਕੁਮਾਰ ਅਤੇ ਉਸ ਦੇ 2 ਹੋਰ ਕਰਮਚਾਰੀਆਂ ਵਿਰੁੱਧ ਖੁਦਕੁਸ਼ੀ ਲਈ ਮਜਬੂਰ ਕਰਨ ਦਾ ਮਾਮਲਾ ਦਰਜ ਕੀਤਾ ਹੈ। ਦੂਜੇ ਪਾਸੇ ਪੋਸਟਮਾਰਟਮ ਤੋਂ ਬਾਅਦ ਪੁਲਸ ਨੇ ਮ੍ਰਿਤਕ ਜਸਬੀਰ ਸਿੰਘ ਅਤੇ ਉਸ ਦੀ ਪਤਨੀ ਕੁਲਦੀਪ ਕੌਰ ਦੀ ਲਾਸ਼ ਪਰਿਵਾਰ ਨੂੰ ਸੌਂਪ ਦਿੱਤੀ ਹੈ। ਪੁਲਸ ਨੇ ਮੁਲਜ਼ਮ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਪੁਲਸ ਸ਼ਿਕਾਇਤ ’ਚ ਮ੍ਰਿਤਕ ਦੇ ਪੁੱਤਰ ਗਗਨਦੀਪ ਸਿੰਘ ਨੇ ਦੱਸਿਆ ਹੈ ਕਿ ਉਸ ਦੇ ਪਿਤਾ ਨੇ ਹੌਜ਼ਰੀ ਲਈ ਆਈ. ਡੀ. ਐੱਫ. ਸੀ. ਤੋਂ 2.38 ਕਰੋੜ ਰੁਪਏ ਦਾ ਪ੍ਰਾਪਰਟੀ ਲੈਪਸ ਲੋਨ ਲਿਆ ਸੀ, ਜਿਸ ਦੀ ਕਿਸ਼ਤ ਹਰ ਮਹੀਨੇ ਅਦਾ ਕੀਤੀ ਜਾ ਰਹੀ ਸੀ। ਉਹ ਹੁਣ ਤੱਕ ਉਹ 55 ਕਿਸ਼ਤਾਂ ਭਰ ਚੁੱਕੇ ਹਨ ਪਰ ਇਸ ਵਾਰ ਮੰਦੀ ਕਾਰਨ ਇਕ ਕਿਸ਼ਤ ਲੇਟ ਹੋ ਗਈ ਸੀ। ਕੁਝ ਦਿਨ ਪਹਿਲਾਂ ਬੈਂਕ ਮੈਨੇਜਰ ਨਰੇਸ਼ ਸ਼ਰਮਾ ਅਤੇ ਉਸ ਦੇ 2 ਸਾਥੀ ਆਏ ਸਨ ਅਤੇ ਉਸ ਦੇ ਪਿਤਾ ਜਸਬੀਰ ਸਿੰਘ ਅਤੇ ਮਾਂ ਕੁਲਦੀਪ ਕੌਰ ਨੂੰ ਜ਼ਲੀਲ ਕੀਤਾ। ਉਨ੍ਹਾਂ ਨੇ ਉਨ੍ਹਾਂ ਨਾਲ ਦੁਰਵਿਵਹਾਰ ਕੀਤਾ ਅਤੇ ਉਨ੍ਹਾਂ ਨੂੰ ਧਮਕੀਆਂ ਦਿੱਤੀਆਂ, ਜਿਸ ਤੋਂ ਬਾਅਦ ਦੋਵੇਂ ਪ੍ਰੇਸ਼ਾਨ ਹੋਣ ਲੱਗੇ। ਬਾਜ਼ਾਰ ਬੰਦ ਹੋਣ ਦੇ ਬਾਵਜੂਦ, ਦੋਵੇਂ ਫੈਕਟਰੀ ਅਤੇ ਦੁਕਾਨ ’ਤੇ ਬੈਠਦੇ ਸਨ। ਵੀਰਵਾਰ ਸਵੇਰੇ ਉਹ ਘਰੋਂ ਦੁਕਾਨ ’ਤੇ ਗਏ ਸਨ, ਜਿਥੇ ਪ੍ਰੇਸ਼ਾਨੀ ਕਾਰਨ ਉਨ੍ਹਾਂ ਨੇ ਕੋਈ ਜ਼ਹਿਰੀਲੀ ਚੀਜ਼ ਨਿਗਲ ਲਈ। ਜਦੋਂ ਉਹ ਦੁਕਾਨ ’ਤੇ ਪਹੁੰਚਿਆ ਤਾਂ ਘਟਨਾ ਦਾ ਖੁਲਾਸਾ ਹੋਇਆ। ਇਸ ਤੋਂ ਬਾਅਦ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ ਪਰ ਉਸ ਦੀ ਮੌਤ ਹੋ ਗਈ।

# " ਪੰਜਾਬੀ ਕਲਾਕਾਰਾਂ ਦੀ ਹੋਂਦ, ਭਾਸ਼ਾ, ਫਰਜ਼ ਅਤੇ ਚਿੰਤਨ "

= ਲੇਖਕ =
ਸ. ਦਲਵਿੰਦਰ ਸਿੰਘ ਘੁੰਮਣ



ਦਲਜੀਤ ਦਾ ਜਨਮ 1984 ਦਾ ਹੋਣ ਕਰਕੇ ਆਪਣੇ ਵਿੱਚ ਪੰਜਾਬ ਨਾਲ ਹੋਈ ਬੇਇੰਨਸਾਫੀ ਦੀ ਚੀਸ ਲੈ ਕੇ ਕਿਤੇ ਨਾ ਕਿਤੇ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਵਿੱਚ ਡਰ, ਭਉ ਤੋ ਮੁਕਤ ਰਹਿ ਕੇ ਚਰਚਾ ਦਾ ਵਿਸ਼ਾ ਬਨਦਾ ਰਹਿੰਦਾ ਹੈ। ਦਲਜੀਤ ਦੋਸਾਂਝ ਦੀ ਫਿਲਮ ਸਰਦਾਰ ਜੀ 3 ਦਾ ਭਾਰਤੀ ਮੀਡੀਏ ਸਮੇਤ ਭਾਰਤ ਵਿੱਚ 2014 ਦੇ ਬਾਅਦ ਵਾਲੇ ਰਾਸ਼ਟਰਵਾਦੀਆਂ ਵੱਲੋ ਵਾਦ-ਵਿਵਾਦ ਬਣਾਇਆ ਗਿਆ। ਵਿਰੋਧ ਕੇਵਲ ਪਾਕਿਸਤਾਨੀ ਐਕਟਰਸ ਨਾਲ ਫਿਲਮ ਕਰਨਾ ਕੇਂਦਰ ਬਿੰਦੂ ਲੱਗਦਾ ਹੈ। ਪਰ ਇਸ ਪਿਛੇ ਦਿੱਖ, ਅਦਿਖ ਨਫਰਤ ਹੈ ਜੋ ਪੱਗ ਦੇ ਵਿਰੋਧ ਵਿੱਚ ਖੜੀ ਦਿਸਦੀ ਹੈ। ਪੰਜ ਸਦੀਆ ਦੇ ਵੈਰ ਹੁਣ ਛੇਵੀ ਸਦੀ ਵਿੱਚ ਪਹੁੰਚਣ ਵਾਲਾ ਹੈ। ਦਲਜੀਤ ਭਾਵੇ ਕਿ ਇਕ ਗਾਇਕ ਦੇ ਤੌਰ ਤੇ ਉਭਰਿਆ ਹੈ ਪਰ ਕਲਾ ਰਾਹੀ ਇਕ ਬਹੁਤ ਵੱਡੀ ਮਿਸਾਲੀ ਉਦਾਹਰਣ ਪੇਸ਼ ਕਰਨ ਵਿੱਚ ਕਾਮਯਾਬ ਹੋਇਆ ਹੈ ਕਿਵੇ ਇਕ ਪੱਗ ਬੰਨ ਕੇ ਦੁਨਿਆਂ ਦੇ ਵੱਡੇ ਮੰਚਾਂ ਤੇ ਕਲਾ ਰਾਹੀ ਪੰਜਾਬੀ ਭਾਸ਼ਾ ਨੂੰ ਸਨਮਾਨ ਦੇਣ ਦੇ ਨੋਬਲੀ ਕੰਮ ਕੀਤੇ ਜਾ ਸਕਦੇ ਹਨ। ਕਈ ਅਣਕਿਆਸੇ, ਅਣਛੋਹੇ ਵਿਸ਼ਿਆਂ ਤੇ ਫਿਲਮਾਂ ਬਣਾ ਕੇ ਸਿੱਖਾਂ ਅਤੇ ਪੰਜਾਬ ਨਾਲ ਹੋਏ ਧੱਕੇ, ਅਨਿਆ, ਬੇਇੰਨਸਾਫੀਆਂ ਦਾ ਦੁਨਿਆਂ ਸਾਹਮਣੇ ਉਗੜਵਾਂ ਰੂਪ ਪੇਸ਼ ਕੀਤਾ ਹੈ।

"ਸਰਦਾਰ ਜੀ 3 " ਫਿਲਮ ਆਮ ਫਿਲਮਾਂ ਵਰਗੀ ਹੀ ਹੋਵੇਗੀ। ਜਿਸ ਦੇ ਹੱਕ ਜਾਂ ਵਿਰੋਧ ਦਾ ਕੋਈ ਕਾਰਨ ਬਣਦਾ ਹੋਵੇ। ਪਰ ਕਿਉ ਕਿ ਦਲਜੀਤ ਨੇ ਜੋ ਕੁਝ ਗਾਣਿਆ ਅਤੇ ਫਿਲਮਾਂ ਰਾਹੀ ਪੰਜਾਬ ਤੇ ਵਾਪਰੀਆਂ ਕਹਿਰ ਕਹਾਣੀਆਂ ਦੀ ਸਹੀ ਪੇਸ਼ਕਾਰੀ ਨੂੰ ਵੱਡਾ ਪਲੇਟਫਾਰਮ ਦਿੱਤਾ ਹੈ। ਦਲਜੀਤ ਨੇ ਆਪਣੇ ਕੰਮ ਕਰਨ ਅਤੇ ਆਪਣੀ ਪੱਗ ਵਾਲੀ ਦਿੱਖ ਨੂੰ ਵੱਖਰੀ ਪਹਿਚਾਣ ਦੇਣ ਵਿੱਚ ਦੁਨਿਆਂ ਨੂੰ ਸਤਿਕਾਰੀ ਜੁਬਾਨ ਦਿੱਤੀ ਹੈ। ਉਸ ਦਾ ਪੰਜਾਬੀ ਅਤੇ ਹਿੰਦੀ ਫਿਲਮਾਂ ਵਿੱਚ ਪੱਗਾਂ ਬੰਨ ਕੇ ਕਲਾਕਾਰੀ ਕਰਨ ਦੀ ਨਵੀ ਪਿਰਤ ਨੂੰ ਪੱਗ ਪ੍ਰੀ ਆਦਰ ਮਿਲਿਆ ਹੈ।ਅਭਿਨੇ ਕਰਨ ਵਿੱਚ ਆਪਣਾ ਲੋਹਾ ਮਨਵਾਇਆ ਹੈ। ਇਸ ਨਾਲ ਗਲਤ ਢੰਗ ਨਾਲ ਸਿੱਖ ਕਿਰਦਾਰਾਂ ਦੀ ਪੇਸ਼ਕਾਰੀ ਕਰਨ ਨੂੰ ਵੀ ਠੱਲ ਪਈ ਹੈ। ਦਲਜੀਤ ਨੇ ਗਾਇਕੀ ਅਤੇ ਕਲਾ ਦੇ ਖੇਤਰ ਵਿੱਚ ਵੱਡੀ ਮੱਲ ਮਾਰੀ ਹੈ। ਇਸ ਦੇ ਧਿਲ-ਲੁਮਿਨਓਟਿ ਟੂਰ ਨੇ ਦੁਨਿਆਂ ਵਿੱਚ ਪੰਜਾਬੀ ਸੰਗੀਤ ਦੀ ਨਵੀ ਪਹਿਲ ਨੂੰ ਨਵੀ ਦਿਸ਼ਾ ਦਿੱਤੀ ਹੈ। ਅਤੇ ਅਸਲ ਹੋਂਦ ਨੂੰ ਵੀ ਪੈਰਾ ਸਿਰ ਕੀਤਾ ਹੈ। ਪਹਿਚਾਣ ਨੂੰ ਸਹੀ ਦਿਸ਼ਾ ਮਿਲੀ ਹੈ। ਪੰਜਾਬੀ ਦੀ ਪਹੁੰਚ ਨੂੰ ਪਿੰਡਾਂ ਦੀਆਂ ਪਗਡੰਡੀਆਂ ਤੋ ਦੁਨਿਆਂ ਦੇ ਵੱਡੇ ਮਾਰਗਾਂ ਤੇ ਲੈ ਆਂਦਾ ਹੈ। ਜਿਸ ਦੀ ਰਫਤਾਰ ਮਾਪਣ ਲਈ ਦੂਜੀਆਂ ਭਾਰਤੀ ਜੁਬਾਨਾਂ ਨੂੰ ਖਾਸ ਕਰਕੇ ਲੰਮੀ ਲਕੀਰ ਖਿਚਣੀ ਪਵੇਗੀ। ਕਿਸੇ ਭਾਸ਼ਾ ਦਾ ਘੇਰਾ ਉਸ ਦੀਆਂ ਅਸੀਮ ਜਿਉਣ ਸ਼ਕਤੀ ਨਾਲ ਵੱਡਾ ਪਿੜ ਮੱਲਣਾ ਹੈ। ਜੋ ਪੰਜਾਬੀ, ਗੁਰਮੁੱਖੀ ਵਿੱਚ ਪਿਆ ਹੈ। ਪੰਜਾਬੀ ਗੁਰੂ-ਵੱਡੀਆਈ ਦੀ ਛੋਹ ਵਿੱਚੋ ਆਈ ਹੋਈ ਹੈ। ਉਸ ਦੇ ਰੋਕੇ ਜਾਦੇ ਰਾਹਾਂ ਨੂੰ ਵਿਦਵਤਾ ਦੇ ਅੱਥਰੇ ਹੜਾਂ ਦੀਆਂ ਛੱਲਾਂ ਨੇ ਸਰਹੱਦਾਂ ਨੂੰ ਪਾਰ ਕਰਨਾਂ ਹੀ ਹੈ। ਜੇ ਸਿੱਖ ਧਰਮ ਸਰਬੱਤ ਦੀ ਖੈਰ ਮੰਗਦਾ ਹੈ ਤਾਂ ਪੰਜਾਬੀ ਜੁਬਾਨ ਅਤੇ ਭਾਸ਼ਾ ਦਾ ਪਸਾਰਾ ਵੀ ਬਿਨਾਂ ਸਰਹੱਦੀ ਹੈ।

**ਸਿੱਖਾਂ ਉਪਰ ਮਜ਼ਾਕ, ਭੱਦੇ ਡਾਇਲਾਗ, ਟੋਪੀਨੁਮਾਂ ਪੱਗਾਂ ਵਾਲੇ ਕ੍ਰਿਦਾਰਾਂ ਨੂੰ ਪੇਸ਼ ਕਰਨ ਵਾਲਿਆਂ ਦੀ ਜੁਬਾਨ ਬੰਦ ਕੀਤੀ ਹੈ। ਉਸ ਨੇ ਪੇਸ਼ ਕੀਤਾ ਹੈ ਕਿ ਮਾਡਰਨ ਸਮਾਜ਼ ਵਿੱਚ ਪੱਗ ਨਾਲ ਵਿਚਰਨ ਲਈ ਲਿਬਾਸਾਂ ਦੀ ਚੋਣ ਕਿਵੇ ਕੀਤੀ ਜਾ ਸਕਦੀ ਹੈ ਜੋ ਸਹਿਜ਼ ਅਤੇ ਨਵਾਬੀ ਲੱਗੇ। ਜੋ ਸਮਾਂ ਅਤੇ ਸੰਗਤ ਅਨੁਕੂਲ ਲੋਕਾਂ ਵਿੱਚ ਬੈਠਣ ਵਿੱਚ ਸਭਿਆਕ ਲੱਗੇ ਅਤੇ ਸਮੇ ਨਾਲ ਅੱਗੇ ਵਧੇ।**



ਦਲਜੀਤ ਵੱਲੋ ਐਪਰੇਲ ਮਹੀਨੇ ਅਮਰੀਕਾ ਦੇ ਲਾਸ ਏਂਜਲਸ ਵਿੱਚ ਲੱਗਦੇ ਸੰਸਾਰ ਪੱਧਰੀ ਸੰਗੀਤ ਮੇਲੇ " ਕੋਚੀਲਾ " ਵਿੱਚ ਸ਼ਮੂਲੀਆਤ ਕਰਕੇ ਵੱਡੀ ਪੁਲਾਂਘ ਪੁੱਟੀ ਸੀ। ਪਹਿਲੇ ਪੰਜਾਬ ਗਾਇਕ ਨੂੰ ਐਨੀ ਵੱਡੀ ਸਟੇਜ਼ ਮਿਲੀ ਸੀ। 2020 ਵਿੱਚ ਬਿਲਲਬੋਓਰਦ ਮੈਗਜ਼ੀਨ ਵਿੱਚ ਆਪਣੀ ਥਾਂ ਬਣਾਉਣ ਵਿੱਚ ਕਾਮਯਾਬ ਹੋਇਆ ਸੀ। ਦਲਜੀਤ ਨੇ ਮੈਟ ਗੈਲਾ ਵਿੱਚ ਰੇਪ ਵਾਕ ਵੇਲੇ ਪੱਗ, ਸ਼੍ਰੀ ਸਾਹਿਬ, ਪੰਜਾਬ ਦਾ ਨਕਸ਼ਾ, ਪੈਂਤੀ ਅੱਖਰੀ ਪੰਜਾਬੀ ਅਤੇ ਸਿੱਖ ਸ਼ਾਹੀ ਪਹਿਰਾਵੇ ਨੂੰ ਦੁਨਿਆਂ ਵਿੱਚ ਵੱਡੀ ਪਹਿਚਾਣ ਦਿੱਤੀ ਹੈ। ਉਹ ਦੱਸਦਾ ਭਾਵਕ ਹੋ ਜਾਦਾ ਹੈ, ਕਿ " ਮੈਨੂੰ ਆਪਣੀ ਪਹਿਚਾਣ ਨਾਲੋ ਆਪਣੇ ਵਿਰਸੇ ਦੀ ਪਹਿਚਾਣ ਕਰਨ ਦਾ ਵਾਹਿਗੁਰੂ ਨੇ ਮੌਕਾ ਦਿੱਤਾ ਹੈ । .... ਉਥੇ ਮੈ ਨਹੀ ਜਾ ਰਿਹਾ ,...ਪੱਗ ਜਾ ਰਹੀ ਹੈ "।

ਸਿੱਧੂ ਮੁਸੇਵਾਲੇ ਦੀ ਦੁਨਿਆ ਵਿੱਚ ਰੈਪ ਸੰਗੀਤ ਵਿੱਚ ਪਾਈ ਲੀਹ ਨੂੰ ਦਲਜੀਤ ਦੋਸਾਂਝ ਨੱਪਣ ਵਿੱਚ ਕਾਮਯਾਬ ਹੋਇਆ ਹੈ। ਮੁਸੇਵਾਲੇ ਦੀ ਮੌਤ ਤੋ ਬਾਅਦ ਸੰਸਾਰ ਭਰ ਵਿੱਚ ਪੰਜਾਬੀ ਦੀ ਅਸਲ ਪਹਿਚਾਣ ਮਿਲਣ ਦੀ ਪੈੜ ਬੱਝੀ ਸੀ। ਪੰਜਾਬ ਦੇ ਇਕ ਛੋਟੇ ਖਿੱਤੇ ਪੰਜਾਬ ਵਿੱਚੋ ਉਠ ਕੇ ਦੁਨਿਆਂ ਦੇ ਪਹਿਲੀ ਕਤਾਰ ਦੇ ਗਾਇਕਾ ਵਿੱਚ ਖੜੇ ਹੋਣਾ ਇਹਨਾਂ ਦੋਵਾਂ ਗਾਇਕਾ ਦੇ ਹਿਸੇ ਹੀ ਆਇਆ ਹੈ। ਇਸ ਤਰਜ਼ ਤੇ ਚਲਣ ਵਾਲੇ ਗਾਇਕਾ, ਕਲਾਕਾਰਾ ਲਈ ਵੀ ਭਵਿੱਖ ਸੁਨਿਹਰੀ ਹੋ ਸਕਦਾ ਹੈ।

ਦਲਜੀਤ ਦੇ ਹੌਸਲੇ ਅਤੇ ਦ੍ਰਿੜਤਾ ਨੂੰ ਸਲਾਮ ਹੋ ਰਹੀ ਹੈ। ਕਈ ਪੰਜਾਬੀ ਕਲਾਕਾਰਾਂ ਨੇ ਉਸ ਦਾ ਇਰਖਾ ਵੱਸ ਵਿਰੋਧ ਕੀਤਾ ਹੈ ਜੋ ਵਾਜ਼ਬ ਨਹੀ ਸੀ। ਅਜਿਹੇ ਲੋਕਾਂ ਦਾ ਰਾਸ਼ਟਰਵਾਦ ਵੀ ਇਕ ਡਰ ਭਉ ਵਿੱਚੋ ਨਿਕਲ ਰਿਹਾ ਸੀ। ਅਜਿਹਾਂ ਬੇਲੋੜਾ ਵਿਰੋਧ ਸ਼ਾਇਦ ਇਹਨਾਂ ਲਈ ਚੰਗੀ ਰਾਏ ਨਾ ਪੈਦਾ ਕਰ ਸਕੇ। .... ਜਿਵੇ ਪੰਜਾਬੀ ਪ੍ਰੀ ਦਿਤੇ ਪ੍ਰੀਕਰਮ ਦਾ ਗੁਰਦਾਸ ਮਾਨ ਨੂੰ ਮਾੜੇ ਸਮੇ ਵਿੱਚੋ ਨਿਕਲਣਾ ਪੈ ਰਿਹਾ ਹੈ। ਭਵਿੱਖ ਤਬਾਹ ਹੋ ਗਿਆ ਹੈ। ਉਸ ਦੁਆਰਾ ਗਾਏ ਗੀਤ... " ਲੱਖ ਪਰਦੇਸੀ ਹੋਏ ਆਪਣਾ ਦੇਸ਼ ਨਹੀਂ ਭੰਡੀ ਦਾ, ਜਿਹੜੇ ਮੁਲਕ ਦਾ ਖਾਈਏ ਉਹਦਾ ਬੁਰਾ ਨਹੀਂ ਮੰਗੀਦਾ " ....ਪਰ ਉਸ ਜੁਬਾਨ, ਭਾਸ਼ਾ ਬਾਰੇ ਵੀ ਮੰਦਾ ਨਹੀ ਬੋਲਣਾ ਚਾਹਿਦਾ, ਜੋ ਤੁਹਾਡੇ ਮਾਂ ਦੀ ਹੋਵੇ ਅਤੇ ਜਿਸ ਨੇ ਤੁਹਾਡੀ ਸ਼ਖਸੀਅਤ ਨੂੰ ਬਣਾਇਆ ਹੋਵੇ। ਸਾਨੂੰ ਸਰਹੱਦਾ ਰਹਿਤ ਜੁਬਾਨ ਨੂੰ ਸਾਂਝਾਂ ਵਧਾਉਣ ਲਈ ਯਤਨਸ਼ੀਲ ਰਹਿਣਾ ਚਾਹਿਦਾ ਹੈ। ਨਾ ਕਿ ਪੈਸੇ ਕਮਾਉਣ ਦਾ ਕੇਵਲ ਇਕ ਜਰੀਆ ਮੰਨਣਾ ਚਾਹਿਦਾ ਹੈ। ਲੋਕ ਕਲਾਕਾਰਾਂ ਨੂੰ ਵੀ ਲੋਕ ਹੱਕਾਂ ਲਈ ਖੜੇ ਹੋਣਾ, ਰਾਏ ਦੇਣਾ ਅਤੇ ਜਿੰਮੇਵਾਰ ਹੋਣ ਦੀ ਸ਼ਾਹਦੀ ਮੰਗਦੇ ਹਨ।

ਜਿਵੇ ਦਿੱਲੀ ਕਿਸਾਨ ਮੋਰਚੇ ਵੇਲੇ ਗਾਇਕ ਕੰਵਰ ਗਰੇਵਾਲ, ਹਰਭਜਨ ਮਾਨ, ਹਰਫ ਚੀਮਾ, ਪੰਮੀ ਬਾਈ, ਅਦਾਕਾਰਾ ਨਿਰਮਲ ਰਿਸ਼ੀ, ਸੀਮਾ ਕੌਂਸਲ, ਸੁਨੀਤਾ ਧੀਰ, ਰੁਪਿੰਦਰ ਰੁਪੀ, ਗੁਰਪ੍ਰੀਤ ਕੌਰ ਭੰਗੂ, ਸਰਦਾਰ ਸੋਹੀ, ਬਿੰਨੂ ਢਿੱਲੋਂ, ਕਰਮਜੀਤ ਅਨਮੋਲ, ਗੁਰਪ੍ਰੀਤ ਘੁੱਗੀ, ਮਲਕੀਤ ਰੌਣੀ, ਯੋਗਰਾਜ ਸਣੇ ਬਹੁਤ ਕਲਾਕਾਰਾਂ ਨੇ ਸ਼ਾਮਲ ਹੋ ਕੇ ਹੱਕੀ ਮੰਗਾਂ ਦੀ ਪ੍ਰੋੜਤਾ ਕੀਤੀ ਸੀ।ਗਾਇਕ ਦਲਜੀਤ ਪੰਜਾਬੀ ਭਾਸ਼ਾ ਦੀ ਹੋਂਦ ਨੂੰ ਲੰਮਾ ਕਰਦਿਆਂ ਹੋਰ ਲੰਮੀ ਉਮਰ ਦੇਣ ਵਿੱਚ ਕਾਮਯਾਬ ਹੋਇਆ ਹੈ। ਵੱਡੇ ਮੰਚਾਂ ਨੂੰ ਸੁਚੱਜਤਾ ਨਾਲ ਵਰਤਿਆ ਹੈ। ਭਾਰਤ ਵਿੱਚ ਫਿਲਮ ਦੇ ਬਾਈਕਾਟ ਦੇ ਪ੍ਰਪੋਗੰਡੇ ਦਾ ਜਿਸ ਦਲੇਰੀ ਨਾਲ ਦਲਜੀਤ ਨੇ ਜੁਆਬ ਦਿੱਤਾ ਹੈ ਉਹ ਕਿਸੇ ਪੰਜਾਬੀ ਦੀ ਆਪਣੇ ਗੁਰੂ ਸਿਧਾਤੀ ਫਲਸਫੇ ਨਿਆਈ ਹੈ।

"ਜੁਅਰਤ ਜਮਾਲ ਹੈ ਮਮ ਜੁਰਤ ਨਾਹਿਨ ਏਤਨੀ " ਦਲਜੀਤ ਆਪਣੀ ਨਿਰਭਉ ਦੀ ਬਿਰਤੀ ਵਿੱਚੋ "ਪੰਜਾਬ 84" ਅਤੇ ਜਸਵੰਤ ਸਿੰਘ ਖਾਲੜਾ ਤੇ "ਪੰਜਾਬ 95" ਫਿਲਮਾਂ ਬਣਾਕੇ ਵੱਡੀ ਜੁਅਰਤੀ ਕੰਮ ਕੀਤੇ ਹਨ। " ਸੱਜਣ ਸਿੰਘ ਰੰਗਰੂਟ "ਪਹਿਲੀ ਸੰਸਾਰ ਜੰਗ ਤੇ ਇਤ੍ਰਾਸਕ ਫਿਲਮ ਵਿੱਚ ਸਿੱਖਾਂ ਦੇ ਯੋਗਦਾਨ ਦੀ ਆਉਣ ਵਾਲੇ ਸਮੇ ਵਿੱਚ ਇਕ ਮਿਆਰੀ ਫਿਲਮ ਹੈ। ਸਿੱਖਾਂ ਦੇ ਕਿਰਦਾਰ ਦੀ ਅਹਿਮੀਆਤ ਨੂੰ ਨਿਖਾਰਿਆ ਹੈ।

ਸਿੱਖਾਂ ਉਪਰ ਮਜ਼ਾਕ, ਭੱਦੇ ਡਾਇਲਾਗ, ਟੋਪੀਨੁਮਾਂ ਪੱਗਾਂ ਵਾਲੇ ਕ੍ਰਿਦਾਰਾਂ ਨੂੰ ਪੇਸ਼ ਕਰਨ ਵਾਲਿਆਂ ਦੀ ਜੁਬਾਨ ਬੰਦ ਕੀਤੀ ਹੈ। ਉਸ ਨੇ ਪੇਸ਼ ਕੀਤਾ ਹੈ ਕਿ ਮਾਡਰਨ ਸਮਾਜ਼ ਵਿੱਚ ਪੱਗ ਨਾਲ ਵਿਚਰਨ ਲਈ ਲਿਬਾਸਾਂ ਦੀ ਚੋਣ ਕਿਵੇ ਕੀਤੀ ਜਾ ਸਕਦੀ ਹੈ ਜੋ ਸਹਿਜ਼ ਅਤੇ ਨਵਾਬੀ ਲੱਗੇ। ਜੋ ਸਮਾਂ ਅਤੇ ਸੰਗਤ ਅਨੁਕੂਲ ਲੋਕਾਂ ਵਿੱਚ ਬੈਠਣ ਵਿੱਚ ਸਭਿਆਕ ਲੱਗੇ ਅਤੇ ਸਮੇ ਨਾਲ ਅੱਗੇ ਵਧੇ।

ਦਿੱਲੀ ਕਿਸਾਨ ਮੋਰਚੇ ਵਿੱਚ ਇਕ ਕਰੋੜ ਦਾ ਦਾਨ ਦੇ ਕੇ ਮੋਰਚੇ ਨੂੰ ਕਾਮਯਾਬ ਕਰਨ ਵਿੱਚ ਹਿਸਾ ਪਾਇਆ। ਭਾਈ ਗੁਰਬਖਸ਼ ਸਿੰਘ ਵੱਲੋ ਬੰਦੀ ਸਿੱਖ ਕੈਦੀਆਂ ਦੀ ਰਿਹਾਈ ਲਈ ਲਾਏ ਧਰਨੇ ਵਿੱਚ ਵੀ ਪਹੁੰਚ ਕੇ ਆਪਣੀ ਇਮਦਾਦ ਅਤੇ ਸਪੋਰਟ ਦਿੱਤੀ ਸੀ। ਅੱਜ ਦਲਜੀਤ ਦੇ ਨਾਂ ਨੂੰ ਕਨੈਡਾ ਦੇ ਵਿੱਚ ਇਕ ਸਬਜੈਕਟ ਤੇ ਤੌਰ ਤੇ ਪੜਾਇਆ ਜਾਣਾ ਸੁਰੂ ਹੋਇਆ ਹੈ। ਪੰਜਾਬੀ ਭਾਸ਼ਾ, ਉਸ ਦੇ ਪਿਛੋਕੜ, ਕੰਮ ਕਰਨ ਦੀ ਵਿਦਵਤਾ, ਸਮਰਪਣ, ਵੱਡੀ ਕਾਮਯਾਬੀ ਦੀ ਪੁਲਾਘ ਆਦਿ ਉਸ ਦੇ ਜੀਵਨ ਤੇ ਕੇਂਦਰ ਵਿਸ਼ਾ ਹੋਵੇਗਾ। ਸੋ ਇਹ ਦਲਜੀਤ ਦਾ ਆਪਣੇ ਆਪ ਵਿੱਚ ਪੰਜਾਬ ਨਾਲ ਜੁੜੇ ਹੋਣ ਦੇ ਕਾਰਜ ਕਾਰਨ ਹੈ।

ਪੰਜਾਬੀ ਭਾਸ਼ਾ ਵੀ ਕਿਤੇ ਨਾ ਕਿਤੇ ਵਰਤਮਾਨ ਭਾਰਤੀ ਹਕੂਮਤੀ ਦੇ ਨਵੇ ਰਾਸ਼ਟਰਵਾਦ ਨੂੰ ਰਾਸ ਨਹੀ ਆ ਰਹੀ। ਗੈਰ ਹਿੰਦੂ ਧਰਮਾਂ ਦੇ ਲੋਕਾਂ ਦੀਆਂ ਫਿਲਮਾਂ, ਗਾਣੇਆਂ ਤੇ ਪਾਬੰਦੀਆਂ ਲਾਈਆ ਜਾ ਰਹੀਆਂ ਹਨ। ਇਥੋ ਤੱਕ ਕਿ ਕੰਮ ਧੰਦਿਆਂ ਤੇ ਵੀ ਜਾਤੀ ਨਾ ਲਿਖਣ ਦੇ ਫੁਰਮਾਨ ਜਾਰੀ ਕਰਨ ਵਰਗੀ ਨਫਰਤ ਪੈਦਾ ਕੀਤੀ ਜਾ ਰਹੀ ਹੈ।

ਅੱਜ ਦੇ ਪ੍ਰਪੋਗੰਡੇ ਦਾ ਦਲਜੀਤ ਦੀ ਕਲਾ ਅਤੇ ਸੰਗੀਤ ਵਿੱਚ ਪੰਜਾਬੀ ਦੇ ਉਭਾਰ ਅਤੇ ਸਿੱਖ ਕਿਰਦਾਰ ਦੀ ਦਿੱਖ ਨੂੰ ਹਿੰਦੂਤਵੀਆਂ ਵੱਲੋ ਬਰਦਾਸ਼ਤ ਕਰਨਾ ਔਖਾ ਹੋਇਆ ਪਿਆ ਹੈ।ਦਲਜੀਤ ਵਰਗਾ ਇਕ ਸਧਾਰਨ ਵਿਆਕਤੀ ਆਪਣੀ ਕਲਾ ਰਾਹੀ ਦੁਨਿਆਂ ਵਿੱਚ ਪੱਗ ਨਾਲ ਇਕ ਵੱਡੀ ਪਹਿਚਾਣ ਬਣਾ ਸਕਿਆ ਹੈ। ਆਪਣੇ ਪ੍ਰੋਗਰਾਮਾਂ ਵਿੱਚ "ਪੰਜਾਬੀ ਆ ਗਏ ਓਏ" ਦਾ ਨਾਹਰਾ ਪੰਜਾਬੀਆਂ ਨੇ ਤਾਂ ਭਾਵੇ ਇਸ ਨੂੰ ਹਲਕੇ ਵਿੱਚ ਲਿਆ ਹੋਵੇ ਪਰ ਵਿਰੋਧੀਆਂ ਲਈ ਇਹ ਸਿਧਾ ਚੈਲਿੰਜ਼ ਬਣ ਗਿਆ ਹੈ। ਜੋ ਪੰਜਾਬੀ ਜੁਬਾਂਨ ਨੂੰ ਫਨਾਂ ਕਰਨ ਦੇ ਮਨਸੂਬੇ ਅੰਜਾਮ ਤੱਕ ਲੈ ਕੇ ਜਾਣ ਲਈ ਪੱਬਾ ਭਾਰ ਹੋਣ, ਉਸ ਨੂੰ ਕਿਵੇ ਬਰਦਾਸ਼ਤ ਕੀਤਾ ਸਕਦਾ ਹੈ ਕਿ ਭਾਰਤ ਦੇ ਇਕ ਛੋਟੇ ਖਿੱਤੇ ਵਿੱਚੋ ਆਈ ਪੰਜਾਬੀ ਭਾਸ਼ਾ ਭਾਰਤ ਦੀਆਂ ਦੂਜ਼ੀਆਂ ਭਾਸ਼ਾਵਾਂ ਦੀ ਅਗਵਾਈ ਕਰਦੀ ਨਜ਼ਰ ਪਵੇ ਜਾਂ ਵੱਡੀ ਹੁੰਦੀ ਦਿਸੇ। ਇਹ ਵਿਰੋਧੀਆਂ ਦੀ ਪੱਗ ਪ੍ਰੀ ਨਫਰਤ ਹੈ। ਜੋ ਦੁਨਿਆਂ ਵਿੱਚ ਵੱਧਦੇ ਪ੍ਰਭਾਵ ਨੂੰ ਸਹਿਣ ਨਹੀ ਕਰ ਪਾ ਰਿਹਾ। ਪੱਗਾਂ ਵਾਲੇ ਸਰਦਾਰ ਦੁਨਿਆਂ ਦਾ ਮੂੰਹ ਮੁਹਾਂਦਰਾਂ ਬਣਦੇ ਜਾ ਰਹੇ ਹਨ। ਦੁਨਿਆਂ ਦੀਆਂ ਵੱਡੀਆ ਥਾਵਾਂ ਤੇ ਪੱਗ ਨਜ਼ਰ ਆਉਣੀ ਸ਼ੁਰੂ ਹੋਈ ਹੈ। ਅਮਰੀਕਾ ਜਿਹੇ ਮੁਲਕ ਨੇ ਸਰਕਾਰੀ ਤੌਰ ਤੇ 09/11 ਦੇ ਹਮਲਿਆਂ ਤੋ ਬਆਦ ਸਿੱਖਾਂ ਦੀ ਪਹਿਚਾਣ ਨੂੰ ਪ੍ਰਮੁੱਖਤਾ ਨਾਲ ਉਭਾਰਿਆ ਹੈ। ਅਤੇ ਕਨੈਡਾ ਵਰਗੇ ਦੇਸਾਂ ਨੇ ਸਿੱਖਾਂ ਨੂੰ ਰਾਜਨੀਤੀ ਵਿੱਚ ਵੱਡੇ ਪਲੇਟਫਾਰਮ ਦੇ ਕੇ ਦੇਸ਼ ਭਗਤੀ, ਇਮਾਨਦਾਰੀ, ਦਰਿੜਤਾ, ਸਮਰਪਿੱਤ ਭਾਵਨਾ ਦੀ ਕਦਰ ਕੀਤੀ ਹੈ। ਜਿਥੇ ਕਲਾ ਹੈ ਉਥੇ ਕਾਰੀਆਂ ਵੀ ਹਨ ਆਉਣ ਵਾਲੇ ਸਮੇ ਬਾਰੇ ਦਲਜੀਤ ਦੇ ਕੰਮਾਂ ਦੇ ਕੀ ਅਰਥ ਹੋਣਗੇ। ਸਮਾਂ ਦੱਸੇਗਾ ਪਰ ਵਕਤੀ ਤੌਰ ਹੁਣ ਤੱਕ ਦੇ ਸਫਰ ਵਿੱਚ ਆਪਣਾ ਅਤੇ ਪੰਜਾਬ ਦਾ ਨਾ ਰੋਸ਼ਨ ਕੀਤਾ ਹੈ। ਪੰਜਾਬ ਅਤੇ ਸਿੱਖਾਂ ਦੇ ਮਾਣ ਸਨਮਾਨ ਦੀ ਥਾਂ ਬਣਦਾ ਜਾ ਰਿਹਾ ਹੈ। ਉਸ ਕੋਲੋ ਹੋਰ ਚੰਗੇ ਦੀ ਆਸ ਰੱਖਦੇ ਹਾਂ। ਇਹ ਵੀ ਪੰਜਾਬੀਆਂ ਦਾ ਉਸ ਨੂੰ ਬਣਦਾ ਸਤਿਕਾਰ ਦੇਣਾ ਹੀ ਉਸ ਲਈ ਪ੍ਰੇਨਾ ਸਰੋਤ ਹੈ। ਫਿਲਹਾਲ ਫਿਲਮ " ਸਰਦਾਰ ਜੀ 3 " ਨੂੰ ਭਾਰਤ ਵਿੱਚ ਰਲੀਜ਼ ਕਰਨ ਦਿੱਤਾ ਗਿਆ ਹੈ। ਪਰ ਇਸ ਸਾਰੇ ਘਟਨਾ ਕ੍ਰਮ ਨਾਲ ਭਾਰਤ ਦੇ ਲੋਕਤੰਤਰ ਦੀ ਘੱਟ ਗਿਣਤੀ ਲੋਕਾਂ ਅਤੇ ਭਾਸ਼ਾਵਾਂ ਪ੍ਰੀ ਮਾੜੇ ਨਜ਼ਰੀਏ ਨੂੰ ਉਜ਼ਾਗਰ ਕੀਤਾ ਹੈ। ਸਮਾਂ ਚਿੰਤਨ ਕਰਨ ਦਾ ਹੈ ਉਹ ਸਰਬ ਪੱਖੀ ਹਾਲਾਤਾਂ ਤੇ ਵੱਡੀ ਜਿੰਮੇਵਾਰੀ ਮੰਗਦਾ ਹੈ।ਸੰਸਾਰ ਵਿੱਚ ਹਰ ਚੰਗੇ ਪੱਖਾਂ ਦੀ ਧਿਰ ਬਣਕੇ ਚੰਗੇ ਸਮਾਜ ਦੀ ਉਸਾਰੀ ਕਰੀਏ।

# ਸ਼ਹੀਦ ਭਾਈ ਖਾਲੜਾ ਦੀ ਸ਼ਹਾਦਤ ਅਤੇ ਵਿਰਾਸਤ ਬਾਰੇ ਸੈਮੀਨਾਰ ਅਤੇ ਕਿਤਾਬ ਲੋਕ ਅਰਪਣ ਕੀਤੀ





ਸਰੀ-ਮਨੁੱਖੀ ਹੱਕਾਂ ਦੇ ਅਲੰਬਰਦਾਰ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਸ਼ਹਾਦਤ ਤੋਂ ਤਿੰਨ ਦਹਾਕਿਆਂ ਤੇ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੀ ਸ਼ਹਾਦਤ ਦੇ ਦੋ ਸਾਲਾਂ ਬਾਅਦ, ਉਨ੍ਹਾਂ ਦੀ ਸਦੀਵੀ ਵਿਰਾਸਤ ਦੇ ਸਬੰਧ ਵਿੱਚ ਵਿਸ਼ੇਸ਼ ਸੈਮੀਨਾਰ, ਵਿਸ਼ਵ ਸਿੱਖ ਸੰਸਥਾ ਵੱਲੋਂ ਪੰਥਕ ਅਲਾਇੰਸ ਨਾਲ ਮਿਲ ਕੇ ਸਰੀ ਦੇ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਹਾਲ, ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ ਵਿਖੇ ਕਰਵਾਇਆ ਗਿਆ। ਇਸ ਮੌਕੇ 'ਤੇ ਸੰਗਤਾਂ ਨੇ ਭਾਰੀ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ। ਵਿਸ਼ੇਸ਼ ਮਹਿਮਾਨ ਬੁਲਾਰਿਆਂ ਵਿੱਚ ਭਾਈ ਅਮਰਜੀਤ ਸਿੰਘ ਖਾਲੜਾ (ਭਾਈ ਜਸਵੰਤ ਸਿੰਘ ਖਾਲੜਾ ਦੇ ਭਰਾ) ਨੇ ਵਿਸਥਾਰ ਵਿੱਚ ਸ਼ਹੀਦ ਖਾਲੜਾ ਦੀ ਸ਼ਹਾਦਤ ਦੇ ਇਤਿਹਾਸ ਨੂੰ ਬਿਆਨ ਕਰਦਿਆਂ, ਮੌਜੂਦਾ ਪੰਥਕ ਚੁਣੌਤੀਆਂ ਬਾਰੇ ਵੀ ਗੱਲਬਾਤ ਕੀਤੀ।



ਪ੍ਰੋਗਰਾਮ ਦਾ ਸੰਚਾਲਨ ਕਰਦਿਆਂ ਡਾ. ਗੁਰਵਿੰਦਰ ਸਿੰਘ ਨੇ ਸਿੱਖ ਮਿਸਲਾਂ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਦੇ ਕੌਮੀ ਚੁਣੌਤੀਆਂ ਅਤੇ ਪੰਥਕ ਮਸਲਿਆਂ ਦੀ ਹੱਲ ਬਾਰੇ ਵਿਚਾਰ ਸਾਂਝੇ ਕੀਤੇ। ਉਹਨਾਂ ਪ੍ਰਸਿੱਧ ਕਿਤਾਬ 'ਰਿਡਿਊਸ ਟੂ ਐਸ਼ਜ' (ਸੁਆਹ ਕਰ ਦਿੱਤੇ ਲੋਕ) ਦਾ ਵਿਸ਼ੇਸ਼ ਹਵਾਲਾ ਦਿੰਦਿਆਂ ਲਿਖਤਾਂ ਪ੍ਰਤੀ ਜਾਗਰੂਕਤਾ ਪੈਦਾ ਕੀਤੀ। ਇਸ ਮੌਕੇ 'ਤੇ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਜੀਵਨੀ ਬਾਰੇ ਸਿੱਖ ਚਿੰਤਕ ਅਤੇ ਇਤਿਹਾਸਕਾਰ ਸਿਰਦਾਰ ਅਜਮੇਰ ਸਿੰਘ ਵੱਲੋਂ ਲਿਖੀ ਕਿਤਾਬ "ਸ਼ਹੀਦ ਜਸਵੰਤ ਸਿੰਘ ਖਾਲੜਾ : ਸੋਚ, ਸੰਘਰਸ਼ ਅਤੇ ਸ਼ਹਾਦਤ" ਦਾ ਅੰਗਰੇਜ਼ੀ ਐਡੀਸ਼ਨ ਰਿਲੀਜ਼ ਕੀਤਾ ਗਿਆ।

ਵਰਲਡ ਸਿੱਖ ਆਰਗਨਾਈਜੇਸ਼ਨ ਵੱਲੋਂ ਪੰਥਕ ਅਲਾਇੰਸ ਆਫ ਬੀਸੀ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਇਸ ਸਮਾਗਮ ਵਿੱਚ, ਵਿਸ਼ਵ ਸਿੱਖ ਸੰਸਥਾ ਦੇ ਮੁੱਖ ਸੇਵਾਦਾਰ ਭਾਈ ਦਾਨਿਸ਼ ਸਿੰਘ ਅਤੇ ਪੰਥਕ ਅਲਾਇੰਸ ਦੇ ਮੁੱਖ ਸੇਵਾਦਾਰ ਭਾਈ ਭਵਨੀਤ ਸਿੰਘ ਨੇ ਸੰਗਤਾਂ ਨੂੰ 'ਜੀ ਆਇਆਂ ਨੂੰ' ਆਖਦਿਆਂ ਧੰਨਵਾਦ ਕੀਤਾ। ਇੱਥੇ ਜ਼ਿਕਰ ਯੋਗ ਹੈ ਕਿ ਗੁਰੂ ਨਾਨਕ ਜਹਾਜ਼ ਦੀ ਅਗਵਾਈ ਕਰਨ ਵਾਲੀ ਪੰਜ ਮੈਂਬਰੀ ਕਮੇਟੀ ਵਿੱਚ ਖਾਲੜਾ ਸਾਹਿਬ ਦੇ ਦਾਦਾ ਜੀ ਭਾਈ ਹਰਨਾਮ ਸਿੰਘ ਖਾਲੜਾ ਦੀ ਵਿਸ਼ੇਸ਼ ਭੂਮਿਕਾ ਸੀ।

# 'ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ.)' ਦੀ ਨਵੀਂ ਕਮੇਟੀ ਅਤੇ ਪਹਿਲਾ ਕਵੀ ਦਰਬਾਰ



ਸਿਆਟਲ – (ਤੇਜਿੰਦਰ ਮਨਚੰਦਾ) –ਪਿਛਲੇ ਲੰਬੇ ਸਮੇਂ ਤੋਂ ਆਪਣੇ ਬਹੁਪੱਖੀ ਉਦੇਸ਼ਾਂ ਵਿਸ਼ੇਸ਼ ਕਰਕੇ ਸਾਹਿਤਕ ਉਦੇਸ਼ਾਂ ਦੀ ਪੂਰਤੀ ਲਈ ਨਿਰੰਤਰ ਕੋਸ਼ਿਸ਼ਾਂ ਦੇ ਨਤੀਜੇ ਵਜੋਂ ਅਨੇਕ ਮੰਜ਼ਿਲਾਂ ਸਰ ਕਰਨ ਵਾਲੀ 'ਪੰਜਾਬੀ ਲਿਖਾਰੀ ਸਭਾ ਆਫ ਸਿਆਟਲ (ਰਜਿ.)' ਨੂੰ ਸਦਾ ਤਰੋ-ਤਾਜ਼ਾ ਰੱਖਣ ਲਈ ਨਵੇਂ ਚਿਹਰਿਆਂ ਨੂੰ ਅੱਗੇ ਲਿਆਉਣ ਦੀ ਕਵਾਇਦ ਦੀ ਪਾਲਨਾ ਕਰਦਿਆਂ ਅੱਜ 'ਪੈਂਥਰ ਲੇਕ ਲਾਇਬਰੇਰੀ ਕੈਂਟ (ਸਿਆਟਲ)' ਵਿਖੇ ਸਭਾ ਦੀ ਮੀਟਿੰਗ ਸਰਦਾਰ ਹਰਦਿਆਲ ਸਿੰਘ ਚੀਮਾ ਦੇ ਅਸ਼ੀਰਵਾਦ ਨਾਲ ਸ਼ੰਗਾਰ ਸਿੰਘ ਸਿੱਧੂ ਦੀ ਸਰਪ੍ਰਸਤੀ ਹੇਠ ਹੋਈ। ਸ਼ੰਗਾਰ ਸਿੰਘ ਸਿੱਧੂ ਤੋਂ ਇਲਾਵਾ ਜੰਗਪਾਲ ਸਿੰਘ ਕੋਟਕਪੂਰਾ, ਪਿਰਤਪਾਲ ਸਿੰਘ ਟਿਵਾਣਾ, ਬਲਿਹਾਰ ਸਿੰਘ ਲ੍ਹੇਲ, ਬਲਬੀਰ ਲਹਿਰਾ, ਸਾਧੂ ਸਿੰਘ ਝੱਜ, ਜਗੀਰ ਸਿੰਘ, ਮਲਕੀਤ ਸਿੰਘ ਗਿੱਲ, ਰਣਜੀਤ ਸਿੰਘ ਮੱਲ੍ਹੀ, ਹਰਕੀਰਤ ਕੌਰ ਬਠਿੰਡਾ, ਪਰਮਿੰਦਰ ਸਿੰਘ ਟਿਵਾਣਾ, ਬਿਸਮਨ ਕੌਰ ਟਿਵਾਣਾ, ਸੁਖਦਰਸ਼ਨ ਸਿੰਘ, ਚਰਨਜੀਤ ਸਿੰਘ ਖੁਰਾਨਾ, ਰਣਜੀਤ ਸਿੰਘ ਸੋਮਲ, ਗੁਰਮੁਖ ਸਿੰਘ ਮਲਸੀਆਂ, ਬਲਵੰਤ ਰਾਣਾ, ਪਰਮਜੀਤ ਕੌਰ ਟਿਵਾਣਾ, ਹਰਪ੍ਰੀਤ ਸਿੰਘ ਬਾਸੀ, ਰਾਜ ਸਿੰਘ ਪੱਢਾ, ਜਸਵਿੰਦਰ ਲ੍ਹੇਲ ਅਤੇ ਕਿਰਨ ਸੋਹਲ ਆਦਿ ਨੇ ਇਸ ਮੀਟਿੰਗ ਵਿੱਚ ਹਿੱਸਾ ਲਿਆ। ਪਿਛਲੇ ਦੋ ਸਾਲਾਂ ਤੋਂ ਸਭਾ ਦੀਆਂ ਕਾਰਗੁਜਾਰੀਆਂ ਦਾ ਲੇਖਾ ਜ਼ੋਖਾ ਸਭਾ ਦੇ ਮੈਂਬਰਾਂ ਸਾਹਮਣੇ ਪੇਸ਼ ਕੀਤਾ ਗਿਆ। ਕੁੱਝ ਲੋਕਾਂ ਵੱਲੋਂ 21 ਜੂਨ ਨੂੰ ਜੋ 6 ਮੈਂਬਰੀ ਆਰਜ਼ੀ ਬੋਰਡ ਬਣਾਇਆ ਸੀ ਉਸ ਨੂੰ ਭੰਗ ਕੀਤਾ ਗਿਆ। ਪੁਰਾਣੀ ਕਮੇਟੀ ਦੇ ਅਹੁਦੇਦਾਰਾਂ ਵਲੋਂ ਆਪਣੇ ਆਪ ਨੂੰ ਅਹੁਦਿਆਂ ਤੋਂ ਵੱਖ ਕਰਕੇ ਨਵੀਂ ਕਮੇਟੀ ਚੁਣਨ ਦੀ ਬੇਨਤੀ ਸਭਾ ਦੇ ਸੀਨੀਅਰ ਮੈਂਬਰ ਜੰਗਪਾਲ ਸਿੰਘ ਕੋਟਕਪੂਰਾ ਨੂੰ ਸੌਂਪੀ ਗਈ। ਕਾਫੀ ਵਿਚਾਰ-ਚਰਚਾ ਕਰਨ ਤੋਂ ਬਾਅਦ ਸਰਬਸੰਮਤੀ ਨਾਲ ਹੇਠ ਲਿਖੇ ਮੈਂਬਰਾਂ ਨੂੰ ਵੱਖ ਵੱਖ ਅਹੁਦਿਆਂ ਦੀ ਜ਼ਿੰਮੇਵਾਰੀ ਸੌਂਪੀ ਗਈ:-

ਸਰਪ੍ਰਸਤ: ਸ਼ੰਗਾਰ ਸਿੰਘ ਸਿੱਧੂ ਅਤੇ ਡਾ. ਪ੍ਰੇਮ ਕੁਮਾਰ, ਮੁੱਖ ਸਲਾਹਕਾਰ: ਹਰਦਿਆਲ ਸਿੰਘ ਚੀਮਾ, ਸਲਾਹਕਾਰ: ਡਾ.ਜਸਵੀਰ ਕੌਰ, ਨਵਦੀਪ ਕੌਰ ਭੰਡੋਲ, ਹਰਸ਼ਿੰਦਰ ਸਿੰਘ ਸੰਧੂ, ਜੰਗਪਾਲ ਸਿੰਘ, ਕੋਟਕਪੂਰਾ ਅਤੇ ਡਾ: ਸੁੱਚਾ ਸਿੰਘ ਗਿੱਲ, ਪ੍ਰਧਾਨ: ਪ੍ਰਿਤਪਾਲ ਸਿੰਘ ਟਿਵਾਣਾ, ਵਾਈਸ ਪ੍ਰਧਾਨ: ਹਰਕੀਰਤ ਕੌਰ ਬਠਿੰਡਾ, ਵਾਈਸ ਪ੍ਰਧਾਨ: ਬਲਬੀਰ ਲਹਿਰਾ, ਜਨਰਲ ਸਕੱਤਰ: ਜਗੀਰ ਸਿੰਘ, ਸਹਾਇਕ ਸਕੱਤਰ: ਸਾਧੂ ਸਿੰਘ ਝੱਜ, ਵਿੱਤ ਸਕੱਤਰ: ਬਲਿਹਾਰ ਸਿੰਘ ਲੇਹਲ, ਪ੍ਰੈੱਸ ਸਕੱਤਰ: ਮੰਗਤ ਕੁਲਜਿੰਦ, ਸਹਾਇਕ ਪ੍ਰੈੱਸ ਸਕੱਤਰ: ਮਲਕੀਤ ਸਿੰਘ ਗਿੱਲ, ਹਾਜ਼ਰ ਮੈਂਬਰਾਂ ਵੱਲੋਂ ਸੱਭ ਅਹੁਦੇਦਾਰਾਂ ਨੂੰ ਅੱਜ ਤੋਂ ਹੀ ਕਾਰਜ ਸ਼ੁਰੂ ਕਰਨ ਦੇ ਅਧਿਕਾਰ ਦੇ ਦਿੱਤੇ ਗਏ। ਨਵੀਂ ਬਣੀ ਕਮੇਟੀ ਨੇ ਅੱਜ ਤੋਂ ਹੀ ਸ਼ੁਭ-ਅਰੰਭ ਕਰਦਿਆਂ ਕਵੀ ਦਰਬਾਰ ਕਰਵਾਇਆ, ਜਿਸ ਵਿੱਚ ਬਲਬੀਰ ਲਹਿਰਾ, ਹਰਕੀਰਤ ਕੌਰ ਬਠਿੰਡਾ, ਜਗੀਰ ਸਿੰਘ, ਮਲਕੀਤ ਸਿੰਘ ਗਿੱਲ, ਸ਼ੰਗਾਰ ਸਿੰਘ ਸਿੱਧੂ, ਪ੍ਰਿਤਪਾਲ ਸਿੰਘ ਟਿਵਾਣਾ ਅਤੇ ਜੰਗਪਾਲ ਸਿੰਘ ਕੋਟਕਪੂਰਾ ਵੱਲੋਂ ਕਾਵਿ ਦੀਆਂ ਵੱਖ ਵੱਖ ਵੰਨਗੀਆਂ ਦੀਆਂ, ਲੋਕ-ਪੱਖੀ ਸੰਨੇਹੇ ਦਿੰਦੀਆਂ ਆਪਣੀਆਂ ਰਚਨਾਵਾਂ ਨਾਲ ਕਵੀ ਦਰਬਾਰ ਵਿੱਚ ਰੰਗ ਭਰਿਆ ਗਿਆ। ਵੱਡੀ ਗਿਣਤੀ ਵਿੱਚ ਹਾਜ਼ਰ ਸਰੋਤਿਆਂ ਨੇ ਕਵੀ ਦਰਬਾਰ ਦਾ ਆਨੰਦ ਮਾਣਿਆ। ਨਵੇਂ ਚੁਣੇ ਗਏ ਪ੍ਰਧਾਨ ਪ੍ਰਿਤਪਾਲ ਸਿੰਘ ਟਿਵਾਣਾ ਅਤੇ ਜਨਰਲ ਸਕੱਤਰ ਜਗੀਰ ਸਿੰਘ ਨੇ ਪ੍ਰੈਸ ਨਾਲ ਗੱਲ ਬਾਤ ਕਰਦਿਆਂ,ਮਾਂ ਬੋਲੀ ਪੰਜਾਬੀ ਅਤੇ ਪੰਜਾਬੀਅਤ ਦੀ ਸੇਵਾ ਕਰਦੇ ਰਹਿਣ ਦੇ ਆਪਣੇ ਅਹਿਦ ਨੂੰ ਦੁਹਰਾਇਆ।

# ਭਾਈ ਖਾਲੜਾ ਸਕੂਲ ਦਾ ਫਰਿਜ਼ਨੋ ਵਿਚ ਹੋਇਆ ਉਦਘਾਟਨ



ਫਰਿਜ਼ਨੋ, ਕੈਲੀਫੋਰਨੀਆ-ਪੰਜਾਬ ਦੇ ਮਸ਼ਹੂਰ ਮਨੁੱਖੀ ਹੱਕਾਂ ਦੇ ਸੰਘਰਸ਼ੀ ਅਤੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਨਾਮ 'ਤੇ ਨਵਾਂ ਸਕੂਲ ਫਰਿਜ਼ਨੋ ਵਿੱਚ ਖੋਲ੍ਹਿਆ ਗਿਆ ਹੈ। ਇਸ ਸਕੂਲ ਦਾ ਉਦਘਾਟਨ ਸਮਾਰੋਹ ਲੰਘੇ ਵੀਰਵਾਰ ਬਹੁਤ ਹੀ ਜਜ਼ਬਾਤੀ ਅਤੇ ਇਤਿਹਾਸਕ ਮਾਹੌਲ ਵਿੱਚ ਹੋਇਆ, ਜਿਸ ਵਿੱਚ ਸਥਾਨਕ ਪੰਜਾਬੀ ਭਾਈਚਾਰੇ ਨੇ ਭਰਪੂਰ ਹਿੱਸਾ ਲਿਆ।

ਉਦਘਾਟਨ ਸਮੇਂ ਖਾਲੜਾ ਸਾਹਿਬ ਦੀ ਜ਼ਿੰਦਗੀ ਅਤੇ ਉਨ੍ਹਾਂ ਦੀ ਕੁਰਬਾਨੀ ਨੂੰ ਯਾਦ ਕਰਦੇ ਹੋਏ ਭਾਸ਼ਣ ਦਿੱਤੇ ਗਏ। ਵਿਦੇਸ਼ ਵਿੱਚ ਇਹ ਪਹਿਲੀ ਵਾਰੀ ਹੈ ਕਿ ਕਿਸੇ ਸਕੂਲ ਨੂੰ ਖਾਲੜਾ ਜੀ ਦੇ ਨਾਮ 'ਤੇ ਸਮਰਪਿਤ ਕੀਤਾ ਗਿਆ ਹੋਵੇ। ਇਸ ਸਕੂਲ ਦਾ ਉਦੇਸ਼ ਨਾ ਸਿਰਫ਼ ਅਕਾਦਮਿਕ ਵਿਦਿਆ ਦੇਣਾ ਹੈ, ਸਗੋਂ ਬੱਚਿਆਂ ਵਿੱਚ ਇਨਸਾਫ਼, ਹੱਕਾਂ ਅਤੇ ਇਨਸਾਨੀਅਤ ਲਈ ਲੜਨ ਦੀ ਪ੍ਰੇਰਣਾ ਵੀ ਪੈਦਾ ਕਰਨੀ ਹੈ। ਸਥਾਨਕ ਲੀਡਰਾਂ, ਸਕੂਲ ਬੋਰਡ ਮੈਂਬਰਾਂ ਅਤੇ ਕਈ ਕੌਮਾਂਤਰੀ ਮਾਨਤਾ ਪ੍ਰਾਪਤ ਮਹਿਮਾਨਾਂ ਨੇ ਵੀ ਸਮਾਰੋਹ ਵਿੱਚ ਸ਼ਿਰਕਤ ਕੀਤੀ। ਇਸ ਪ੍ਰੋਗਰਾਮ ਵਿੱਚ ਖਾਸ ਤੌਰ 'ਤੇ ਉਨ੍ਹਾਂ ਦੀ ਧੀ, ਨਵਕਿਰਨ ਕੌਰ ਖਾਲੜਾ ਅਤੇ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਨੇ ਵੀ ਉਚੇਚੀ ਹਾਜ਼ਰੀ ਭਰੀ। ਉਹਨਾਂ ਨੂੰ ਸਕੂਲ ਬੋਰਡ ਵੱਲੋਂ ਸਨਮਾਨ ਚਿੰਨ ਵੀ ਭੇਂਟ ਕੀਤਾ ਗਿਆ। ਸਥਾਨਕ ਗੁਰਦੁਆਰਿਆਂ ਵੱਲੋਂ ਵੀ ਇਸ ਯਤਨ ਦੀ ਖੁੱਲ੍ਹ ਕੇ ਸਰਾਹਨਾ ਕੀਤੀ ਗਈ ਤੇ ਉਮੀਦ ਜਤਾਈ ਕਿ ਇਹ ਸਕੂਲ ਭਵਿੱਖ ਦੀ ਪੀੜ੍ਹੀ ਲਈ ਇਕ ਰੋਸ਼ਨ ਮਿਸਾਲ ਬਣੇਗਾ।

# ਕੁਦਰਤੀ ਇਲਾਜ ਵੱਲ ਪਰਤਣ ਦੀ ਲੋੜ

ਪ੍ਰੋ. ਕੁਲਬੀਰ ਸਿੰਘ



ਬਾ.ਗ ਬਗੀਚੇ ਤੇ ਰਸੋਈ ਦਾ ਇਲਾਜ, ਲੈਬ ਦੇ ਇਲਾਜ ਨਾਲੋਂ ਬਿਹਤਰ ਹੈ। ਪੁਰਾਣੇ ਸਮਿਆਂ ਤੋਂ ਕੁਦਰਤੀ ਇਲਾਜ ਨੂੰ ਭਰੋਸੇਮੰਦ ਮੰਨਿਆ ਜਾਂਦਾ ਰਿਹਾ। ਪਰੰਤੂ ਨਵੀਆਂ ਖੋਜਾਂ, ਨਵੀਆਂ ਲੱਭਤਾਂ, ਨਵੀਂ ਸਮਝ, ਨਵਾਂ ਗਿਆਨ ਸਾਨੂੰ ਤੇਜ਼ੀ ਨਾਲ ਪ੍ਰੋਸੈਸਡ ਇਲਾਜ ਵੱਲ ਲੈ ਗਏ। ਲੈਬ ਵਿਚ ਤਿਆਰ ਕੀਤੀਆਂ ਦਵਾਈਆਂ ਨਾਲ ਕੀਤੇ ਜਾਂਦੇ ਆਧੁਨਿਕ ਇਲਾਜ-ਢੰਗ ਦੇ ਮਹੱਤਵ ਨੂੰ ਕਿਸੇ ਵੀ ਤਰ੍ਹਾਂ ਘਟਾ ਕੇ ਨਹੀਂ ਵੇਖਿਆ ਜਾ ਸਕਦਾ। ਪਰੰਤੂ ਇਕ ਗੱਲ ਸਪਸ਼ਟ ਹੈ ਕਿ ਲੈਬ ਵਿਚ ਤਿਆਰ ਹੋਈਆਂ ਦਵਾਈਆਂ ਬਿਮਾਰੀ ਨੂੰ ਦਬਾ ਕੇ ਆਰਜੀ ਰਾਹਤ ਦਿੰਦੀਆਂ ਹਨ ਅਤੇ ਕੁਦਰਤੀ ਢੰਗ-ਤਰੀਕੇ ਬਿਮਾਰੀ ਨੂੰ ਖ਼ਤਮ ਕਰਕੇ ਸਿਹਤਮੰਦ ਜੀਵਨ ਜਿਊਣ ਦੇ ਮੌਕੇ ਮੁਹੱਈਆ ਕਰਦੇ ਹਨ। ਜੀਵਨ ਦੀ ਗੁਣਵਤਾ ਵਧਾਉਂਦੇ ਹਨ। ਜੀਵਨ ਲੰਮੇਰਾ ਕਰਦੇ ਹਨ।

ਇਹ ਗੱਲ ਵੀ ਪੱਕੀ ਹੈ ਕਿ ਹਰੇਕ ਮਰੀਜ ਆਧੁਨਿਕ ਇਲਾਜ ਦੇ ਨਾਲ ਨਾਲ ਪੁਰਾਤਨ ਢੰਗ-ਤਰੀਕੇ ਅਤੇ ਘਰੇਲੂ ਉਪਚਾਰ ਵੀ ਜਾਰੀ ਰੱਖਦਾ ਹੈ। ਕਈ ਵਾਰ ਦੋਹਾਂ ਦਾ ਸੁਮੇਲ ਬਿਹਤਰ ਨਤੀਜੇ ਦੇਣ ਵਿਚ ਸਹਾਈ ਹੁੰਦਾ ਹੈ। ਹੈਰਾਨੀ ਵਾਲੀ ਗੱਲ ਹੈ ਕਿ ਲੰਮੀ ਖੋਜ-ਪੜਤਾਲ, ਲੰਮੇ ਪ੍ਰਾਸੈਸ ਅਤੇ ਵੱਡੇ ਖਰਚੇ ਉਪਰੰਤ ਜਿਹੜਾ ਇਲਾਜ ਲੱਭਿਆ ਜਾਂਦਾ ਹੈ ਉਹ ਇਲਾਜ ਤਾਂ ਪਹਿਲਾਂ ਹੀ ਸਾਡੀ ਘਰੇਲੂ ਬਗੀਚੀ, ਸਾਡੀ ਰਸੋਈ ਵਿਚ ਪਿਆ ਹੈ। ਜਾਂ ਸਾਨੂੰ ਜਾਣਕਾਰੀ ਤੇ ਗਿਆਨ ਨਹੀਂ ਹੈ ਜਾਂ ਅਸੀਂ ਅਵੇਸਲੇ ਹੋਏ ਰਹਿੰਦੇ ਹਾਂ। ਸ਼ੀਸ਼ੀ ਵਚੋਂ ਗੋਲੀ ਕੱਢ ਕੇ ਖਾਣੀ ਸੌਖੀ ਹੈ, ਸਿਹਤਮੰਦ ਜੀਵਨ-ਸ਼ੈਲੀ ਧਾਰਨ ਕਰਨੀ ਔਖੀ ਹੈ। ਸਿਆਣੇ ਤਾਂ ਸੈਂਕੜੇ ਸਾਲ ਪਹਿਲਾਂ ਕਹਿ ਗਏ - ਇਲਾਜ ਨਾਲੋਂ ਪਰਹੇਜ ਚੰਗਾ। ਲਸਣ, ਅਧਰਕ, ਹਲਦੀ, ਪਿਆਜ, ਟਮਾਟਰ, ਕਾਲੀ ਮਿਰਚ, ਲਾਲ ਮਿਰਚ, ਧਨੀਆ, ਨਿੰਬੂ, ਆਵਲਾ ਆਦਿ ਦੇ ਸਿਹਤ-ਲਾਭ ਅਨੇਕਾਂ ਵਾਰ ਪਰਖੇ ਜਾ ਚੁੱਕੇ ਹਨ।

ਅਜੋਕਾ ਸਮਾਜ ਅੱਜ ਕੁਦਰਤੀ ਇਲਾਜ-ਪ੍ਰਣਾਲੀਆਂ ਅਤੇ ਢੰਗ-ਤਰੀਕਿਆਂ ਪ੍ਰਤੀ ਚੇਤੰਨ ਹੋ ਰਿਹਾ ਹੈ। ਇਸਦੇ ਬਹੁਤ ਸਾਰੇ ਕਾਰਨ ਹਨ। ਆਧੁਨਿਕ ਜੀਵਨ-ਸ਼ੈਲੀ ਕਾਰਨ ਜਿੱਥੇ ਬਿਮਾਰੀਆਂ ਤੇਜ਼ੀ ਨਾਲ ਵਧੀਆਂ ਹਨ ਉਥੇ ਡਾਕਟਰਾਂ, ਟੈੱਸਟਾਂ ਅਤੇ ਹਸਪਤਾਲਾਂ ਦੇ ਚੱਕਰ ਵਿਚ ਸਮੇਂ ਅਤੇ ਧਨ ਦੀ ਬਰਬਾਦੀ ਵੀ ਵਧੀ ਹੈ। ਨਤੀਜੇ ਵਜੋਂ ਬਹੁਗਿਣਤੀ ਲੋਕ ਸਿਹਤ ਅਤੇ ਖ਼ੁਰਾਕ, ਸਿਹਤ ਅਤੇ ਜੀਵਨ-ਸ਼ੈਲੀ ਪ੍ਰਤੀ ਪਹਿਲਾਂ ਨਾਲੋਂ ਵਧੇਰੇ ਸੁਚਤ ਹੋਏ ਹਨ।

ਜੇ ਤੁਸੀਂ ਚਿੰਤਾ ਨਹੀਂ ਕਰਦੇ, ਜੇ ਤੁਸੀਂ ਤਣਾਅ ਵਿਚ ਨਹੀਂ ਰਹਿੰਦੇ, ਜੇ ਤੁਸੀਂ 7-8 ਘੰਟੇ ਦੀ ਚੰਗੀ ਗੂੜ੍ਹੀ ਨੀਂਦ ਲੈਂਦੇ ਹੋ, ਜੇ ਤੁਸੀਂ ਸੈਰ ਕਸਰਤ ਕਰਦੇ ਹੋ, ਜੇ ਤੁਸੀਂ ਸਿਹਤਮੰਦ-ਸੰਤੁਲਿਤ ਖ਼ੁਰਾਕ ਖਾਂਦੇ ਹੋ ਤਾਂ ਤੁਸੀਂ ਬਹੁਤ ਸਾਰੀਆਂ ਬਿਮਾਰੀਆਂ ਤੋਂ ਬਚ ਸਕਦੇ ਹੋ। ਜੇ ਤੁਸੀਂ ਸਿਹਤਮੰਦ ਜੀਵਨ-ਸ਼ੈਲੀ ਧਾਰਨ ਕੀਤੀ ਹੋਈ ਹੈ ਤਾਂ ਤੁਸੀਂ ਜੀਵਨ-ਸ਼ੈਲੀ ਨਾਲ ਜੁੜੀਆਂ ਬਿਮਾਰੀਆਂ ਤੋਂ ਬਚੇ ਰਹੋਗੇ।

ਸਾਡੀ ਕਿਚਨ ਅਤੇ ਕਿਆਰੀ ਵਿਚ ਬਹੁਤ ਕੁਝ ਅਜਿਹਾ ਹੈ ਜਿਹੜਾ ਸਿਹਤਮੰਦ ਜੀਵਨ ਲਈ ਬੜਾ ਕਾਰਗਰ, ਬੜਾ ਸਹਾਇਕ ਸਿੱਧ ਹੁੰਦਾ ਹੈ। ਕਿਚਨ ਅਤੇ ਕਿਆਰੀ ਵੱਲ ਥੋੜ੍ਹਾ ਹੋਰ ਧਿਆਨ ਦੇ ਕੇ ਅਸੀਂ ਇਨ੍ਹਾਂ ਨੂੰ ਹੋਰ ਕਾਰਗਰ, ਹੋਰ ਸਹਾਇਕ ਬਣਾ ਸਕਦੇ ਹਾਂ। ਕਾ.ਫ਼ੀ ਹੱਦ ਤੱਕ ਦਵਾਈਆਂ ਤੋਂ, ਡਾਕਟਰਾਂ ਤੋਂ, ਹਸਪਤਾਲਾਂ ਤੋਂ ਦੂਰ ਰਹਿ ਸਕਦੇ ਹਾਂ।



ਦੁਨੀਆਂ ਭਰ ਦੇ ਲੋਕ ਕੁਦਰਤੀ ਇਲਾਜ-ਪ੍ਰਣਾਲੀ ਅਤੇ ਹਰਬਲ ਪੌਦਿਆਂ ਦੇ ਸੇਵਨ ਪ੍ਰਤੀ ਸੁਚੇਤ ਹੋ ਰਹੇ ਹਨ। ਇਹ ਰੁਝਾਨ ਵਿਕਾਸਸ਼ੀਲ ਅਤੇ ਵਿਕਸਤ ਦੋਹਾਂ ਤਰ੍ਹਾਂ ਦੇ ਦੇਸ਼ਾਂ ਵਿਚ ਵੇਖਣ ਨੂੰ ਮਿਲ ਰਿਹਾ ਹੈ। ਫਰਾਂਸ, ਜਰਮਨੀ, ਇਟਲੀ, ਇੰਗਲੈਂਡ ਜਿਹੇ ਮੁਲਕ ਵੀ ਵਿਸ਼ੇਸ਼ ਰੁਚੀ ਵਿਖਾ ਰਹੇ ਹਨ। ਕੋਵਿਡ-19 ਨੇ ਇਸ ਰੁਝਾਨ ਨੂੰ ਹੋਰ ਤੇਜ਼ ਕੀਤਾ ਹੈ। ਅ.ਫ਼ਰੀਕਾ ਵਰਗੇ ਮੁਲਕਾਂ ਵਿਚ ਮੁਢਲੀ ਸਿਹਤ ਸੰਭਾਲ ਲਈ 70 ਤੋਂ 80 ਪ੍ਰਤੀਸ਼ਤ ਲੋਕ ਕੁਦਰਤੀ ਇਲਾਜ 'ਤੇ ਨਿਰਭਰ ਹਨ ਜਾਂ ਇਸਨੂੰ ਤਰਜੀਹ ਦਿੰਦੇ ਹਨ।

ਗੈਰ ਸਿਹਤਮੰਦ ਆਧੁਨਿਕ ਜੀਵਨ-ਸ਼ੈਲੀ ਨੇ ਸਾਡੀ ਸਰੀਰਕ ਮਾਨਸਿਕ ਸਿਹਤ ਦਾ ਬਹੁਤ ਨੁਕਸਾਨ ਕੀਤਾ ਹੈ। ਰਹਿੰਦੀ ਕਸਰ ਗਲਤ ਆਹਾਰ-ਵਿਚਾਰ ਨੇ ਪੂਰੀ ਕਰ ਦਿੱਤੀ। ਜਿਹੜੇ ਮਰੀਜ ਕੁਦਰਤੀ ਇਲਾਜ ਅਤੇ ਸਿਹਤਮੰਦ ਜੀਵਨ-ਸ਼ੈਲੀ ਅਪਣਾ ਲੈਂਦੇ ਹਨ ਉਹ ਮੁਕਾਬਲਤਨ ਜਲਦੀ ਤੰਦਰੁਸਤ ਹੁੰਦੇ ਵੇਖੇ ਗਏ ਹਨ। ਚੰਗਾ ਪਹਿਲੂ ਇਹ ਹੈ ਕਿ ਕੁਦਰਤੀ ਇਲਾਜ ਦੇ ਜਿੰਨੇ ਵੀ ਸਰੋਤ ਹਨ ਉਹ ਅਸਾਨੀ ਨਾਲ ਉਪਲਬਧ ਹਨ, ਸਾਡੀ ਪਹੁੰਚ ਵਿਚ ਹਨ। ਸਮਝ ਕੇ, ਅਨੁਸ਼ਾਸਨ ਵਿਚ ਰਹਿੰਦਿਆਂ ਸ਼ੁਰੂਆਤ ਕਰਨ ਦੀ ਲੋੜ ਹੈ। ਕੁਝ ਦਿਨਾਂ, ਹ.ਫ਼ਤਿਆਂ ਵਿਚ ਅਸਰ ਨਜ਼ਰ ਆਉਣ ਲੱਗਦਾ ਹੈ। ਜਿਵੇਂ ਸਿਆਣੇ ਕਹਿੰਦੇ ਹਨ ਹਿੰਙ ਲੱਗੇ ਨਾ ਫਟਕੜੀ ਰੰਗ ਵੀ ਆਵੇ ਚੋਖਾ। ਨਾ ਖਰਚਾ ਨਾ ਖੇਚਲ ਪਰੰਤੂ ਤਨ ਮਨ ਨਵਾਂ ਨਰੋਆ। ਸਹੀ ਮਾਤਰਾ ਵਿਚ ਵਰਤਣ 'ਤੇ ਇਨ੍ਹਾਂ ਦੇ ਦੁਰ-ਪ੍ਰਭਾਵ ਵੀ ਨਾ-ਮਾਤਰ ਹਨ।

ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਅਨੁਸਾਰ ਵਿਸ਼ਵ ਦੇ ਬਹੁਗਿਣਤੀ ਲੋਕ ਕੁਦਰਤੀ ਇਲਾਜ ਪ੍ਰਣਾਲੀ ਵਿਚ ਵਿਸ਼ਵਾਸ ਰੱਖਦੇ ਹਨ ਅਤੇ ਇਸਨੂੰ ਤਰਜੀਹ ਦਿੰਦੇ ਹਨ। ਵਿਸ਼ਵ ਸਿਹਤ ਸੰਗਠਨ ਇਸਨੂੰ ਮਾਨਤਾ ਦਿੰਦਾ ਹੈ ਅਤੇ ਇਸਦੀ ਭੂਮਿਕਾ ਨੂੰ ਉਤਸ਼ਾਹਿਤ ਕਰਨ ਦੀ ਇੱਛਾ ਰੱਖਦਾ ਹੈ। ਸੰਗਠਨ ਦੀ ਇੱਛਾ ਹੈ ਕਿ ਉਨ੍ਹਾਂ ਮੁਲਕਾਂ ਦੀ ਇਸ ਖੇਤਰ ਵਿਚ ਸਹਾਇਤਾ ਕੀਤੀ ਜਾਵੇ ਜਿਹੜੇ ਕੁਦਰਤੀ ਇਲਾਜ ਪ੍ਰਣਾਲੀ ਵਿਚ ਵਿਸ਼ਵਾਸ ਰੱਖਦੇ ਹਨ। ਸੰਗਠਨ ਚਾਹੁੰਦਾ ਹੈ ਕਿ ਇਸਨੂੰ ਵਧੇਰੇ ਸਰੱਖਿਅਤ ਤੇ ਪ੍ਰਭਾਵਸ਼ਾਲੀ ਢੰਗ ਨਾਲ ਅਮਲ ਵਿਚ ਲਿਆਂਦਾ ਜਾਵੇ। ਇਸ ਲਈ ਉਸਨੇ ਉਨ੍ਹਾਂ ਦੇਸ਼ਾਂ, ਸੰਸਥਾਵਾਂ ਦੀ ਸਹਾਇਤਾ ਆਰੰਭ ਕੀਤੀ ਹੈ ਤਾਂ ਜੋ ਵਿਗਿਆਨਕ ਲੀਹਾਂ 'ਤੇ ਚੱਲਦਿਆਂ ਕੁਦਰਤੀ ਇਲਾਜ ਪ੍ਰਣਾਲੀ ਅਤੇ ਉਸਦੇ ਪ੍ਰਭਾਵਾਂ ਨੂੰ ਸਮਝਣ ਲਈ ਖੋਜ-ਕਾਰਜ ਨੂੰ ਹੋਰ ਅਗੇਰੇ ਵਧਾਇਆ ਜਾ ਸਕੇ। ਕਿਉਂ ਕਿ 'ਕੁਦਰਤੀ' ਦਾ ਅਰਥ ਹਰ ਵੇਲੇ ਸਰੱਖਿਅਤ ਨਹੀਂ ਹੁੰਦਾ।

ਇਕ ਅਨੁਮਾਨ ਅਨੁਸਾਰ ਧਰਤੀ 'ਤੇ 50000 ਤੋਂ 70000 ਤੱਕ ਹਰਬਲ ਪੌਦੇ (ਮੈਡੀਕਲ ਪਲਾਂਟਸ) ਹਨ ਜਿਨ੍ਹਾਂ ਦੀ ਇਲਾਜ ਲਈ ਜਾਂ ਦਵਾਈਆਂ ਲਈ ਵਰਤੋਂ ਕੀਤੀ ਜਾਂਦੀ ਹੈ। ਇਨ੍ਹਾਂ ਤੋਂ ਇਲਾਵਾ ਬਹੁਤ ਸਾਰੇ ਪੌਦੇ ਹਨ ਜਿਨ੍ਹਾਂ ਦੇ ਮੈਡੀਕਲ ਮਹੱਤਵ ਸੰਬੰਧੀ ਅਜੇ ਖੋਜ-ਪੜਤਾਲ ਜਾਰੀ ਹੈ। ਕੇਵਲ ਭਾਰਤ ਵਿਚ ਹੀ 8000 ਤੋਂ ਵਧੇਰੇ ਹਰਬਲ ਪੌਦੇ ਹਨ। ਵਿਸ਼ਵ ਸਿਹਤ ਸੰਗਠਨ ਅਨੁਸਾਰ 21000 ਦੇ ਕਰੀਬ ਪੌਦਿਆਂ ਦੀ ਇਲਾਜ ਮਨੋਰਥ ਲਈ ਵਰਤੋਂ ਹੋ ਰਹੀ ਹੈ। ਫੂਡ ਐਂਡ ਐਗਰੀਕਲਚਰ ਔਰਗੇਨਾਈਜੇਸ਼ਨ ਅਨੁਸਾਰ ਦੁਨੀਆਂ ਭਰ ਵਿਚ 50000 ਪੌਦਿਆਂ ਦੀ ਦਵਾਈਆਂ ਵਿਚ ਵਰਤੋਂ ਹੋ ਰਹੀ ਹੈ।

ਕੈਨੇਡਾ, ਆਸਟਰੇਲੀਆ, ਚੀਨ, ਭਾਰਤ, ਇੰਡੋਨੇਸ਼ੀਆ, ਮਲੇਸ਼ੀਆ, ਨਿਪਾਲ, ਪਾਕਿਸਤਾਨ, ਸ੍ਰੀ ਲੰਕਾ, ਥਾਈਲੈਂਡ, ਅਮਰੀਕਾ, ਵੀਅਤਨਾਮ, ਯੂਰਪੀਅਨ ਦੇਸ਼ ਆਦਿ ਉਨ੍ਹਾਂ ਮੁਲਕਾਂ ਵਿਚ ਸ਼ਾਮਲ ਹਨ ਜਿੱਥੇ ਹਰਬਲ ਪੌਦਿਆਂ ਦੀ ਇਲਾਜ ਲਈ ਵਧੇਰੇ ਵਰਤੋਂ ਕੀਤੀ ਜਾਂਦੀ ਹੈ। ਇਸ ਸੰਬੰਧ ਵਿਚ ਹਜ਼ਾਰਾਂ ਖੋਜ-ਪੇਪਰ ਪ੍ਰਕਾਸ਼ਿਤ ਹੋ ਚੁੱਕੇ ਹਨ। ਅਨੇਕਾਂ ਖੋਜ-ਵਿਦਿਆਰਥੀਆਂ ਨੇ ਖੋਜ-ਕਾਰਜ ਮੁਕੰਮਲ ਕਰਕੇ ਉੱਚ-ਪੱਧਰ ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ ਹਨ।

ਦੁਨੀਆਂ ਭਰ ਦੇ ਲੋਕ ਕੁਦਰਤੀ ਇਲਾਜ-ਪ੍ਰਣਾਲੀ ਅਤੇ ਹਰਬਲ ਪੌਦਿਆਂ ਦੇ ਸੇਵਨ ਪ੍ਰਤੀ ਸੁਚੇਤ ਹੋ ਰਹੇ ਹਨ। ਇਹ ਰੁਝਾਨ ਵਿਕਾਸਸ਼ੀਲ ਅਤੇ ਵਿਕਸਤ ਦੋਹਾਂ ਤਰ੍ਹਾਂ ਦੇ ਦੇਸ਼ਾਂ ਵਿਚ ਵੇਖਣ ਨੂੰ ਮਿਲ ਰਿਹਾ ਹੈ। ਫਰਾਂਸ, ਜਰਮਨੀ, ਇਟਲੀ, ਇੰਗਲੈਂਡ ਜਿਹੇ ਮੁਲਕ ਵੀ ਵਿਸ਼ੇਸ਼ ਰੁਚੀ ਵਿਖਾ ਰਹੇ ਹਨ। ਕੋਵਿਡ-19 ਨੇ ਇਸ ਰੁਝਾਨ ਨੂੰ ਹੋਰ ਤੇਜ਼ ਕੀਤਾ ਹੈ।

ਅ.ਫ਼ਰੀਕਾ ਵਰਗੇ ਮੁਲਕਾਂ ਵਿਚ ਮੁਢਲੀ ਸਿਹਤ ਸੰਭਾਲ ਲਈ 70 ਤੋਂ 80 ਪ੍ਰਤੀਸ਼ਤ ਲੋਕ ਕੁਦਰਤੀ ਇਲਾਜ 'ਤੇ ਨਿਰਭਰ ਹਨ ਜਾਂ ਇਸਨੂੰ ਤਰਜੀਹ ਦਿੰਦੇ ਹਨ।

ਭਾਰਤੀ ਕਿਸਾਨ ਇਸ ਖੇਤਰ ਦੀ ਜਾਣਕਾਰੀ ਹਾਸਲ ਕਰਕੇ, ਇਸ ਉਦਯੋਗ ਨਾਲ ਤਾਲਮਲ ਕਰਕੇ, ਹਰਬਲ ਪੌਦਿਆਂ ਦੀ ਖੇਤੀ ਨਾਲ ਜੁੜ ਕੇ ਆਪਣੀ ਆਮਦਨ ਵਿਚ ਵੱਡਾ ਵਾਧਾ ਕਰ ਸਕਦੇ ਹਨ। ਦੁਨੀਆਂ ਵਿਚ ਬਹੁਤ ਸਾਰੇ ਇਲਾਕੇ ਹਨ ਜਿੱਥੋਂ ਦੇ ਕਿਸਾਨ ਭਾਈਚਾਰੇ ਨੂੰ 50 ਪ੍ਰਤੀਸ਼ਤ ਆਮਦਨ ਮੈਡੀਕਲ ਪੌਦਿਆਂ ਨੂੰ ਵੇਚਣ ਨਾਲ ਹੁੰਦੀ ਹੈ। ਤਨਜ਼ਾਨੀਆਂ ਅਤੇ ਮੋਰੋਕੋ ਜਿਹੇ ਦੇਸ਼ ਮੈਡੀਕਲ ਪੌਦਿਆਂ ਦੇ ਵਿਉਪਾਰ ਤੋਂ ਵੱਡੀਆਂ ਰਕਮਾਂ ਕਮਾਉਂਦੇ ਹਨ। ਅ.ਫ਼ਰੀਕਨ ਹਰਬਲ ਦਵਾਈਆਂ ਦਾ ਉਦਯੋਗ ਵਿਸ਼ਵ ਪੱਧਰ 'ਤੇ ਆਪਣੀ ਪਛਾਣ ਸਥਾਪਤ ਕਰ ਰਿਹਾ ਹੈ।

ਮਨੁੱਖੀ ਮਨ, ਮਨੁੱਖੀ ਸਰੀਰ ਦੀ ਬਣਤਰ ਅਜਿਹੀ ਹੈ ਕਿ ਇਸਦੀ ਕੁਦਰਤ ਵੱਲ ਪਰਤਣ ਵਿਚ ਹੀ ਬਿਹਤਰੀ ਹੈ। ਜਿੰਨਾ ਇਹ ਕੈਮੀਕਲਾਂ ਤੋਂ ਬਚਿਆਂ ਰਹੇਗਾ ਓਨੀ ਮਾਨਸਿਕ ਸਰੀਰਕ ਸਿਹਤ ਸਹੀ ਰਹੇਗੀ।



## ਕਹਾਣੀ

ਸੁਖਵੀਰ ਸਿੰਘ ਸੰਧੂ
ਅਲਕੜਾ (ਪੈਰਿਸ)

# ਜ਼ਿੰਦਗੀ ਬਣੀ ਹਨ੍ਹੇਰਾ




ਦਿੱਲੀ ਦੇ ਹਵਾਈ ਅੱਡੇ ਤੋਂ ਬਾਹਰ ਨਿਕਲਦੇ ਹੀ ਸੁਰਿੰਦਰ ਨੂੰ ਗੁਰਮੀਤ ਨੇ ਆ ਜੱਫੀ ਪਾਈ। ਉਹ ਪੰਜਾਬ ਤੋਂ ਦਿੱਲੀ ਨੂੰ ਟੈਕਸੀ ਚਲਾਂਉਦਾ ਸੀ। ਸੁਖਸ਼ਾਦ ਤੋਂ ਬਾਅਦ ਗੱਲਾਂ ਬਾਤਾਂ ਕਰਦੇ ਗੱਡੀ ਕੋਲ ਪਹੁੰਚ ਗਏ। ਟੈਕਸੀ ਪੰਜਾਬ ਦੇ ਰਸਤੇ ਪੈ ਗਈ। ਸੁਰਿੰਦਰ ਘਰ ਪਹੁੰਚਣ ਲਈ ਉਤਾਵਲਾ ਸੀ। ਕਿਉ ਕਿ ਉਸ ਦੇ ਘਰਵਾਲੀ (ਜਸਵਿੰਦਰ) ਦੀ ਡਲਿਵਰੀ ਹੋਣ ਵਾਲੀ ਸੀ। ਜਿਹੜੀ ਸੱਸ (ਮਾਂ) ਨਾਲ ਪਿੰਡ ਵਿੱਚ ਰਹਿ ਰਹੀ ਸੀ। ਸੁਰਿੰਦਰ ਵਿਦੇਸ਼ ਵਿੱਚ ਨੌਕਰੀ ਕਰਦਾ ਸੀ। ਉਹ ਹਰ ਸਾਲ ਛੁੱਟੀ ਆਉਦਾ, ਜਸਵਿੰਦਰ ਅਤੇ ਮਾਂ ਨੂੰ ਨਾਲ ਜਾਣ ਲਈ ਜ਼ੋਰ ਦਿੰਦਾ। ਪਰ ਜਿਵੇਂ ਕਹਿੰਦੇ ਨੇ, ਆਪਣਾ ਘਰ ਕਿਸੇ ਮਹਿਲ ਤੋਂ ਘੱਟ ਨਹੀ ਹੁੰਦਾ। ਉਸ ਦੀ ਮਾਂ ਵਿਦੇਸ਼ ਜਾਣ ਲਈ ਰਾਜੀ ਨਾ ਹੁੰਦੀ। ਜਿਸ ਕਰਕੇ ਜਸਵਿੰਦਰ ਨੂੰ ਮਾਂ ਕੋਲ ਰਹਿਣਾ ਪੈਦਾਂ। ਉਹ ਆਖਰੀ ਸਾਹਾਂ ਤੱਕ ਇਥੇ ਹੀ ਰਹਿਣਾ ਚਾਹੁੰਦੀ ਸੀ। ਉਹ ਹਮੇਸ਼ਾ ਕਹਿੰਦੀ, "ਮੈਂ ਇਸ ਘਰ ਵਿੱਚ ਵਿਆਹ ਕੇ ਆਈ ਹਾਂ, ਚਾਰ ਕੰਧਿਆਂ ਤੇ ਜਾਵਾਂਗੀ।" ਸੁਰਿੰਦਰ ਦਾ ਫੋਨ ਖੜ੍ਹਕਿਆ, ਤਾਇਆ ਬੋਲ ਰਿਹਾ ਸੀ, "ਜਸਵਿੰਦਰ ਦੀ ਸਿਹਤ ਠੀਕ ਨਹੀ ਹੈ। ਅਸੀ ਖੰਨੇ ਲੈਕੇ ਚੱਲੇ ਆ, ਤੁਸੀ ਸਿੱਧੇ ਹਸਪਤਾਲ ਵਿੱਚ ਆ ਜਾਣਾ"। ਦੋ ਕੁ ਘੰਟੇ ਬਾਅਦ ਉਹ ਵੀ ਖੰਨੇ ਪਹੁੰਚ ਗਏ। ਨਰਸਾਂ ਜਸਵਿੰਦਰ ਨੂੰ ਓਪਰੇਸ਼ਨ ਥੇਟਰ ਅੰਦਰ ਲੈ ਗਈਆਂ ਸਨ। ਬੱਚੇ ਦੀ ਡਲਿਵਰੀ ਓਪਰੇਸ਼ਨ ਨਾਲ ਹੋਣੀ ਸੀ। ਸੁਰਿੰਦਰ ਨੂੰ ਮਿਲਣ ਦੀ ਇਜ਼ਾਜ਼ਤ ਦੇ ਦਿੱਤੀ ਗਈ। ਜਸਵਿੰਦਰ ਨੇ ਹੋਲੀ ਹੋਲੀ ਅੱਖਾਂ ਖੋਲ ਕੇ ਸੁਰਿੰਦਰ ਵੱਲ ਦੇਖਿਆ। ਪਰ ਉਸ ਵਿੱਚ ਬੋਲਣ ਦੀ ਸਮਰੱਥਾ ਨਹੀ ਸੀ।

ਸੂਰਜ ਢਲ ਚੁੱਕਿਆ ਸੀ। ਬੱਚੇ ਦੀ ਹਾਲਤ ਨਾਜ਼ਕ ਬਣੀ ਹੋਈ ਸੀ। ਦਿੱਲ ਦੀ ਧੜਕਣ ਵੀ ਘੱਟ ਰਹੀ ਸੀ। ਡਾਕਟਰ ਨੇ ਲੁਧਿਆਣੇ ਲੈ ਕੇ ਜਾਣ ਦੀ ਸਲਾਹ ਦਿੱਤੀ। ਉਹ ਸਵੱਖਤੇ ਹੀ ਐਂਬੂਲੈਂਸ ਰਾਂਹੀ ਲੁਧਿਆਣੇ ਨੂੰ ਰਵਾਨਾ ਹੋ ਗਏ। ਕਹਿਦੇ ਨੇ ਮੁਸੀਬਤ ਕਦੇ ਪੁੱਛ ਕਿ ਨਹੀ ਆਉਦੀ, ਇਸ ਵਿਚੋਂ ਬਾਹਰ ਨਿੱਕਲਣ ਦਾ ਰਸਤਾ, ਮੁਸੀਬਤ ਵਿੱਚ ਫਸਣ ਨਾਲੋਂ ਵੀ ਔਖਾ ਹੁੰਦਾ ਹੈ। ਬੱਚੇ ਦੀ ਸਿਹਤ ਜਿਉਂ ਦੀ ਤਿਉਂ ਸੀ। ਡਾਕਟਰ ਹਰ ਸੰਭਵ ਕੋਸ਼ਿਸ਼ ਕਰ ਰਹੇ ਸਨ। ਸੁਰਿੰਦਰ ਨੇ ਹਰ ਥਾਂ ਜਾਕੇ ਮੱਥਾ ਰਗੜਿਆ ਪਰ ਰੱਬ ਵੀ ਰੁੱਸਿਆ ਲਗਦਾ ਸੀ। ਅਖੀਰ ਡਾਕਟਰਾਂ ਨੇ ਵੀ ਸਿਰ ਫੇਰ ਦਿੱਤਾ। "ਵੈਰੀ ਸੌਰੀ" ਕਹਿ ਕੇ ਉਹ ਵੀ ਚਲੇ ਗਏ। ਸੁਣਿਆ ਹੈ ਕਮਜ਼ੋਰ ਦਾ ਕੋਈ ਨਹੀ ਹੁੰਦਾ ਤੇ ਮੁਸੀਬਤਾਂ ਇਨਸਾਨ ਨੂੰ ਕਮਜ਼ੋਰ ਕਰ ਦਿੰਦੀਆਂ ਹਨ। ਜਸਵਿੰਦਰ ਕਾਫੀ ਕਮਜ਼ੋਰ ਹੋ ਚੁੱਕੀ ਸੀ। ਉਹ ਪੱਥਰ ਦੀ ਮੂਰਤ ਬਣੀ ਚੁੱਪ ਚੁੱਪ ਰਹਿੰਦੀ। ਕੁਝ ਦਿੱਨਾਂ ਬਾਅਦ ਜਸਵਿੰਦਰ ਨੂੰ ਛੁੱਟੀ ਮਿਲ ਗਈ। ਘਰੇ ਰਿਸ਼ਤੇਦਾਰ, ਗਲੀ ਮੁਹੱਲੇ ਦੇ ਲੋਕ ਦੁੱਖ ਸਾਝਾ ਕਰਨ ਲਈ ਆਉਦੇ। ਉਹ ਸੁਰਿੰਦਰ ਦੇ ਵਿਦੇਸ਼ੋਂ ਲਿਆਂਦੇ ਖਿਲਾਉਣਿਆਂ ਵੱਲ ਦੇਖ ਦੇਖ ਰੋਦੀਂ ਰਹਿੰਦੀ। ਉਸ ਲਈ ਇਹ ਕਸ਼ਟ ਅਸਹਿ ਸੀ। ਦੁੱਖ ਨੂੰ ਹੌਸਲੇ ਨਾਲ ਹੀ ਘਟਾਇਆ ਜਾ ਸਕਦਾ ਹੈ। ਪਰ ਸੁਰਿਦਰ ਦਾ ਹੌਸਲਾ ਟੁੱਟ ਚੁੱਕਿਆ ਸੀ। ਉਹ ਆਪਣੇ ਗ਼ਮ ਨੂੰ ਵਡਉਣ ਲਈ ਪਿੰਡ ਵਿੱਚ ਦੋਸਤਾਂ ਕੋਲ ਚਲਿਆ ਜਾਦਾ। ਉਸਦੇ ਦੋਸਤਾਂ ਦੇ ਹਾਲਾਤ ਨਾ ਤਾਂ ਉਹਦੇ ਵਰਗੇ ਸੀ ਨਾ ਹੀ ਉਹ ਲੋਕ। ਉਹ ਇੱਕ ਅੱਧਾ ਪੈਗ ਲਾਉਣ ਦੇ ਸਲਾਹ ਦਿੰਦੇ। ਉਸ ਦੇ ਵਾਰ ਵਾਰ ਮਨ੍ਹਾਂ ਕਰਨ ਤੋਂ ਵੀ ਨਾ ਹਟਦੇ। ਕਈ ਵਾਰ ਮੱਲੋਜੋਰੀ ਵੀ ਪਿਆ ਦਿੰਦੇ। ਜਾਪਾਨੀ ਕਹਾਵਤ ਹੈ ਸ਼ਰਾਬ ਦਾ ਪਹਿਲਾ ਪੈੱਗ ਬੰਦਾ ਪੀਦਾਂ ਹੈ। ਦੂਸਰਾ ਪਹਿਲੇ ਵਾਲਾ ਪੈੱਗ ਪੀਦਾਂ ਹੈ। ਤੀਸਰਾ ਪੈੱਗ ਬੰਦੇ ਨੂੰ ਪੀਦਾਂ ਹੈ। ਇਹ ਕਹਾਵਤ ਸੁਰਿੰਦਰ ਉਪਰ ਢੁੱਕਦੀ ਸੀ। ਉਹ ਹਰ ਰੋਜ਼ ਪੀਣ ਦਾ ਆਦੀ ਹੋ ਗਿਆ। ਸਮੇ ਦੀ ਸੂਈ ਘੁੰਮਦੀ ਰਹੀ। ਸੁਰਿੰਦਰ ਦੀ ਛੁੱਟੀ ਖਤਮ ਹੋ ਰਹੀ ਸੀ। ਉਸ ਨੇ ਵਾਪਸ ਜਾਣ ਦੀ ਟਿੱਕਟ ਬੁੱਕ ਕਰਾ ਲਈ। ਵਿਦੇਸ਼ ਜਾਣ ਤੋਂ ਪਹਿਲਾਂ ਸੁਰਿੰਦਰ ਨੇ ਸੋਚਿਆ ਕਿਉਂ ਨਾ ਘਰ ਲਈ ਸਮਾਨ ਖਰੀਦ ਕਿ ਦੇ ਜਾਵਾਂ। ਉਹ ਅਗਲੇ ਦਿੱਨ ਮੋਟਰਸਾਈਕਲ ਲੈਕੇ ਸ਼ਹਿਰ ਨੂੰ ਚਲਿਆ ਗਿਆ। ਖਰੀਦੋ ਫਰੋਖਤ ਕਰਨ ਤੋਂ ਬਾਅਦ ਸਮਾਨ ਆਟੋ ਵਾਲੇ ਨੂੰ ਦੱਸ ਕੇ ਪਿੰਡ ਨੂੰ ਤੁਰ ਪਿਆ। ਘੁੱਪ ਹਨੇਰਾ ਹੋ ਚੁੱਕਿਆ ਸੀ। ਸਰਦੀ ਦੀ ਰੁੱਤ ਹੋਣ ਕਾਰਨ ਧੁੰਦ ਨੇ ਸ਼ੜਕ ਨੂੰ ਢੱਕਿਆ ਹੋਇਆ ਸੀ। ਪੂਰੇ ਦੀ ਠੰਡੀ ਹਵਾ ਸੀਨਾ ਚੀਰਦੀ ਸੀ। ਉਸ ਨੇ ਮੋਟਰਸਾਈਕਲ ਨੂੰ ਠੇਕੇ ਅੱਗੇ ਲਿਆ ਖੜ੍ਹਾ ਕੀਤਾ। ਸ਼ਰਾਬ ਦੀ ਬੋਤਲ ਖਰੀਦੀ ਪੂਰੀ ਤਰ੍ਹਾਂ ਸ਼ਰਾਬੀ ਹੋ ਕਿ ਘਰ ਨੂੰ ਚੱਲ ਪਿਆ। ਸੰਘਣੀ ਧੁੰਦ ਵਿੱਚ ਦੋ ਗਜ਼ ਦੀ ਦੂਰੀ ਤੱਕ ਮਸਾ ਦਿਖਾਈ ਦਿੰਦਾ ਸੀ। ਖੇਤਾਂ ਵਿੱਚੋਂ ਪਰਿੰਦਿਆਂ ਦੀਆ ਅਵਾਜ਼ਾਂ ਦੇ ਨਾਲ ਕੁੱਤਿਆਂ ਦੇ ਰੋਣ ਦੀ ਅਵਾਜ਼ ਵੀ ਆ ਰਹੀ ਸੀ। ਚੀਨੀ ਅਖਾਣ ਏ, ਬੁਢਾਪਾ, ਕਸ਼ਟ, ਰੋਗ ਅਤੇ ਮੌਤ ਤੋਂ ਕੋਈ ਬਚ ਨਹੀ ਸਕਦਾ। ਸ਼ੜਕ ਦੇ ਵਿਚਕਾਰ ਰੇਤੇ ਦੀ ਭਰੀ ਟਰਾਲੀ ਖਰਾਬ ਹੋਈ ਖੜ੍ਹੀ ਸੀ। ਸੁਰਿੰਦਰ ਦਾ ਮੋਟਰਸਾਈਕਲ ਟਰਾਲੀ ਪਿੱਛੇ ਧੁਸ ਗਿਆ। ਟਰਾਲੀ ਦੀ ਹੁੱਕ ਉਸ ਦੀ ਛਾਤੀ ਵਿੱਚ ਖੁੱਭ ਗਈ। ਸਿਰ ਵਿੱਚੋਂ ਖੂਨ ਵਹਿ ਰਿਹਾ ਸੀ। ਉਹ ਆਖਰੀ ਸਾਹਾਂ ਤੇ ਬੇਪਛਾਣ ਹੋਇਆ ਪਿਆ ਸੀ। ਗੁਰੂਦੁਆਰਾ ਸਾਹਿਬ ਦੇ ਸਪੀਕਰ ਤੋਂ ਅਵਾਜ਼ ਆਈ, "ਸਾਰੇ ਨਗਰ ਨਿਵਾਸੀਆਂ ਨੂੰ ਸੂਚਿਤ ਕੀਤਾ ਜਾਦਾਂ ਹੈ"। "ਪਿੰਡ ਤੋਂ ਥੋੜੀ ਦੂਰੀ ਉਤੇ ਕਿਸੇ ਮੋਟਰਸਾਈਕਲ ਸਵਾਰ ਦਾ ਟਰਾਲੀ ਨਾਲ ਖਤਰਨਾਕ ਹਾਦਸਾ ਹੋ ਗਿਆ ਹੈ। ਸਾਰਿਆ ਨੂੰ ਬੇਨਤੀ ਹੈ ਕਿ ਉਸ ਬੇਪਛਾਣ ਹੋਏ ਨੌਜੁਆਨ ਦੀ ਵੱਧ ਤੋਂ ਵੱਧ ਮੱਦਦ ਕੀਤੀ ਜਾਵੇ, ਸਾਰੀ ਸੰਗਤ ਦਾ ਧੰਨਵਾਦ" ਕਹਿੰਦਾ ਹੋਇਆ ਸਪੀਕਰ ਬੰਦ ਹੋਗਿਆ। ਇਹ ਖਬਰ ਪਿੰਡ ਵਿੱਚ ਅੱਗ ਵਾਂਗ ਫੈਲ ਗਈ। ਜਿਸ ਨੇ ਵੀ ਸੁਣਿਆ ਉਹ ਸ਼ੜਕ ਵੱਲ ਭੱਜ ਤੁਰਿਆ। ਸਰਪੰਚ ਦੇ ਫੋਨ ਕਰਨ ਤੇ ਪੁਲਸ ਵੀ ਪਹੁੰਚ ਚੁੱਕੀ ਸੀ। ਲੋਕਾਂ ਦਾ ਭਾਰੀ ਇਕੱਠ ਹੋ ਗਿਆ। ਪੁਲਿਸ ਦੀ ਹਾਜ਼ਰੀ ਵਿੱਚ ਜੇਬ ਵਿਚਲੇ ਕਾਗਜ਼ਾਂ ਤੋਂ ਪਹਿਚਾਣ ਕੀਤੀ ਗਈ। ਕੁਝ ਲੋਕੀਂ "ਸੁਰਿੰਦਰ ਏ ਸੁਰਿੰਦਰ" ਵੀ ਕਹਿ ਰਹੇ ਸਨ। ਸਰਪੰਚ ਨੇ ਪੁਲਸ ਨੂੰ ਦੱਸਿਆ, "ਇਹ ਸਾਡੇ ਪਿੰਡ ਦਾ ਹੀ ਲੜਕਾ ਏ, ਜਿਹੜਾ ਵਿਦੇਸ਼ ਤੋਂ ਛੁੱਟੀ ਆਇਆ ਹੋਇਆ ਹੈ"।

ਕੁਝ ਦੇਰ ਬਾਅਦ ਪੁਲਸ ਅਤੇ ਸਰਪੰਚ ਸਾਹਿਬ ਸੁਰਿੰਦਰ ਦੇ ਘਰ ਪਹੁੰਚ ਗਏ। ਦਰਵਾਜ਼ਾ ਖੁਲਦੇ ਹੀ ਹੱਥ ਵਿੱਚ ਫੋਟੋ ਵਾਲਾ ਕਾਗਜ਼ ਤੇ ਸਮਾਨ ਵਾਲਾ ਬਿੱਲ ਦਖਾਉਦਾ ਸਰਪੰਚ ਬੋਲਿਆ, "ਚਾਚੀ ਸੁਰਿੰਦਰ ਦਾ ਐਕਸੀਡੈਂਟ ਹੋ ਗਿਆ ਏ"। "ਉਸ ਦੇ ਸਿਰ ਅਤੇ ਛਾਤੀ ਵਿੱਚ ਗੰਭੀਰ ਚੋਟਾਂ ਲੱਗੀਆਂ ਨੇ, ਐਂਬੂਲੈਂਸ ਉਹਨਾਂ ਨੂੰ ਹਸਪਤਾਲ ਲੈ ਗਈ ਆ ! ਘਬਰਾਓ ਨਾ, ਪ੍ਰਮਾਤਮਾ ਦਾ ਭਾਣਾ ਸਮਝੋ"..ਸਰਪੰਚ ਬੋਲੀ ਜਾ ਰਿਹਾ ਸੀ, ਸੁਰਿੰਦਰ ਦੀ ਮਾਂ ਧੜੱਮ ਕਰਦੀ ਧਰਤੀ ਉਪਰ ਜਾ ਡਿੱਗੀ। ਠਾਹ ਦੀ ਅਵਾਜ਼ ਸੁਣ ਕੇ ਜਸਵਿੰਦਰ ਵੀ ਮੰਮੀ ਮੰਮੀ ਪੁਕਾਰਦੀ ਮਾਂ ਉਤੇ ਡਿੱਗ ਪਈ। ਉਹ ਕਦੇ ਮਾਂ ਤੇ ਕਦੇ ਫੋਟੋ ਵੱਲ ਦੇਖਦੀ ਭੁੱਬੀ ਰੋ ਰਹੀ ਸੀ। ਸੁਰਿੰਦਰ ਦੀ ਫੋਟੋ ਵਾਲਾ ਵਿਦੇਸ਼ੀ ਕਾਰਡ ਤੇ ਸਮਾਨ ਵਾਲਾ ਬਿੱਲ ਬੇਹੋਸ਼ ਪਈ ਮਾਂ ਦੇ ਹੱਥ ਵਿੱਚ ਘੁੱਟਿਆ ਹੋਇਆ ਸੀ। ਤਾਰਿਆਂ ਭਰੀ ਰਾਤ ਵਿੱਚ ਚਮਕਦਾ ਹੋਇਆ ਤਾਰਾ ਟੁੱਟ ਕੇ ਅਸਮਾਨ ਵਿੱਚ ਹੀ ਗੁੰਮ ਹੋ ਗਿਆ। ਸਿਆਣੇ ਕਹਿੰਦੇ ਨੇ ਇਨਸਾਨ ਦਾ ਹਰ ਇੱਕ ਚੰਗਾ ਮੰਦਾ ਦਿੱਨ ਜ਼ਿੰਦਗੀ ਦੇ ਇਤਿਹਾਸ ਦਾ ਪੰਨ੍ਹਾ ਬਣ ਜਾਦਾ ਹੈ।

## 'ਮਜ਼ੀਠੀਆ ਪ੍ਰਵਾਰ ਅੰਗਰੇਜ਼ਾਂ ਦਾ ਖੁਸ਼ਾਮਦੀ !'-ਪ੍ਰੋਫੈਸਰ ਪੂਰਨ ਸਿੰਘ



ਅੰਗਰੇਜ਼ਾਂ ਦੇ ਰਾਜ ਸਮੇਂ ਜਪਾਨ ਤੋਂ ਉੱਚ-ਵਿੱਦਿਆ ਪ੍ਰਾਪਤ ਕਰਕੇ ਆਏ ਪ੍ਰੋਫੈਸਰ ਪੂਰਨ ਸਿੰਘ ਤੋਂ ਪ੍ਰਭਾਵਤ ਹੁੰਦਿਆਂ 'ਸਰ' ਸੁੰਦਰ ਸਿੰਘ ਮਜ਼ੀਠੀਆ (ਪੜਦਾਦਾ ਜੀ ਮੌਜੂਦਾ ਅਕਾਲੀ ਆਗੂ ਬਿਕਰਮ ਸਿੰਘ ਮਜ਼ੀਠੀਆ) ਉਸਨੂੰ ਆਪਣੇ ਫਾਰਮ ਹਾਉਸ ਸਰਦਾਰ ਨਗਰ (ਯੂ.ਪੀ) ਵਿਖੇ ਲੈ ਗਏ। ਉੱਥੇ ਮਜ਼ੀਠੀਆਂ ਦੀ ਰਿਹਾਇਸ਼ ਵਿਖੇ ਜਿਹੜਾ ਕਮਰਾ ਪ੍ਰੋਫੈਸਰ ਪੂਰਨ ਸਿੰਘ ਨੂੰ ਰਹਿਣ ਵਾਸਤੇ ਦਿੱਤਾ ਗਿਆ, ਕੁੱਝ ਚਿਰ ਬਾਅਦ ਉਹ ਕਮਰਾ ਪ੍ਰੋਫੈਸਰ ਸਾਹਿਬ ਨੂੰ ਪੁੱਛਿਆਂ ਬਗੈਰ ਉਨ੍ਹਾਂ ਅੰਗਰੇਜ਼ ਮੇਮਾਂ ਨੂੰ ਦੇ ਦਿੱਤਾ ਗਿਆ, ਜੋ ਉੱਥੇ ਅੰਗਰੇਜ਼ੀ ਪੜ੍ਹਾਉਣ ਲਈ ਨੀਯਤ ਕੀਤੀਆਂ ਗਈਆਂ ਸਨ ! ਅਜ਼ਾਦ ਖਿਆਲ ਪ੍ਰੋਫੈਸਰ ਸਾਹਿਬ ਨੂੰ ਇਹ ਗੱਲ ਬਹੁਤ ਬੁਰੀ ਲੱਗੀ। ਉਨ੍ਹਾਂ ਇਸ ਨੂੰ ਗੁਲਾਮੀ ਦਾ ਅਹਿਸਾਸ ਕਰਾਉਣਾ ਮੰਨਿਆਂ !

ਉਹ ਤੈਸ਼ 'ਚ ਆ ਕੇ ਉੱਥੋਂ ਸਿੱਧੇ ਆਪਣੇ ਘਰ ਡੇਹਰਾਦੂਨ ਮੁੜ ਆਏ ਤੇ ਆਪਣੀ ਪਤਨੀ ਮਾਇਆ ਨੂੰ ਇਉਂ ਦੱਸਣ ਲੱਗੇ-"ਦੇਖ ਮਾਇਆ ! ਮੇਰੇ ਵਾਲਾ ਕਮਰਾ ਉਨ੍ਹਾਂ ਮੇਮਣੀਆਂ ਨੂੰ ਦੇ ਦਿੱਤਾ ਜਿਹੜਾ ਮੂੰਹ ਵਿੰਗਾ ਕਰਕੇ ਬੱਚਿਆਂ ਨੂੰ ਗੁਲਾਮੀ ਦਾ ਸਬਕ ਸਿਖਾਉਂਦੀਆਂ। ਤੇ ਮੈਨੂੰ ਪੌੜੀਆਂ ਕੋਲ ਦਾ ਕਮਰਾ ਦੇ ਦਿੱਤਾ ਜਿੱਥੇ ਆਉਂਦਿਆਂ ਜਾਂਦਿਆਂ ਦੀਆਂ ਜੁੱਤੀਆਂ ਦਾ ਖੜਾਕ ਹੀ ਨਹੀਂ ਸੀ ਮਾਣ। ਉੱਥੇ ਬੰਦਾ ਕਿਵੇਂ ਲਿਖ ਪੜ੍ਹ ਸਕਦਾ ਸੀ। ਮੈਨੂੰ ਨਹੀਂ ਸੀ ਪਤਾ ਕਿ ਮੈਂ ਅੰਗਰੇਜ਼ਾਂ ਦੇ ਖੁਸ਼ਾਮਦੀਆਂ ਕੋਲ ਚਲਾ ਗਿਆ ਸਾਂ !"

ਬਾਅਦ ਵਿਚ ਸਰ ਜੋਗਿੰਦਰ ਸਿੰਘ ਨੇ ਪ੍ਰੋਫੈਸਰ ਪੂਰਨ ਸਿੰਘ ਹੁਣਾ ਨੂੰ ਪੇਸ਼ਕਸ਼ ਕੀਤੀ ਕਿ ਉਹ ਮਜ਼ੀਠੀਆ ਸਾਹਬ ਨਾਲ (ਪ੍ਰੋਫੈਸਰ ਸਾਹਬ ਦਾ) ਸਮਝੌਤਾ ਕਰਾ ਦੇਣਗੇ ਪਰ ਪ੍ਰੋਫੈਸਰ ਸਾਹਬ ਨੇ ਬੜੇ ਰੋਹ ਨਾਲ ਜੋਗਿੰਦਰ ਸਿੰਘ ਨੂੰ ਲੰਮੀਆਂ ਲੰਮੀਆਂ ਚਿੱਠੀਆਂ ਲਿਖੀਆਂ ! ਇਨ੍ਹਾਂ ਚਿੱਠੀਆਂ ਵਿਚ ਵੀ ਅਲਬੇਲੇ ਸ਼ਾਇਰ ਪ੍ਰੋਫੈਸਰ ਪੂਰਨ ਸਿੰਘ ਹੁਣਾ ਨੇ 'ਅੰਗਰੇਜ਼ਾਂ ਦੇ ਖੁਸ਼ਾਮਦੀਆਂ' ਨੂੰ ਕੀ ਕਿਹਾ ਹੋਵੇ ਗਾ, ਪਾਠਕ ਆਪੇ ਅੰਦਾਜ਼ਾ ਲਾ ਲੈਣ ?!



(ਪ੍ਰੋ.ਫੈਸਰ ਪੂਰਨ ਸਿੰਘ ਦੀ ਜੀਵਨੀ ਵਾਲੀ ਕਿਤਾਬ 'ਰਾਜ ਹੰਸ' ਦਾ ਸਫਾ 190-191)

ਪੇਸ਼ਕਸ਼-ਤਰਲੋਚਨ ਸਿੰਘ ਦੁਪਾਲ ਪੁਰ 78146-92724

# ਸੋਸ਼ਲ ਮੀਡੀਆ ਤੋਂ ਰੁਜ਼ਗਾਰ

ਸੰਦੀਪ ਕੁਮਾਰ
7009807121



ਆਧੁਨਿਕ ਯੁਗ ਵਿੱਚ ਸੋਸ਼ਲ ਮੀਡੀਆ ਸਿਰਫ਼ ਮਨੋਰੰਜਨ ਜਾਂ ਸੰਚਾਰ ਦਾ ਸਾਧਨ ਨਹੀਂ ਰਿਹਾ, ਸਗੋਂ ਇਹ ਇੱਕ ਸ਼ਕਤੀਸ਼ਾਲੀ ਆਰਥਿਕ ਸਾਧਨ ਵਜੋਂ ਉਭਰਿਆ ਹੈ। ਪਿਛਲੇ ਦਹਾਕੇ ਵਿੱਚ ਇੰਟਰਨੈੱਟ ਦੀ ਪਹੁੰਚ ਵਿੱਚ ਹੋਏ ਵਾਧੇ ਨੇ ਸੋਸ਼ਲ ਮੀਡੀਆ ਨੂੰ ਸਿਰਫ਼ ਸਮਾਂ ਬਰਬਾਦ ਕਰਨ ਦਾ ਪਲੇਟਫਾਰਮ ਨਹੀਂ ਰਹਿਣ ਦਿੱਤਾ, ਬਲਕਿ ਇਸ ਨੂੰ ਰੁਜ਼ਗਾਰ ਸਿਰਜਣ ਦਾ ਮਜ਼ਬੂਤ ਸਾਧਨ ਬਣਾਇਆ। ਅੱਜ ਸੋਸ਼ਲ ਮੀਡੀਆ ਪਲੇਟਫਾਰਮ ਜਿਵੇਂ ਕਿ ਫੇਸਬੁੱਕ, ਇੰਸਟਾਗ੍ਰਾਮ, ਯੂਟਿਊਬ, ਟਿਕਟੌਕ, ਲਿੰਕਡਇਨ, ਅਤੇ ਐਕਸ (ਪਹਿਲਾਂ ਟਵਿੱਟਰ) ਰਾਹੀਂ ਲੱਖਾਂ-ਕਰੋੜਾਂ ਲੋਕ ਘਰ ਬੈਠੇ ਵਧੀਆ ਆਮਦਨ ਪ੍ਰਾਪਤ ਕਰ ਰਹੇ ਹਨ। ਸੋਸ਼ਲ ਮੀਡੀਆ ਨੇ ਨਾ ਸਿਰਫ਼ ਨੌਜਵਾਨਾਂ ਲਈ ਨਵੇਂ ਮੌਕੇ ਖੋਲ੍ਹੇ, ਸਗੋਂ ਉਨ੍ਹਾਂ ਲੋਕਾਂ ਲਈ ਵੀ ਰੁਜ਼ਗਾਰ ਦੇ ਦਰਵਾਜ਼ੇ ਖੋਲ੍ਹੇ ਜੋ ਰਵਾਇਤੀ ਨੌਕਰੀਆਂ ਦੀ ਬਜਾਏ ਆਪਣੀ ਸਿਰਜਣਾਤਮਕਤਾ ਅਤੇ ਹੁਨਰ ਨੂੰ ਵਰਤਣਾ ਚਾਹੁੰਦੇ ਹਨ।

### ਸੋਸ਼ਲ ਮੀਡੀਆ ਦੀ ਰੁਜ਼ਗਾਰ ਵਿੱਚ ਭੂਮਿਕਾ

ਪਹਿਲਾਂ ਦੇ ਸਮੇਂ ਵਿੱਚ ਰੁਜ਼ਗਾਰ ਦਾ ਅਰਥ ਸਰਕਾਰੀ ਜਾਂ ਪ੍ਰਾਈਵੇਟ ਨੌਕਰੀਆਂ ਤੱਕ ਸੀਮਤ ਸੀ। ਲੋਕਾਂ ਦੀ ਜ਼ਿੰਦਗੀ ਦਾ ਮੁੱਖ ਟੀਚਾ ਸਥਿਰ ਨੌਕਰੀ ਪ੍ਰਾਪਤ ਕਰਨਾ ਹੁੰਦਾ ਸੀ। ਪਰ ਤਕਨੀਕੀ ਵਿਕਾਸ ਨੇ ਰੁਜ਼ਗਾਰ ਦੀ ਪਰਿਭਾਸ਼ਾ ਨੂੰ ਬਦਲ ਦਿੱਤਾ। ਸੋਸ਼ਲ ਮੀਡੀਆ ਨੇ ਉਨ੍ਹਾਂ ਨੌਜਵਾਨਾਂ ਲਈ ਨਵੇਂ ਰਾਹ ਖੋਲ੍ਹੇ ਜੋ ਆਪਣੇ ਵਿਚਾਰਾਂ, ਸਿਰਜਣਾਤਮਕਤਾ ਅਤੇ ਹੁਨਰ ਨਾਲ ਵੱਖਰੀ ਪਛਾਣ ਬਣਾਉਣਾ ਚਾਹੁੰਦੇ ਹਨ। ਇਹ ਪਲੇਟਫਾਰਮ ਉਨ੍ਹਾਂ ਲਈ ਵੀ ਵਰਦਾਨ ਸਾਬਤ ਹੋਏ ਜੋ ਘਰ ਬੈਠੇ ਕੰਮ ਕਰਨ ਦੇ ਇੱਛੁਕ ਹਨ ਜਾਂ ਜਿਨ੍ਹਾਂ ਕੋਲ ਰਵਾਇਤੀ ਨੌਕਰੀਆਂ ਦੇ ਮੌਕੇ ਨਹੀਂ ਹਨ। ਸੋਸ਼ਲ ਮੀਡੀਆ ਨੇ ਬੇਰੁਜ਼ਗਾਰੀ ਦੀ ਸਮੱਸਿਆ ਨੂੰ ਘਟਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ ਅਤੇ ਲੋਕਾਂ ਨੂੰ ਸਵੈ-ਰੁਜ਼ਗਾਰ ਦੇ ਮੌਕੇ ਪ੍ਰਦਾਨ ਕੀਤੇ ਹਨ।

### ਕੰਟੈਂਟ ਕਰੀਏਟਰ - ਇੱਕ ਨਵਾਂ ਪੇਸ਼ਾ

ਸੋਸ਼ਲ ਮੀਡੀਆ ਨੇ "ਕੰਟੈਂਟ ਕਰੀਏਟਰ" ਦੇ ਰੂਪ ਵਿੱਚ ਇੱਕ ਨਵੇਂ ਪੇਸ਼ੇ ਨੂੰ ਜਨਮ ਦਿੱਤਾ। ਅੱਜ ਦੇ ਸਮੇਂ ਵਿੱਚ ਲੋਕ ਵੀਡੀਓ, ਮੀਮ, ਬਲੌਗ, ਪੋਸਟ, ਜਾਂ ਲਾਈਵ ਸੈਸ਼ਨ ਰਾਹੀਂ ਵੱਡੀ ਗਿਣਤੀ ਵਿੱਚ ਦਰਸ਼ਕਾਂ ਨੂੰ ਆਕਰਸ਼ਿਤ ਕਰ ਰਹੇ ਹਨ। ਇਹ ਦਰਸ਼ਕ ਅੱਗੇ ਜਾ ਕੇ ਉਨ੍ਹਾਂ ਦੇ ਪਲੇਟਫਾਰਮਾਂ ਲਈ ਆਮਦਨ ਦਾ ਸਰੋਤ ਬਣਦੇ ਹਨ। ਕੰਟੈਂਟ ਕਰੀਏਟਰ ਆਪਣੀ ਸਿਰਜਣਾਤਮਕਤਾ ਨਾਲ ਨਾ ਸਿਰਫ਼ ਨਾਮ ਕਮਾਉਂਦੇ ਹਨ, ਸਗੋਂ ਵਿਗਿਆਪਨ, ਸਪਾਂਸਰਸ਼ਿਪ ਅਤੇ ਬ੍ਰਾਂਡ ਸਹਿਯੋਗ ਰਾਹੀਂ ਲੱਖਾਂ ਰੁਪਏ ਦੀ ਕਮਾਈ ਵੀ ਕਰਦੇ ਹਨ। ਉਦਾਹਰਣ ਵਜੋਂ, ਕਈ ਨੌਜਵਾਨ ਆਪਣੇ ਸ਼ੌਕ ਜਿਵੇਂ ਕਿ ਖਾਣਾ ਬਣਾਉਣਾ, ਯਾਤਰਾ ਕਰਨਾ, ਜਾਂ ਫੈਸ਼ਨ ਨੂੰ ਸੋਸ਼ਲ ਮੀਡੀਆ 'ਤੇ ਸਾਂਝਾ ਕਰਕੇ ਇਸ ਨੂੰ ਆਪਣੇ ਕਰੀਅਰ ਦਾ ਹਿੱਸਾ ਬਣਾਉਂਦੇ ਹਨ। ਇਹ ਪੇਸ਼ਾ ਨਾ ਸਿਰਫ਼ ਰੁਜ਼ਗਾਰ ਦਿੰਦਾ ਹੈ, ਸਗੋਂ ਵਿਅਕਤੀ ਨੂੰ ਆਪਣੀ ਪਸੰਦ ਦੇ ਕੰਮ ਨਾਲ ਜੋੜਦਾ ਹੈ।




### ਯੂਟਿਊਬ - ਘਰ ਬੈਠੇ ਆਮਦਨ ਦਾ ਸਰੋਤ

ਯੂਟਿਊਬ ਅੱਜ ਦੁਨੀਆ ਦਾ ਸਭ ਤੋਂ ਵੱਡਾ ਵੀਡੀਓ ਸ਼ੇਅਰਿੰਗ ਪਲੇਟਫਾਰਮ ਹੈ, ਜੋ ਮਨੋਰੰਜਨ ਦੇ ਨਾਲ-ਨਾਲ ਰੁਜ਼ਗਾਰ ਦਾ ਵੀ ਮੁੱਖ ਸਾਧਨ ਬਣ ਗਿਆ ਹੈ। ਯੂਟਿਊਬ 'ਤੇ ਚੈਨਲ ਸ਼ੁਰੂ ਕਰਕੇ ਲੋਕ ਵਿਗਿਆਪਨ, ਮੈਂਬਰਸ਼ਿਪ ਅਤੇ ਸਪਾਂਸਰਸ਼ਿਪ ਰਾਹੀਂ ਮਹੀਨੇ ਦੇ ਲੱਖਾਂ ਰੁਪਏ ਕਮਾ ਰਹੇ ਹਨ। ਖਾਸ ਕਰਕੇ ਨੌਜਵਾਨ, ਪੜ੍ਹੇ-ਲਿਖੇ ਵਿਅਕਤੀ, ਸੰਗੀਤਕਾਰ, ਅਧਿਆਪਕ, ਮੋਟੀਵੇਸ਼ਨਲ ਸਪੀਕਰ ਅਤੇ ਫੂਡ ਬਲੌਗਰ ਇਸ ਪਲੇਟਫਾਰਮ ਦਾ ਪੂਰਾ ਲਾਭ ਉਠਾ ਰਹੇ ਹਨ। ਯੂਟਿਊਬ ਦੀ ਸਭ ਤੋਂ ਵੱਡੀ ਖੂਬੀ ਇਹ ਹੈ ਕਿ ਇਹ ਹਰ ਕਿਸੇ ਲਈ ਖੁੱਲ੍ਹਾ ਹੈ। ਜੇਕਰ ਕੋਈ ਵਿਅਕਤੀ ਕਿਸੇ ਖੇਤਰ ਵਿੱਚ ਮਾਹਿਰ ਹੈ, ਤਾਂ ਉਹ ਆਪਣੀ ਜਾਣਕਾਰੀ ਨੂੰ ਵੀਡੀਓ ਦੇ ਰੂਪ ਵਿੱਚ ਸਾਂਝਾ ਕਰਕੇ ਆਮਦਨ ਕਮਾ ਸਕਦਾ ਹੈ। ਉਦਾਹਰਣ ਵਜੋਂ, ਸਿੱਖਿਆ ਦੇ ਖੇਤਰ ਵਿੱਚ ਕਈ ਅਧਿਆਪਕ ਆਨਲਾਈਨ ਲੈਕਚਰ ਦੇ ਕੇ ਵਿਦਿਆਰਥੀਆਂ ਨੂੰ ਪੜ੍ਹਾਉਂਦੇ ਹਨ ਅਤੇ ਇਸ ਦੇ ਬਦਲੇ ਵਧੀਆ ਕਮਾਈ ਕਰਦੇ ਹਨ। ਇਸ ਤੋਂ ਇਲਾਵਾ, ਗੇਮਿੰਗ, ਟੈਕਨੋਲੋਜੀ, ਸਿਹਤ ਅਤੇ ਸੁੰਦਰਤਾ ਨਾਲ ਸਬੰਧਤ ਚੈਨਲ ਵੀ ਬਹੁਤ ਪ੍ਰਸਿੱਧ ਹਨ।

### ਇੰਸਟਾਗ੍ਰਾਮ ਅਤੇ ਫੇਸਬੁੱਕ 'ਤੇ ਇਨਫਲੂਐਂਸਰ ਮਾਰਕੀਟਿੰਗ

ਇੰਸਟਾਗ੍ਰਾਮ ਅਤੇ ਫੇਸਬੁੱਕ ਵੀ ਰੁਜ਼ਗਾਰ ਦੇ ਨਵੇਂ ਮੌਕੇ ਪ੍ਰਦਾਨ ਕਰ ਰਹੇ ਹਨ। ਇਨ੍ਹਾਂ ਪਲੇਟਫਾਰਮਾਂ 'ਤੇ ਪ੍ਰਸਿੱਧੀ ਹਾਸਲ ਕਰਨ ਵਾਲੇ ਲੋਕ "ਇਨਫਲੂਐਂਸਰ" ਦੇ ਰੂਪ ਵਿੱਚ ਜਾਣੇ ਜਾਂਦੇ ਹਨ। ਇਹ ਇਨਫਲੂਐਂਸਰ ਬ੍ਰਾਂਡਸ ਅਤੇ ਕੰਪਨੀਆਂ ਨਾਲ ਸਹਿਯੋਗ ਕਰਕੇ ਉਨ੍ਹਾਂ ਦੇ ਉਤਪਾਦਾਂ ਦਾ ਪ੍ਰਚਾਰ ਕਰਦੇ ਹਨ। ਇਨਫਲੂਐਂਸਰ ਮਾਰਕੀਟਿੰਗ ਅੱਜ ਦੇ ਸਮੇਂ ਵਿੱਚ ਇੱਕ ਵੱਡਾ ਉਦਯੋਗ ਬਣ ਚੁੱਕੀ ਹੈ। ਇੰਸਟਾਗ੍ਰਾਮ 'ਤੇ ਰੀਲਸ, ਸਟੋਰੀਜ਼ ਅਤੇ ਪੋਸਟਸ ਰਾਹੀਂ ਲੋਕ ਆਪਣੇ ਫਾਲੋਅਰਸ ਨੂੰ ਵਧਾਉਂਦੇ ਹਨ ਅਤੇ ਬ੍ਰਾਂਡਸ ਦੇ ਪ੍ਰਮੋਸ਼ਨ ਲਈ ਭਾਰੀ ਰਕਮ ਵਸੂਲਦੇ ਹਨ।

ਇਸੇ ਤਰ੍ਹਾਂ, ਫੇਸਬੁੱਕ 'ਤੇ ਪੇਜ ਅਤੇ ਗਰੁੱਪ ਬਣਾ ਕੇ ਵੀ ਲੋਕ ਆਮਦਨ ਕਮਾ ਰਹੇ ਹਨ। ਇਨਫਲੂਐਂਸਰ ਮਾਰਕੀਟਿੰਗ ਦਾ ਸਭ ਤੋਂ ਵੱਡਾ ਫਾਇਦਾ ਇਹ ਹੈ ਕਿ ਇਸ ਵਿੱਚ ਵਿਅਕਤੀ ਨੂੰ ਸਿਰਫ਼ ਆਪਣੀ ਪ੍ਰਸਿੱਧੀ ਅਤੇ ਸਮਗਰੀ ਦੀ ਗੁਣਵੱਤਾ 'ਤੇ ਧਿਆਨ ਦੇਣਾ ਹੁੰਦਾ ਹੈ।

### ਫ੍ਰੀਲਾਂਸਿੰਗ - ਦਫਤਰ ਤੋਂ ਬਿਨਾਂ ਕਮਾਈ

ਸੋਸ਼ਲ ਮੀਡੀਆ ਨੇ ਫ੍ਰੀਲਾਂਸਿੰਗ ਦੇ ਖੇਤਰ ਨੂੰ ਵੀ ਬਹੁਤ ਵਧਾਇਆ ਹੈ। ਅੱਜ ਲੋਕ ਆਪਣੀਆਂ ਸੇਵਾਵਾਂ ਨੂੰ ਆਨਲਾਈਨ ਪਲੇਟਫਾਰਮਾਂ ਜਿਵੇਂ ਕਿ ਫੀਵਰ, ਅਪਵਰਕ, ਫ੍ਰੀਲਾਂਸਰ ਅਤੇ ਗੁਰੂ 'ਤੇ ਵੇਚ ਰਹੇ ਹਨ। ਜਿਹੜੇ ਵਿਅਕਤੀ ਗ੍ਰਾਫਿਕ ਡਿਜ਼ਾਇਨ, ਕੰਟੈਂਟ ਰਾਈਟਿੰਗ, ਡਿਜ਼ੀਟਲ ਮਾਰਕੀਟਿੰਗ, ਵੀਡੀਓ ਐਡੀਟਿੰਗ, ਜਾਂ ਵੈਬ ਡਿਵੈਲਪਮੈਂਟ ਵਿੱਚ ਮਾਹਿਰ ਹਨ, ਉਹ ਬਿਨਾਂ ਕਿਸੇ ਦਫਤਰ ਜਾਂ ਨੌਕਰੀ ਦੀ ਲੋੜ ਤੋਂ ਘਰ ਬੈਠੇ ਲੱਖਾਂ ਰੁਪਏ ਕਮਾ ਰਹੇ ਹਨ।

ਸੋਸ਼ਲ ਮੀਡੀਆ ਦੀ ਮਦਦ ਨਾਲ ਫ੍ਰੀਲਾਂਸਰ ਆਪਣੇ ਹੁਨਰ ਨੂੰ ਪ੍ਰਮੋਟ ਕਰ ਸਕਦੇ ਹਨ। ਉਦਾਹਰਣ ਵਜੋਂ, ਇੱਕ ਗ੍ਰਾਫਿਕ ਡਿਜ਼ਾਈਨਰ ਆਪਣੇ ਕੰਮ ਦੇ ਨਮੂਨੇ ਇੰਸਟਾਗ੍ਰਾਮ ਜਾਂ ਲਿੰਕਡਇਨ 'ਤੇ ਸਾਂਝੇ ਕਰਕੇ ਨਵੇਂ ਗਾਹਕ ਪ੍ਰਾਪਤ ਕਰ ਸਕਦਾ ਹੈ। ਇਸ ਤਰ੍ਹਾਂ, ਸੋਸ਼ਲ ਮੀਡੀਆ ਨੇ ਫ੍ਰੀਲਾਂਸਿੰਗ ਨੂੰ ਇੱਕ ਗਲੋਬਲ ਮਾਰਕੀਟ ਵਿੱਚ ਬਦਲ ਦਿੱਤਾ ਹੈ।

### ਈ-ਕਾਮਰਸ ਅਤੇ ਡਰੌਪਸ਼ਿਪਿੰਗ

ਸੋਸ਼ਲ ਮੀਡੀਆ ਨੇ ਈ-ਕਾਮਰਸ ਦੇ ਖੇਤਰ ਵਿੱਚ ਵੀ ਕ੍ਰਾਂਤੀ ਲਿਆਂਦੀ ਹੈ। ਅੱਜ ਲੋਕ ਆਪਣੇ ਛੋਟੇ-ਵੱਡੇ ਵਪਾਰ ਨੂੰ ਸੋਸ਼ਲ ਮੀਡੀਆ 'ਤੇ ਪ੍ਰਮੋਟ ਕਰਕੇ ਵਧੀਆ ਮੁਨਾਫਾ ਕਮਾ ਰਹੇ ਹਨ। ਹੱਥੀਂ ਬਣੀਆਂ ਵਸਤੂਆਂ, ਕੱਪੜੇ, ਗਹਿਣੇ ਅਤੇ ਹੋਰ ਉਤਪਾਦ ਸੋਸ਼ਲ ਮੀਡੀਆ 'ਤੇ ਆਸਾਨੀ ਨਾਲ ਵਿਕਦੇ ਹਨ। ਇੰਸਟਾਗ੍ਰਾਮ ਅਤੇ ਫੇਸਬੁੱਕ 'ਤੇ "ਸ਼ੌਪ" ਫੀਚਰ ਦੀ ਮਦਦ ਨਾਲ ਵਿਅਕਤੀ ਆਪਣੇ ਉਤਪਾਦ ਸਿੱਧੇ ਗਾਹਕਾਂ ਤੱਕ ਪਹੁੰਚਾਉਂਦੇ ਹਨ। ਇਸ ਤੋਂ ਇਲਾਵਾ, ਡਰੌਪਸ਼ਿਪਿੰਗ ਇੱਕ ਨਵਾਂ ਅਤੇ ਪ੍ਰਸਿੱਧ ਵਪਾਰਕ ਮਾਡਲ ਹੈ। ਇਸ ਵਿੱਚ ਵਿਅਕਤੀ ਨੂੰ ਆਪਣੇ ਕੋਲ ਸਟਾਕ ਰੱਖਣ ਦੀ ਲੋੜ ਨਹੀਂ ਹੁੰਦੀ। ਉਹ ਸੋਸ਼ਲ ਮੀਡੀਆ 'ਤੇ ਹੋਰ ਕੰਪਨੀਆਂ ਦੇ ਉਤਪਾਦ ਪ੍ਰਮੋਟ ਕਰਦਾ ਹੈ ਅਤੇ ਆਰਡਰ ਮਿਲਣ 'ਤੇ ਸਪਲਾਇਰ ਸਿੱਧੇ ਗਾਹਕ ਨੂੰ ਸਮਾਨ ਭੇਜਦਾ ਹੈ। ਇਸ ਤਰ੍ਹਾਂ, ਵਿਅਕਤੀ ਬਿਨਾਂ ਵੱਡੀ ਪੂੰਜੀ ਲਗਾਏ ਮੁਨਾਫਾ ਕਮਾ ਸਕਦਾ ਹੈ।

### ਸੋਸ਼ਲ ਮੀਡੀਆ ਮੈਨੇਜਮੈਂਟ - ਨਵਾਂ ਪੇਸ਼ਾਵਰ ਖੇਤਰ

ਅੱਜ ਦੇ ਸਮੇਂ ਵਿੱਚ ਹਰ ਕੰਪਨੀ ਸੋਸ਼ਲ ਮੀਡੀਆ 'ਤੇ ਮੌਜੂਦ ਹੈ ਅਤੇ ਆਪਣੇ ਬ੍ਰਾਂਡ ਨੂੰ ਪ੍ਰਮੋਟ ਕਰਨ ਲਈ ਪ੍ਰੋਫੈਸ਼ਨਲ ਸੋਸ਼ਲ ਮੀਡੀਆ ਮੈਨੇਜਰਾਂ ਦੀ ਲੋੜ ਹੈ। ਸੋਸ਼ਲ ਮੀਡੀਆ ਮੈਨੇਜਰ, ਡਿਜਿਟਲ ਮਾਰਕੀਟਰ ਅਤੇ ਵਿਗਿਆਪਨ ਮਾਹਿਰ ਅੱਜ ਵੱਡੀਆਂ ਤਨਖਾਹਾਂ 'ਤੇ ਕੰਮ ਕਰ ਰਹੇ ਹਨ। ਇਹ ਮਾਹਿਰ ਕੰਪਨੀਆਂ ਦੇ ਸੋਸ਼ਲ ਮੀਡੀਆ ਅਕਾਊਂਟਸ ਨੂੰ ਸੰਭਾਲਦੇ ਹਨ, ਸਮਗਰੀ ਤਿਆਰ ਕਰਦੇ ਹਨ ਅਤੇ ਉਹਨਾਂ ਕੰਪਨੀਆਂ ਦੀ ਪ੍ਰਮੋਸ਼ਨ ਜਾਂ ਮਸ਼ਹੂਰੀ ਕਰਕੇ ਵਪਾਰ ਵਿੱਚ ਵਾਧਾ ਕਰਨ ਵਿੱਚ ਮਦਦ ਕਰਦੇ ਹਨ। ਇਸ ਤੋਂ ਇਲਾਵਾ, ਸੋਸ਼ਲ ਮੀਡੀਆ ਮੈਨੇਜਮੈਂਟ ਦੇ ਖੇਤਰ ਵਿੱਚ ਫ੍ਰੀਲਾਂਸਿੰਗ ਦੇ ਮੌਕੇ ਵੀ ਬਹੁਤ ਹਨ। ਕਈ ਵਿਅਕਤੀ ਇੱਕ ਸਮੇਂ 'ਤੇ ਕੱਈ ਕੰਪਨੀਆਂ ਨੂੰ ਸੇਵਾਵਾਂ ਪ੍ਰਦਾਨ ਕਰਦੇ ਹਨ।

### ਸੋਸ਼ਲ ਮੀਡੀਆ ਅਤੇ ਰੁਜ਼ਗਾਰ ਦਾ ਭਵਿੱਖ

ਸੋਸ਼ਲ ਮੀਡੀਆ ਨੇ ਰੁਜ਼ਗਾਰ ਦੀ ਪਰਿਭਾਸ਼ਾ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਇਹ ਨਾ ਸਿਰਫ਼ ਇੱਕ ਮਨੋਰੰਜਨ ਜਾਂ ਸੰਚਾਰ ਦਾ ਸਾਧਨ ਹੈ, ਸਗੋਂ ਇੱਕ ਸ਼ਕਤੀਸ਼ਾਲੀ ਆਰਥਿਕ ਸਾਧਨ ਵੀ ਹੈ, ਜੋ ਲੋਕਾਂ ਨੂੰ ਆਪਣੀ ਸਿਰਜਣਾਤਮਕਤਾ, ਹੁਨਰ ਅਤੇ ਮਿਹਨਤ ਨਾਲ ਆਮਦਨ ਕਮਾਉਣ ਦਾ ਮੌਕਾ ਦਿੰਦਾ ਹੈ। ਕੰਟੈਂਟ ਕਰੀਏਸ਼ਨ, ਇਨਫਲੂਐਂਸਰ ਮਾਰਕੀਟਿੰਗ, ਫ੍ਰੀਲਾਂਸਿੰਗ, ਈ-ਕਾਮਰਸ ਅਤੇ ਸੋਸ਼ਲ ਮੀਡੀਆ ਮੈਨੇਜਮੈਂਟ ਵਰਗੇ ਖੇਤਰਾਂ ਨੇ ਲੱਖਾਂ ਲੋਕਾਂ ਨੂੰ ਘਰ ਬੈਠੇ ਰੁਜ਼ਗਾਰ ਦੇ ਮੌਕੇ ਪ੍ਰਦਾਨ ਕੀਤੇ ਹਨ। ਭਵਿੱਖ ਵਿੱਚ, ਸੋਸ਼ਲ ਮੀਡੀਆ ਦਾ ਪ੍ਰਭਾਵ ਹੋਰ ਵੀ ਵਧੇਗਾ ਅਤੇ ਨਵੀਆਂ ਤਕਨੀਕਾਂ ਦੇ ਸੰਯੋਗ ਨਾਲ ਇਹ ਰੁਜ਼ਗਾਰ ਦੇ ਨਵੇਂ ਰੂਪ ਉਭਾਰੇਗਾ। ਜੇਕਰ ਵਿਅਕਤੀ ਆਪਣੇ ਹੁਨਰ ਨੂੰ ਸਹੀ ਦਿਸ਼ਾ ਵਿੱਚ ਵਰਤੇ ਅਤੇ ਸੋਸ਼ਲ ਮੀਡੀਆ ਦੀ ਸ਼ਕਤੀ ਨੂੰ ਸਮਝੇ, ਤਾਂ ਉਹ ਨਾ ਸਿਰਫ਼ ਆਰਥਿਕ ਤੌਰ 'ਤੇ ਸੁਤੰਤਰ ਹੋ ਸਕਦਾ ਹੈ, ਸਗੋਂ ਵਿਸ਼ਵ ਪੱਧਰ 'ਤੇ ਆਪਣੀ ਪਛਾਣ ਵੀ ਬਣਾ ਸਕਦਾ ਹੈ। ਸੋਸ਼ਲ ਮੀਡੀਆ ਸਾਨੂੰ ਸਿੱਖਾਉਂਦਾ ਹੈ ਕਿ ਜੇਕਰ ਹਿੰਮਤ, ਮਿਹਨਤ ਅਤੇ ਨਵੀਨਤਾ ਹੋਵੇ, ਤਾਂ ਕੋਈ ਵੀ ਵਿਅਕਤੀ ਘਰ ਬੈਠੇ ਆਪਣੇ ਸੁਪਨਿਆਂ ਨੂੰ ਸਾਕਾਰ ਕਰ ਸਕਦਾ ਹੈ।

ਐਮ.ਸੀ.ਏ, ਐਮ.ਏ ਮਨੋਵਿਗਆਨ, ਰੂਪਨਗਰ
liberalthinker1621@gmail.com

# • ਪੰਜਾਬੀ ਫ਼ਿਲਮ ਦਰਪਣ •

## ਅੰਮ੍ਰਿਤ ਸਿੰਘ ਸਿੱਧੂ ਨੇ ਅਮਰਦੀਪ ਗਿੱਲ ਕੋਲੋਂ ਬਣਵਾਈ ਦਾਰੋ




ਅੰਮ੍ਰਿਤ ਸਿੰਘ ਸਿੱਧੂ ਨੌਜਵਾਨ ਨਿਰਮਾਤਾ ਜਿਸ ਨੇ "ਦਾਰੋ" ਫ਼ਿਲਮ ਦੀ ਕਹਾਣੀ ਤੇ ਮੇਕਿੰਗ ਦੇਖ ਅਮਰਦੀਪ ਸਿੰਘ ਗਿੱਲ ਨੂੰ ਕਿਹਾ ਚਿੰਤਾ ਨਹੀਂ ਕਰਨੀ ਮੈਂ ਹੂੰ ਨਾ। ਇਸ ਫ਼ਿਲਮ ਦਾ ਹਰ ਕਿਰਦਾਰ ਆਪਣੇ ਆਪ ਵਿੱਚ ਦਰਸ਼ਕ ਨੂੰ ਟੁੰਬ ਲਏਗਾ ਤੇ ਇੱਕ ਨਿੱਕੀ ਬੱਚੀ ਦਾ ਕਿਰਦਾਰ ਵੀ ਤੇ ਖਾਸ ਗੱਲ ਕਿ ਮਿਊਜ਼ਿਕ ਐਂਪਾਇਰ ਜਿਹੜੇ ਅੰਮ੍ਰਿਤ ਸਿੰਘ ਸਿੱਧੂ ਹੀ ਨੇ ਦਾ ਸੰਗੀਤ ਇਸ ਫ਼ਿਲਮ ਦੀ ਜਾਨ ਹੈ। ਕੇਬਲ ਵੰਨ ਤੇ ਇਸ ਦਾ ਪ੍ਰਸਾਰਨ ਸ਼ੁਰੂ ਹੋ ਚੁੱਕਾ ਹੈ ਤੇ ਇਸ ਹਫਤੇ ਇਸ ਦੇ ਨਤੀਜੇ ਸਾਹਮਣੇ ਆਉਣਗੇ ਤੇ ਹਾਂ ਕੁੱਲ ਸਿੱਧੂ, ਨਵੀ ਭੰਗੂ ਤੇ ਅਨੀਤਾ ਸ਼ਬਦੀਸ਼ ਇਸ ਫ਼ਿਲਮ ਦੀ ਸ਼ਾਨ ਹਨ। ਅਮਰਦੀਪ ਸਿੰਘ ਗਿੱਲ ਨੇ ਕਿਹਾ ਓਸ ਦਾ ਡ੍ਰੀਮ ਪ੍ਰੋਜੈਕਟ ਇਹ ਫ਼ਿਲਮ ਹੈ ਤੇ ਇਸ ਲਈ ਓਹ ਅੰਮ੍ਰਿਤ ਸਿੰਘ ਸਿੱਧੂ ਤੇ ਸਮੁੱਚੀ ਟੀਮ ਤੇ ਕੇਬਲ ਵੰਨ ਦਾ ਧੰਨਵਾਦੀ ਜਿਹੜੀ ਛੇ ਭਾਸ਼ਾਵਾਂ ਵਿੱਚ ਇਸ ਨੂੰ ਰਲੀਜ਼ ਕਰ ਚੁੱਕੀ ਹੈ। ਨਿੱਜੀ ਆਲੋਚਨਾ ਛੱਡ ਚੰਗੇ ਨੂੰ ਚੰਗਾ ਕਹਿਣਾ ਹੀ ਅੱਛੀ ਗੱਲ ਹੈ ਤੇ ਹਾਂ ਪੰਜਾਬੀ ਫ਼ਿਲਮਾਂ ਵਿੱਚ ਓ ਟੀ ਤੇ "ਦਾਰੋ" ਦੀ ਪੂਰੀ ਚਰਚਾ ਹੈ, ਸੋਸ਼ਲ ਮੀਡੀਆ ਤੇ ਵੀ ਫ਼ਿਲਮ ਨੂੰ ਅੱਛਾ ਹੁੰਗਾਰਾ ਹੈ।

## "ਮੇਰਾ ਬਾਪੂ" ਵੀ ਚੌਪਾਲ ਟੀਵੀ ਤੇ ਆ ਗਈ ਰਿਸ਼ੀ ਤੇ ਸਤਿਆ ਸਿੰਘ ਦੀ

ਭਗਵੰਤ ਕੰਗ ਨੇ ਹੁਣੇ ਹੁਣੇ ਜਾਣਕਾਰੀ ਦਾ ਵੋਇਸ ਮੈਸੇਜ ਕੀਤਾ ਕਿ ਜਸਬੀਰ ਰਿਸ਼ੀ ਤੇ ਸਤਿਆ ਸਿੰਘ ਲੱਡੂ ਵੰਡ ਰਹੇ ਨੇ ਕਿਉਂ




ਕਿ ਓਹਨਾਂ ਵੱਲੋਂ ਮਿਹਨਤ ਦੇ ਖਰਚੇ ਪੈਸੇ ਧੇਲੇ ਵਰ ਆਏ ਨੇ ਤੇ ਓਹਨਾਂ ਦੀ ਫ਼ਿਲਮ "ਮੇਰਾ ਬਾਪੂ" ਚੌਪਾਲ ਟੀਵੀ ਤੇ ਵਧੀਆ ਹੁੰਗਾਰੇ ਪ੍ਰਾਪਤ ਕਰ ਰਹੀ ਹੈ। ਦੀਪ ਧਵਨ ਦੀ ਲਿਖੀ ਇਹ ਫ਼ਿਲਮ ਅਮਰਜੀਤ ਖੁਰਾਨਾ ਨਾਮ ਤੋਂ ਸੁਨਾ ਹੋਗਾ ਵੀਡਿਉ ਮਸ਼ਹੂਰ ਡਾਇਰੈਕਟਰ ਨੇ ਡਾਇਰੈਕਟ ਕੀਤੀ ਹੈ। ਇੱਕ ਪਾਸੇ ਕੈਫ਼ੀ ਦੂਜੇ ਪਾਸੇ ਪਰਮਿੰਦਰ ਗਿੱਲ ਐਕਟਿੰਗ ਦਾ ਮਹਾਂ ਮੁਕਾਬਲਾ ਦੋਵਾਂ ਦੇ ਹੱਕ ਵਿੱਚ ਹੈ ਤੇ ਅਕਾਸ਼ ਦੇ ਨਾਲ ਸਤਿੰਦਰ ਧੀਮਾਨ ਦੀ ਅਦਾਕਾਰੀ ਜ਼ਿਕਰ ਯੋਗ ਹੈ। ਭੋਟੂ ਸ਼ਾਹ ਵੀ ਨੇ ਤੇ ਖਾਸ ਅੱਪਡੇਟ ਇਹ ਕਿ ਫ਼ਿਲਮ ਸਟਾਰ ਮਲਕੀਤ ਰੌਣੀ ਨੇ ਵੀ ਆਪਣੇ ਮੋਢਿਆਂ ਤੇ ਫ਼ਿਲਮ ਦਾ ਭਾਰ ਚੁੱਕਿਆ ਹੈ। ਲੰਕੇਸ਼ ਕਮਲ ਦਾ ਸੰਗੀਤ ਏ ਕਮਲ ਦ੍ਰਾਵਿੜ ਦਾ ਗਾਇਆ ਗੀਤ ਏ ਦੋਵੇਂ ਫਿਲਮੀ ਬੰਦੇ ਤੇ ਜਸਬੀਰ ਰਿਸ਼ੀ, ਸਤਿਆ ਸਿੰਘ ਤੇ ਅਮਰਜੀਤ ਖੁਰਾਨਾ ਦੀ ਟੀਮ ਵਧਾਈ ਕਬੂਲ ਕਰੇ ਆਫ਼ਰੀਨ।

## ਜਾਹਨਵੀ ਬਾਂਸਲ ਨੂੰ ਤਾਂ ਨਵਜੋਤ ਸਿੰਘ ਸਿੱਧੂ ਹੋਰੀਂ ਵੀ ਮੰਨਦੇ ਹਨ



ਇਹ ਪਿਆਰੀ ਕੁੜੀ ਜਾਹਨਵੀ ਬਾਂਸਲ ਪੰਜਾਬ ਦੀ ਸਟਾਰ ਮਾਡਲ ਅਭਿਨੇਤਰੀ ਤੇ ਹੈ ਹੀ ਇੰਡੀਆ ਦੀ ਸੁਪਰ ਮਾਡਲ ਵੀ ਹੈ ਖੁਸ਼ਬੋ ਲਾ ਕਿ ਤੇ ਜਾਹਨਵੀ ਬਾਂਸਲ ਜੀ ਪੰਜਾਬੀ ਦੇ ਸੀਰੀਅਲ ਹੋਣ ਜਾਂ ਵਿਗਿਆਪਨ ਛਾ ਜਾਂਦੀ ਹੈ। ਪਤਾ ਨਹੀਂ ਕਿੰਨੇ ਕੁ ਸ਼ਹਿਰਾਂ ਦੀ ਓਹ "ਮਿਸ ਬਿਊਟੀ" ਰਹੀ ਹੈ ਤੇ ਖਾਸ ਕਿ "ਗ੍ਰਹਲਕਸ਼ਮੀ "ਦੀ ਜੇਤੂ ਕਵਰ ਪੇਜ ਦਾ ਸ਼ਿੰਗਾਰ ਰਹਿਣ ਵਾਲੀ ਬਾਂਸਲ ਨੇ ਫ਼ਿਲਮ "ਅਕਾਲ" ਗਿੱਪੀ ਗਰੇਵਾਲ ਨਾਲ ਕੀਤੀ। ਇਸ ਟਾਟਾ ਆਈ ਪੀ ਐਲ ਦੌਰਾਨ ਪ੍ਰਸਿੱਧ ਹਸਤੀ ਨਵਜੋਤ ਸਿੰਘ ਸਿੱਧੂ ਨੇ ਸਪੈਸ਼ਲ ਕਲਿਪ ਜਾਹਨਵੀ ਲਈ ਬਣਾਈ। ਜਾਹਨਵੀ ਅੰਦਰ ਬੇਪਨਾਹ ਅਭਿਨੈ ਹੈ ਤੇ ਖਾਸ ਕਿਰਦਾਰ ਦੀ ਓਸ ਨੂੰ ਉਡੀਕ ਹੈ। ਜਾਹਨਵੀ ਬਾਂਸਲ ਨੇ ਇਹੀ ਕਿਹਾ ਹੈ ਕਿ ਓਹ ਦਿਲ ਲਾ ਕਿ ਕੰਮ ਕਰਦੀ ਹੈ ਬਾਕੀ ਮਾਣ ਨਹੀਂ ਸੂਰਤ ਤੇ ਸੀਰਤ ਰੱਬ ਸੋਹਣੇ ਨੇ ਓਸ ਨੂੰ ਸੋਹਣੀ ਦਿੱਤੀ ਹੈ। ਜਾਹਨਵੀ ਬਾਂਸਲ ਜਲਦੀ ਵੱਡੀਆਂ ਪੰਜਾਬੀ ਫ਼ਿਲਮਾਂ ਤੇ ਬਾਲੀਵੁੱਡ ਮੂਵੀਜ਼ ਵਿੱਚ ਆਉਣ ਦੇ ਨਾਲ ਬ੍ਰਾਂਡ ਮਾਡਲ ਬਣ ਸਾਹਮਣੇ ਆਏਗੀ।

## "ਪੰਜਾਬੀ ਜ਼ਿੰਦਾਬਾਦ" ਦੀ ਟੀਮ ਹਵੇਲੀ ਜਾ ਕਿ ਕੀਤੀ ਵਿਚਾਰ



ਫਰੀ ਰਜਿਸਟਰੇਸ਼ਨ ਸ਼ੁਰੂ ਹੈ ਤੇ ਸਕਾਈ ਵਿਜਨ ਰਿਕਾਰਡ ਦੇ ਨਾਲ ਜਰਨੈਲ ਘੁਮਾਣ ਤੇ ਬੰਨੀ ਸ਼ਰਮਾ ਦਾ ਰਿਆਲਿਟੀ ਸ਼ੋ "ਪੰਜਾਬੀ ਜ਼ਿੰਦਾਬਾਦ" ਸ਼ੁਰੂ ਹੋ ਚੁੱਕਾ ਹੈ। ਸ਼ੋ ਦੀ ਟੀਮ ਨੇ ਫਗਵਾੜਾ ਜਲੰਧਰ ਵਿੱਚਕਾਰ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਕੋਲ ਸਥਿਤ "ਹਵੇਲੀ" ਵਿਖੇ ਜਾ ਕਿ ਅਨੰਦਿਤ ਹੋਣ ਦੇ ਨਾਲ ਸ਼ੋ ਸਬੰਧੀ ਵਿਚਾਰ ਯੋਜਨਾ ਬਾਬਤ ਮੀਟਿੰਗ ਕੀਤੀ। ਬੰਨੀ ਸ਼ਰਮਾ ਟੀਵੀ ਤੇ ਪੰਜਾਬੀ ਮਿਊਜ਼ਿਕ ਦੀ ਵੱਡੀ ਹਸਤੀ ਹਨ ਜਦ ਕਿ ਜਰਨੈਲ ਘੁਮਾਣ ਪੰਜਾਬ ਦੇ ਗੁਲਸ਼ਨ ਕੁਮਾਰ ਹਨ। ਸਕਾਈ ਵਿਜਨ ਦੇ ਹਿਮਾਂਸ਼ੂ ਸ਼ਰਮਾ ਨੇ ਨਵੀਂ ਪੀੜ੍ਹੀ ਲਈ ਸ਼ੋ ਦੇ ਕੰਟੈਂਟ ਬਾਬਤ ਦੱਸਿਆ ਤੇ ਅਕਾਸ਼ਦੀਪ ਨੇ ਕਿਹਾ ਕਿ ਇੱਕ ਤੇ ਇੱਕ ਗਿਆਰਾਂ ਬੰਨੀ-ਜਰਨੈਲ ਦੀ ਜੋੜੀ ਦਾ "ਪੰਜਾਬੀ ਜ਼ਿੰਦਾਬਾਦ" ਪੰਜਾਬੀ ਦਾ "ਬਿਗ ਬਾਸ" ਤਰਾਂ ਚਰਚਿਤ ਹੋਊ। ਹਨੀ ਧਾਲੀਵਾਲ ਨੇ ਕਿਹਾ ਕਿ ਵਿਲੱਖਣ ਹਸਤੀਆਂ ਮੇਕਰ ਹੋਣ ਤਾਂ ਸੱਭਿਆਚਾਰਕ, ਵਿਰਾਸਤ, ਲੋਕ ਸੰਗੀਤ ਤੇ ਅਦਾਕਾਰੀ ਮਾਡਲਿੰਗ ਦੇ ਸੁਮੇਲ ਨਾਲ "ਪੰਜਾਬੀ ਜ਼ਿੰਦਾਬਾਦ" ਚਰਚਿਤ ਸ਼ੋ ਬਣੇਗਾ।


## ਕੁਮਾਰ ਵਿਨੋਦ ਦਾ "ਹਰ ਪਲ" ਲਵਲੀ ਮਾਨ ਤੇ ਰੋਹਿਣੀ ਨਾਲ

ਕੁਮਾਰ ਵਿਨੋਦ ਪਾਲੀਵੁੱਡ ਤੇ



ਬਾਲੀਵੁੱਡ ਦੇ ਮਸ਼ਹੂਰ ਗਾਇਕ, ਗੀਤਕਾਰ ਤੇ ਕੰਪੋਜਰ ਹਨ ਤੇ ਓਹਨਾਂ ਦਾ ਨਵਾਂ ਪ੍ਰੋਜੈਕਟ ਅੱਲਾ ਮੇਰੀ ਤੌਬਾ ਮੌਲਾ ਮੇਰੀ ਤੌਬਾ "ਹਰ ਪਲ" ਵਾਕਿਆ ਹੀ ਹਰ ਪਲ ਯਾਦ ਆਉਣ ਵਾਲਾ ਸੰਗੀਤਕ ਪ੍ਰੋਜੈਕਟ ਹੈ। ਯਮੁਨਾਨਗਰ ਦੇ ਲਵਲੀ ਮਾਨ ਦੀ ਆਵਾਜ਼ ਕਸ਼ਿਸ਼ ਭਰੀ ਹੈ ਤੇ ਲਵਲੀ ਨੇ ਕੁਮਾਰ ਵਿਨੋਦ ਦਾ ਲਵਲੀ ਜਿਹਾ ਗੀਤ ਗਾਇਆ ਹੈ ਟਾਈਟਲ "ਹਰ ਪਲ" ਰੱਖਿਆ ਗਿਆ ਹੈ। ਮੰਨਾ ਸਿੰਘ ਨੇ ਰੂਹ ਨਾਲ "ਹਰ ਪਲ" ਦਾ ਸੰਗੀਤ ਤਿਆਰ ਕੀਤਾ ਹੈ ਤੇ ਕੇਵੀ ਪਿਕਚਰਜ਼ ਨੇ ਵੀਡਿਓ ਬਣਾਇਆ ਹੈ। ਗੱਲ ਕੀ ਕੁਮਾਰ ਵਿਨੋਦ ਨੇ ਲਵਲੀ ਮਾਨ ਨੂੰ ਯਮਨਾ ਨਗਰ ਦੇ ਨਾਲ ਇੰਡੀਆ ਦਾ ਸਟਾਰ ਸਿੰਗਰ ਬਣਾਉਣ ਲਈ ਮੰਨਾ ਸਿੰਘ ਦੇ ਸੰਗੀਤ ਆਪਣੇ ਤਰਜ਼ ਨਾਲ ਲਿਖੇ ਗੀਤ ਤੇ ਕੇਵੀ ਪਿਕਚਰਜ਼ ਦੇ ਵੀਡਿਓ ਦਾ ਸਹਾਰਾ ਲਿਆ ਹੈ ਤੇ ਬਾਕੀ ਮਾਡਲ ਰੋਹਿਣੀ ਵੀ ਕਮਾਲ ਦਿੱਸੇਗੀ ਤੇ "ਹਰ ਪਲ" ਲੋਕ ਕੁਮਾਰ ਵਿਨੋਦ ਦੀ ਗੱਲ ਕਰਨਗੇ। ਲਵਲੀ ਮਾਨ ਨੂੰ ਇਹ ਟਰੈਕ "ਹਰ ਪਲ" ਪਲੇ ਬੈਕ ਸਿੰਗਰ ਬਣਨ ਦੇ ਰਸਤੇ ਦਿਖਾ ਦੇਵੇਗਾ ਤੇ ਸ਼ਾਇਰੀ ਦੇ ਨਾਲ ਮਨਮੋਹਕ ਤਰਜ਼ ਤੇ ਦਿਲਕਸ਼ ਵੀਡਿਓ ਨਾਲ "ਹਰ ਪਲ" ਦੇ ਕਾਮਯਾਬ ਹੋਣ ਦੀ ਸੰਭਾਵਨਾ ਸੌ ਫੀਸਦ ਹੈ।

## ਸਤਨਾਮ ਸਿੰਘ ਉਮਰਪੁਰਾ ਤੋਂ ਮੁੰਬਈ ਨੂੰ



ਆਮ ਆਦਮੀ ਬਣ ਜ਼ਿੰਦਗੀ ਨੇ ਸਤਨਾਮ ਸਿੰਘ ਉਮਰਪੁਰਾ ਨੂੰ ਤੋਰਿਆ ਪਰ ਜਿਹਨਾਂ ਕੁੱਝ ਬਣਨਾ ਹੁੰਦਾ ਓਹ ਕੰਡਿਆਂ ਦੇ ਤਾਜ ਨੂੰ ਵੀ ਪਹਿਨ ਕਿ ਖੁਸ਼ ਹੁੰਦੇ ਨੇ ਕਿ ਫੁੱਲਾਂ ਦੀ ਸੇਜ ਵੀ ਮਿਲੇਗੀ। ਸਤਨਾਮ ਸਿੰਘ ਉਮਰਪੁਰਾ ਅੱਜ ਕਲ ਪੰਜਾਬੀ ਫ਼ਿਲਮਾਂ ਦੇ ਅੱਤੀ ਉੱਤਮ ਐਕਟਰ ਹਨ ਤੇ ਨਾਲ ਹੀ ਭਾਜਪਾ ਪੰਜਾਬ ਦੇ ਖਾਸ ਅਹੁਦੇਦਾਰ ਹਨ। ਬਟਾਲਾ ਵਿਖੇ ਫ਼ਿਲਮ ਸਟਾਰ ਨਾਈਟ ਵਿਜੇ ਮੱਟੂ ਨਾਲ ਤੇ ਫਿਰ "ਰੰਗਲਾ ਪੰਜਾਬ" ਪ੍ਰਾਉਡ ਆਫ ਪੰਜਾਬ ਪੁਲਿਸ" ਫ਼ਿਲਮਾਂ ਕਰਨ ਬਾਅਦ ਓਹਨਾਂ ਨੇ ਖੁਦ "ਅੰਮੀ " ਫ਼ਿਲਮ ਬਣਾਈ ਤੇ ਇਸ ਵਿੱਚ ਭੂਮਿਕਾ ਵੀ ਨਿਭਾਈ। ਕੁੱਝ ਵੀਡਿਓ ਗੀਤਾਂ ਦੇ ਬਾਅਦ ਅੱਜ ਕਲ ਸਤਨਾਮ ਸਿੰਘ ਉਮਰਪੁਰਾ ਯੂਟਿਊਬ ਤੇ ਚਰਚਿਤ ਪੰਜਾਬੀ ਫ਼ਿਲਮ "ਚਾਚਾ ਭਤੀਜਾ" ਨਾਲ ਖੂਬ ਲੋਕਪ੍ਰਿਯਤਾ ਹਾਸਿਲ ਕਰ ਰਹੇ ਹਨ। ਨੇਤਾ, ਅਭਿਨੇਤਾ ਤੇ ਨਾਮਵਰ ਫ਼ਿਲਮ ਨਿਰਮਾਤਾ ਬਣ ਉੱਭਰਨ ਦਾ ਐਨ ਟੀ ਰਾਮਾ ਰਾਓ ਦੀ ਤਰਾਂ ਨਿਸ਼ਾਨਾ ਹੈ।

-ਅੰਮ੍ਰਿਤ ਪਵਾਰ

# ਲਲਾਰੀਆ ਰੰਗ ਦੇ ਵੇ...

ਡਾ. ਪ੍ਰਿਤਪਾਲ ਸਿੰਘ ਮਹਿਰੋਕ
ਸੰਪਰਕ : 98885-10185



ਰੰਗਾਂ ਨਾਲ ਭਰਪੂਰ ਸੰਸਾਰ ਵਿੱਚ ਰੰਗਾਂ ਦੀ ਦੁਨੀਆ ਬੜੀ ਅਜੀਬ ਤੇ ਵਚਿੱਤਰ ਹੈ। ਪ੍ਰਕਿਰਤੀ ਦਾ ਵੰਨ-ਸੁਵੰਨਾਪਨ ਤੇ ਧਰਤੀ ਦਾ ਖੂਬਸੂਰਤ ਪਾਸਾਰਾ ਸਭ ਦੇ ਮਨ ਨੂੰ ਭਾਉਂਦਾ ਹੈ ਅਤੇ ਬਹੁ-ਰੰਗਤਾ,ਖੇੜੇ, ਵਧਣ-ਫੁੱਲਣ, ਮੌਲਣ, ਰੰਗ-ਖੁਸ਼ਬੂਆਂ ਬਿਖੇਰਨ ਆਦਿ ਦਾ ਸੁਨੇਹਾ ਦਿੰਦਾ ਹੈ। ਬਨਸਪਤੀ, ਪਸ਼ੂਆਂ, ਪੰਛੀਆਂ, ਤਿਤਲੀਆਂ, ਮਿੱਟੀ, ਪਾਣੀ ਆਦਿ ਦੇ ਰੰਗਾਂ ਦੀ ਦੁਨੀਆ ਬੜੀ ਮਨਮੋਹਕ ਹੈ। ਮਨੁੱਖ ਦਾ ਰੰਗਾਂ ਪ੍ਰਤੀ ਮੋਹ ਸੁਭਾਵਿਕ ਹੈ। ਮਨੁੱਖ ਦੀਆਂ ਅੱਖਾਂ ਕੁਦਰਤ ਦੇ ਰੰਗਾਂ ਨੂੰ ਵੇਖਣ/ ਮਾਣਨ ਤੇ ਰੰਗਾਂ ਦੇ ਸੰਸਾਰ ਵਿੱਚ ਵਿਚਰਨ ਲਈ ਲਲਚਾਉਂਦੀਆਂ ਰਹਿੰਦੀਆਂ ਹਨ। ਉਸਦੇ ਮਨ ਅੰਦਰ ਆਪਣੀ ਜ਼ਿੰਦਗੀ ਵਿੱਚ ਰੰਗ ਭਰਨ ਲਈ ਰੀਝ ਜਾਗਦੀ ਹੈ ਤੇ ਰੰਗਾਂ ਦੀ ਭਾਲ ਕਰਨ ਲਈ ਮਨੁੱਖ ਕੁਦਰਤ ਵੱਲ ਰੁਖ਼ ਕਰਦਾ ਹੈ।

ਖੋਜੀ ਮਨੁੱਖ ਕੁਦਰਤ ਵਿੱਚੋਂ ਰੰਗਾਂ ਦੀ ਖੋਜ ਕਰਦਿਆਂ ਕਰਦਿਆਂ ਉਨ੍ਹਾਂ ਨੂੰ ਇਕ ਪਦਾਰਥ ਦੇ ਰੂਪ ਵਿੱਚ ਵਿਕਸਤ ਕਰ ਲੈਂਦਾ ਹੈ ਤੇ ਮਨ ਇੱਛਤ ਤਰੀਕੇ ਨਾਲ ਉਨ੍ਹਾਂ ਦਾ ਇਸਤੇਮਾਲ ਕਰਨ ਲੱਗਦਾ ਹੈ। ਹੌਲੀ ਹੌਲੀ ਰੰਗਾਂ ਦਾ ਵਪਾਰੀ ਰੰਗ ਬਣਾਉਣ, ਖਰੀਦਣ, ਵੇਚਣ ਅਤੇ ਵਸਤੂਆਂ, ਤਰਲਾਂ, ਕੱਪੜਿਆਂ ਆਦਿ ਨੂੰ ਰੰਗਦਾਰ ਬਣਾਉਣ ਦਾ ਕਾਰੋਬਾਰ ਪ੍ਰਾਰੰਭ ਕਰ ਲੈਂਦਾ ਹੈ।

ਕਹਿੰਦੇ ਹਨ ਬੱਚੇ, ਰੰਗ ਤੇ ਫੁੱਲ ਸਭ ਨੂੰ ਪਿਆਰੇ ਲੱਗਦੇ ਹਨ। ਰੰਗਾਂ ਨੂੰ ਪਿਆਰ ਕਰਨ ਕਰਕੇ ਹੀ ਮਨੁੱਖ ਵਧੇਰੇ ਕਰਕੇ ਰੰਗਦਾਰ ਵਸਤਰ ਪਹਿਨਣੇ ਪਸੰਦ ਕਰਦਾ ਹੈ। ਰੰਗ ਬਰੰਗਾ ਪਹਿਰਾਵਾ ਪੰਜਾਬੀ ਸੱਭਿਆਚਾਰ ਦਾ ਹਿੱਸਾ ਹੈ। ਪੰਜਾਬੀ ਸੱਭਿਆਚਾਰ ਸ਼ਬਦਾਵਲੀ ਕੋਸ਼ (ਪੰਜਾਬੀ ਯੂਨੀਵਰਸਿਟੀ ਪਟਿਆਲਾ) ਅਨੁਸਾਰ-“ਕੱਪੜੇ ਰੰਗਣ ਦਾ ਕਿੱਤਾ ਕਰਨ ਵਾਲੇ ਨੂੰ ਜਾਂ ਕੱਪੜਿਆਂ ਨੂੰ ਰੰਗ ਚਾੜ੍ਹਨ ਵਾਲੇ ਨੂੰ ਲਲਾਰੀ ਜਾਂ ਰੰਗਰੇਜ਼ ਕਿਹਾ ਜਾਂਦਾ ਹੈ।” ਪੱਗਾਂ, ਚੁੰਨੀਆਂ ਤੇ ਹੋਰ ਕੱਪੜਿਆਂ ਨੂੰ ਰੰਗ ਲਗਾਉਣ ਵਾਲੇ ਲਲਾਰੀ, ਰੰਗਰੇਜ਼ ਜਾਂ ਰੰਗਸਾਜ਼ ਨੂੰ ਸਮਾਜ ਦੇ ਮਹੱਤਵਪੂਰਨ ਤੇ ਅਨਿੱਖੜਵੇਂ ਅੰਗ ਵਜੋਂ ਜਾਣਿਆ ਜਾਂਦਾ ਰਿਹਾ ਹੈ। ਉਸਦਾ ਪੰਜਾਬੀ ਸੱਭਿਆਚਾਰ ਵਿੱਚ ਵਿਸ਼ੇਸ਼ ਸਥਾਨ ਵੀ ਰਿਹਾ ਹੈ ਤੇ ਆਦਰ-ਮਾਣ ਵੀ।

ਰੰਗਾਂ ਦੇ ਵਿਗਿਆਨ ਅਨੁਸਾਰ ਅਸਲ ਵਿੱਚ ਰੰਗ ਤਾਂ ਸੱਤ ਹੀ ਹਨ। ਜਿਨ੍ਹਾਂ ਨੂੰ ਰਲਾ ਕੇ ਜਾਂ ਨਿਖੇੜ ਕੇ ਹਜ਼ਾਰਾਂ ਹੋਰ ਰੰਗ ਬਣਾ ਲਏ ਜਾਂਦੇ ਹਨ। ਸੱਤਾਂ ਰੰਗਾਂ ਨੂੰ ਵੱਧ-ਘੱਟ ਮਾਤਰਾ ਵਿੱਚ ਮਿਲਾ ਕੇ ਜਾਂ ਨਿਖੇੜ ਕੇ ਕਈ ਰੰਗ ਬਣਾ ਲੈਣ ਦੇ ਵਿਗਿਆਨ ਤੋਂ ਲਲਾਰੀ ਭਲੀ-ਭਾਂਤ ਜਾਣੂੰ ਹੁੰਦਾ ਹੈ।

ਚਾਲੀ ਕੁ ਸਾਲ ਪਹਿਲਾਂ ਪਟਿਆਲਾ ਜ਼ਿਲ੍ਹੇ ਦੇ ਇਕ ਪਿੰਡ ਵਿੱਚ ਇਕ ਵਿਆਹ ਦੇ ਮੌਕੇ ’ਤੇ ਮੈਂ ਸੁਣਿਆ/ਵੇਖਿਆ ਸੀ ਕਿ ਦੇਰ ਸ਼ਾਮ ਨੂੰ ਗਾਉਣ ਬੈਠੀਆਂ ਤੀਵੀਆਂ ਵਿੱਚੋਂ ਇਕ ਨੇ ਬਹੁਤ ਸੁਰੀਲੀ ਆਵਾਜ਼ ਵਿੱਚ ਇਕ ਖੂਬਸੂਰਤ ਲੋਕ ਗੀਤ ਗਾ ਕੇ ਸੁਣਨ ਵਾਲਿਆਂ ਨੂੰ ਨੱਚਣ-ਝੂਮਣ ਲਗਾ ਦਿੱਤਾ ਸੀ। ਉਸ ਲੋਕ ਗੀਤ ਦੇ ਬੋਲ ਅਜੇ ਵੀ ਮੇਰੇ ਕੰਨਾਂ ਵਿੱਚ ਗੂੰਜਦੇ ਹਨ:

ਲਲਾਰੀਆ ਰੰਗ ਦੇ ਵੇ,
ਸਾਧਾਂ ਵਾਲਾ ਦੁਪੱਟਾ
ਲਲਾਰੀਆ ਰੰਗ ਦੇ ਵੇ...
ਹਰਾ ਵੀ ਰੰਗ ਦੇ, ਪੀਲਾ ਵੀ ਰੰਗ ਦੇ
ਨਾਲੇ, ਰੰਗ ਦੇ ਖੱਟਾ,
ਲਲਾਰੀਆ ਰੰਗ ਦੇ ਵੇ...

ਕਦੇ ਕਦੇ ਇੰਜ ਮਹਿਸੂਸ ਹੁੰਦਾ ਹੈ ਜਿਵੇਂ ਲਲਾਰੀ ਦੀ ਰਗ ਰਗ ਵਿੱਚ ਰੰਗਾਂ ਦਾ ਵਾਸਾ ਹੋਵੇ। ਉਸਦੇ ਸਾਹਾਂ ਵਿੱਚ ਜਿਵੇਂ ਰੰਗ ਧੜਕ ਰਹੇ ਹੋਵਣ। ਉਸਦੇ ਬੋਲ ਵੀ ਜਿਵੇਂ ਰੰਗਾਂ ਵਿੱਚ ਰੰਗੇ ਹੋਏ ਹੋਵਣ। ਲਲਾਰੀ ਕੋਲ ਰੰਗਾਂ ਦਾ ਭਰਪੂਰ ਭੰਡਾਰ ਹੁੰਦਾ ਹੈ। ਉਸਨੇ ਪੰਜਾਬੀ ਸੱਭਿਆਚਾਰ ਨੂੰ, ਪੰਜਾਬੀ ਪਹਿਰਾਵੇ ਨੂੰ, ਪੰਜਾਬੀ ਲੋਕ ਜੀਵਨ ਨੂੰ ਖੂਬਸੂਰਤ ਰੰਗਾਂ ਵਿੱਚ ਰੰਗਿਆ ਹੈ। ਉਹ ਸਮਾਜ ਦੀ ਸੇਵਾ ਕਰਦਾ ਚਲਿਆ ਆ ਰਿਹਾ ਹੈ। ਲੋਕ ਉਸਦਾ ਜਸ ਗਾਉਂਦੇ ਹਨ। ਪੰਜਾਬੀ ਲੋਕ ਗੀਤਾਂ ਵਿੱਚ ਲਲਾਰੀ ਦੇ ਜੋ ਸੋਹਲੇ ਗਾਏ ਗਏ ਹਨ ਉਹ ਕਿਸੇ ਕੋਲੋਂ ਗੁੱਝੇ ਹੋਏ ਨਹੀਂ :

* ਬਗਲੇ ਦੇ ਖੰਭ ਚਿੱਟੇ ਸੁਣੀਂਦੇ,
ਕੋਇਲ ਸੁਣੀਂਦੀ ਕਾਲੀ
ਬਗਲਾ ਕਹਿੰਦਾ ਆ ਚੱਲੀਏ ਕੋਇਲੇ,
ਜਿਥੇ ਵੱਸੇ ਲਲਾਰੀ
ਪਹਿਲੇ ਡੋਬੇ ਮੇਰੀ ਕੁੜਤੀ ਡੋਬ ਦੇ,
ਪਿਛਲੇ ਡੋਬ ਫੁਲਕਾਰੀ
ਰੋਟੀ ਲੈ ਜਾ ਨੀ,ਦੂਰ ਸੁਣੀਂਦਾ ਹਾਲੀ...

* ਤੱਕ ਕੇ ਕੀ ਆਖਾਂ ਮੈਂ ਰੂਪ ਤੇਰੇ ਨੂੰ,
ਮੋਰ ਵੀ ਪਾਉਂਦੇ ਘੇਰਾ
ਵੇ ਸੱਜਣਾਂ ਦੀ ਪੱਗ ਵਰਗਾ,
ਲਹਿੰਗਾ ਰੰਗ ਦੇ ਲਲਾਰੀਆ ਮੇਰਾ
ਵੇ ਮਿੱਤਰਾਂ ਦੀ ਪੱਗ ਵਰਗਾ,
ਦੁਪੱਟਾ ਰੰਗ ਦੇ ਲਲਾਰੀਆ ਮੇਰਾ...

ਲਲਾਰੀ ਕੱਪੜੇ ’ਤੇ ਰੰਗ ਚਾੜ੍ਹਦਾ ਹੈ ਤਾਂ ਉਸਨੂੰ ਨਵੀਂ ਦਿੱਖ, ਨਵੀਂ ਨੁਹਾਰ, ਨਵਾਂ ਰੂਪ ਪ੍ਰਦਾਨ ਕਰ ਦਿੰਦਾ ਹੈ। ਉਸਦੇ ਹੱਥਾਂ ਵਿੱਚ ਜਿਵੇਂ ਕੋਈ ਜਾਦੂਈ ਸ਼ਕਤੀ ਹੋਵੇ ! ਉਸ ਕੋਲ ਤਰਲ ਜਾਂ ਪਾਊਡਰ ਦੇ ਰੂਪ ਵਿੱਚ ਕਈ ਰੰਗ ਹੁੰਦੇ ਹਨ। ਰੰਗਾਂ ਤੋਂ ਇਲਾਵਾ ਲਲਾਰੀ ਕੋਲ ਕਈ ਤਰ੍ਹਾਂ ਦੇ ਸੰਦ ਹੁੰਦੇ ਹਨ ਜਿਨ੍ਹਾਂ ਨੂੰ ਉਹ ਸਮੇਂ-ਸਮੇਂ ਵਰਤੋਂ ਵਿੱਚ ਲਿਆਉਂਦਾ ਹੈ।

ਪਾਊਡਰ ਰੰਗਾਂ ਜਾਂ ਤਰਲ ਰੰਗਾਂ ਨੂੰ ਪਾਉਣ ਲਈ ਉਸ ਕੋਲ ਢੱਕਣ ਸਮੇਤ ਡੱਬੇ ਜਾਂ ਸ਼ੀਸ਼ੀਆਂ ਹੁੰਦੀਆਂ ਹਨ। ਉਨ੍ਹਾਂ ਨੂੰ ਤਰਤੀਬ ਵਿੱਚ ਰੱਖਣ ਵਾਸਤੇ ਇਕ ਵੱਡਾ (ਲੱਕੜੀ, ਪਲਾਸਟਿਕ ਜਾਂ ਟੀਨ ਦਾ ਬਣਿਆ) ਟਰੇ-ਨੁਮਾ ਖਾਨਿਆਂ ਵਾਲਾ ਰੱਖਣਾ ਹੁੰਦਾ ਹੈ। ਇਸ ਤੋਂ ਇਲਾਵਾ ਲਲਾਰੀ ਕੋਲ ਕੁਝ ਜ਼ਰੂਰੀ ਤੇ ਲੋੜੀਂਦੇ ਸੰਦ ਅਤੇ ਕੁਝ ਇਸ ਪ੍ਰਕਾਰ ਦਾ ਸਮਾਨ ਹੁੰਦਾ ਹੈ : ਡੱਬੇ ਵਿੱਚੋਂ ਰੰਗ ਕੱਢਣ ਲਈ ਚਮਚਾ, ਕੜਾਹੀ, ਪਾਣੀ ਜਮ੍ਹਾਂ ਕਰਕੇ ਰੱਖਣ ਵਲਾ ਡਰੰਮ, ਮੱਘ (ਪਾਣੀ ਪਾਉਣ ਵਾਲਾ ਵੱਡਾ ਕੱਪ), ਰੰਗਾਂ ਦੀਆਂ ਵੰਨਗੀਆਂ ਦੀ ਸੀਮਾਂ(ਰੇਂਜ) ਵਿਖਾਉਣ ਵਾਲ ਚਾਰਟ ਜਾਂ ਪੁਸਤਿਕਾ, ਪਾਣੀ ਗਰਮ ਕਰਨ ਲਈ ਭੱਠੀ ਜਾਂ ਗੈਸ ਚੁੱਲ੍ਹਾ, ਕੱਪੜੇ ਉਪਰ ਲਗਾਉਣ ਲਈ ਨੰਬਰ ਪਰਚੀ, ਗਰਮ ਪਾਣੀ ਵਿੱਚ ਕੱਪੜਿਆਂ ਨੂੰ ਉਥੱਲਣ-ਪਥੱਲਣ ਲਈ ਸੋਟੀ/ ਛੜੀ, ਪੱਕਾ ਰੰਗ ਚਾੜ੍ਹਨ ਲਈ ਕੈਮੀਕਲ, ਰੰਗ ਕਾਟ, ਪੱਗਾਂ ਨੂੰ ਲਗਾਉਣ ਵਾਲੀ ਲੇਟੀ (ਜੋ ਪਹਿਲਾਂ ਪੱਗਾਂ ਨੂੰ ਲਗਾਈ ਜਾਂਦੀ ਸੀ ਪਰ ਹੁਣ ਨਹੀਂ), ਰੰਗੇ ਹੋਏ ਕੱਪੜੇ ਸੁਕਾਉਣ ਲਈ ਡਰਾਇਰ (ਕੱਪੜੇ ਸੁਕਾਉਣ ਵਾਲੀ ਮਸ਼ੀਨ), ਕੱਪੜੇ ਸੁੱਕਣੇ ਪਾਉਣ ਲਈ ਤਾਰ ਜਾਂ ਰੱਸੀ, ਰੰਗ ਕੀਤੇ ਕੱਪੜੇ ਤਹਿ ਲਗਾ ਕੇ ਰੱਖਣ ਲਈ ਅਲਮਾਰੀ, ਰੰਗ ਕੀਤੇ ਕੱਪੜੇ ਗਾਹਕ ਨੂੰ ਦੇਣ ਲਈ ਲਫ਼ਾਫੇ ਆਦਿ।

ਪੰਜਾਬੀ ਲੋਕ ਗੀਤਾਂ ਵਿੱਚ ਲਲਾਰੀ ਦੇ ਕਿੱਤੇ, ਉਸਦੀ ਕਿੱਤਾਵਰ ਕਲਾ, ਉਸਦੀ ਲੋਕਪ੍ਰਿਯਤਾ, ਆਪਣੇ ਕੰਮ ਵਿੱਚ ਉਸਦੀ ਨਿਪੁੰਨਤਾ ਦੀ ਚਰਚਾ, ਉਸਦੇ ਸੁਭਾਅ ਦੇ ਵਿਭਿੰਨ ਪੱਖਾਂ, ਸਮਾਜ ਵਿੱਚ ਉਸਦੇ ਕਿੱਤੇ ਦੇ ਮਹੱਤਵ ਆਦਿ ਬਾਰੇ ਗੱਲਾਂ ਚੱਲਦੀਆਂ ਰਹਿੰਦੀਆਂ ਹਨ :

* ਦੂਰੋਂ ਲਾਹੌਰੋਂ ਮੈਂ ਲਲਾਰੀ
ਮੰਗਾਉਂਨੀ ਆਂ
ਆਪਣੇ ਵੀਰੇ ਦਾ ਚੀਰਾ
ਰੰਗਾਉਂਨੀ ਆਂ...

* ਪਿੰਡਾਂ ਵਿੱਚੋਂ ਪਿੰਡ ਸੁਣੀਂਦਾ,
ਪਿੰਡ ਸੁਣੀਂਦਾ ਬੰਗੇ
ਉਥੋਂ ਦਾ ਇਕ ਲਲਾਰੀ ਸੁਣੀਂਦਾ,
ਚੁੰਨੀਆਂ ਸੋਹਣੀਆਂ ਰੰਗੇ
ਪੱਗਾਂ ਦਾ ਲੈਂਦਾ ਸਵਾ ਰੁਪਈਆ
ਚੁੰਨੀਆਂ ਦਾ ਕੁਝ ਨਾ ਮੰਗੇ
ਚੁੰਨੀਆਂ ਰੰਗਾ ਲਓ ਨੀ
ਮੁਫਤੋਂ ਮੁਫਤੀ ਰੰਗੇ,
ਚੁੰਨੀਆਂ ਰੰਗਾ ਲਓ ਨੀ...

* ਪਿੰਡਾਂ ਵਿਚੋਂ ਪਿੰਡ ਸੁਣੀਂਦਾ,
ਪਿੰਡ ਸੁਣੀਂਦਾ ਬੰਗੇ
ਮੋੜ ਦੇ ਉੱਤੇ ਇਕ ਲਲਾਰੀ,
ਕੱਪੜੇ ਰੰਗੇ ਚੰਗੇ
ਮੁਟਿਆਰਾਂ ਨਾਲ ਗੱਲਾਂ ਕਰਦਾ,
ਬੁੱਢੀਆਂ ਕੋਲੋਂ ਸੰਗੇ
ਚਲੋ ਨੀ ਰੰਗਾਈਏ ਚੁੰਨੀਆਂ,
ਪੈਸੇ ਮੂਲ ਨਾ ਮੰਗੇ...

ਕਿਸਾਨੀ ਸਮਾਜ ਵਿੱਚ ਪਤੀ (ਰਾਜਾ) ਤੇ ਉਸਦੀ ਪਤਨੀ (ਰਾਣੀ) ਦਰਮਿਆਨ ਸੰਵਾਦ ਚੱਲ ਰਿਹਾ ਹੈ :

ਰਾਜਾ ਤੇ ਪੁੱਛਦਾ ਰਾਣੀਏ
ਸੁਣ ਮੇਰੀ ਬਾਤ ਨੂੰ
ਗਾਗਰ ਦੇ ਸੁੱਚੇ ਮੋਤੀ ਕੀਹਨੂੰ ਦਈਏ...

ਅੱਗਿਓਂ ਪਾਧੇ, ਸੁਨਿਆਰੇ, ਮਾਲਣ, ਦਰਜੀ ਤੇ ਲਲਾਰੀ ਨੂੰ ਦੇਣ ਦੀ ਗੱਲ ਹੋ ਰਹੀ ਹੈ:

ਲਲਾਰੀ ਦੇ ਜਾਈਏ ਵੇ ਰਾਜਾ
ਚੀਰਾ ਰੰਗਾਈਏ, ਚੀਰਾ ਰੰਗਾਈਏ
ਗਾਗਰ ਦੇ ਸੁੱਚੇ ਮੋਤੀ ਉਹਨੂੰ ਦੇਈਏ...

ਸਪਸ਼ਟ ਹੈ ਕਿ ਲੋਕ ਮਨਾਂ ਵਿੱਚ ਲਲਾਰੀ ਦਾ ਕਿੰਨਾ ਮਾਣ ਸਤਿਕਾਰ ਬਣਿਆ ਹੁੰਦਾ ਸੀ। ਲਲਾਰੀ ਰੰਗ-ਸੱਭਿਆਚਾਰ ਦਾ ਦੂਤ ਸਮਝਿਆ ਜਾਂਦਾ ਰਿਹਾ ਹੈ। ਉਸਨੂੰ ਰੰਗਾਂ ਦੀ ਪਛਾਣ ਤੇ ਮਹੱਤਵ ਦਾ ਚੋਖਾ ਗਿਆਨ ਹੁੰਦਾ ਹੈ। ਉਹ ਰੰਗਾਂ ਦੀ ਖੂਬਸੂਰਤ ਦੁਨੀਆ ਵਸਾਉਂਦਾ ਹੈ, ਉਹ ਲੋਕਾਂ ਦੀ ਨੀਰਸ ਜ਼ਿੰਦਗੀ ਵਿੱਚ ਰੰਗ ਭਰਨਾ ਤੇ ਜ਼ਿੰਦਗੀ ਨੂੰ ਰੰਗਾਂ ਨਾਲ ਸ਼ਿੰਗਾਰਨਾ ਜਾਣਦਾ ਹੈ ਲੋਕ ਉਸਦੇ ਹੁਨਰ ਦੀਆਂ ਗੱਲਾਂ ਕਰਦਿਆਂ, ਸਿਫਤਾਂ ਕਰਦਿਆਂ ਤੇ ਭਾਂਤ-ਸੁਭਾਂਤੇ ਰੰਗ ਰੰਗਣ ਦੀ ਉਸਦੀ ਕਾਬਲੀਅਤ ਦੀਆਂ ਗੱਲਾਂ ਕਰਦਿਆਂ ਨਹੀਂ ਥੱਕਦੇ :

* ਚੁੰਨੀ ਉਡਦੀ ਸਰ੍ਹੋਂ ਦੇ ਫੁੱਲ ਵਰਗੀ
ਰੰਗੀ ਹੋਈ ਲਲਾਰੀ ਦੀ...
* ਚੁੰਨੀ ਰੰਗ ਦੇ ਲਲਾਰੀਆ ਮੇਰੀ
ਵਿਚ ਪਾ ਦੇ ਅੰਬ ਰਸੀਆ...
* ਚੁੰਨੀ ਰੰਗ ਦੇ ਲਲਾਰੀਆ ਮੇਰੀ
ਵੇ ਅਲਸੀ ਦੇ ਫੁੱਲ ਵਰਗੀ...
* ਚੁੰਨੀ ਰੰਗ ਦੇ ਲਲਾਰੀਆ ਮੇਰੀ
ਵੇ ਮਿੱਤਰਾਂ ਦੀ ਪੱਗ ਵਰਗੀ...
* ਲਲਾਰੀ ਬੇਟੜਾ ਨੀ
ਮੇਰੇ ਲਾਡਲੇ ਦਾ ਯਾਰ
ਉਹਦਾ ਬਹੁਤ ਪਿਆਰ
ਰੰਗ ਰੰਗ ਲਿਆਵੇ ਜੋੜੇ ਚੁਨਰੀਆਂ...

ਕਦੇ ਕਦੇ ਰੰਗਾਏ ਗਏ ਕੱਪੜੇ ਦਾ ਰੰਗ ਅਸਲ ਕੱਪੜੇ ਨਾਲ ਮੇਲ ਨਾ ਕਰਨ ’ਤੇ ਲਲਾਰੀ ਨੂੰ ਗਾਹਕ ਦੀਆਂ ਘੱਟ-ਵੱਧ ਗੱਲਾਂ ਵੀ ਸੁਣਨੀਆਂ ਪੈ ਜਾਂਦੀਆਂ ਹਨ। ਪਿਛਲੇ ਦਹਾਕਿਆਂ ਦੌਰਾਨ ਕੱਪੜਾ ਉਦਯੋਗ ਤੇ ਕੱਪੜੇ ਰੰਗਣ ਦੇ ਉਦਯੋਗ ਨੇ ਬਹੁਤ ਵਿਕਾਸ ਕੀਤਾ ਹੈ। ਕੱਪੜਾ ਬਣਾਉਣ ਵਾਲੀਆਂ ਵੱਡੀਆਂ-ਛੋਟੀਆਂ ਕੰਪਨੀਆਂ ਨੇ ਕੱਪੜੇ, ਧਾਗੇ, ਉੱਨ ਆਦਿ ਰੰਗਣ ਦੇ ਵੱਖਰੇ ਯੂਨਿਟ ਸਥਾਪਤ ਕਰ ਲਏ ਹਨ। ਹਰੇਕ ਤਰ੍ਹਾਂ ਦੇ ਰੰਗਦਾਰ ਕੱਪੜੇ ਦਾ ਉਤਪਾਦਨ ਵੱਡੇ ਪੱਧਰ ’ਤੇ (ਮਾਤਰਾ ਵਿੱਚ) ਹੋ ਰਿਹਾ ਹੈ। ਕੱਪੜੇ ਰੰਗਣ ਦੀਆਂ ਨਵੀਆਂ ਤਕਨੀਕਾਂ ਵਿਕਸਤ ਹੋ ਗਈਆਂ ਹਨ। ਪੱਕੇ ਰੰਗਾਂ ਵਿੱਚ ਰੰਗੀਆਂ ਪੱਗਾਂ, ਚੁੰਨੀਆਂ ਤੇ ਹੋਰ ਕੱਪੜੇ ਬਾਜ਼ਾਰ ਵਿੱਚ ਉਪਲਬਧ ਹਨ। ਸੂਟਾਂ ਦੇ ਰੰਗ ਨਾਲ ਮਿਲਦੀਆਂ ਤੇ ਵਿਪਰੀਤ ਰੰਗਾਂ ਵਿੱਚ ਪ੍ਰਿੰਟਿਡ ਚੁੰਨੀਆਂ ਵੱਡੀ ਮਾਤਰਾ ਵਿੱਚ ਤੇ ਮਿਆਰੀ ਕੱਪੜੇ ਵਿੱਚ ਮਿਲ ਜਾਂਦੀਆਂ ਹਨ। ਤਬਦੀਲੀ ਤੇ ਵਿਕਾਸ ਦੇ ਇਸ ਦੌਰ ਵਿੱਚ ਲਲਾਰੀ ਦਾ ਕਿੱਤਾ ਵੀ ਪ੍ਰਭਾਵਿਤ ਹੋਇਆ ਹੈ। ਇਹ ਕਿੱਤਾ ਬਹੁਤੇ ਮੁਨਾਫ਼ੇ ਵਾਲਾ ਵੀ ਨਹੀਂ ਰਿਹਾ। ਹੁਣ ਦੇ ਕਿੱਤੇ ਵੱਧ ਤੋਂ ਵੱਧ ਮੁਨਾਫ਼ਾ ਹਾਸਲ ਕਰਨ ਦੇ ਫਾਰਮੂਲੇ ਨਾਲ ਜੁੜ ਗਏ ਹਨ। ਲਲਾਰੀ ਦਾ ਕਿੱਤਾ ਹੁਣ ਠੱਪ ਹੋਣ ਕਿਨਾਰੇ ਪਹੁੰਚ ਗਿਆ ਹੈ। ਹੁਣ ਦੀ ਪੀੜ੍ਹੀ ਆਪਣੇ ਪਿਤਾ-ਪੁਰਖੀ ਕਿੱਤੇ ਨੂੰ ਅਪਣਾਉਣਾ ਨਹੀਂ ਚਾਹੁੰਦੀ। ਉਹ ਨਵੇਂ ਕੰਮਾਂ ਦੀ ਤਲਾਸ਼ ਕਰਨ ਨੂੰ ਤਰਜੀਹ ਦੇ ਰਹੀ ਹੈ। ਏਨਾ ਪਰਿਵਰਤਨ ਵਾਪਰਨ ਤੇ ਲਲਾਰੀ ਦਾ ਕੰਮ ਘਟ ਜਾਣ ਦੇ ਬਾਵਜੂਦ ਵੀ ਅਜੇ ਵੀ ਕਿਸੇ ਹੱਦ ਤੱਕ ਚੁੰਨੀਆਂ ਤੇ ਪੱਗਾਂ ਰੰਗਾਉਣ ਲਈ ਲਲਾਰੀ ਦੀ ਪੁੱਛ-ਪ੍ਰਤੀਤ ਬਣੀ ਹੋਈ ਹੈ। ਪੰਜਾਬੀ ਸਮਾਜ ਤੇ ਸੱਭਿਆਚਾਰ ਵਿੱਚ ਲਲਾਰੀ ਦੇ ਸਥਾਨ ਤੇ ਮਹੱਤਵ ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ।

185-ਵਸੰਤ ਵਿਹਾਰ, ਡੀ. ਸੀ.
ਰੈਜ਼ੀਡੈਂਸ ਰੋਡ, ਹੁਸ਼ਿਆਰਪੁਰ-146 001
ਸੰਪਰਕ : 98885-10185

# TAIL PIECE

## WHEN MEMBERS IN PARLIAMENT SHALL BECOME REPRESENTATIVES OF PEOPLE?

When our democracy started, we declared that members in ourParliament shall be Representatives of the People and they shall workthere as per their own conscience, will, wisdom and discretion andonly we3lfare of the people shall be in their mind. There is nomention of contesting groups in the Parliament. Only one thing comesout that the majority group shall form the government. In spite ofthis indication, there is no direction that the gove3rnment shall becalled in name of the majority group. Government still remains thegovernment of the people of the country and peple still remain theowners of the country.

Presence of contesting groups in the Parliament shows that thewar between the contesting groups still continues and the oppositionturns a group to oppose each action of the government. Actually themembers in the Parliament should remain one complete set of PublicServants and they must work on each item as Public Servants and eachitem must be considered on merits and only improvements must come fromthe side of members. We must take all items coming are for thewelfare of the people and there should be no opposityion, but justimprovements.

This time we got government just on simple majority and still thetradition of absolute majority in ioperation, government is justpassing time and actually government work has stopped. Let us decidethat the system of simple majority which can form government, must beable to work with simple majority and concept of absolute majoritymust be written off. Let our Parliament itself should sit and solvethis proble and let us allow a functional government because we havegot no time to sit idle when we are still running to reach our finalGoal of development by 2947.

Advocate Dalip Singh Wasan,
Email dalipsinghwassan@yahoo.co.in

# ਨੂੰਹ-ਪੁੱਤ ਨੇ ਕੁੱਟੀ ਬਜ਼ੁਰਗ ਮਾਂ, ਕੀਤਾ ਜ਼ਖ਼ਮੀ, ਪੁਲਿਸ ਵਲੋਂ ਜਾਂਚ ਸ਼ੁਰੂ

## ○ ਲਾਲਚੀ ਨੂੰਹ ਤੇ ਪੁੱਤਰ ਵਿਧਵਾ ਮਾਂ ਦੀ ਜਾਇਦਾਦ ਕਰਨਾ ਚਾਹੁੰਦੇ ਨੇ ਹੜਪ

ਅਬੋਹਰ-ਕਰੋੜਾਂ ਦੀ ਜ਼ਮੀਨ ਅਤੇ ਘਰ ਨੂੰ ਹੜੱਪਣ ਲਈ ਇੱਕ ਪੁੱਤਰ ਨੇ ਆਪਣੀ ਪਤਨੀ ਨਾਲ ਮਿਲ ਕੇ ਆਪਣੀ ਬਜ਼ੁਰਗ ਮਾਂ ਨੂੰ ਬੁਰੀ ਤਰ੍ਹਾਂ ਕੁੱਟਿਆ ਅਤੇ ਜ਼ਖ਼ਮੀ ਕਰ ਦਿੱਤਾ। ਉਸਨੂੰ ਇਲਾਜ ਲਈ ਸਰਕਾਰੀ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ। ਪੁਲਸ ਨੂੰ ਮਾਮਲੇ ਦੀ ਜਾਣਕਾਰੀ ਦੇ ਦਿੱਤੀ ਗਈ ਹੈ। ਕੁੱਟਮਾਰ ਦੀ ਪੂਰੀ ਘਟਨਾ ਘਰ 'ਚ ਲੱਗੇ ਸੀ. ਸੀ. ਟੀ. ਵੀ. ਕੈਮਰੇ ਵਿਚ ਕੈਦ ਹੋ ਗਈ ਹੈ, ਜਦੋਂ ਕਿ ਇਸ ਤੋਂ ਪਹਿਲਾਂ ਵੀ ਉਕਤ ਪਤੀ-ਪਤਨੀ ਬਜ਼ੁਰਗ ਔਰਤ ਨੂੰ 8 ਵਾਰ ਕੁੱਟ ਚੁੱਕੇ ਹਨ। ਇਸ ਦਾ ਰਿਕਾਰਡ ਥਾਣੇ ਵਿਚ ਦਰਜ ਹੈ। ਸੀਤੋ ਰੋਡ ਲੂਨਾ ਨਰਸਿੰਗ ਹੋਮ ਦੇ ਸਾਹਮਣੇ ਰਹਿਣ ਵਾਲੇ ਜਗਦੀਸ਼ ਲਾਲ ਦੀ ਪਤਨੀ ਗੁਰਜੀਤ ਕੌਰ (60) ਸਰਕਾਰੀ ਹਸਪਤਾਲ 'ਚ ਇਲਾਜ ਅਧੀਨ ਹੈ। ਉਸ ਨੇ ਦੱਸਿਆ ਕਿ ਉਸਦੇ ਪਤੀ ਦੀ ਮੌਤ ਹੋ ਗਈ ਹੈ ਅਤੇ ਉਸਦੇ ਕੋਲ ਕਰੀਬ 4 ਕਰੋੜ ਰੁਪਏ ਦਾ ਘਰ ਅਤੇ 40 ਏਕੜ ਜ਼ਮੀਨ ਹੈ। ਇਸ ਵਿੱਚੋਂ 5 ਏਕੜ ਜ਼ਮੀਨ ਮੇਰੇ ਨਾਂ 'ਤੇ ਹੈ ਅਤੇ ਬਾਕੀ 35 ਏਕੜ ਜ਼ਮੀਨ ਦੋਹਾਂ ਪੁੱਤਰਾਂ ਦੇ ਨਾਂ 'ਤੇ ਹੈ।

ਵਿਧਵਾ ਔਰਤ ਨੇ ਦੱਸਿਆ ਕਿ ਉਸਦਾ ਵੱਡਾ ਪੁੱਤਰ ਮੰਗਲ ਅਤੇ ਉਸਦੀ ਪਤਨੀ ਡਿੰਪਲ ਉਸਨੂੰ ਮਾਰ ਕੇ ਉਸਦੀ ਜ਼ਮੀਨ ਅਤੇ ਘਰ ਹੜੱਪਣਾ ਚਾਹੁੰਦੇ ਹਨ। ਇਸੇ ਕਰਕੇ ਦੋਹਾਂ ਨੇ ਪਿਛਲੇ 2 ਸਾਲਾਂ 'ਚ 8 ਵਾਰ ਉਸਦੀ ਕੁੱਟਮਾਰ ਕੀਤੀ ਹੈ। ਔਰਤ ਨੇ ਦੱਸਿਆ ਕਿ ਉਹ ਇੱਕ ਮਿਸਤਰੀ ਕੋਲੋਂ ਆਪਣੀ ਰਸੋਈ ਦੀ ਮੁਰੰਮਤ ਕਰਵਾ ਰਹੀ ਸੀ ਤਾਂ ਉਸਦਾ ਪੁੱਤਰ ਅਤੇ ਨੂੰਹ ਨੇ ਉਸਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਸੀ. ਸੀ. ਟੀ. ਵੀ. 'ਚ ਕੈਦ ਹੋਈ ਘਟਨਾ 'ਚ ਉਸਦਾ ਪੁੱਤਰ ਗਲੇ 'ਚ ਸਾਫ਼ਾ ਲੈ ਕੇ ਮਾਤਾ 'ਤੇ ਬੈਠਾ ਦਿਖਾਈ ਦੇ ਰਿਹਾ ਹੈ ਅਤੇ ਉਸਦੀ ਪਤਨੀ ਉਸਨੂੰ ਲਗਾਤਾਰ ਥੱਪੜ ਮਾਰਦੀ ਦਿਖਾਈ ਦੇ ਰਹੀ ਹੈ। ਬਾਅਦ 'ਚ ਕਿਸੇ ਤਰ੍ਹਾਂ ਗੁਆਂਢੀਆਂ ਨੇ ਉਸ ਨੂੰ ਉਨ੍ਹਾਂ ਦੇ ਚੁੰਗਲ ਤੋਂ ਛੁਡਾਇਆ ਅਤੇ ਉਸਨੂੰ ਹਸਪਤਾਲ ਲੈ ਗਏ।

ਪੀੜਤਾ ਨੇ ਕਥਿਤ ਤੌਰ 'ਤੇ ਦੋਸ਼ ਲਗਾਇਆ ਕਿ ਦੋਹਾਂ ਨੇ ਜ਼ਮੀਨ ਅਤੇ ਘਰ 'ਤੇ ਲੱਖਾਂ ਰੁਪਏ ਦਾ ਕਰਜ਼ਾ ਲਿਆ ਹੈ ਅਤੇ ਦੋਵੇਂ ਇਸ ਕਰਜ਼ੇ ਦੇ ਪੈਸਿਆਂ ਨਾਲ ਨਸ਼ੇ ਦਾ ਸੇਵਨ ਕਰਦੇ ਹਨ। ਉਸਨੇ ਇਹ ਵੀ ਦੱਸਿਆ ਕਿ ਉਸਦੀ ਨੂੰਹ ਅਕਸਰ ਸ਼ਰਾਬ ਦੇ ਨਸ਼ੇ 'ਚ ਉਸਦੀ ਕੁੱਟਮਾਰ ਕਰਦੀ ਹੈ। ਉਸਨੇ ਪੁਲਸ ਤੋਂ ਮੰਗ ਕੀਤੀ ਹੈ ਕਿ ਉਸਦੇ ਪੁੱਤਰ ਅਤੇ ਨੂੰਹ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਇਸ ਸਬੰਧੀ ਥਾਣਾ ਨੰਬਰ-1 ਦੇ ਇੰਚਾਰਜ ਪਰਮਜੀਤ ਕੁਮਾਰ ਨੇ ਕਿਹਾ ਕਿ ਜਿਵੇਂ ਹੀ ਉਨ੍ਹਾਂ ਨੂੰ ਐੱਮ. ਐੱਲ. ਆਰ. ਮਿਲੇਗਾ, ਉਹ ਮਾਮਲੇ ਦੀ ਜਾਂਚ ਕਰਨਗੇ ਅਤੇ ਦੋਸ਼ੀ ਪਾਏ ਜਾਣ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਪਹਾੜ ਵਿੱਚੋਂ ਸਾਡੀ ਆਵਾਜ਼ ਹੀ ਵਾਪਸ ਆਉਂਦੀ ਏ

ਹਰਦੀਪ ਕੌਰ ਨਾਜ਼



ਕਹਿੰਦੇ ਨੇ ਇੱਕ ਵਾਰ ਇੱਕ ਵਿਅਕਤੀ ਆਪਣੇ ਪੁੱਤਰ ਨਾਲ ਕਿਸੇ ਪਹਾੜੀ ਰਸਤੇ ਵਿੱਚੋਂ ਲੰਘ ਰਿਹਾ ਸੀ ਕਿ ਅਚਾਨਕ ਉੱਚੀ-ਨੀਵੀਂ ਥਾਂ ਤੋਂ ਪੁੱਤਰ ਦਾ ਪੈਰ ਮੁੜ ਗਿਆ ਅਤੇ ਉਹ ਡਿੱਗ ਪਿਆ ਤਾਂ ਉਹ ਦਰਦ ਨਾ ਚੀਕ ਉਠਿਆਝ ਹਾਇ...! ਅਚਾਨਕ ਪਹਾੜ ਤੋਂ ਵੀ ਅਵਾਜ਼ ਆਈ... ਉਸ ਬੱਚੇ ਨੇ ਉਤਸੁਕਤਾ ਨਾਲ ਪੁੱਛਿਆ...ਕੌਣ ਹੈ? ਤਾਂ ਅਗੋਂ ਫਿਰ ਆਵਜ਼ ਆਈ...ਕੌਣ ਹੈ? ਉਸ ਬੱਚੇ ਨੂੰ ਗੁੱਸਾ ਆ ਗਿਆ ਅਤੇ ਆਖਣ ਲੱਗਾ...ਤੂੰ ਮੂਰਖ ਹੈਂ! ਤਾਂ ਪਹਾੜ ਨੇ ਵੀ ਜਵਾਬ ਦਿੱਤਾ.. ਤੂੰ ਮੂਰਖ ਹੈਂ! ਉਸ ਬੱਚੇ ਨੇ ਆਪਣੇ ਪਿਤਾ ਜੀ ਨੂੰ ਪੁੱਛਿਆ ਕਿ, 'ਇਹ ਕੀ ਹੋ ਰਿਹਾ ਹੈ? ਇਹ ਕੌਣ ਹੈ? ਇਹ ਕਿਸਦੀ ਅਵਾਜ਼ ਹੈ?' ਤਾਂ ਪਿਤਾ ਜੀ ਆਖਣ ਲੱਗੇ, 'ਪੁੱਤਰ! ਧਿਆਨ ਨਾਲ ਸੁਣ ਅਤੇ ਫਿਰ ਉਸ ਵਿਅਕਤੀ ਨੇ ਉੱਚੀ ਸਾਰੀ ਚੀਖ ਕੇ ਕਿਹਾ, 'ਤੂੰ ਬਹੁਤ ਚੰਗਾ ਹੈਂ ਤਾਂ ਅਗੋਂ ਆਈ ਅਵਾਜ਼ ਨੇ ਵੀ ਇਹੀ ਕਿਹਾ, 'ਤੂੰ ਬਹੁਤ ਚੰਗਾ ਹੈਂ!' ਤਾਂ ਪਿਤਾ ਨੇ ਆਖਿਆ, ਤੇਰਾ ਧੰਨਵਾਦ! ਤਾਂ ਪਹਾੜ ਤੋਂ ਵੀ ਅਵਾਜ਼ ਆਈ, 'ਤੇਰਾ ਧੰਨਵਾਦ!'

ਪਿਤਾ ਨੇ ਪੁੱਤਰ ਨੂੰ ਸਮਝਾਇਆ, 'ਪੁੱਤਰ! ਇਸ ਨੂੰ ਪ੍ਰਤੀਧੁਨ ਕਹਿੰਦੇ ਹਨ, ਪਰ ਇਹ ਜੀਵਨ ਦਾ ਵੀ ਸੱਚ ਹੈ। ਜੀਵਨ ਵੀ ਸਾਡੇ ਕਰਮਾਂ ਦਾ ਪ੍ਰਤੀਬਿੰਬ ਹੈ। ਜੋ ਦੂਸਰਿਆਂ ਨੂੰ ਦੇਵਾਂਗਾ, ਬਦਲੇ ਵਿੱਚ ਸਾਨੂੰ ਵੀ ਉਹਨਾਂ ਕੋਲੋਂ ਉਹੀ ਮਿਲੇਗਾ।



ਸਾਡਾ ਬੋਲ-ਬਾਣੀ ਹੋਵੇ ਜਾਂ ਸਾਡਾ ਵਰਤੋਂ-ਵਿਹਾਰ, ਦੂਜਿਆਂ ਪ੍ਰਤੀ ਤੁਹਾਡਾ ਦ੍ਰਿਸ਼ਟੀਕੋਣ ਹੀ ਤੈਅ ਕਰਦਾ ਹੈ ਕਿ ਵਾਪਸ ਸਾਨੂੰ ਕੀ ਮਿਲਣਾ ਹੈ। ਕੁੱਝ ਲੋਕ ਹਮੇਸ਼ਾਂ ਸ਼ਿਕਾਇਤ ਕਰਦੇ ਰਹਿੰਦੇ ਹਨ ਕਿ ਲੋਕ ਚੰਗੇ ਨਹੀਂ, ਜਦਕਿ ਇਸ ਦੇ ਉਲਟ ਉਸੇ ਸਮਾਜ ਵਿੱਚ ਰਹਿਣ ਵਾਲੇ ਹੋਰ ਲੋਕ ਆਖਦੇ ਹਨ ਕਿ ਦੁਨੀਆਂ ਬਹੁਤ ਚੰਗੀ ਹੈ, ਬਹੁਤ ਸੁਹਣੀ ਹੈ। ਹਰ ਬੰਦਾ ਚੰਗਾ ਹੈ, ਰੱਬ ਦਾ ਰੂਪ ਹੈ। ਇਸ ਦਾ ਸਿੱਧਾ ਮਤਲਬ ਹੈ ਕਿ ਜਿਹੋ ਜਿਹਾ ਕੋਈ ਆਪ ਹੁੰਦਾ ਹੈ, ਉਹੋ ਜਿਹੇ ਉਸਨੂੰ ਸਭ ਨਜ਼ਰ ਆਉਂਦੇ ਹਨ।

ਠੀਕ ਇਸੇ ਤਰ੍ਹਾਂ ਜ਼ਿੰਦਗੀ ਵਿੱਚ ਸਾਡਾ ਦੂਜਿਆਂ ਪ੍ਰਤੀ ਵਰਤਾਉ ਹੀ ਸਾਡੇ ਸਾਹਮਣੇ ਆਉਂਦਾ ਹੈ, ਜਿਵੇਂ ਸਿਆਣੇ ਕਹਿੰਦੇ ਨੇ, 'ਜੋ ਬੀਜੋਗੇ, ਉਹੀ ਵੱਢੋਗੇ' ਜਾਂ 'ਕਰ ਭਲਾ ਹੋ ਭਲਾ ਅੰਤ ਭਲੇ ਦਾ ਭਲਾ' ਅਤੇ ਇਹ ਵੀ ਕਿਹਾ ਜਾਂਦਾ ਹੈ ਕਿ, ਜਿਹੋ ਜਿਹਾ ਵਿਉਹਾਰ ਤੁਸੀਂ ਦੂਜਿਆਂ ਤੋਂ ਆਪਣੇ ਲਈ ਚਾਹੁੰਦੇ ਹੋ, ਉਹੋ ਜਿਹਾ ਕਰਨ ਦੀ ਵੀ ਆਦਤ ਅਪਣਾਉ'।

ਸਾਡਾ ਬੋਲ-ਬਾਣੀ ਹੋਵੇ ਜਾਂ ਸਾਡਾ ਵਰਤੋਂ-ਵਿਹਾਰ, ਦੂਜਿਆਂ ਪ੍ਰਤੀ ਤੁਹਾਡਾ ਦ੍ਰਿਸ਼ਟੀਕੋਣ ਹੀ ਤੈਅ ਕਰਦਾ ਹੈ ਕਿ ਵਾਪਸ ਸਾਨੂੰ ਕੀ ਮਿਲਣਾ ਹੈ। ਕੁੱਝ ਲੋਕ ਹਮੇਸ਼ਾਂ ਸ਼ਿਕਾਇਤ ਕਰਦੇ ਰਹਿੰਦੇ ਹਨ ਕਿ ਲੋਕ ਚੰਗੇ ਨਹੀਂ, ਜਦਕਿ ਇਸ ਦੇ ਉਲਟ ਉਸੇ ਸਮਾਜ ਵਿੱਚ ਰਹਿਣ ਵਾਲੇ ਹੋਰ ਲੋਕ ਆਖਦੇ ਹਨ ਕਿ ਦੁਨੀਆਂ ਬਹੁਤ ਚੰਗੀ ਹੈ, ਬਹੁਤ ਸੁਹਣੀ ਹੈ। ਹਰ ਬੰਦਾ ਚੰਗਾ ਹੈ, ਰੱਬ ਦਾ ਰੂਪ ਹੈ। ਇਸ ਦਾ ਸਿੱਧਾ ਮਤਲਬ ਹੈ ਕਿ ਜਿਹੋ ਜਿਹਾ ਕੋਈ ਆਪ ਹੁੰਦਾ ਹੈ, ਉਹੋ ਜਿਹੇ ਉਸਨੂੰ ਸਭ ਨਜ਼ਰ ਆਉਂਦੇ ਹਨ। ਕਿਸੇ ਨੇ ਬੜਾ ਖ਼ੂਬ ਕਿਹਾ ਹੈ ਕਿ, ਇਹ ਦੁਨੀਆਂ ਰੰਗ ਬਰੰਗੀ, ਨਾ ਇਹ ਭੈੜੀ ਨਾ ਇਹ ਚੰਗੀ।

ਬੇਸ਼ੱਕ ਦੁਨੀਆਂ ਤੇ ਵੱਸਦੇ ਰੰਗੀ-ਰੰਗੇ ਲੋਕ ਦਾ ਸੁਭਾਅ ਆਪਣੇ ਆਲੇ-ਦੁਆਲੇ ਦੇ ਵਾਤਾਵਰਨ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਹੁੰਦਾ ਹੈ। ਵੱਖ-ਵੱਖ ਇਲਾਕਿਆਂ, ਵਿਚਾਰਧਾਰਾਵਾਂ ਅਤੇ ਸਭਿਆਚਾਰਾਂ ਨਾਲ ਸਬੰਧਿਤ ਲੋਕ ਸਾਡੇ ਆਲੇ ਦੁਆਲੇ ਵੱਸਦੇ ਹਨ, ਪਰ ਮਨੁੱਖ ਦੀ ਦੋ ਭਾਸ਼ਾਵਾਂ ਸਾਂਝੀਆਂ ਹੁੰਦੀਆਂ ਹਨ ਇੱਕ ਸੰਗੀਤ ਦੀ ਭਾਸ਼ਾ ਅਤੇ ਇੱਕ ਮਨੁੱਖੀ ਪਿਆਰ ਦੀ ਭਾਸ਼ਾ...ਜਿਸ ਮਨੁੱਖ ਨੇ ਇਹ ਦੋ ਭਾਸ਼ਾਵਾਂ ਨੂੰ ਸਮਝ ਲਿਆ, ਉਸ ਲਈ ਫਿਰ ਇਹ ਅਵਸਥਾ ਬਣ ਜਾਂਦੀ ਹੈ ਕਿ, ਹਮ ਨਹੀ ਚੰਗੇ ਬੁਰਾ ਨਹੀ ਕੋਇ॥ ਪ੍ਰਣਵਤਿ ਨਾਨਕੁ ਤਾਰੇ ਸੋਇ॥ ਜਾਂ ਫਿਰ ਭਗਤ ਕਬੀਰ ਜੀ ਦੇ ਪਾਵਨ ਬਚਨ ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥

ਸਭ ਪਾਸੇ ਹਰਿ ਜੋਤ ਨਜ਼ਰ ਆਉਂਦੀ ਹੈ ਅਤੇ ਜਦੋਂ ਇਸ ਤਰ੍ਹਾਂ ਹੋ ਜਾਵੇ ਤਾਂ ਸਾਡਾ ਵਿਹਾਰ ਵੀ ਬਦਲ ਜਾਵੇਗਾ ਅਤੇ ਫਿਰ ਪਹਾੜ ਤੋਂ ਉਵੇਂ ਹੀ ਪਿਆਰ ਭਰੀ ਮਿੱਠੀ ਦੀ ਅਵਾਜ਼ ਆਵੇਗੀ, ਜਿਵੇਂ ਦੀ ਅਸੀਂ ਉਸ ਵੱਲ ਭੇਜਾਂਗੇ।